ਕੁਲ ਸੰਸਾਰ ਇਕ ਪਰਿਵਾਰ...

# ਨਵੀਂ ਦੁਨੀਆ

# Nawi Dunia

Free




ਮਹਾਨ ਅਕਤੂਬਰ ਇਨਕਲਾਬ-
ਮਹਾਨ ਲੋਕ ਆਗੂ ਕਾਮਰੇਡ ਲੈਨਿਨ


ਸਾਲ : 3 ਅੰਕ : 10 Phone : 780 465 9118, 403 830 7007, 204 218 6284 : Fax: 780 465 0661, e-mail: info@nawidunia.com ਅਕਤੂਬਰ 2012



ਘੁਰਕੀ ਦਰਬਾਰ ਦੀ — ਪੰਨਾ-9





ਜਿਹੜੇ ਆਪਣਾ ਕੁਝ ਨਹੀਂ ਸੰਵਾਰ ਸਕੇ... — ਪੰਨਾ-17








ਚੰਦੇ ਨਾਲ ਫਲਦੀਆਂ-ਫੁਲਦੀਆਂ ਪਾਰਟੀਆਂ! — ਪੰਨਾ-36

ਹਿੰਦੀ ਫਿਲਮਾਂ ’ਚ ਕਿਸਾਨ — ਪੰਨਾ-46




## ਲੰਡਨ ‘ਚ ਜਨਰਲ ਬਰਾੜ ‘ਤੇ ਹਮਲਾ, ਪੰਜਾਬ ‘ਚ ਸਿਆਸਤ

ਲੰਡਨ (ਨਦਬ) : ਸੇਵਾਮੁਕਤ ਲੈਫਟੀਨੈਂਟ ਜਨਰਲ ਕੇ.ਐਸ. ਬਰਾੜ ਨੇ ਆਖਿਆ ਹੈ ਕਿ 1984 ਦੇ ਅਪਰੇਸ਼ਨ ਬਲਿਊ ਸਟਾਰ ਕਾਰਨ ਖਾਲਿਸਤਾਨ ਪੱਖੀ ਤੱਤ ਉਨ੍ਹਾਂ ਦੀ ਜਾਨ ਦੇ ਦੁਸ਼ਮਣ ਬਣੇ ਹੋਏ ਹਨ ਤੇ ਬੀਤੇ ਦਿਨ ਅਜਿਹੇ ਤੱਤਾਂ ਨੇ ਹੀ ਉਨ੍ਹਾਂ ਦੀ ਜਾਨ ਲੈਣ ਦੀ ਕੋਸ਼ਿਸ਼ ਕੀਤੀ ਸੀ। ਉਨ੍ਹਾਂ ਉਪਰ ਬੀਤੇ ਦਿਨ ਇਥੋਂ ਦੇ ਮਾਰਬਲ ਆਰਚ ਇਲਾਕੇ ਵਿੱਚ ਚਾਰ ਵਿੱਚੋਂ ਤਿੰਨ ਵਿਅਕਤੀਆਂ ਨੇ ਧਾਵਾ ਬੋਲ ਦਿੱਤਾ ਸੀ। ਇਸ ਹਮਲੇ ਵਿਚ ਉਹ ਜ਼ਖ਼ਮੀ ਹੋ ਗਏ ਸਨ। ਹਮਲੇ ਤੋਂ ਬਾਅਦ ਜਿਥੇ ਭਾਰਤੀ ਖੂਫੀਆ ਏਜੰਸੀਆਂ ਸਰਗਰਮ ਹੋ ਗਈਆਂ ਹਨ, ਉਥੇ ਵੱਖ-ਵੱਖ ਸਿਆਸੀ ਧਿਰਾਂ ਵਲੋਂ ਸਿਆਸਤ ਵੀ ਸ਼ੁਰੂ ਕਰ ਦਿੱਤੀ ਗਈ ਹੈ।

### ਕੈਪਟਨ ਨੇ ਅਕਾਲੀਆਂ ਨੂੰ ਦੋਸ਼ੀ ਦੱਸਿਆ

ਹੁਸ਼ਿਆਰਪੁਰ (ਨਦਬ): ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨੇ 1984 ਵਿੱਚ ਸਾਕਾ ਨੀਲਾ ਤਾਰਾ ਅਪ੍ਰੇਸ਼ਨ ਦੀ ਕਮਾਨ ਸੰਭਾਲਣ ਵਾਲੇ ਲੈਫ਼ਟੀਨੈਂਟ ਜਨਰਲ (ਸੇਵਾਮੁਕਤ) ਕੁਲਦੀਪ ਸਿੰਘ ਬਰਾੜ ’ਤੇ ਲੰਡਨ ਵਿਖੇ ਹੋਏ ਹਮਲੇ ਦੀ ਨਿੰਦਾ ਕਰਦਿਆਂ ਇਸ ਲਈ ਅਸਿੱਧੇ ਤੌਰ ’ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੈਪਟਨ ਨੇ ਕਿਹਾ ਕਿ ਮੁੱਖ ਮੰਤਰੀ ਨੇ ਸਾਕਾ ਨੀਲਾ ਤਾਰਾ ਦੀ ਯਾਦਗਾਰ ਬਣਾਉਣ ਦਾ ਐਲਾਨ ਕਰਕੇ ਇੱਕ ਵਾਰ ਫਿਰ ਫਿਰਕੂ ਤਾਕਤਾਂ ਨੂੰ ਉਭਰਨ ਲਈ ਸ਼ਹਿ ਦਿੱਤੀ ਹੈ।

### ਸ਼੍ਰੋਮਣੀ ਕਮੇਟੀ ਨੇ ਚੁੱਪ ਵੱਟੀ

ਅੰਮ੍ਰਿਤਸਰ (ਨਦਬ): ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੇ ਆਖਿਆ ਹੈ ਕਿ ਹਮਲੇ ਸਬੰਧੀ ਸ਼੍ਰੋਮਣੀ ਕਮੇਟੀ ਵੱਲੋਂ ਕਿਸੇ ਵੀ ਤਰ੍ਹਾਂ ਦਾ ਕੋਈ ਬਿਆਨ ਨਹੀਂ ਦਿੱਤਾ ਗਿਆ। ਉਨ੍ਹਾਂ ਮੀਡੀਆ ਨਾਲ ਜੁੜੇ ਭਾਈਚਾਰੇ ਨੂੰ ਸਪੱਸ਼ਟ ਕੀਤਾ ਕਿ ਇਸ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਦਾ ਨਾਂ ਨਾ ਵਰਤਿਆ ਜਾਵੇ।

## ਕੇਜਰੀਵਾਲ ਨੇ ਬਣਾਇਆ ਚੌਥਾ ਮੋਰਚਾ

### ਪਾਰਟੀ ਦਾ ਸਿਰਫ਼ ਕੰਮ ਦੱਸਿਆ, ਨਾਮ 26 ਨਵੰਬਰ ਨੂੰ ਦੱਸਣਗੇ



ਨਵੀਂ ਦਿੱਲੀ, (ਨਦਬ)- ਪਿਛਲੇ ਕਾਫੀ ਦਿਨਾਂ ਤੋਂ ਜਿਸ ਗੱਲ ਨੂੰ ਲੈ ਕੇ ਟੀਮ ਅੰਨਾ ਵਿੱਚ ਵਿਵਾਦ ਚੱਲ ਰਿਹਾ ਸੀ ਉਹ ਅਰਵਿੰਦ ਕੇਜਰੀਵਾਲ ਵੱਲੋਂ ਸਿਆਸੀ ਪਾਰਟੀ ਬਣਾਏ ਜਾਣ ਨਾਲ ਖਤਮ ਹੋ ਗਿਆ ਹੈ ਤੇ ਇਸਦੇ ਨਾਲ ਇਹ ਸਾਬਤ ਹੋ ਗਿਆ ਹੈ ਕਿ ਟੀਮ ਅੰਨਾ ਦੇ ਪੈਰ ਖੋਖਲੀ ਵਿਚਾਰਧਾਰਕ ਜ਼ਮੀਨ ਉੱਪਰ ਟਿਕੇ ਸਨ ਜਿਸਨੂੰ ਲੈ ਕੇ ਨਵੀਂ ਦੁਨੀਆ ਦੀ ਟੀਮ ਵੱਲੋਂ ਉਦੋਂ ਚਰਚਾ ਕੀਤੀ ਗਈ ਸੀ ਜਦੋਂ ਟੀਮ ਅੰਨਾ ਦੇ ਅਹਿਮ ਮੈਂਬਰ ਪ੍ਰਸ਼ਾਂਤ ਭੂਸ਼ਨ ਆਪਣੀ ਕਨੇਡਾ ਫੇਰੀ 'ਤੇ ਸਨ।

ਜ਼ਿਕਰਯੋਗ ਹੈ ਕਿ ਪਹਿਲਾਂ ਟੀਮ ਅੰਨਾ ਨੇ ਸਹਿਮਤੀ ਨਾਲ ਸਿਆਸੀ ਪਾਰਟੀ ਬਣਾਏ ਜਾਣ ਦਾ ਐਲਾਨ ਕੀਤਾ ਸੀ ਪਰ ਬਾਅਦ ਵਿੱਚ ਕੁਝ ਅਹਿਮ ਕਾਰਨਾਂ ਕਰਕੇ ਅੰਨਾ ਹਜ਼ਾਰੇ ਨੇ ਸਿਆਸਤ ਤੋਂ ਆਪਣੇ ਆਪ ਨੂੰ ਵੱਖ ਕਰਦਿਆਂ ਕਿਹਾ ਕਿ ਮੈਂ ਸਿਆਸਤ ਵਿੱਚ ਨਹੀਂ ਆਵਾਂਗਾ ਕਿਉਂਕਿ ਇਹ ਗੰਦੀ ਖੇਡ ਹੈ ਜਦੋਂਕਿ ਮੇਰਾ ਮਕਸਦ ਦੇਸ਼ ਨੂੰ ਭ੍ਰਿਸ਼ਟਾਚਾਰ ਤੋਂ ਮੁਕਤ ਕਰਵਾਉਣਾ ਹੈ ਇਸ ਦੇ ਲਈ ਮੈਂ ਆਪਣੇ ਢੰਗ ਨਾਲ ਕੰਮ ਕਰਦਾ ਰਹਾਂਗਾ। ਉਹਨਾਂ ਨੇ ਟੀਮ ਦੇ ਹੋਰ ਮੈਂਬਰਾਂ ਦੇ ਨਾਲ ਅਰਵਿੰਦ ਕੇਜਰੀਵਾਲ ਨੂੰ ਵੀ ਇਹ ਸਲਾਹ ਦਿੱਤੀ ਸੀ ਕਿ ਉਹ ਸਿਆਸਤ ਤੋਂ ਦੂਰ ਰਹਿਣ ਪਰ ਅਰਵਿੰਦ ਕੇਜਰੀਵਾਲ ਤੇ ਹੋਰ ਮੈਂਬਰਾਂ ਨੇ ਅੰਨਾ ਦੇ ਇਸ ਮਸ਼ਵਰੇ ਨੂੰ ਗੰਭੀਰਤਾ ਨਾਲ ਨਹੀਂ ਲਿਆ। ਸਿਆਸੀ ਪਾਰਟੀ ਬਣਾਏ ਜਾਣ ਵੇਲੇ ਕੇਜਰੀਵਾਲ ਤੇ ਉਸਦੇ ਸਾਥੀਆਂ ਨੇ ਅੰਨਾ ਦੀ ਇਸ ਗੱਲ ਦਾ ਜਵਾਬ ਦਿੰਦਿਆਂ ਮੰਚ ਤੋਂ ਕਿਹਾ ਕਿ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਤੇ ਲਾਲ ਬਹਾਦਰ ਸ਼ਾਸਤਰੀ ਵਰਗੀਆਂ ਹਸਤੀਆਂ ਨੇ ਸਮਾਜ ਵਿੱਚ ਆਪਣਾ ਯੋਗਦਾਨ ਰਾਜਨੀਤੀ ਰਾਹੀਂ ਪਾਇਆ ਹੈ ਤੇ ਫਿਰ ਅਜਿਹੀ ਰਾਜਨੀਤੀ ਨੂੰ ਗੰਦੀ ਕਿਵੇਂ ਕਹਿ ਸਕਦੇ ਹਾਂ।

ਕੇਜਰੀਵਾਲ ਤੇ ਉਸਦੇ ਸਾਥੀਆਂ ਵੱਲੋਂ ਪਾਰਟੀ ਬਣਾਉਣ ਲਈ ਕੀਤੇ ਇਕੱਠ ਦੀ ਖਾਸ ਗੱਲ ਇਹ ਸੀ ਕਿ ਉਹਨਾਂ ਵੱਲੋਂ ਪਾਈਆਂ ਟੋਪੀਆਂ 'ਤੇ ਇਸ ਵਾਰ 'ਮੈਂ ਅੰਨਾ ਹਾਂ' ਨਹੀਂ ਲਿਖਿਆ ਹੋਇਆ ਸੀ ਸਗੋਂ ਇਸਦੀ ਥਾਂ 'ਮੈਂ ਆਮ ਆਦਮੀ ਹਾਂ' ਇਹ ਲਿਖਿਆ ਹੋਇਆ ਸੀ। ਜ਼ਿਕਰਯੋਗ ਹੈ ਕਿ ਅੰਨਾ ਹਜ਼ਾਰੇ ਨੇ ਕਿਹਾ ਸੀ ਕਿ ਕੇਜਰੀਵਾਲ ਟੀਮ ਸਿਆਸਤ ਕਰਨ ਲਈ ਮੇਰਾ ਨਾਂ ਜਾਂ ਮੇਰੀ ਫੋਟੋ ਦੀ ਕਿਤੇ ਵਰਤੋਂ ਨਾ ਕਰੇ। ਅਰਵਿੰਦ ਕੇਜਰੀਵਾਲ ਨੇ ਇਕੱਠ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਰਕਾਰ ਨੇ ਉਹਨਾਂ ਵੱਲੋਂ ਕੀਤੇ ਅੰਦੋਲਨਾਂ ਨੂੰ ਅਣਗੌਲਿਆ ਕਰ ਦਿੱਤਾ ਜਿਸ ਕਾਰਨ ਮਜ਼ਬੂਰੀਵਸ ਉਹਨਾਂ ਨੂੰ ਇਹ ਕਦਮ ਉਠਾਉਣਾ ਪਿਆ। ਉਹਨਾਂ ਨੇ ਪਾਰਟੀ ਦਾ ਰਸਮੀ ਐਲਾਨ ਤੇ ਏਜੰਡਾ ਜਾਰੀ ਕਰਦਿਆਂ ਕਿਹਾ ਕਿ ਪਾਰਟੀ ਦੇ ਨਾਂ ਦਾ ਐਲਾਨ 26 ਨਵੰਬਰ ਨੂੰ ਕੀਤਾ ਜਾਵੇਗਾ ਕਿਉਂਕਿ ਇਸ ਦਿਨ 26 ਨਵੰਬਰ 1949 ਨੂੰ ਅਜ਼ਾਦ ਭਾਰਤ ਨੇ ਆਪਣਾ ਸੰਵਿਧਾਨ ਗ੍ਰਹਿਣ ਕੀਤਾ ਸੀ। ਇਸ ਮੌਕੇ ਬੋਲਦਿਆਂ ਉਹਨਾਂ ਕਿਹਾ ਕਿ ਉਹ ਸਿਆਸਤ ਵਿੱਚ ਸਿਰਫ਼ ਨਵੇਂ ਚਿਹਰੇ ਹੀ ਲੈ ਕੇ ਨਹੀਂ ਆਉਣਗੇ ਸਗੋਂ ਇਸ ਨਿਜ਼ਾਮ ਦਾ ਚਿਹਰਾ ਹੀ ਬਦਲ ਦੇਣਗੇ।

### ਕੀ ਕਰੇਗੀ ਟੀਮ ਅੰਨਾ

ਕੇਜਰੀਵਾਲ ਦੀ ਪਾਰਟੀ ਦੇ ਵਿਜ਼ਨ ਡਾਕੂਮੈਂਟ ਅਨੁਸਾਰ

**ਰਾਈਟ ਟੂ ਰਿਜੈਕਟ**
ਈ.ਵੀ.ਐਮ ਵਿਚ ਨਾਪਸੰਦੀ ਦਾ ਬਟਨ ਹੋਵੇਗਾ, ਜਿਸ ਨੂੰ ਜਨਤਾ ਇਕ ਵਾਰ ਖਾਰਿਜ ਕਰ ਚੁੱਕੀ ਹੋਵੇ ਉਹ ਦੁਬਾਰਾ ਚੋਣ ਨਹੀਂ ਲੜੇਗਾ।

**ਭ੍ਰਿਸ਼ਟਾਚਾਰ ਖ਼ਤਮ ਕਰਨਾ**
ਲੋਕਪਾਲ ਕਾਨੂੰਨ ਲਿਆਵਾਂਗੇ। ਭ੍ਰਿਸ਼ਟਾਚਾਰੀਆਂ ਨੂੰ 6 ਮਹੀਨੇ ਵਿਚ ਜੇਲ੍ਹ। ਪਿਛਲੇ ਘੋਟਾਲਿਆਂ ਦੀ ਜਾਂਚ ਹੋਵੇਗੀ।

**ਲੋਕਾਂ ਦਾ ਰਾਜ ਲਿਆਉਣਾ**
ਸਰਕਾਰੀ ਪੈਸਾ ਜਨਤਾ ਦੀ ਮਰਜ਼ੀ ਨਾਲ ਖਰਚਿਆ ਜਾਵੇਗਾ। ਜਨਤਾ ਤੋਂ ਪੁੱਛ ਕੇ ਹੀ ਕੀਮਤਾਂ ਵਿਚ ਵਾਧਾ ਹੋਵੇਗਾ।

**ਸਿੱਖਿਆ-ਸਿਹਤ**
ਸਰਕਾਰੀ ਸਕੂਲਾਂ ਨੂੰ ਨਿੱਜੀ ਸਕੂਲਾਂ ਵਰਗਾ ਬਣਾਇਆ ਜਾਵੇਗਾ। ਮੁਫ਼ਤ ਸਿੱਖਿਆ, ਮੁਫ਼ਤ ਇਲਾਜ ਹੋਵੇਗਾ।

**ਜ਼ਮੀਨ ਐਕਵਾਇਰ**
ਅੰਗਰੇਜ਼ਾਂ ਦਾ ਬਣਾਇਆ 1894 ਦਾ ਕਾਨੂੰਨ ਰੱਦ ਕਰਕੇ ਆਮ ਆਦਮੀ ਦਾ ਕਾਨੂੰਨ ਬਣਾਇਆ ਜਾਵੇਗਾ।

**ਰਾਈਟ ਟੂ ਰੀਕਾਲ**
ਅਜਿਹਾ ਕਾਨੂੰਨ ਲਿਆਇਆ ਜਾਵੇਗਾ ਜਿਸ ਨਾਲ ਜਨਤਾ ਜਦੋਂ ਚਾਹੇ ਕਮਿਸ਼ਨ ਵਿਚ ਸ਼ਿਕਾਇਤ ਕਰਕੇ ਆਪਣੇ ਉਮੀਦਵਾਰ ਨੂੰ ਹਟਾ ਸਕੇਗੀ।


Super Visa Medical Insurance

- ਸੁਪਰਵੀਜ਼ਾ ਐਪਲੀਕੇਸ਼ਨ ਲਈ ਮੈਡੀਕੈਲ ਇੰਸ਼ੋਰੈਂਸ ਲੈਣਾ ਜਰੂਰੀ।
- ਅਸੀਂ ਤੁਹਾਡੀ ਜਰੂਰਤ ਮੁਤਾਬਕ ਵਧੀਆ ਅਤੇ ਸਸਤੀ ਇਸ਼ੋਰੈਂਸ ਲੈ ਕੇ ਦਿੰਦੇ ਹਾਂ।

For more information please call

780-465-6900 Jasvir Deol
403-830-7007 Jessie Singh



REALTY EXECUTIVES
ਕਿਸੇ ਵੀ ਤਰ੍ਹਾਂ ਦੀ ਪ੍ਰਾਪਟੀ ਵੇਚਣ ਜਾਂ ਖ੍ਰੀਦਣ ਲਈ ਨੁਸਰਤ ਅਲੀ ਅਖਤਰ ਨੂੰ ਸੰਪਰਕ ਕਰੋ
780-994-1600 (CELL)
780-450-6300 (24 HRS)
FAX: 780-450-6670
NUSRAT ALI AKHTAR
ASSOCIATE
aakhtar@realtyexecutives.com
www.aliakhtar.com
4107-99 St NW, Edmonton
MLS MULTIPLE LISTING SERVICE
REALTOR



LUTHRA LAW GROUP
FREE CASE EVALUTION
- Personal Injuries Representation
- Real Estate Transactions
- Immigration Law
- Residential Real Estate Transactions
- Criminal Case
- Family Law Dispute & Mediation Service
- Commercial Litigation

Sarjan Luthra
B.Sc, L.LB
SARJAN LUTHRA TEAM
Barrister, Solicitor & Notary Public
ਪੰਜਾਬੀ, ਹਿੰਦੀ, ਉਰਦੂ ਅਤੇ ਅਰਬੀ ਵਿੱਚ ਸੇਵਾਵਾਂ ਲਈ ਮਿਲੋ
Services in Hindi, Punjabi, Urdu & Arabic
780 466 4660 Fax: 780 463 4205

3rd in CANADA FOR CENTURY 21-2005
Century 21 Canada Masters Hall of Fame Inductee
Sweg Deol "Your Key Connection To Real Estate"
Please call for all your Commercial Real Estate Needs in Hotel, Motel, Apartments & Shopping Centers




Land Parcels Available in throughout Alberta
Century21
A.L.L. Stars Realty Ltd.,
312 Saddleback Road, T6J 4R7
Cell: (780) 951-9873 Bus: (780) 434-4700

ALL INDIA
RESTAURANT & SWEETS



Full service customized catering for Event Planning/Weddings/ Birthdays/ Anniversaries for upto 800 persons.
Special rates for temples or churches Reunions
4249-23 Ave. Edmonton, AB. Canada
Tel: 780-463-7770 www.allindiarestaurant.ca



Sohail Quadri, MLA
Edmonton Mill Woods
I am accessible anytime at
edmonton.millwoods@assembly.ab.ca
http://quadri.mypcmla.ca
We also provide Notary and Commissioner of Oaths Services (Appointments Only)
Our office is also accepting Food Bank Donations. Please drop by and support the Edmonton Food Bank.
101 9807 -34 Ave Edmonton AB T6E 5X9
(780)414-1000 (780)850- 4080

Roof Trusses
Floor Systems
Lumber - Stairs
ZyTech BUILDING SYSTEMS INC.
ਵਰਕਰਾਂ ਲਈ ਮੁਫਤ ਰਾਈਡ ਦਾ ਪ੍ਰਬੰਧ ਹੈ।
High Quality Materials, On Time Delivery, Complete Framing Package, Effective On Site, I Joists & Roof Truss Manufacturing Facility, One Call - Award Winning Service, Engineering & Design Friendly, Multi-Cultural, Solution Oriented Staff, Community Supporter
ਰਘੁਬੀਰ ਸਿੰਘ ਭੰਡਾਲ 780 554 9192
ਜਸਪਾਲ ਸਿੰਘ ਭੰਡਾਲ 403 226 7136



Best wishes to everyone celebrating
“Dussehra” — Rama’s victory over Ravana —
the victory of good over evil.
October 24, 2012
— Gene



Hon. Gene Zwozdesky
MLA Edmonton Mill Creek
Speaker, Alberta Legislative Assembly
Phone: 780 466 3737

“working with you and for you”



# Supreme Pizza
## ਸੁਪਰੀਮ ਪੀਜ਼ਾ

Chicken Wings Hot, Honey Garlic

Menisa Plaza (on Millwood Road) 1079 Knottwood Road East NW Edmonton

**780 485 1213 or 780 485 1231**

Try Us Tonight For Best Deal
In Town
**3 For 1**
Any 3 Toppings
12" Medium - 14" Large

ਅਧਰਕ, ਧਨੀਆ, ਲਾਲ ਪਿਆਜ਼ ਅਤੇ ਹਰੀਆਂ ਮਿਰਚਾਂ ਵਾਲਾ ਕਰਾਰਾ ਤੇ ਸਵਾਦੀ ਪੀਜ਼ਾ

ਅੰਮ੍ਰਿਤਧਾਰੀ ਵੀਰਾਂ ਤੇ ਭੈਣਾਂ ਲਈ ਖਾਸ ਸੁੱਚਮ ਨਾਲ ਪੀਜ਼ਾ ਤਿਆਰ ਕੀਤਾ ਜਾਂਦਾ ਹੈ

Paneer Pizza ✪ Vegetarian ✪ Supreme Special ✪ Chicken Special ✪ The Pasta Niche



Kuldip S. Powar

# POWAR HOMES LTD.
Quality Custom Home Builder

ਪਾਵਰ ਹੋਮਜ਼ ਕੋਲ ਸ਼ਹਿਰ ਦੇ ਹਰ ਖੇਤਰ ਵਿੱਚ ਲਾਟਾਂ ਉਪਲਬਧ,
ਰਹਿਣ ਲਈ ਘਰ ਬਣਾਉਣਾ ਚਾਹੁੰਦੇ ਹੋ ਜਾਂ
ਘਰ ਬਣਵਾ ਕੇ ਵੇਚਣਾ ਚਾਹੁੰਦੇ ਹੋ, ਚੋਖਾ ਫਾਇਦਾ ਦਿਵਾਉਣ
ਦਾ ਵਾਅਦਾ, ਬੋਮਾਉਂਟ ਵਿਚ ਛੋਟੇ ਅਤੇ ਵੱਡੇ ਘਰ
ਬਣਾਉਣ ਲਈ ਲਾਟਾਂ ਤਿਆਰ ਬਰ ਤਿਆਰ ਹਨ.

ਘਰ ਬਣਾ ਕੇ ਵੇਚਣ ਤੱਕ ਦੀਆਂ ਸੇਵਾਵਾਂ ਦਿੰਦੇ ਹਾਂ. ਵਾਜਬ ਕੀਮਤਾਂ,
ਤਸੱਲੀ ਬਖ਼ਸ਼ ਕੰਮ ਅਤੇ ਭਰੋਸੇਯੋਗ ਸੇਵਾਵਾਂ ਲਈ
ਰਣਜੀਤ ਸਿੰਘ ਪਵਾਰ ਅਤੇ
ਕੁਲਦੀਪ ਸਿੰਘ ਪਵਾਰ ਨਾਲ ਸੰਪਰਕ ਕਰੋ.



Ranjit S. Powar

Fax: 780-406-6797
Email: ranjit_pawar@hotmail.com

Contact At:
Ph: 780-695-6595

# A & K INSULATION & DRYWALL LTD.

Best Quailty at Reasonable Rates





ਹੋਟਲ, ਮੋਟਲ, ਬਿਜ਼ਨਿਸ, ਰਿਹਾਇਸ਼ੀ ਜਾਂ ਕਿਸੇ ਵੀ ਤਰ੍ਹਾਂ ਦੀ ਬਿੱਲਡਿੰਗ ਲਈ ਡਰਾਈਵਾਲ, ਇੰਸੁਲੇਸ਼ਨ, ਟੇਪਿੰਗ ਜਾਂ ਟੈਕਸਚਰ ਦੇ ਕੰਮ ਲਈ ਸੰਪਰਕ ਕਰੋ

**Rana : 780-245-5191 Joga : 780-245-5192**

# EXCEL TAX & BUSINESS SOLUTIONS

Our Goal : Client Satisfaction | Net Filling, Quick Refund

Specializing:
Trucking, Real Estate, Gas Station, Hotel, Motel & Franchise Business Accounting



- Corporate Tax Returns
- Personal & Self Employed Tax Returns
- GST Returns - WCB Returns - T4 Returns - ROE
- Small Business Set Up & Tax Planning
- Year End Processing
- Canada Revenue Agency (CRA) Audit Representation
- Computerized Bookkeeping & Payroll Services
- Financial Statement Preparation (Notice to Readers)

**Call: Pritpal Kooner**

PLEASE NOTE NEW ADDRESS
Unit# 218-4218A 97 St, Edmonton AB T6E 5Y6

Ph: 780-469-4985 Fax: 780-469-4926 Cell: 780-952-2860
exceltax@yahoo.ca
Evening & Weekend with Appointments only

# EAGLEROCK GOLF COURSE
50549, RANGE ROAD 234 EDMONTON, AB

ਜਨਮ ਦਿਨ , ਲੇਡੀਜ ਸੰਗੀਤ
ਵਿਆਹ-ਸ਼ਾਦੀਆਂ ਪਾਰਟੀਆਂ
50 ਤੋਂ ਲੈ ਕੇ 200 ਆਦਮੀਆਂ ਤੱਕ
ਦਾ ਪੰਜਾਬੀ ਖਾਣੇ ਦਾ ਖਾਸ ਪ੍ਰਬੰਧ

Birthday Parties,
Ladies Sangeet,
Golf Tournaments,
Catering,Wedding
Banquet






eaglerock GOLF COURSE

ਵਧੇਰੇ ਜਾਣਕਾਰੀ ਲਈ ਫੋਨ ਕਰੋ:

Linda :
780-464-4653 Ext: 2
Cell: 780-720-6895

# ADVANCE DRIVING SCHOOL LTD.

www.advancedrivingschool.ca



2 Locations to Serve You!

- Lady Instructor Available
- Defensive Classes to Restore Demerits
- Free Pick up & Drop off
- Government Approved Courses For Insurance Discount
- 10 Hours on road & 15 Hours in classroom
- Training for Driving Instructor

9253-34A Ave
Edmonton, AB

10211-100 Ave
Fort Saskatchewan, AB

**780 660 4090**



# ALPHA
## Tent Rentals
All Events Big or Small

We are in this
Business Since 2001



Ladies
Sangeet
Jago
Equipment

**Tents** All Size and Different Colours
**Tables** Rectangular & Round **Chairs** All Colours
**Lights**, Dance Floor, Heaters, Fans,
**Catering Equipment**, Coffee Brewers,
Big Burners, Big Pots (Patila), Cutlery and Plates,
**Portable Bars** Beer Tubs Ice Boxes
**Carpet, Stantions, Linens and Clips.**

ਧਾਰਮਿਕ ਅਤੇ ਸਮਾਜਿਕ ਸਮਾਗਮਾਂ ਲਈ ਵਿਸ਼ੇਸ਼ ਛੋਟ

Guaranteed Low Prices Open Seven Days a Week

**Umrao Ghinger: 780 237 5556**
www.alphatentrentals.com
**Office: 780 490 5354**





# ਖਰਚਿਆਂ ਸਬੰਧੀ ਵੇਰਵਿਆਂ ਨੂੰ ਜਨਤਕ ਕਰਨ ਵਾਲੀ ਨਵੀਂ ਨੀਤੀ ਦਾ ਐਲਾਨ



ਐਡਮਿੰਟਨ (ਨਦਬ)-ਸੂਬੇ ਦੀ ਵਿੱਤੀ ਕਾਰਜਪ੍ਰਣਾਲੀ ਨੂੰ ਹੋਰ ਬਿਹਤਰ ਬਣਾਉਣ ਲਈ ਪ੍ਰੀਮੀਅਰ ਐਲੀਸਨ ਰੈਡਫੋਰਡ, ਸੇਵਾਵਾਂ ਬਾਰੇ ਮੰਤਰੀ ਮਨਮੀਤ ਭੁੱਲਰ ਅਤੇ ਸਹਾਇਕ ਮੰਤਰੀ ਡਾਨ ਸਕੌਟ ਵੱਲੋਂ ਖਰਚਿਆਂ ਸਬੰਧੀ ਵੇਰਵਿਆਂ ਨੂੰ ਜਨਤਕ ਕਰਨ ਵਾਲੀ ਨਵੀਂ ਨੀਤੀ ਦਾ ਐਲਾਨ ਕੀਤਾ ਗਿਆ ਹੈ ਜਿਸ ਤਹਿਤ ਕੋਈ ਵੀ ਆਮ ਵਿਅਕਤੀ ਇਹ ਜਾਣਕਾਰੀ ਹਾਸਲ ਕਰ ਸਕੇਗਾ ਕਿ ਉਸ ਦੁਆਰਾ ਟੈਕਸਾਂ ਦੇ ਰੂਪ ਵਿੱਚ ਦਿੱਤੇ ਜਾ ਰਹੇ ਡਾਲਰਾਂ ਦੀ ਵਰਤੋਂ ਸੂਬਾ ਸਰਕਾਰ ਕਿਸ ਕੰਮ ਲਈ ਕਰ ਰਹੀ ਹੈ। ਇਸ ਨੀਤੀ ਤਹਿਤ ਮੰਤਰੀਆਂ, ਸਹਾਇਕ ਮੰਤਰੀਆਂ ਅਤੇ ਉਹਨਾਂ ਨਾਲ ਸਰਕਾਰੀ ਤੌਰ 'ਤੇ ਜੁੜੇ ਰਾਜਨੀਤਿਕ ਮਾਹਿਰਾਂ, ਵਿਧਾਇਕਾਂ, ਡਿਪਟੀ ਮੰਤਰੀਆਂ, ਸੀਨੀਅਰ ਅਫਸਰਾਂ ਅਤੇ ਅਲਬਰਟਾ ਸਰਕਾਰ ਦੇ ਸਰਕਾਰੀ ਅਦਾਰਿਆਂ 'ਚ ਕੰਮ ਕਰਦੇ ਪ੍ਰਬੰਧਕੀ ਨਿਰਦੇਸ਼ਕਾਂ ਦੇ ਰਹਿਣ ਸਹਿਣ, ਖਾਣ ਪੀਣ, ਮਹਿਮਾਨ-ਨਿਵਾਜ਼ੀ, ਵਰਕਿੰਗ ਸੈਸ਼ਨ ਅਤੇ ਯਾਤਰਾ ਨਾਲ ਸਬੰਧਿਤ ਖਰਚਿਆਂ ਦਾ ਵੇਰਵਾ ਹਰ ਦੋ ਮਹੀਨਿਆਂ ਬਾਅਦ ਇੱਕ ਰਿਪੋਰਟ ਦੇ ਰੂਪ ਵਿੱਚ ਔਨ-ਲਾਇਨ ਜਾਰੀ ਹੋਇਆ ਕਰੇਗਾ। ਜ਼ਿਕਰਯੋਗ ਹੈ ਕਿ ਇਹ ਨਵੀਂ ਨੀਤੀ ਇੱਕ ਅਕਤੂਬਰ ਤੋਂ ਸੂਬੇ ਭਰ ਵਿੱਚ ਲਾਗੂ ਹੋ ਜਾਵੇਗੀ ਅਤੇ ਇਸਦੀ ਪਹਿਲੀ ਰਿਪੋਰਟ ਦਸੰਬਰ 'ਚ ਜਾਰੀ ਕੀਤੀ ਜਾਵੇਗੀ । ਸੂਬੇ ਦੇ ਸਰਕਾਰੀ ਅਦਾਰਿਆਂ 'ਚ ਕੰਮ ਕਰਦੇ ਸਾਰੇ ਮੁਲਾਜ਼ਮ ਅਤੇ ਚੁਣੇ ਹੋਏ ਅਫਸਰ ਵੀ ਇਸ ਨਵੀਂ ਬਣੀ ਨੀਤੀ ਦੇ ਦਾਇਰੇ 'ਚ ਆਉਣਗੇ। ਇੱਥੇ ਇਹ ਵੀ ਦੱਸਣਯੋਗ ਹੈ ਕਿ ਖਰਚਿਆਂ ਸਬੰਧੀ ਵੇਰਵਿਆਂ ਨੂੰ ਜਨਤਕ ਕਰਨ ਵਾਲੀ ਨਵੀਂ ਨੀਤੀ ਬਣਾਉਣ ਵਾਲਾ ਅਲਬਰਟਾ ਦੇਸ਼ ਦਾ ਪਹਿਲਾ ਸੂਬਾ ਹੈ ।

ਸੂਬੇ ਦੇ ਸੇਵਾਵਾਂ ਬਾਰੇ ਮੰਤਰੀ ਮਨਮੀਤ ਸਿੰਘ ਭੁੱਲਰ ਨੇ ਇਸ ਨਵੀਂ ਬਣੀ ਨੀਤੀ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਪ੍ਰਸ਼ਾਸਨ ਵਿੱਚ ਵੱਧ ਤੋਂ ਵੱਧ ਪਾਰਦਰਸ਼ਤਾ ਲਿਆਉਣਾ ਸੂਬਾ ਸਰਕਾਰ ਦੀ ਸਭ ਤੋਂ ਵੱਡੀ ਪਹਿਲ ਹੈ ਤੇ ਖਰਚਿਆਂ ਸਬੰਧੀ ਵੇਰਵਿਆਂ ਨੂੰ ਜਨਤਕ ਕਰਨ ਵਾਲੀ ਨੀਤੀ ਬਣਾਉਣਾ ਇਸੇ ਦਿਸ਼ਾ 'ਚ ਇੱਕ ਅਹਿਮ ਕਦਮ ਹੈ ।ਉਹਨਾਂ ਅੱਗੇ ਕਿਹਾ ਕਿ ਸਾਨੂੰ ਆਸ ਹੈ ਕਿ ਸਰਕਾਰੀ ਏਜੰਸੀਆਂ, ਬੋਰਡ 'ਤੇ ਕਮਿਸ਼ਨ ਇਸ ਨਵੀਂ ਨੀਤੀ ਦਾ ਸਤਿਕਾਰ ਕਰਨਗੇ। ਇਸ ਨਵੀਂ ਨੀਤੀ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਸੂਬਾ ਸਰਕਾਰ ਇਨਫਰਮੇਸ਼ਨ ਅਤੇ ਪ੍ਰਾਈਵੇਸੀ ਕਮਿਸ਼ਨਰ ਨਾਲ ਵੀ ਤਾਲਮੇਲ ਰੱਖੇਗੀ ਤੇ ਕਮਿਸ਼ਨਰ ਵੱਲੋਂ ਸੁਝਾਏ ਨੁਕਤਿਆਂ ਦਾ ਸਵਾਗਤ ਕਰੇਗੀ।

## ਖਰਚਿਆਂ ਸਬੰਧੀ ਵੇਰਵਿਆਂ ਨੂੰ ਜਨਤਕ ਕਰਨ ਵਾਲੀ ਨਵੀਂ ਨੀਤੀ ਦਾ ਦਾਇਰਾ ਸੀਮਤ

### ਪਾਰਦਰਸ਼ਤਾ ਸਿਰਫ਼ ਮਾਤਰ ਦਿਖਾਵਾ-ਲੋਰੀ ਬਲੇਕਮੈਨ



ਐਡਮਿੰਟਨ- ਸੂਬਾ ਸਰਕਾਰ ਦੀ ਖਰਚਿਆਂ ਸਬੰਧੀ ਵੇਰਵਿਆਂ ਨੂੰ ਜਨਤਕ ਕਰਨ ਵਾਲੀ ਨਵੀਂ ਨੀਤੀ ਦੀ ਅਲੋਚਨਾ ਕਰਦਿਆਂ ਲਿਬਰਲ ਪਾਰਟੀ ਦੇ ਐਮ ਐਲ ਏ ਲੋਰੀ ਬਲੇਕਮੈਨ ਨੇ ਕਿਹਾ ਕਿ ਚੰਗਾ ਹੁੰਦਾ ਜੇਕਰ ਅਲਬਰਟਾ ਦੀ ਸੂਬਾ ਸਰਕਾਰ ਨੇ ਨਵੀਂ ਨੀਤੀ ਦਾ ਖਰੜਾ ਤਿਆਰ ਕਰਨ ਵੇਲੇ ਇਸਦਾ ਦਾਇਰਾ ਸੀਮਤ ਨਾ ਰੱਖਿਆ ਹੁੰਦਾ। ਕਿਉਂਕਿ ਸਰਕਾਰ ਵੱਲੋਂ ਜਿਸ ਤਰ੍ਹਾਂ ਦਾ ਖਰੜਾ ਤਿਆਰ ਕੀਤਾ ਗਿਆ ਹੈ ਉਸਨੂੰ ਪੜ੍ਹ ਕੇ ਲੱਗਦਾ ਹੈ ਕਿ ਇਸ 'ਚ ਸੁਧਾਰ ਦੀ ਕਾਫੀ ਗੁੰਜ਼ਾਇਸ਼ ਹੈ। ਉਹਨਾਂ ਅੱਗੇ ਕਿਹਾ ਕਿ ਸੂਬੇ ਦੀ ਪ੍ਰੀਮੀਅਰ ਦਾ ਇਹ ਕਹਿਣਾ ਕਿ ਅਜਿਹੀ ਨੀਤੀ ਬਾਰੇ ਪਹਿਲ ਕਰਨ ਵਾਲਾ ਅਲਬਰਟਾ ਦੇਸ਼ ਦਾ ਪਹਿਲਾ ਸੂਬਾ ਹੈ, ਇਹ ਉੱਚਿਤ ਨਹੀਂ ਹੈ। ਕਿਉਂਕਿ ਇਸ ਤੋਂ ਪਹਿਲਾਂ ਵੀ ਦੇਸ਼ ਦੇ ਕਈ ਸੂਬਿਆਂ ਵਿੱਚ ਇਸ ਤਰ੍ਹਾਂ ਦੀ ਨੀਤੀ ਨੂੰ ਲੈ ਕੇ ਪਹਿਲਕਦਮੀਆਂ ਹੋਈਆਂ ਹਨ। ਦੂਜੀ ਮਹੱਤਵਪੂਰਨ ਗੱਲ ਇਹ ਹੈ ਕਿ ਇਸ ਤੋਂ ਪਹਿਲਾਂ ਵੀ ਸੂਬੇ ਵਿੱਚ ਅਜਿਹੇ ਕਾਨੂੰਨ ਹਨ ਜਿਨ੍ਹਾਂ ਰਾਹੀਂ ਕਰਦਾਤਾ ਸਰਕਾਰੀ ਖਰਚਿਆਂ ਸਬੰਧੀ ਜਾਣਕਾਰੀ ਹਾਸਿਲ ਕਰ ਸਕਦਾ ਹੈ। ਅਸਲੀ ਗੱਲ ਇਹ ਹੈ ਕਿ ਸਰਕਾਰ ਨੇ ਇਸ ਨੀਤੀ ਨੂੰ ਗੰਭੀਰਤਾ ਨਾਲ ਨਹੀਂ ਲਿਆ ਸਗੋਂ ਉਸਦਾ ਮਕਸਦ ਇਸ ਨਵੀਂ ਨੀਤੀ ਰਾਹੀਂ ਫੋਕੀ ਵਾਹ-ਵਾਹ ਲੁੱਟਣਾ ਸੀ। ਸਰਕਾਰ ਵੱਲੋਂ ਐਲਾਨੀ ਇਸ ਨਵੀਂ ਨੀਤੀ ਵਿੱਚ ਬਹੁਤ ਸਾਰੀਆਂ ਕਮੀਆਂ ਹਨ। ਸਭ ਤੋਂ ਵੱਡੀ ਕਮੀ ਇਸ ਨਵੀਂ ਨੀਤੀ ਵਿੱਚ ਇਹ ਰੜਕਦੀ ਹੈ ਕਿ ਇਹ ਸਰਕਾਰੀ ਵਿਭਾਗਾਂ ਵੱਲੋਂ ਵੰਡੀਆਂ ਜਾਂਦੀਆਂ ਗਰਾਟਾਂ ਅਤੇ ਦਿੱਤੇ ਜਾਂਦੇ ਠੇਕਿਆ ਬਾਰੇ ਬਿਲਕੁੱਲ ਚੁੱਪ ਹੈ ਜਦੋਂ ਕਿ ਕਰਦਾਤਾ ਦਾ ਕਾਫੀ ਪੈਸਾ ਗਰਾਟਾਂ ਅਤੇ ਠੇਕਿਆਂ ਦੇ ਰੂਪ ਵਿੱਚ ਸਰਕਾਰ ਵੱਲੋਂ ਵੰਡਿਆ ਜਾਂਦਾ ਹੈ। ਜੇਕਰ ਕਰਦਾਤਾਂ ਸਰਕਾਰੀ ਗਰਾਟਾਂ ਜਾਂ ਠੇਕਿਆਂ ਬਾਰੇ ਜਾਣਕਾਰੀ ਹਾਸਿਲ ਨਹੀਂ ਕਰ ਪਾਉਂਦਾ ਤਾਂ ਉਸ ਲਈ ਦਿਖਾਵਾ ਮਾਤਰ ਪਾਰਦਰਸ਼ਤਾ ਕੋਈ ਮਹੱਤਤਾ ਨਹੀਂ ਰੱਖਦੀ। ਉਦਾਹਰਣ ਵਜੋਂ ਜੇਕਰ ਅਸੀਂ ਸੂਬੇ ਨਾਲ ਸਬੰਧਿਤ ਆਫ਼ਤਾਂ ਤੇ ਉਹਨਾਂ ਦੇ ਹੱਲ ਲਈ ਸਰਕਾਰ ਵੱਲੋਂ ਲੈਂਡ ਲਿੰਕ ਕਨਸਲਟਿੰਗ ਨੂੰ ਦਿੱਤੇ ਗਏ ਪੰਜ ਸਾਲਾ ਠੇਕੇ ਸਬੰਧੀ ਜਾਣਕਾਰੀ ਲੈਣੀ ਹੋਵੇ ਤਾਂ ਸਰਕਾਰ ਦੀ ਇਹ ਨੀਤੀ ਇਸ ਦੇ ਲਈ ਕਾਰਗਰ ਨਹੀਂ। ਇਸ ਤੋਂ ਸਪੱਸਟ ਹੈ ਕਿ ਸਾਨੂੰ ਇਸ ਨਵੀਂ ਨੀਤੀ ਦੀ ਰੂਪ-ਰੇਖਾ ਬਾਰੇ ਮੁੜ ਤੋਂ ਵਿਚਾਰਨਾ ਚਾਹੀਦਾ ਹੈ।

# ਜਸਟਿਨ ਟਰੂਡੋ ਲਿਬਰਲ ਲੀਡਰਸ਼ਿਪ ਦੌੜ ਵਿੱਚ ਸ਼ਾਮਲ




- ਕਨੇਡਾ ਦੀ ਸਰਬਪੱਖੀ ਤਰੱਕੀ ਲਈ ਹੰਭਲਾ ਮਾਰਨ ਦਾ ਸੱਦਾ
- ਮਿਸੀਸਾਗਾ ਵਿੱਚ ਪਾਰਟੀ ਸਮਰਥਕਾਂ ਨੂੰ ਕਰਨਗੇ ਸੰਬੋਧਨ

ਕਿਊਬਿਕ (ਨਦਬ)-ਲਿਬਰਲ ਐਮ.ਪੀ. ਜਸਟਿਨ ਟਰੂਡੋ ਨੇ ਲਿਬਰਲ ਪਾਰਟੀ ਲੀਡਰਸ਼ਿਪ ਦੌੜ ਵਿੱਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ ਹੈ। ਉਨ੍ਹਾਂ ਇਹ ਐਲਾਨ ਮੰਗਲਵਾਰ ਨੂੰ ਮਾਂਟਰੀਅਲ ਦੇ ਆਪਣੇ ਹਲਕੇ ਪਾਪੀਨਿਊ ਵਿਖੇ ਇੱਕ ਰੈਲੀ ਦੌਰਾਨ ਕੀਤਾ। ਇਸ ਨਾਲ ਲਿਬਰਲ ਲੀਡਰਸ਼ਿਪ ਦੀ ਦੌੜ ਵਿੱਚ ਟਰੂਡੋ ਦੇ ਸ਼ਾਮਲ ਹੋਣ ਜਾਂ ਨਾ ਹੋਣ ਬਾਰੇ ਲੰਮੇਂ ਸਮੇਂ ਤੋਂ ਚੱਲ ਰਹੀਆਂ ਕਿਆਸਅਰਾਈਆਂ ਉੱਤੇ ਰੋਕ ਲੱਗ ਗਈ ਹੈ। ਉਨ੍ਹਾਂ ਇਸ ਸਬੰਧੀ ਇੱਕ ਵੀਡੀਓ ਆਪਣੀ ਵੈੱਬਸਾਈਟ ਉੱਤੇ ਵੀ ਪਾਇਆ ਹੈ। ਟਰੂਡੋ ਨੇ ਵੀਡੀਓ ਵਿੱਚ ਲੋਕਾਂ ਦਾ ਧੰਨਵਾਦ ਕਰਦਿਆਂ ਆਖਿਆ ਹੈ ਕਿ ਉਨ੍ਹਾਂ ਸਾਰਿਆਂ ਵੱਲੋਂ ਪਿਛਲੇ ਲੰਮੇਂ ਸਮੇਂ ਤੋਂ ਜਿਹੜਾ ਸਮਰਥਨ ਕੀਤਾ ਜਾ ਰਿਹਾ ਹੈ ਇਸ ਲਈ ਇਸ ਖ਼ਬਰ ਉੱਤੇ ਵੀ ਪਹਿਲਾ ਹੱਕ ਉਨ੍ਹਾਂ ਦਾ ਹੀ ਬਣਦਾ ਹੈ ਤੇ ਉਹ ਦੱਸਣਾ ਚਾਹੁੰਦੇ ਹਨ ਕਿ ਉਹ ਕਨੇਡਾ ਲਿਬਰਲ ਪਾਰਟੀ ਦੀ ਲੀਡਰਸ਼ਿਪ ਲਈ ਲੜ ਰਹੇ ਹਨ। ਇਸ ਨਾਲ ਉਨ੍ਹਾਂ ਦਾ ਕੰਮ ਬਹੁਤ ਵੱਧ ਜਾਵੇਗਾ ਪਰ ਉਹ ਜਾਣਦੇ ਹਨ ਕਿ ਰਲ-ਮਿਲ ਕੇ ਆਪਾਂ ਕਨੇਡਾ ਵਿੱਚ ਹੋਣ ਵਾਲੀ ਸਿਆਸਤ ਦਾ ਰੁਖ ਬਦਲ ਦੇਵਾਂਗੇ। ਬਾਅਦ ਵਿੱਚ ਟਰੂਡੋ ਨੇ ਲਿਬਰਲ ਸਮਰਥਕਾਂ ਦੀ ਰੈਲੀ ਵਿੱਚ ਵੀ ਇਹ ਐਲਾਨ ਕੀਤਾ। ਉਨ੍ਹਾਂ ਆਖਿਆ ਕਿ ਉਨ੍ਹਾਂ ਨੂੰ ਮਾਂਟਰੀਅਲ ਤੇ ਕਿਊਬਿਕ ਨਾਲ ਪਿਆਰ ਹੈ ਤੇ ਕਨੇਡਾ ਨਾਲ ਵੀ ਉਹ ਪਿਆਰ ਕਰਦੇ ਹਨ ਤੇ ਉਹ ਕਨੇਡਾ ਦੇ ਲੋਕਾਂ ਦੀ ਸੱਚੇ ਦਿਲੋਂ ਸੇਵਾ ਕਰਨੀ ਚਾਹੁੰਦੇ ਹਨ। ਉਨ੍ਹਾਂ ਆਪਣੇ ਸਾਥੀਆਂ ਤੋਂ ਵੀ ਮਦਦ ਦੀ ਮੰਗ ਕੀਤੀ। ਟਰੂਡੋ ਨੇ ਆਖਿਆ ਕਿ ਸਾਨੂੰ ਸਖ਼ਤ ਮਿਹਨਤ ਤੇ ਕੋਸ਼ਿਸ਼ਾਂ ਤੋਂ ਬਿਨਾਂ ਸਫਲਤਾ ਨਹੀਂ ਮਿਲਣ ਵਾਲੀ, ਇਸ ਲਈ ਆਉਣ ਵਾਲੇ ਸਮੇਂ ਵਿੱਚ ਮਹਿਸੂਸ ਕੀਤੇ ਜਾਣ ਵਾਲੇ ਉਤਰਾਅ ਚੜ੍ਹਾਅ ਤੇ ਔਖੇ ਵੇਲਿਆਂ ਲਈ ਵੀ ਸਾਨੂੰ ਕਮਰ ਕੱਸ ਲੈਣੀ ਚਾਹੀਦੀ ਹੈ। ਫਿਰ ਕੋਸ਼ਿਸ਼ਾਂ ਨਾਲ ਹੀ ਭਲੇ ਦਿਨ ਵੀ ਆਉਣਗੇ। ਇਸ ਸਮੇਂ ਫੈਡਰਲ ਪੱਧਰ ਉੱਤੇ ਤੀਜੇ ਸਥਾਨ ਉੱਤੇ ਪਹੁੰਚ ਚੁੱਕੀ ਤੇ ਆਪਣੀ ਹੋਂਦ ਨੂੰ ਬਚਾਈ ਰੱਖਣ ਲਈ ਸੰਘਰਸ਼ ਕਰ ਰਹੀ ਲਿਬਰਲ ਪਾਰਟੀ ਨੂੰ ਟਰੂਡੋ ਦੇ ਰੂਪ ਵਿੱਚ ਆਸ ਦੀ ਨਵੀਂ ਕਿਰਨ ਨਜ਼ਰ ਆ ਰਹੀ ਹੈ। ਟਰੂਡੋ ਨੇ ਆਖਿਆ ਕਿ ਹੁਣ ਲਿਬਰਲ ਪਾਰਟੀ ਦੇ ਇਤਿਹਾਸ ਵਿੱਚ ਇੱਕ ਨਵਾਂ ਵਰਕਾ ਜੜਨ ਦਾ ਵੇਲਾ ਆ ਗਿਆ ਹੈ। ਅੱਜ ਰਾਤ ਤੋਂ ਹੀ ਇੱਕ ਨਵੀਂ ਲਹਿਰ ਦੀ ਸ਼ੁਰੂਆਤ ਹੋ ਰਹੀ ਹੈ। ਅਪ੍ਰੈਲ ਦੇ ਮਹੀਨੇ ਲਿਬਰਲ ਪਾਰਟੀ ਦਾ ਨਵਾਂ ਆਗੂ ਚੁਣਿਆ ਜਾਵੇਗਾ। ਪਾਰਟੀ ਦੇ ਅੰਤਰਿਮ ਆਗੂ ਬੌਬ ਰੇਅ ਸਪਸ਼ਟ ਕਰ ਚੁੱਕੇ ਹਨ ਕਿ ਉਹ ਇਸ ਦੌੜ ਵਿੱਚ ਹਿੱਸਾ ਨਹੀਂ ਲੈਣਗੇ। ਜ਼ਿਕਰਯੋਗ ਹੈ ਕਿ ਪਿਛਲੀਆਂ ਫੈਡਰਲ ਚੋਣਾਂ ਵਿੱਚ ਮਾੜੀ ਕਾਰਗੁਜ਼ਾਰੀ ਦੇ ਚੱਲਦਿਆਂ ਤਤਕਾਲੀ ਲਿਬਰਲ ਆਗੂ ਮਾਈਕਲ ਇਗਨੇਟਿਫ ਨੇ ਅਸਤੀਫਾ ਦੇ ਦਿੱਤਾ ਸੀ।

# ਯੂਨੀਵਰਸਿਟੀ ਦੇ ਸਦਭਾਵਨਾ ਭਰੇ ਮਹੌਲ ਨੂੰ ਵਿਗਾੜਨ ਦੀ ਕੋਸ਼ਿਸ਼




ਲਿਸਟਰ ਹਾਲ ਦੀ ਪੁਨਰਉਸਾਰੀ ਦਾ ਮਾਮਲਾ

ਐਡਮਿੰਟਨ (ਨਦਬ)-ਅਲਬਰਟਾ ਯੂਨੀਵਰਸਿਟੀ ਦੇ ਪ੍ਰਸ਼ਾਸਨ ਨੇ ਐਲਾਨ ਕੀਤਾ ਹੈ ਕਿ ਯੂਨੀਵਰਸਿਟੀ ਰਿਹਾਇਸ਼ ਲਿਸਟਰ ਹਾਲ ਦੀ ਪੁਨਰਉਸਾਰੀ ਕੀਤੀ ਜਾਵੇਗੀ, ਇਸ ਐਲਾਨ ਦੇ ਹੋਣ ਨਾਲ ਵਿਦਿਆਰਥੀਆਂ 'ਚ ਬੇਚੈਨੀ ਵਧ ਗਈ ਹੈ। ਕਿਉਂਕਿ ਇਸ ਫੈਸਲੇ ਨਾਲ ਲਿਸਟਰ 'ਚ ਰਹਿਣ ਵਾਲੇ ਵਿਦਿਆਰਥੀ ਖਾਸ ਤੌਰ 'ਤੇ ਪ੍ਰਭਾਵਿਤ ਹੋਣਗੇ। ਯੂਨੀਵਰਸਿਟੀ ਪ੍ਰਸ਼ਾਸਨ ਦੀ ਮਾੜੀ ਗੱਲ ਇਹ ਹੈ ਕਿ ਅਜਿਹਾ ਫੈਸਲਾ ਲੈਣ ਤੋਂ ਪਹਿਲਾਂ ਵਿਦਿਆਰਥੀਆਂ ਨਾਲ ਭੋਰਾ ਮਸ਼ਵਰਾ ਨਹੀਂ ਕੀਤਾ ਗਿਆ। ਜਦੋਂ ਕਿ ਇਹ ਮਸਲਾ ਵਿਦਿਆਰਥੀਆਂ ਨਾਲ ਸਿੱਧੇ ਤੌਰ 'ਤੇ ਜੁੜਿਆ ਹੋਇਆ ਹੈ । ਦੂਜੀ ਗੱਲ ਇਹ ਹੈ ਕਿ ਯੂਨੀਵਰਸਿਟੀ ਪ੍ਰਸ਼ਾਸਨ ਨੇ ਇਸ ਮਸਲੇ ਨੂੰ ਲੋਕਾਂ ਵਿੱਚ ਲੈ ਆਉਂਦਾ ਹੈ ਜਿਸ ਨਾਲ ਯੂਨੀਵਰਸਿਟੀ ਕੈਂਪਸ ਦੇ ਸਦਭਾਵਨਾ ਭਰੇ ਮਹੌਲ ਨੂੰ ਸੱਟ ਲੱਗੀ ਹੈ। ਅਸਲ 'ਚ ਅਜਿਹਾ ਫੈਸਲਾ ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਸੋਚ ਸਮਝ ਕੇ ਸਾਜਿਸ਼ ਤਹਿਤ ਲਿਆ ਗਿਆ ਹੈ ਤਾਂ ਜੋ ਵਿਦਿਆਰਥੀਆਂ ਦੁਆਰੇ ਚੁਣੇ ਗਏ ਪ੍ਰਤੀਨਿਧਾਂ ਦੀ ਤਾਕਤ ਨੂੰ ਕਮਜ਼ੋਰ ਕੀਤਾ ਜਾ ਸਕੇ । ਦੂਜਾ ਮਕਸਦ ਇਹ ਹੈ ਕਿ ਵਿਦਿਆਰਥੀਆਂ ਨੂੰ ਇੱਕ ਵਾਰੀ ਇੱਥੋਂ ਕੱਢ ਕੇ ਦੁਆਰਾ ਇੱਥੇ ਆਉਣ ਦਾ ਮੌਕਾ ਹੀ ਨਾ ਦਿੱਤਾ ਜਾਵੇ।

ਯੂਨੀਵਰਸਿਟੀ ਪ੍ਰਸ਼ਾਸਨ ਅਤੇ ਵਿਦਿਆਰਥੀਆਂ ਦੀਆਂ ਕਈ ਸਾਂਝੀਆਂ ਕਮੇਟੀਆਂ ਗਠਿਤ ਕੀਤੀਆਂ ਗਈਆਂ ਹਨ ਜਿਨ੍ਹਾਂ ਦਾ ਕੰਮ ਵਿਦਿਆਰਥੀਆਂ ਦੇ ਰਹਿਣ ਸਹਿਣ ਅਤੇ ਖਾਣ ਪੀਣ ਸਬੰਧੀ ਮਸਲਿਆਂ ਨੂੰ ਵਿਚਾਰ ਕੇ ਹੱਲ ਕਰਨਾ ਹੈ। ਐਲ ਐਚ ਐਸ ਏ ਅਜਿਹੀ ਹੀ ਇੱਕ ਸੰਸਥਾ ਹੈ ਜਿਹੜੀ ਕਿ ਅਲਬਰਟਾ ਯੂਨੀਵਰਸਿਟੀ ਦੀ ਵਿਦਿਆਰਥੀ ਯੂਨੀਅਨ ਨਾਲ ਮਿਲ ਕੇ ਕੰਮ ਕਰਦੀ ਹੈ ਤੇ ਇਸ ਗੱਲ ਨੂੰ ਯਕੀਨੀ ਬਣਾਉਂਦੀ ਹੈ ਕਿ ਯੂਨੀਵਰਸਿਟੀ ਪ੍ਰਸ਼ਾਸਨ ਵਿਦਿਆਰਥੀਆਂ ਦੇ ਹਿੱਤਾਂ ਨੂੰ ਧਿਆਨ 'ਚ ਰੱਖੇ। ਲਿਸਟਰ ਦੇ ਰਿਹਾਇਸ਼ੀਆਂ ਵੱਲੋਂ ਚੁਣੇ ਪ੍ਰਤੀਨਿਧ ਖਾਸ ਮਹੱਤਵ ਰੱਖਦੇ ਹਨ। ਹੁਣ ਭਖਦਾ ਮਸਲਾ ਇਹ ਹੈ ਕਿ ਯੂਨੀਵਰਸਿਟੀ ਵੱਲੋਂ ਇੱਕ ਸੁਝਅ ਪੇਸ਼ ਕੀਤਾ ਗਿਆ ਹੈ ਜਿਸ ਅਨੁਸਾਰ 46 ਵਿਦਿਆਰਥੀ ਜਿਹੜੇ ਕਿ ਐਲ ਐਚ ਐਸ ਏ ਅਤੇ ਯੂਨੀਵਰਸਿਟੀ ਪ੍ਰਸ਼ਾਸਨ ਨਾਲ ਮਿਲ ਕੇ ਕੰਮ ਕਰਦੇ ਹਨ, ਉਹਨਾਂ ਸਾਹਮਣੇ ਕੰਮ ਕਰਨ ਦੀਆਂ ਨਵੀਆਂ ਸ਼ਰਤਾਂ ਰੱਖੀਆਂ ਹਨ ਜਿਸ ਤਹਿਤ ਉਹਨਾਂ ਨੂੰ ਕਿਹਾ ਗਿਆ ਹੈ ਕਿ ਉਹ ਐਲ ਐਚ ਐਸ ਏ ਦਾ ਕੰਮ ਛੱਡ ਕੇ ਸਿਰਫ਼ ਯੂਨੀਵਰਸਿਟੀ ਪ੍ਰਸ਼ਾਸਨ ਲਈ ਕੰਮ ਕਰਨ ਤੇ ਇਸ ਲਈ ਉਹਨਾਂ ਨੂੰ ਪੈਸਿਆਂ ਦੀ ਪੇਸ਼ਕਸ ਵੀ ਕੀਤੀ ਗਈ ਹੈ। ਜੇਕਰ ਅਜਿਹਾ ਹੁੰਦਾ ਹੈ ਤਾਂ ਵਿਦਿਆਰਥੀ ਯੂਨੀਵਰਸਿਟੀ ਪ੍ਰਸ਼ਾਸਨ ਦੇ ਫੈਸਲਿਆਂ ਨੂੰ ਪ੍ਰਭਾਵਿਤ ਕਰਨ ਦੀ ਹੈਸੀਅਤ 'ਚ ਨਹੀਂ ਰਹਿਣਗੇ। ਲਿਸਟਰ ਹਾਲ ਦੇ ਮਾਮਲੇ ਨੂੰ ਲੈ ਕੇ ਜਿਸ ਤਰ੍ਹਾਂ ਯੂਨੀਵਰਸਿਟੀ ਪ੍ਰਸ਼ਾਸਨ ਦਾ ਵਿਵਹਾਰ ਹੈ ਉਹ ਪੂਰੀ ਤਰ੍ਹਾਂ ਗੈਰ ਜ਼ਿੰਮੇਵਾਰਾਨਾ ਅਤੇ ਗੈਰ ਲੋਕਤਾਂਤਰਿਕ ਹੈ। ਵਿਦਿਆਰਥੀ ਇਹ ਚਹੁੰਦੇ ਹਨ ਕਿ ਮਾਮਲੇ ਨੂੰ ਗੰਭੀਰਤਾ ਨਾਲ ਵਿਚਾਰਿਆ ਜਾਵੇ ਪਰ ਪ੍ਰਸ਼ਾਸਨ ਵਿਦਿਆਰਥੀਆਂ ਦੀ ਬੇਚੈਨੀ ਨੂੰ ਲੈ ਕੇ ਗੰਭੀਰ ਨਹੀਂ ਹੈ। ਅਸਲ 'ਚ ਅਜਿਹਾ ਵਰਤਾਰਾ ਹੀ ਸੰਘਰਸ਼ ਨੂੰ ਜਨਮ ਦਿੰਦਾ ਹੈ।




ANJALI AGARWAL

**With my 15 years of experience in Residential Mortgage Industry, I would like to, once again, help you with mortgage approvals, construction draw mortgage and line of credits.**

Please Contact:
**ANJALI AGARWAL** AMP, BA
Senior Mortgage Advisor

*Now I have access to almost all banks and more than 25 lenders.*

ਮੈਂ ਪੰਜਾਬੀ ਅਤੇ ਹਿੰਦੀ ਵਿੱਚ ਗੱਲਬਾਤ ਕਰ ਸਕਦੀ ਹਾਂ

call @ 780-934-7217 (Cell) or Email anjali.agarwal@mortgagegroup.com

TMG

Maple DENTAL CLINIC

ਦੰਦਾਂ ਸਬੰਧੀ ਹਰ ਬਿਮਾਰੀ ਦਾ ਇਲਾਜ

Dr. Sandeep Dhaliwal
DMD

Take Home Whitening Kits
*with new patient exams & cleaning !*

Accepting New Patients

Services Provided
Cosmetic and preventive Dentistry including:
» Cleaning
» Invisalign
» Fillings
» Root Canals
» TMJ
» Crowns & Bridges
» Partial & Full Dentures
» Sports & Night Guards
» Teeth Whitening
» Extractions

Clinic Hours:
Monday & Friday: 9 am to 5 pm
Tuesday, Wednesday & Thursday: 11 am to 7 pm
Saturday: 9 am to 4 pm

Appointments @ 780-440-5001

4444-36 Ave NW Edmonton, AB T6L 3S1

# ਸਾਰਾ ਹੌਫਮੈਨ ਐਡਮਿੰਟਨ ਪਬਲਿਕ ਸਕੂਲ ਬੋਰਡ ਦੀ ਚੇਅਰ ਨਿਯੁਕਤ

ਐਡਮਿੰਟਨ (ਨਦਬ)-ਐਡਮਿੰਟਨ ਪਬਲਿਕ ਸਕੂਲ ਬੋਰਡ ਦੇ ਟਰੱਸਟੀਆਂ ਵੱਲੋਂ ਸਾਲ 2012-13ਦੇ ਸੈਸ਼ਨ ਦੀ ਪਹਿਲੀ ਮੀਟਿੰਗ ਕੀਤੀ ਗਈ ਜਿਸ ਵਿੱਚ ਬੋਰਡ ਦੀਆਂ ਮਹੱਤਵਪੂਰਨ ਨਿਯੁਕਤੀਆਂ ਸਬੰਧੀ ਫੈਸਲੇ ਲਏ ਗਏ। ਇਹਨਾਂ ਫੈਸਲਿਆਂ ਅਨੁਸਾਰ ਸਾਰਾ ਹੌਫਮੈਨ ਨੂੰ ਬੋਰਡ ਦੀ ਚੇਅਰ ਅਤੇ ਮਾਈਕਲ ਜੈਂਜ ਨੂੰ ਵਾਇਸ ਚੇਅਰ ਨਿਯੁਕਤ ਕੀਤਾ ਗਿਆ। ਕਾਨਫਰੰਸ ਕਮੇਟੀ ਦੇ ਚੇਅਰ ਵਜੋਂ ਹੀਥਰ ਮੈਕੈਂਜੀ ਦੀ ਚੋਣ ਕੀਤੀ ਗਈ। ਇਸ ਤੋਂ ਇਲਾਵਾ ਬੋਰਡ ਦੁਆਰਾ ਹੋਰ ਵੀ ਕਈ ਕਮੇਟੀਆਂ ਦੇ ਪ੍ਰਤੀਨਿਧਾਂ ਦੀ ਚੋਣ ਕੀਤੀ ਗਈ ਹੈ, ਜਿਨ੍ਹਾਂ 'ਚ ਆਡਿਟ, ਐਡਵੋਕੇਸੀ, ਬੋਰਡ ਕਮਿਊਨਿਟੀ ਰਿਲੇਸ਼ਨਜ਼ ਅਤੇ ਵਿੱਤੀ ਯੋਜਨਾ ਤੇ ਪੜਚੋਲ ਸਬੰਧੀ ਕਮੇਟੀਆਂ ਆਦਿ ਮੁੱਖ ਹਨ।



ਬੋਰਡ ਦੇ ਟਰੱਸਟੀਆਂ ਨੇ ਇੱਕਮਤ ਹੋ ਕੇ ਇਹ ਵੀ ਫੈਸਲਾ ਲਿਆ ਹੈ ਕਿ ਇੱਕ ਮਹੀਨੇ ਵਿੱਚ ਬੋਰਡ ਵੱਲੋਂ ਤਿੰਨ ਮੀਟਿੰਗਾਂ ਕੀਤੀਆਂ ਜਾਣੀਆਂ ਜਰੂਰੀ ਹਨ, ਜੇਕਰ ਅਜਿਹਾ ਕਰਨ ਲਈ ਕਦੇ ਜਰੂਰਤ ਪਈ ਤਾਂ ਵੀਡੀਓ ਕਾਲਿੰਗ ਕਾਨਫਰੰਸ ਵੀ ਸੱਦੀ ਜਾ ਸਕਦੀ ਹੈ। ਨਿਯੁਕਤੀ ਤੋਂ ਤੁਰੰਤ ਬਾਅਦ ਬੋਰਡ ਦੀ ਚੇਅਰ ਸਾਰਾ ਹੌਫਮੈਨ ਨੇ ਕਿਹਾ ਕਿ ਬੋਰਡ ਦੀ ਕਾਰਜਪ੍ਰਣਾਲੀ ਮਜ਼ਬੂਤ ਕਰਨ ਲਈ ਅਤੇ ਸਿੱਖਿਆ ਪ੍ਰਣਾਲੀ ਨੂੰ ਪ੍ਰਭਾਵਸ਼ਾਲੀ ਤੇ ਸੁਚਾਰੂ ਢੰਗ ਨਾਲ ਚਲਾਉਣ ਲਈ ਬੋਰਡ ਨਾਲ ਜੁੜੀਆਂ ਸਾਰੀਆਂ ਧਿਰਾਂ ਤੇ ਕਮੇਟੀਆਂ ਨਾਲ ਮਿਲ-ਜੁਲ ਕੇ ਕੰਮ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਬੋਰਡ ਵੱਲੋਂ ਨਿਯੁਕਤ ਅਫਸਰਾਂ, ਵਿਦਿਆਰਥੀ ਤੇ ਉਹਨਾਂ ਦੇ ਮਾਪਿਆਂ, ਸਿੱਖਿਆ ਨਾਲ ਜੁੜਿਆ ਸਟਾਫ, ਹੇਠਲੇ ਪੱਧਰ ਦੀ ਲੀਡਰਸ਼ਿਪ, ਉੱਚ ਪ੍ਰਸਾਸ਼ਨਿਕ ਪ੍ਰਬੰਧਕ ਅਤੇ ਕਮਿਊਨਿਟੀ ਮੈਂਬਰ ਤੇ ਮੀਡੀਆ ਨਾਲ ਬਰਾਬਰ ਤਾਲਮੇਲ ਰੱਖਿਆ ਜਾਵੇਗਾ। ਉਹਨਾਂ ਅੱਗੇ ਕਿਹਾ ਕਿ ਤੰਦਰੁਸਤ ਸਿੱਖਿਆ ਪ੍ਰਣਾਲੀ ਨੂੰ ਧਿਆਨ 'ਚ ਰੱਖਦਿਆਂ ਅਸੀਂ ਚਾਹੁੰਦੇ ਹਾਂ ਕਿ ਵਿਦਿਆਰਥੀ ਦੀ ਹਰ ਇੱਕ ਛੋਟੀ ਵੱਡੀ ਜਰੂਰਤ ਨੂੰ ਪੂਰਾ ਕੀਤਾ ਜਾਵੇ ਤਾਂ ਜੋ ਉਹਨਾਂ ਦੀਆਂ ਸੰਭਾਵਨਾਵਾਂ ਪੂਰੀ ਤਰ੍ਹਾਂ ਉਜਾਗਰ ਹੋਣ ਤੇ ਉਹ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਦੇ ਯੋਗ ਹੋ ਸਕਣ। ਉਹਨਾਂ ਮੁਤਾਬਿਕ ਬੋਰਡ ਦੀ ਚੇਅਰ ਹੋਣ ਦੇ ਨਾਤੇ ਉਹਨਾਂ ਦੀ ਕੋਸ਼ਿਸ਼ ਇਹ ਰਹੇਗੀ ਕਿ ਬੋਰਡ ਦੇ ਹਰ ਇੱਕ ਫੈਸਲੇ ਨਾਲ ਬੋਰਡ ਨਾਲ ਜੁੜੀਆ ਕਦਰਾਂ ਕੀਮਤਾਂ ਨੂੰ ਹੋਰ ਉੱਚਾ ਚੁੱਕਿਆ ਜਾਵੇ। ਸਾਰਾ ਦਾ ਮੰਨਣਾ ਹੈ ਕਿ ਐਡਮਿੰਟਨ ਪਬਲਿਕ ਸਕੂਲਾਂ ਦੀ ਸਿੱਖਿਆ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਇੱਕ ਸਲਾਹਕਾਰ ਕਮੇਟੀ ਦਾ ਹੋਣਾ ਬਹੁਤ ਜਰੂਰੀ ਹੈ।

ਜ਼ਿਕਰਯੋਗ ਹੈ ਕਿ ਬੋਰਡ ਦੇ ਟਰੱਸਟੀ ਵਜੋਂ ਨਿਭਾਈਆਂ ਜ਼ਿੰਮੇਵਾਰੀਆਂ ਨੂੰ ਦੇਖਦਿਆਂ ਸਾਰਾ ਹੌਫਮੈਨ ਨੂੰ ਇਸ ਅਹਿਮ ਅਹੁਦੇ ਲਈ ਚੁਣਿਆ ਗਿਆ ਹੈ। ਸਾਰਾ ਅਲਬਰਟਾ ਯੂਨੀਵਰਸਿਟੀ ਦੀ ਮਾਸਟਰ ਡਿਗਰੀ ਹਾਸਲ ਹੈ ਤੇ ਉਸਨੂੰ ਸਿੱਖਿਆ ਸ਼ਾਸਤਰ ਦੇ ਨਾਲ ਨਾਲ ਰਾਜਨੀਤੀ ਦੀ ਵੀ ਚੰਗੀ ਸਮਝ ਹੈ। ਇਸ ਤੋਂ ਪਹਿਲਾਂ ਉਹ ਐਨ ਡੀ ਪੀ ਖੋਜ ਕੇਂਦਰ ਦੀ ਨਿਰਦੇਸ਼ਕ ਵੀ ਰਹਿ ਚੁੱਕੀ ਹੈ।

# ਪੂਸਾ ਦੇ ਵਿਜ਼ਨ 20-20 ਲਈ ਸਰਕਾਰੀ ਸਹਾਇਤਾ



ਐਡਮਿੰਟਨ, (ਨਦਬ): ਅਲਬਰਟਾ ਦੀ ਸੂਬਾ ਸਰਕਾਰ ਵੱਲੋਂ ਇੱਕ ਪੱਤਰ ਰਾਹੀਂ ਪੰਜਾਬ ਯੂਨਾਈਟਡ ਸਪੋਰਟਸ ਐਂਡ ਹੈਰੀਟੇਜ਼ ਐਸੋਸੀਏਸ਼ਨ ਆਫ਼ ਐਡਮਿੰਟਨ (ਪੂਸ਼ਾ) ਨੂੰ ਢਾਈ ਲੱਖ ਡਾਲਰ ਦੇਣ ਦਾ ਐਲਾਨ ਕੀਤਾ ਗਿਆ ਹੈ। ਸਰਕਾਰ ਵੱਲੋਂ ਪੂਸ਼ਾ ਨੂੰ ਇਹ ਰਾਸ਼ੀ ਉਸਦੀਆਂ 2020 ਤੱਕ ਉਲੀਕੀਆਂ ਭਵਿੱਖਮੁਖੀ ਯੋਜਨਾਵਾਂ ਨੂੰ ਨੇਪਰੇ ਚਾੜਣ ਲਈ ਦਿੱਤੀ ਗਈ ਹੈ। ਜਿਸ ਤਹਿਤ ਇਹ ਸੰਸਥਾ ਐਡਮਿੰਟਨ 'ਚ 22 ਏਕੜ ਜ਼ਮੀਨ ਵਿੱਚ ਕਮਿਊਨਿਟੀ ਹਾਲ ਦਾ ਨਿਰਮਾਣ ਕਰੇਗੀ ਤਾਂ ਜੋ ਪੰਜਾਬੀ ਭਾਈਚਾਰੇ ਦੀਆਂ ਸਮਾਜਿਕ ਅਤੇ ਸੱਭਿਆਚਾਰਕ ਲੋੜਾਂ ਨੂੰ ਪੂਰਾ ਕੀਤਾ ਜਾ ਸਕੇ। ਇਸ ਤੋਂ ਇਲਾਵਾ ਇੱਥੇ ਏਸ਼ੀਅਨ ਖੇਡਾਂ ਜਿਵੇਂ ਹਾਕੀ, ਕਬੱਡੀ, ਕ੍ਰਿਕਟ, ਵਾਲੀਬਾਲ ਤੇ ਫੁਟਬਾਲ ਦੇ ਮੈਦਾਨ ਵੀ ਉਸਾਰੇ ਜਾਣਗੇ। ਜ਼ਿਕਰਯੋਗ ਹੈ ਕਿ ਇਸ ਸੰਸਥਾ ਦੀ ਅਗਵਾਈ ਮੁਹਿੰਦਰ ਬੰਗਾ, ਕਸ਼ਮੀਰ ਗਿੱਲ ਤੇ ਇਕਬਾਲ ਮਾਹਲ ਵੱਲੋਂ ਕੀਤੀ ਜਾ ਰਹੀ ਹੈ। ਇੱਥੇ ਇਹ ਦੱਸਣਾ ਜਰੂਰੀ ਹੈ ਕਿ ਇਸ ਸੰਸਥਾ ਦਾ ਮਕਸਦ ਪੰਜਾਬੀ ਭਾਸ਼ਾ, ਸਾਹਿਤ, ਪੰਜਾਬੀ ਸੱਭਿਆਚਾਰ ਤੇ ਖੇਡਾਂ ਨੂੰ ਪ੍ਰਫੁੱਲਤ ਕਰਨਾ ਹੈ ਤਾਂ ਜੋ ਕਨੇਡਾ ਵਿੱਚ ਵਸਦਾ ਪੰਜਾਬੀ ਭਾਈਚਾਰਾ ਹੋਰ ਵੱਧ ਮਜ਼ਬੂਤ ਹੋ ਸਕੇ। ਇਸ ਯੋਜਨਾ ਦੇ ਨੇਪਰੇ ਚੜ੍ਹਨ ਨਾਲ ਨਾ ਸਿਰਫ਼ ਪੰਜਾਬੀਆਂ ਦੀ ਪਹਿਚਾਣ ਗੂੜੀ ਹੋਵੇਗੀ ਸਗੋਂ ਇਹ ਯੋਜਨਾ ਏਸ਼ੀਆ ਦੇ ਸਮੁੱਚੇ ਭਾਈਚਾਰੇ ਵੱਲੋਂ ਕਨੇਡਾ ਦੇ ਸਮਾਜ 'ਚ ਪਾਏ ਯੋਗਦਾਨ ਨੂੰ ਵੀ ਦਰਸਾਵੇਗੀ।

ਐਮ ਐਲ ਏ ਨਰੇਸ਼ ਭਾਰਦਵਾਜ ਨੇ ਸੰਸਥਾ ਦੇ ਪ੍ਰਬੰਧਕਾਂ ਨੂੰ ਵਧਾਈ ਦਿੰਦਿਆਂ ਕਿਹਾ ਹੈ ਕਿ ਸੂਬਾ ਸਰਕਾਰ ਨੇ ਇਸ ਯੋਜਨਾ ਪ੍ਰਤੀ ਆਪਣੀ ਦ੍ਰਿੜਤਾ ਪ੍ਰਗਟਾਈ ਹੈ ਤੇ ਸਰਕਾਰ ਇੱਥੇ ਹੋਣ ਵਾਲੀਆਂ ਸਰਗਰਮੀਆਂ ਵਿੱਚ ਪੂਰੀ ਦਿਲਚਸਪੀ ਲਿਆ ਕਰੇਗੀ। ਐਮ ਐਲ ਏ ਪੀਟਰ ਸੰਧੂ ਅਤੇ ਸੋਹੇਲ ਕਾਦਰੀ ਨੇ ਵੀ ਸਰਕਾਰੀ ਮਦਦ ਮਿਲਣ 'ਤੇ ਖੁਸ਼ੀ ਪ੍ਰਗਟਾਉਂਦਿਆਂ ਸੰਸਥਾ ਦੇ ਪ੍ਰਬੰਧਕਾਂ ਨੂੰ ਵਧਾਈ ਦਿੱਤੀ ਹੈ ਤੇ ਸੰਸਥਾ ਦੇ ਇਸ ਉਦਮ ਦੀ ਸਰਾਹਨਾ ਕਰਦਿਆਂ ਕਿਹਾ ਕਿ ਪੂਸ਼ਾ ਇਸ ਯੋਜਨਾ ਰਾਹੀਂ ਪੰਜਾਬੀ ਭਾਈਚਾਰੇ ਦੀ ਇੱਥੋਂ ਦੇ ਸਮਾਜ ਸਾਹਮਣੇ ਇਕਜੁੱਟਤਾ ਅਤੇ ਮਿਹਨਤ ਦੀ ਦੂਜੀ ਵੱਡੀ ਮਿਸ਼ਾਲ ਪੇਸ਼ ਕਰਨ ਜਾ ਰਹੀ ਹੈ, ਇਸ ਤੋਂ ਪਹਿਲਾਂ ਚੰਦਿਆਂ ਰਾਹੀਂ ਇਕੱਠਾ ਕਰਕੇ 2.6 ਮਿਲੀਅਨ ਡਾਲਰ ਦੀ ਲਾਗਤ ਨਾਲ ਗੁਰੂ ਨਾਨਕ ਦੇਵ ਹੀਲਿੰਗ ਗਾਰਡਨ ਬਣਾ ਕੇ ਅਜਿਹੀ ਮਿਸ਼ਾਲ ਪੰਜਾਬੀ ਭਾਈਚਾਰਾ ਪਹਿਲਾਂ ਵੀ ਪੇਸ਼ ਕਰ ਚੁੱਕਾ ਹੈ।

ਇੱਥੇ ਜ਼ਿਕਰ ਕਰਨਾ ਬਣਦਾ ਹੈ ਕਿ ਪੰਜਾਬੀ ਭਾਈਚਾਰੇ ਦੇ ਲਗਭਗ ਪੰਜਾਹ ਹਜ਼ਾਰ ਲੋਕ ਐਡਮਿੰਟਨ ਰਹਿਣ 'ਚ ਗੌਰਵ ਮਹਿਸੂਸ ਕਰਦੇ ਹਨ। ਇੱਥੋਂ ਦੇ ਸਮਾਜ ਵਿੱਚ ਪੰਜਾਬੀਆਂ ਨੇ ਆਪਣੀਆਂ ਸਰਗਰਮੀਆਂ ਨਾਲ ਇੱਕ ਵੱਖਰਾ ਰੁਤਬਾ ਹਾਸਿਲ ਕਰ ਲਿਆ ਹੈ। ਜਿਸਨੂੰ ਦੇਖਦਿਆਂ ਪੂਸ਼ਾ ਵਰਗੀਆਂ ਸੰਸਥਾਵਾਂ ਨੇ ਇੰਨੀ ਵੱਡੀ ਯੋਜਨਾ ਨੂੰ ਸਿਰੇ ਚੜਾਉਣ ਦਾ ਬੀੜਾ ਚੁੱਕਿਆ ਹੈ। ਪੰਜਾਬ ਯੂਨਾਈਟਡ ਸਪੋਰਟਸ ਐਂਡ ਐਸੋਸੀਏਸ਼ਨ ਆਫ਼ ਐਡਮਿੰਟਨ ਦੀ ਸਥਾਪਨਾ 2009 ਵਿੱਚ ਹੋਈ ਸੀ ਤੇ ਸ਼ੁਰੂਆਤੀ ਦੌਰ ਵਿੱਚ ਇਸ ਸੰਸਥਾ ਨੇ ਸਰਕਾਰ ਕੋਲੋਂ 22 ਏਕੜ ਜ਼ਮੀਨ ਠੇਕੇ 'ਤੇ ਲੈ ਕੇ ਆਪਣੀਆਂ ਸਰਗਰਮੀਆਂ ਸ਼ੁਰੂ ਕੀਤੀਆਂ ਸਨ। ਅੰਦਾਜ਼ਾ ਹੈ ਕਿ ਪੂਸ਼ਾ ਦੀ ਉਪਰੋਕਤ ਯੋਜਨਾ 2020 ਤੱਕ ਦਸ ਮਿਲੀਅਨ ਦੀ ਲਾਗਤ ਨਾਲ ਸਿਰੇ ਚੜ੍ਹੇਗੀ। ਸੰਸਥਾ ਕੋਲ ਹੁਣ ਤੱਕ ਤਕਰੀਬਨ ਤਿੰਨ ਲੱਖ ਅੱਸੀ ਹਜ਼ਾਰ ਡਾਲਰ ਚੰਦਿਆਂ ਦੇ ਰੂਪ ਵਿੱਚ ਇਕੱਠੇ ਹੋ ਚੁੱਕੇ ਹਨ। ਯੋਜਨਾ ਨੂੰ ਸਿਰੇ ਚੜਾਉਣ ਲਈ ਜਿੱਥੇ ਅਲਬਰਟਾ ਦੀ ਸੂਬਾ ਸਰਕਾਰ ਨੇ ਪਹਿਲੇ ਪੜਾਅ 'ਤੇ ਢਾਈ ਲੱਖ ਡਾਲਰ ਦਿੱਤੇ ਹਨ ਉੱਥੇ ਸਿਟੀ ਆਫ਼ ਐਡਮਿੰਟਨ ਵੱਲੋਂ ਜ਼ਮੀਨ ਦਿੱਤੀ ਗਈ ਹੈ। ਇਸ ਯੋਜਨਾ ਨੂੰ ਵਕਤ ਸਿਰ ਸਿਰੇ ਚੜਾਉਣ ਲਈ ਖੇਡ ਮੈਦਾਨਾਂ ਦੀ ਉਸਾਰੀ ਇਸ ਸਾਲ ਦੇ ਅਕਤੂਬਰ ਮਹੀਨੇ ਸ਼ੁਰੂ ਹੋ ਜਾਵੇਗੀ ਤੇ 2013 ਵਿੱਚ ਪਹਿਲਾ ਮੈਦਾਨ ਖੇਡਣ ਲਈ ਤਿਆਰ ਹੋਵੇਗਾ। ਫੰਡ ਜੁਟਾਉਣ ਲਈ ਸੰਸਥਾ ਵੱਲੋਂ 12 ਅਕਤੂਬਰ 2012 ਨੂੰ ਮੈਰੀਡੀਅਨ ਬੈਂਕਟ ਹਾਲ ਵਿੱਚ ਡਿਨਰ ਦਾ ਪ੍ਰਬੰਧ ਕੀਤਾ ਗਿਆ ਹੈ।

**ਇਸ ਪ੍ਰਾਜੈਕਟ ਲਈ ਆਪਣਾ ਸਹਿਯੋਗ ਪਾਉਣ ਅਤੇ ਵਧੇਰੇ ਜਾਣਕਾਰੀ ਲਈ ਸੰਪਰਕ ਕਰੋ :**

**ਮੁਹਿੰਦਰ ਬੰਗਾ, ਪ੍ਰਧਾਨ** (780-913-1820)
**ਇਕਬਾਲ ਮਾਹਲ, ਸਕੱਤਰ** (780-995-7035)
**ਕਸ਼ਮੀਰ ਗਿੱਲ, ਮੀਤ ਪ੍ਰਧਾਨ** (780-951-2772)
**ਰੌਕੀ ਜੋਸਨ, ਖ਼ਜ਼ਾਨਚੀ** (780-441-5224)
**Email: pusha@shaw.ca website: www.pusha.ca**

# ਰਾਮਗੜ੍ਹੀਆ ਖਾਲਸਾ ਸਕੂਲ 'ਚ ਦਾਖ਼ਲੇ ਨੂੰ ਲੈ ਕੇ ਉਤਸ਼ਾਹ

ਐਡਮਿੰਟਨ (ਨਦਬ)-ਗੁਰਦੁਆਰਾ ਮਿਲਵੁਡਜ਼ ਵਿਚ ਸਥਿਤ ਰਾਮਗੜ੍ਹੀਆ ਖਾਲਸਾ ਸਕੂਲ ਦੇ ਪ੍ਰਿੰਸੀਪਲ ਗੁਰਦੀਪ ਸਿੰਘ ਝੱਜ ਅਤੇ ਗੁਰਦੁਆਰਾ ਮਿਲਵੁਡਜ਼ ਦੇ ਪ੍ਰਧਾਨ ਬਲਵੀਰ ਸਿੰਘ ਚਾਨਾ ਨੇ ਦੱਸਿਆ ਕਿ ਬੱਚਿਆਂ ਅਤੇ ਮਾਪਿਆਂ ਵਿੱਚ ਇਸ ਸਾਲ ਦੇ ਨਵੇਂ ਸ਼ੈਸ਼ਨ ਲਈ ਦਾਖ਼ਲੇ ਨੂੰ ਲੈ ਕੇ ਕਾਫ਼ੀ ਉਤਸ਼ਾਹ ਹੈ। ਉਹਨਾਂ ਸਕੂਲ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਸਕੂਲ ਦੀ ਵਿਸ਼ੇਸ਼ਤਾ ਇਹ ਹੈ ਕਿ ਇੱਥੇ ਪੜ੍ਹਦੇ ਬੱਚਿਆਂ ਨੂੰ ਪੰਜਾਬੀ ਭਾਸ਼ਾ ਦੇ ਨਾਲ ਨਾਲ ਗੁਰਬਾਣੀ ਅਤੇ ਕੀਰਤਨ ਕਰਨ ਦੀ ਸਿੱਖਿਆ ਵੀ ਦਿੱਤੀ ਜਾਂਦੀ ਹੈ। ਇਹੀ ਕਾਰਨ ਹੈ ਕਿ ਇਸ ਸਕੂਲ ਨੂੰ ਪੰਜਾਬੀ ਭਾਈਚਾਰੇ ਵੱਲੋਂ ਇੰਨਾ ਪਿਆਰ ਮਿਲਿਆ ਹੈ। ਜ਼ਿਕਰਯੋਗ ਹੈ ਕਿ ਇਹ ਸਕੂਲ ਹਫ਼ਤੇ ਵਿੱਚ ਇਕ ਦਿਨ ਐਤਵਾਰ ਨੂੰ ਸਵੇਰ ਦਸ ਵਜੇ ਤੋਂ ਲੈ ਕੇ ਸਾਢੇ ਬਾਰ੍ਹਾਂ ਵਜੇ ਤੱਕ ਲੱਗਦਾ ਹੈ। ਸਕੂਲ ਵਿੱਚ ਮਹੀਨੇ ਦੇ ਪਹਿਲੇ ਐਤਵਾਰ 30 ਮਿੰਟ ਲਈ ਦਰਬਾਰ ਸਾਹਿਬ ਤੋਂ ਕੀਰਤਨ ਦਾ ਸਿੱਧਾ ਪ੍ਰਸਾਰਣ ਵੀ ਸਕੂਲ ਦੇ ਵਿਦਿਆਰਥੀਆਂ ਨੂੰ ਦਿਖਾਇਆ ਜਾਂਦਾ ਹੈ ਤਾਂ ਜੋ ਵਿਦਿਆਰਥੀ ਪੰਜਾਬੀ ਕਦਰਾਂ ਕੀਮਤਾਂ ਨਾਲ ਜੁੜ ਸਕਣ। ਇੱਥੇ ਇਹ ਵੀ ਦੱਸਣਾ ਜਰੂਰੀ ਹੈ ਕਿ ਸਕੂਲ ਵਿੱਚ ਕੀਰਤਨ ਕਲਾਸਾਂ ਦਾ ਅਰੰਭ ਗਿਆਨੀ ਗੁਰਬਚਨ ਸਿੰਘ ਬਿੰਦਰਾ ਦੇ ਉੱਦਮ ਨਾਲ ਹੋਇਆ ਸੀ ਤੇ ਉਦੋਂ ਤੋਂ ਲੈ ਕੇ ਹੁਣ ਤਕ ਇਹ ਕਲਾਸਾਂ ਨਿਰਵਿਘਨ ਚੱਲ ਰਹੀਆਂ ਹਨ। ਸਕੂਲ ਵਿੱਚ ਕੀਰਤਨ ਸਿਖਾਉਣ ਲਈ ਹਰਮੋਨੀਅਮ ਅਤੇ ਤਬਲੇ ਦੀਆਂ ਕਲਾਸਾਂ ਹਫਤੇ ਵਿਚ ਦੋ ਵਾਰ ਲਗਦੀਆਂ ਹਨ।




ਸਕੂਲ ਬੋਰਡ ਦੇ ਚੇਅਰਮੈਨ ਜਸਬੀਰ ਸਿੰਘ ਭੂਈ ਨੇ ਦੱਸਿਆ ਕਿ ਸਕੂਲ ਵਿਖੇ ਚਲ ਰਹੀਆ ਕੀਰਤਨ ਕਲਾਸਾਂ ਦਾ ਸਮਾਂ ਪੰਜਾਬੀ/ਗੁਰਮੱਤ ਦੀਆਂ ਕਲਾਸਾਂ ਤੋਂ ਵੱਖਰਾ ਹੈ ਤਾਂ ਜੋ ਵਿਦਿਆਰਥੀ ਸਕੂਲ ਵਿਖੇ ਚੱਲ ਰਹੀਆਂ ਸਾਰੀਆਂ ਕਲਾਸਾਂ ਦਾ ਲਾਭ ਲੈ ਸਕਣ। ਸਕੂਲ ਵਿਚ ਦਾਖਲਾ ਲੈਣ ਲਈ ਜਾਂ ਹੋਰ ਜਾਣਕਾਰੀ ਲਈ (780) 777 3653 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਕਨੇਡੀਅਨ ਬੀਫ ਵਿੱਚ ਬੈਕਟੀਰੀਆ ਮਿਲਣ ਮਗਰੋਂ ਅਮਰੀਕਾ ਨੇ ਲਾਈਆਂ ਪਾਬੰਦੀਆਂ

ਐਡਮਿੰਟਨ (ਨਦਬ)-ਅਲਬਰਟਾ ਸਥਿਤ ਐਕਸਐਲ ਫੂਡ ਵੱਲੋਂ ਪੈਕ ਕੀਤੇ ਜਾਣ ਵਾਲੇ ਬੀਫ ਵਿੱਚ ਸੱਭ ਤੋਂ ਪਹਿਲਾਂ ਈ ਕੋਲੀ ਦੀ ਸਮੱਸਿਆ ਅਮਰੀਕੀ ਅਧਿਕਾਰੀਆਂ ਵੱਲੋਂ ਲੱਭੀ ਗਈ। ਉਨ੍ਹਾਂ ਜਨਤਕ ਸਾਵਧਾਨੀ ਜਾਰੀ ਕਰਨ ਤੋਂ ਦੋ ਹਫਤੇ ਪਹਿਲਾਂ ਕਨੇਡੀਅਨ ਅਧਿਕਾਰੀਆਂ ਨੂੰ ਇਸ ਸਬੰਧ ਵਿੱਚ ਚੇਤਾਵਨੀ ਦਿੱਤੀ ਸੀ। ਅਮਰੀਕਾ ਦੇ ਖੇਤੀਬਾੜੀ ਇੰਸਪੈਕਟਰਾਂ ਨੂੰ ਸੱਭ ਤੋਂ ਪਹਿਲਾਂ ਬਰੁੱਕਜ਼ ਵਿੱਚ ਸਥਿਤ ਐਕਸਐਲ ਪਲਾਂਟ ਤੋਂ ਦਰਾਮਦ ਕੀਤੇ ਗਏ ਬੀਫ ਵਿੱਚ 3 ਸਤੰਬਰ ਨੂੰ ਈਕੋਲਾਈ ਬੈਕਟੀਰੀਆ ਮਿਲਿਆ। ਨੌਂ ਦਿਨਾਂ ਬਾਅਦ ਹੋਰ ਟੈਸਟਾਂ ਦੇ ਨਤੀਜਿਆਂ ਨੇ ਇਸ ਬੈਕਟੀਰੀਆ ਦੇ ਪਾਏ ਜਾਣ ਦੀ ਪੁਸ਼ਟੀ ਕਰ ਦਿੱਤੀ ਤੇ ਕਨੇਡੀਅਨ ਫੂਡ ਇੰਸਪੈਕਸ਼ਨ ਏਜੰਸੀ ਨੇ ਬੀਫ ਨੂੰ ਵਾਪਿਸ ਮੰਗਵਾਉਣ ਦਾ ਐਲਾਨ ਕਰ ਦਿੱਤਾ। ਸੀਆਈਐਫਏ ਨੇ ਆਖਿਆ ਕਿ ਇਸ ਮਾਮਲੇ ਵਿੱਚ ਦੇਰ ਇਸ ਲਈ ਵੀ ਹੋਈ ਕਿਉਂਕਿ ਉਨ੍ਹਾਂ ਨੇ ਆਪਣੇ ਪੱਧਰ ਉੱਤੇ ਵੀ ਜਾਂਚ ਕਰਕੇ ਇਸ ਮਾਮਲੇ ਦੀ ਪੁਸ਼ਟੀ ਕਰਨੀ ਸੀ। ਸੀਐਫਆਈਏ ਵੱਲੋਂ ਐਕਸਐਲ ਪਲਾਂਟ ਦੀ ਕੀਤੀ ਗਈ ਪੜਚੋਲ ਵਿੱਚ ਕਈ ਤਰ੍ਹਾਂ ਦੀਆਂ ਖਾਮੀਆਂ ਨਜ਼ਰ ਆਈਆਂ। ਈਕੋਲਾਈ ਵਰਗੇ ਬੈਕਟੀਰੀਆ ਨਾਲ ਨਜਿੱਠਣ ਲਈ ਜਿਸ ਤਰ੍ਹਾਂ ਨਿਗਰਾਨੀ ਕੀਤੀ ਜਾਣੀ ਚਾਹੀਦੀ ਸੀ ਉਸ ਵਿੱਚ ਖਾਮੀ ਪਾਈ ਗਈ ਤੇ ਜਦੋਂ ਇਹ ਮਾਮਲਾ ਸਾਹਮਣੇ ਆਇਆ ਤਾਂ ਉਸ ਦੀ ਪ੍ਰਤੀਕਿਰਿਆ ਵੀ ਸਹੀ ਨਹੀਂ ਸੀ। ਸੀਆਈਐਫਏ ਦੇ ਡਾ. ਰਿਚਰਡ ਆਰਸੇਨਾਲਟ ਨੇ ਆਖਿਆ ਕਿ ਕਈ ਨਿੱਕੀਆਂ ਨਿੱਕੀਆਂ ਗੱਲਾਂ ਦੀ ਅਣਦੇਖੀ ਕਾਰਨ ਹੀ ਈ ਕੋਲੀ ਵਰਗਾ ਬੈਕਟੀਰੀਆ ਪਣਪ ਸਕਦਾ ਹੈ ਤੇ ਇਹ ਕਈ ਦਿਨਾਂ ਤੋਂ ਪਲਾਂਟ ਵਿੱਚ ਮੌਜੂਦ ਸੀ। ਕਨੇਡੀਅਨ ਫੂਡ ਸੇਫਟੀ ਗਰੁੱਪ ਦੇ ਡੌਮੇਨਿਕ ਪੈਡੂਲਾ ਦਾ ਕਹਿਣਾ ਹੈ ਕਿ ਫੂਡ ਸੇਫਟੀ ਕੰਟਰੋਲ ਵਿੱਚ ਸੁਧਾਰ ਦੀ ਲੋੜ ਹੈ। ਉਨ੍ਹਾਂ ਆਖਿਆ ਕਿ ਸਾਡਾ ਸਿਸਟਮ ਆਪਣੇ ਆਪ ਅਜਿਹਾ ਕਰਨ ਦੇ ਸਮਰੱਥ ਨਹੀਂ ਹੈ। ਅਸੀਂ ਇਸ ਲਈ ਜ਼ਰੂਰੀ ਅਹਿਤਿਆਤ ਨਹੀਂ ਵਰਤ ਰਹੇ ਹਾਂ। ਸਾਨੂੰ ਅਜੇ ਇਸ ਸਾਰੇ ਪ੍ਰਬੰਧ ਨੂੰ ਠੀਕ ਕਰਨ ਲਈ ਕਾਫੀ ਕੁੱਝ ਕਰਨ ਦੀ ਲੋੜ ਹੈ। ਈਕੋਲਾਈ ਬੈਕਟੀਰੀਆ ਪਾਏ ਜਾਣ ਤੋਂ ਬਾਅਦ ਬੀਫ ਨਾਲ ਸਬੰਧਤ 250 ਵਸਤਾਂ ਨੂੰ ਵਾਪਿਸ ਮੰਗਵਾ ਲਿਆ ਗਿਆ ਹੈ।





**Now More Locations To Serve You Better**

**Preparing you for a safe & healthy journey**

Offering National & International Travel Vaccines

ਸੁੱਰਖਿਅਤ ਤੇ ਸਿਹਤਮੰਦ ਸਫ਼ਰ/ਵਾਪਸੀ ਲਈ ਸਾਡੇ ਕੋਲੋਂ ਟੀਕੇ ਜ਼ਰੂਰ ਲਵਾਓ।

**Atlas Immunization Services**

Phone: 780 465 5150

www.atlasimmunization.com

Suite 104, 7633-50 St. Edmonton (Meridian Place)

# ਅਮਿਟ ਪੈੜਾਂ ਛੱਡ ਗਿਆ ਗੁਰਸ਼ਰਨ ਸਿੰਘ ਯਾਦਗਾਰੀ ਨਾਟਕ ਮੇਲਾ






ਕੈਲਗਰੀ(ਨਦਬ)-23 ਸਤੰਬਰ ਨੂੰ ਸੈਂਟਰਲ ਲਾਇਬ੍ਰੇਰੀ ਦੇ ਡਟਨ ਥੀਏਟਰ ਹਾਲ ਵਿੱਚ ਪ੍ਰੋਗਰੈਸਿਵ ਕਲਚਰਲ ਐਸੋਸ਼ੀਏਸ਼ਨ ਕੈਲਗਰੀ ਵੱਲੋਂ ਤੀਜਾ ਤਰਕਸ਼ੀਲ ਤੇ ਸਭਿਆਚਾਰਕ ਨਾਟਕ ਮੇਲਾ ਕਰਵਾਇਆ ਗਿਆ। ਜਿਸ ਵਿੱਚ ਸੰਚਾਲਨ ਦੀ ਜਿੰਮੇਵਾਰੀ ਜਥੇਬੰਦੀ ਦੇ ਜਨਰਲ ਸੈਕਟਰੀ ਮਾ. ਭਜਨ ਗਿੱਲ ਨੇ ਨਿਭਾਈ। ਉਹਨਾਂ ਦੱਸਿਆ ਕਿ ਇਹ ਸਮਾਗਮ ਕਰਵਾਉਣ ਦਾ ਮਕਸਦ ਗ਼ਦਰ ਲਹਿਰ ਦੀ ਸੌ ਸਾਲਾ ਸ਼ਤਾਬਦੀ ਮਨਾਉਣਾ ਅਤੇ ਨਾਟਕਕਾਰ ਗੁਰਸ਼ਰਨ ਸਿੰਘ ਨੂੰ ਸ਼ਰਧਾਂਜਲੀ ਭੇਟ ਕਰਨਾ ਹੈ ਤੇ ਇਸ ਤੋਂ ਬਾਅਦ ਦੋ ਮਿੰਟ ਦਾ ਮੌਨ ਰੱਖ ਕੇ ਗ਼ਦਰ ਲਹਿਰ ਦੌਰਾਨ ਹੋਏ ਸ਼ਹੀਦਾਂ ਨੂੰ ਯਾਦ ਕੀਤਾ ਗਿਆ। ਸਮਾਗਮ ਦਾ ਪਹਿਲਾ ਨਾਟਕ ਇਹ "ਲਹੂ ਕਿਸਦਾ ਹੈ" ਪੇਸ਼ ਕੀਤਾ ਗਿਆ। ਗੁਰੂ ਨਾਨਕ ਨਾਲ ਜੁੜੀ ਮਲਕ ਭਾਗੋ ਵਾਲੀ ਮਿੱਥ ਨੂੰ ਲੈ ਕੇ ਇਹ ਨਾਟਕ ਸਿਰਜਿਆ ਗਿਆ ਹੈ। ਨਾਟਕ ਵਿੱਚ ਕਿਰਤੀ ਜਮਾਤ ਦੀ ਹੋ ਰਹੀ ਲੁੱਟ ਨੂੰ ਬਾਖੂਬੀ ਪੇਸ਼ ਕੀਤਾ ਗਿਆ। ਲੋਕ ਕਲਾ ਮੰਚ ਦੇ ਸੁਰਿੰਦਰ ਸ਼ਰਮਾ ਅਤੇ ਕਮਲਪ੍ਰੀਤ ਪੰਧੇਰ ਨੇ ਭੰਡ ਅਤੇ ਉਸ ਦੀ ਪਤਨੀ ਦਾ ਰੋਲ ਇੰਨੀ ਸੁਭਾਵਿਕ ਤੇ ਜਾਨਦਾਰ ਅਦਾਕਾਰੀ ਨਾਲ ਕੀਤਾ ਕਿ ਲੋਕਾਂ ਨੂੰ ਹਸਾ ਹਸਾ ਕੇ ਢਿੱਡੀਂ ਪੀੜਾਂ ਪਾ ਦਿੱਤੀਆਂ। ਇਸ ਤੋਂ ਇਲਾਵਾ ਗੁਰਿੰਦਰ ਬਰਾੜ, ਪਰਸ਼ੋਤਮ ਆਠੋਲੀ, ਨਵਤੇਜ ਚੌਹਾਨ ਨੇ ਆਪਣੇ-ਆਪਣੇ ਰੋਲ ਬੜੀ ਸ਼ਿੱਦਤ ਨਾਲ ਨਿਭਾਏ। ਨਾਟਕ ਦੇ ਨਿਰਦੇਸ਼ਕ ਹਰਕੇਸ਼ ਚੌਧਰੀ ਨੇ ਪੰਦਰਵੀਂ ਸਦੀ ਦਾ ਮਾਹੌਲ ਬਾਖੂਬੀ ਸਿਰਜਿਆ ਅਤੇ ਮਲਕ ਭਾਗੋ ਦੀ ਭੂਮਿਕਾ ਵੀ ਨਿਭਾਈ। ਨਾਟਕ ਦੇ ਅੰਤ ਨੇ ਲੋਕਾਂ ਨੂੰ ਝੰਜੋੜ ਕੇ ਰੱਖ ਦਿੱਤਾ। ਇਸ ਉਪਰੰਤ ਲੋਕ ਸੰਗੀਤ ਮੰਡਲੀ ਭਦੌੜ ਵਲੋਂ ਗੁਰਸ਼ਰਨ ਸਿੰਘ ਬਾਰੇ ਤਿਆਰ ਕੀਤੀ ਇਨਕਲਾਬੀ ਗੀਤਾਂ ਦੀ ਸੀ. ਡੀ. "ਉਕਲਾ ਦਾ ਸੂਰਜ" ਸ. ਬਲਜਿੰਦਰ ਸੰਘਾ, ਤਰਨਜੀਤ ਔਜਲਾ, ਹਰਚਰਨ ਪਰਹਾਰ ਵਲੋਂ ਰਲੀਜ਼ ਕੀਤੀ ਗਈ। ਪ੍ਰੋ. ਗੋਪਾਲ ਜੱਸਲ ਵੱਲੋਂ ਤਿਆਰ ਕੀਤਾ ਸਲਾਈਡ ਸ਼ੋਅ ਨਾਲੋਂ-ਨਾਲ ਚੱਲਦਾ ਰਿਹਾ। "ਚੋਰਾਂ ਵੱਸ ਪੈ ਕੇ ਭਾਰਤ ਮਾਂ ਕੁਰਲਾਉਂਦੀ ਹੈ" ਨੇ ਸਪੱਸਟ ਸੰਦੇਸ਼ ਦਿੱਤਾ ਕਿ ਭਾਰਤ ਦੇ ਹਾਕਮ ਕਿਵੇਂ ਭਾਰਤ ਨੂੰ ਬਹੁਰਾਸ਼ਟਰੀ ਕੰਪਨੀਆਂ ਦੇ ਹਵਾਲੇ ਕਰਨ 'ਤੇ ਤੁਲੇ ਹੋਏ ਹਨ । ਜਾਦੂ- ਟੂਣਿਆਂ, ਕਸਰਾਂ ਬਾਰੇ ਤਰਕਸ਼ੀਲ ਸੋਸਾਇਟੀ ਵੱਲੋਂ ਗੁਰਪ੍ਰੀਤ ਭਦੌੜ ਤੇ ਬਲਦੇਵ ਭਦੌੜ ਨੇ ਜਾਦੂ ਦੇ ਟਰਿੱਕ ਪੇਸ਼ ਕੀਤੇ ਤੇ ਦੱਸਿਆ ਕਿ ਬਾਬੇ, ਸਾਧ, ਪਾਖੰਡੀ ਕਿਸ ਤਰਾਂ ਭੋਲੇ-ਭਾਲੇ ਲੋਕਾਂ ਨੂੰ ਲੁੱਟ ਰਹੇ ਹਨ। ਬਚਿੱਆਂ ਨੇ ਮੈਜਿੱਕ ਟਰਿੱਕਾਂ ਦਾ ਖ਼ੂਬ ਅਨੰਦ ਮਾਣਿਆਂ। ਇਸ ਤੋਂ ਬਾਅਦ ਇਨਕਲਾਬੀ ਲਹਿਰ ਦੇ ਜਾਂਬਾਜ਼ ਸਿਪਾਹੀ ਕਾਮਰੇਡ ਅਜੀਤ ਸਿੰਘ ਜਿੰਨ੍ਹਾਂ ਹੱਕੀ ਲੜਾਈਆਂ ਵਿੱਚ ਅਪਣਾ ਯੋਗਦਾਨ ਪਾਇਆ, ਉਹਨਾਂ ਨੂੰ ਸਨਮਾਨਿਤ ਕੀਤਾ ਗਿਆ। 84 ਸਾਲਾ ਕਾਮਰੇਡ ਨੂੰ ਜਦੋਂ ਮੰਚ ਤੇ ਲਿਆਂਦਾ ਗਿਆ ਤਾਂ ਉਸਦਾ ਸਵਾਗਤ ਕਰਨ ਲਈ ਮੰਚ 'ਤੇ ਐਡਵੋਕੇਟ ਤਰਨਜੀਤ ਔਜਲਾ, ਸੋਹਣ ਮਾਨ, ਅਮਰ ਕਿੰਗਰਾ, ਗੁਰਬਚਨ ਬਰਾੜ, ਮਾ. ਬਚਿੱਤਰ ਗਿੱਲ, ਪ੍ਰੋ. ਗੋਪਾਲ ਜੱਸਲ ਹਾਜ਼ਰ ਸਨ। ਉੱਘੇ ਸਮਾਜਸੇਵੀ ਪਾਲੀ ਵਿਰਕ ਦਾ ਵੀ ਸਨਮਾਨ ਕੀਤਾ ਗਿਆ। ਉਹਨਾਂ ਦਾ ਸਨਮਾਨ ਕਰਨ ਮੌਕੇ ਮੰਚ ਤੇ ਦਿਲਾਵਰ ਸਮਰਾ, ਮਨਪ੍ਰੀਤ ਬਰਾੜ, ਗੁਰਦੀਪ ਕੌਰ, ਵਿੱਦਿਆ, ਹਰਚਰਨ ਪਰਹਾਰ ਹਾਜ਼ਰ ਸਨ। ਨਾਲ ਹੀ ਮੰਚ ਦੀ ਅਦਾਕਾਰਾ ਜੱਸ ਨੂੰ ਵੀ ਸਨਮਾਨਿਤ ਕੀਤਾ ਗਿਆ ਤੇ ਉਹਨਾਂ ਨੂੰ ਸਨਮਾਨਿਤ ਕਰਨ ਲਈ ਡਾ. ਹਰਭਜਨ ਢਿੱਲੋਂ, ਸੁਰਿੰਦਰ ਸ਼ਰਮਾਂ, ਹਰਕੇਸ਼ ਚੌਧਰੀ ਹਾਜ਼ਰ ਸਨ। ਸਮਾਗਮ ਦੇ ਸਿਖ਼ਰ ਤੇ ਪ੍ਰੋ. ਪਾਲੀ ਭੁਪਿੰਦਰ ਦੁਆਰਾ ਲਿਖਿਆ ਸ਼ਹੀਦ ਭਗਤ ਸਿੰਘ ਦੀ ਸੋਚ ਨੂੰ ਸਮਰਪਿਤ ਨਾਟਕ "ਮੈਂ ਫਿਰ ਆਵਾਂਗਾ" ਪੇਸ਼ ਕੀਤਾ ਗਿਆ। ਨਾਟਕ ਵਿੱਚ ਦੱਸਿਆ ਗਿਆ ਕਿ ਕਿਵੇਂ ਰਾਜਨੀਤਿਕ ਆਗੂ ਅਤੇ ਉਹਨਾਂ ਦੇ ਚੇਲੇ ਸ਼ਹੀਦਾਂ ਦੇ ਸੁਪਨਿਆਂ ਨਾਲ ਖਿਲਵਾੜ ਕਰਦੇ ਹਨ। ਉਹਨਾਂ ਦੇ ਸ਼ਹੀਦੀ ਸਮਾਗਮਾਂ ਤੇ ਲੱਚਰ ਗੀਤਾਂ ਨੂੰ ਗਾਇਆ ਜਾਂਦਾ ਹੈ। ਨਾਟਕ ਕਲਾਕਾਰਾਂ ਨੇ ਆਪਣੀ ਆਪਣੀ ਭੂਮਿਕਾ ਬਾਖੂਬੀ ਨਿਭਾਈ ਸ. ਭਗਤ ਸਿੰਘ ਦੇ ਭੂਮਿਕਾ ਵਿੱਚ ਹਰਕੇਸ਼ ਚੌਧਰੀ, ਨੇਤਾ ਦੇ ਰੋਲ ਵਿੱਚ ਸੁਖਜਿੰਦਰ ਸਿੰਘ, ਚਮਚੇ ਦੇ ਰੋਲ ਵਿੱਚ ਸੁਰਿੰਦਰ ਸ਼ਰਮਾ, ਰੁਪਿੰਦਰ ਦੇ ਰੋਲ ਵਿੱਚ ਕਮਲਪ੍ਰੀਤ ਪੰਧੇਰ, ਸੁਮਨ ਦੇ ਰੋਲ ਵਿੱਚ ਜੱਸ, ਇਸ ਤੋਂ ਇਲਾਵਾ ਪਰਸ਼ੋਤਮ ਆਠੋਲੀ, ਨਵਤੇਜ ਚੌਹਾਨ, ਗੁਰਿੰਦਰ ਬਰਾੜ ਆਦਿ ਨੇ ਆਪਣੀ ਭੂਮਿਕਾ ਬਾਖੂਬੀ ਨਿਭਾਈ। ਗਗਨਪ੍ਰੀਤ ਕੌਰ ਨੇ ਨਾਟਕ ਦਾ ਸੰਗੀਤ ਦੇਖਿਆ। ਨਾਟਕ ਦਾ ਨਿਰਦੇਸ਼ਨ ਹਰਕੇਸ਼ ਚੌਧਰੀ ਨੇ ਕੀਤਾ। ਸਮਾਗਮ ਦੇ ਅੰਤ ਵਿੱਚ ਸ਼ਹੀਦੇ ਆਜ਼ਮ ਭਗਤ ਸਿੰਘ ਦੀ ਘੋੜੀ ਕੋਰੀਉਗ੍ਰਾਫੀ ਦੇ ਰੂਪ ਵਿੱਚ ਕੈਲਗਰੀ ਦੇ ਛੋਟੇ-ਛੋਟੇ ਬੱਚਿਆਂ ਨੇ ਪੇਸ਼ ਕੀਤੀ। ਪੁਸਤਕ ਪ੍ਰਦਰਸ਼ਨੀ ਅਤੇ ਸੀ. ਡੀ. ਦੀ ਸਟਾਲ ਸੁਰਿੰਦਰ ਕੌਰ ਗਿੱਲ ਵੱਲੋਂ ਲਗਾਈ ਗਈ। ਪ੍ਰਬੰਧਕਾਂ ਦੀ ਜ਼ਿੰਮੇਵਾਰੀ ਕਾਮਰੇਡ ਜੀਤਇੰਦਰਪਾਲ, ਰੁਪਿੰਦਰਪਾਲ ਪੰਧੇਰ, ਵੀਰਪਾਲ ਜੱਸਲ ਵਿੱਕੀ, ਜਸ਼ਨਪ੍ਰੀਤ ਗਿੱਲ ਜੱਸੀ, ਸੁੱਖਜੀਵਨ ਸੁੱਖੀ, ਗੋਲਡੀ, ਹਰਮਨ, ਗੁਰਪਿਆਰ, ਹਰਦੀਪ ਦੇਵਗਣ, ਬਲਦੀਪ ਸੇਖੋਂ, ਅਮਨ ਧਾਲੀਵਾਲ, ਜੋਤੀ ਨੇ ਨਿਭਾਈ। ਜਥੇਬੰਦੀ ਦੇ ਪ੍ਰਧਾਨ ਸੋਹਣ ਮਾਨ ਨੇ ਪਹੁੰਚੇ ਦਰਸ਼ਕਾਂ, ਕਲਾਕਾਰਾਂ ਤੇ ਬੁੱਧੀਜੀਵੀਆਂ ਦਾ ਧੰਨਵਾਦ ਕੀਤਾ।

# ਅਰਪਨ ਲਿਖਾਰੀ ਸਭਾ ਵੱਲੋਂ ਕਵੀ ਅਵਤਾਰ ਜੰਡਿਆਲਵੀ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ



ਕੈਲਗਰੀ (ਹਰਜੀਤ ਗਿੱਲ): ਅਰਪਨ ਲਿਖਾਰੀ ਸਭਾ (ਕੈਲਗਰੀ) ਦੀ ਮਾਸਿਕ ਇਕੱਤਰਤਾ ਕੋਸੋ ਦੇ ਹਾਲ ਵਿੱਚ ਹੋਈ, ਜਿਸਦੀ ਪ੍ਰਧਾਨਗੀ ਸਾਹਿਤਕਾਰ ਸਤਨਾਮ ਸਿੰਘ ਢਾਅ, ਡਾ. ਮਨਜੀਤ ਸਿੰਘ ਸੋਹਲ ਅਤੇ ਕੁੰਦਨ ਸਿੰਘ ਸ਼ੇਰਗਿੱਲ ਨੇ ਕੀਤੀ। ਰਸਮੀ ਕਾਰਵਾਈ ਸ਼ੁਰੂ ਕਰਨ ਤੋਂ ਪਹਿਲਾਂ ਮਾ. ਬਚਿੱਤਰ ਸਿੰਘ ਗਿੱਲ ਨੇ ਸਾਹਿਤਕ ਖੇਤਰ ਦੇ ਦੁੱਖ-ਸੁੱਖ ਸਾਂਝੇ ਕਰਦਿਆਂ ਸਭਾ ਦੇ ਜਨਰਲ ਸਕੱਤਰ ਇਕਬਾਲ ਖ਼ਾਨ ਦੇ ਮਾਤਾ ਪ੍ਰੀਤਮ ਕੌਰ ਕਾਲੀਰਾਏ, ਸਭਾ ਦੇ ਮੈਂਬਰ ਮਾ. ਸਰਪਾਲ ਸਿੰਘ ਸੰਘਾ ਦੀ ਪਤਨੀ ਕਰਤਾਰ ਕੌਰ, ਪ੍ਰਸਿੱਧ ਗਾਇਕ ਹਾਕਮ ਸੂਫ਼ੀ, ਥੀਏਟਰ ਕਾਲਾਕਾਰ ਏ ਕੇ ਹੰਗਲ ਅਤੇ ਪੰਜਾਬੀ ਕਵੀ ਤੇ 'ਹੁਣ' ਮੈਗਜ਼ੀਨ ਦੇ ਸੰਪਾਦਕ ਅਵਤਾਰ ਜੰਡਿਆਲਵੀ ਦੇ ਸਦੀਵੀ ਵਿਛੋੜਾ ਦੇ ਜਾਣ 'ਤੇ ਅਫ਼ਸੋਸ ਪ੍ਰਗਟਾਉਂਦਿਆਂ ਸਭਾ ਦੇ ਮੈਂਬਰਾਂ ਨੂੰ ਦੋ ਮਿੰਟ ਦਾ ਮੌਨ ਰੱਖਣ ਲਈ ਕਿਹਾ। ਨਾਲ ਹੀ ਵਿਛੜੀਆਂ ਸਖ਼ਸ਼ੀਅਤਾਂ ਬਾਰੇ ਵੱਖ ਵੱਖ ਬੁਲਾਰਿਆਂ ਨੇ ਆਪਣੀਆਂ ਯਾਦਾਂ ਵੀ ਸਾਂਝੀਆਂ ਕੀਤੀਆ।

ਇਸ ਤੋਂ ਬਾਅਦ ਕਾਵਿ ਮਹਿਫ਼ਲ ਦਾ ਆਗਾਜ਼ ਕੀਤਾ ਗਿਆ ਜਿਸ ਵਿੱਚ ਸਰੂਪ ਸਿੰਘ ਮੰਡੇਰ,ਬੀਬੀ ਹਰਮਿੰਦਰ ਕੌਰ, ਜਰਨੈਲ ਤੱਗੜ, ਜਸਵੰਤ ਸਿੰਘ ਸੇਖੋਂ, ਕਮਲਜੀਤ ਕੌਰ ਸ਼ੇਰਗਿੱਲ, ਕੁਲਬੀਰ ਸ਼ੇਰਗਿੱਲ, ਸੁਰਜੀਤ ਸਿੰਘ ਰੰਧਾਵਾ, ਦਵਿੰਦਰ ਮਲਹਾਂਸ, ਗੁਰਦਿਆਲ ਸਿੰਘ ਖਹਿਰਾ ਅਤੇ ਹਰਜੀਤ ਗਿੱਲ ਨੇ ਭਾਗ ਲਿਆ। ਸਰੋਤਿਆਂ ਨੇ ਸਾਰੇ ਹੀ ਸ਼ਾਇਰਾਂ ਨੂੰ ਬੜ੍ਹੇ ਅਦਬ ਨਾਲ ਸੁਣਿਆ ਅਤੇ ਖ਼ੂਬ ਦਾਦ ਦਿੱਤੀ। ਸ਼ਾਇਰਾਂ ਨੇ ਵੀ ਮਹਿਫ਼ਲ ਦਾ ਖ਼ੂਬ ਅਨੰਦ ਮਾਣਿਆ। ਮਹਿਫ਼ਲ ਤੋਂ ਬਾਅਦ ਕਹਾਣੀਕਾਰ ਦਵਿੰਦਰ ਮਲਹਾਂਸ ਨੇ ਅਪਣਾ ਨਵ ਪ੍ਰਕਾਸ਼ਿਤ ਕਹਾਣੀ ਸੰਗ੍ਰਹਿ 'ਗੋਰੀ ਸਰਕਾਰ' ਸਭਾ ਦੇ ਪ੍ਰਧਾਨ ਸਤਨਾਮ ਸਿੰਘ ਢਾਅ ਅਤੇ ਹੋਰ ਲੇਖਕਾਂ ਨੂੰ ਭੇਂਟ ਕੀਤਾ।

ਸਾਹਿਤ ਪ੍ਰੇਮੀ ਪੈਰੀ ਮਾਹਲ ਨੇ ਹਮੇਸ਼ਾ ਦੀ ਤਰ੍ਹਾਂ ਸਾਹਿਤਕ ਭਾਸ਼ਾ 'ਚ ਰੀਅਲ ਇਸਟੇਟ ਬਾਰੇ ਕੁਝ ਨੁਕਤੇ ਸਾਂਝੇ ਕੀਤੇ। ਸੋਹਣ ਮਾਨ ਨੇ ਫਲਸਫ਼ੇ ਦੀ ਗੱਲ ਕਰਦਿਆਂ ਜੀਵਨ ਦੀਆਂ ਅਟੱਲ ਸੱਚਾਈਆਂ 'ਤੇ ਰੌਚਕ ਟਿੱਪਣੀਆਂ ਕੀਤੀਆਂ। ਸਾਹਿਤ ਪ੍ਰੇਮੀਆਂ ਨੂੰ ਪੰਜਾਬੀ ਸਾਹਿਤ ਸਭਾ ਦੇ ਪ੍ਰਧਾਨ ਜਸਵੀਰ ਸਹੋਤਾ ਅਤੇ ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਦੇ ਆਗੂ ਮਾ. ਭਜਨ ਗਿੱਲ ਨੇ ਵੀ ਸੰਬੋਧਨ ਕੀਤਾ ਅਤੇ ਆਪਣੀਆਂ ਆਪਣੀਆਂ ਸੰਸਥਾਵਾਂ ਦੀਆਂ ਸਰਗਰਮੀਆਂ ਬਾਰੇ ਚਾਨਣਾ ਪਾਇਆ। ਇਕੱਤਰਤਾ ਵਿੱਚ ਸਾਹਿਤ ਪ੍ਰੇਮੀਆਂ ਨੇ ਵੀ ਭਰਵੀਂ ਹਾਜ਼ਰੀ ਲਵਾਈ ਜਿਨ੍ਹਾਂ 'ਚ ਸੁਖਦੇਵ ਧਾਰੀਵਾਲ, ਤਰਲੋਚਨ ਡੂੜਾ, ਮੇਵਾ ਸਿੰਘ, ਹਰਬਖ਼ਸ਼ ਸਿੰਘ ਸਰੋਆ ਢਿੱਲੋਂ,ਅਮਰ ਸਿੰਘ ਕਿੰਗਰਾ, ਗੁਰਨਾਮ ਸਿੰਘ, ਦਰਸ਼ਣ ਵਿਰਕ, ਸੁਰਿੰਦਰ ਢਿੱਲੋਂ, ਜੀਤਇੰਦਰਪਾਲ, ਸੁਖਦੇਵ ਕੌਰ ਢਾਅ, ਨਰਿੰਦਰ ਕੌਰ ਗਿੱਲ ਅਤੇ ਦਿਲਾਵਰ ਸਿੰਘ ਸਮਰਾ ਆਦਿ ਸ਼ਾਮਲ ਸਨ।

ਸਭਾ ਦੇ ਪ੍ਰਧਾਨ ਸਤਨਾਮ ਸਿੰਘ ਢਾਅ ਨੇ ਪੰਜਾਬੀ ਕਵੀ ਅਵਤਾਰ ਜੰਡਿਆਲਵੀ ਦੀ ਮੌਤ 'ਤੇ ਦੁਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਪੰਜਾਬੀ ਦੀਆਂ ਸਾਹਿਤਕ ਸੰਸਥਾਵਾਂ ਕਵੀ ਤੇ ਸੰਪਾਦਕ ਅਵਤਾਰ ਜੰਡਿਆਲਵੀ ਦੇ ਸਾਹਿਤਕ ਯੋਗਦਾਨ 'ਤੇ ਚਰਚਾ ਕਰਨ ਤਾਂ ਜੋ ਆਉਣ ਵਾਲੀਆਂ ਪੀੜ੍ਹੀਆਂ ਉਸ ਤੋਂ ਸੇਧ ਲੈ ਸਕਣ, ਖਾਲੀ ਸ਼ੋਕ ਮਤਿਆਂ ਨਾਲ ਪੰਜਾਬੀ ਸਾਹਿਤ ਦਾ ਭਲਾ ਨਹੀਂ ਹੋਣਾ।

Emergency Service 24x7
Free Estimate with Treatment
GOLDEN ARROW PEST CONTROL INC.



CALL @ 780 462 6669
Specializing in:
Ants, Bees, Birds, Bedbugs, Flies,Bugs, Spiders, Flea, Mice/Rats, Cock-Roaches, Wasp, Squirrels, Gophers, Pigeons etc.
PROFESSIONAL CERTIFIED SERVICE PROVIDER FOR:
&
* Air-Guard And Konk- Fly Control Machines.
* Unwanted pests any kind 100% guarantee.
* Hanta Virus Clean-up & Disinfecting
* Exclusion work for Bird & Rodents.
* Special Gophers Poison
* bee's,Wasp,Hornet Control
* Home Protection Programs
* Residential and Commercial Experts
ਘਰਾਂ ਤੇ ਵਪਾਰਕ ਥਾਵਾਂ ਨੂੰ ਮੱਖੀਆਂ, ਕਾਕਰੋਚ, ਚੂਹਿਆਂ, ਕੀੜੀਆਂ ਅਤੇ ਹੋਰ ਅਣਚਾਹੇ ਜਾਨਵਰਾਂ ਤੋਂ ਮੁਕਤੀ ਲਈ ਅੱਜ ਹੀ ਕਾਲ ਕਰੋ **ਗੋਲਡਨ ਐਰੋ ਪੈਸਟ ਕੰਟਰੋਲ** ਨੂੰ।
M.S. (Sunny)
Expert Certified Service Technician
780 243 6705
908-77 AVE NW, Edmonton AB T6P 1M2
info@goldenarrowpestcontrol.com www.goldenarrowpestcontrol.com

ਨਵੀਂ ਦੁਨੀਆ

# ਅਲਬਰਟਾ ਦੇ ਸਾਬਕਾ ਪ੍ਰੀਮੀਅਰ ਪੀਟਰ ਲੋਹੀਡ ਦਾ ਦੇਹਾਂਤ

## ਐਡਮਿੰਟਨ ਵਾਸੀਆਂ ਲਈ ਗਹਿਰਾ ਸਦਮਾ



ਐਡਮਿੰਟਨ- ਅਲਬਰਟਾ ਦੇ ਸਾਬਕਾ ਪ੍ਰੀਮੀਅਰ ਪੀਟਰ ਲੋਹੀਡ ਦੀ ਮੌਤ ਦੀ ਖ਼ਬਰ ਆਉਂਦਿਆਂ ਹੀ ਸਮੂਹ ਅਲਬਰਟਾ ਵਾਸੀਆਂ ਨਾਲ ਐਡਮਿੰਟਨ ਵੀ ਦੁੱਖ 'ਚ ਡੁੱਬ ਗਿਆ। ਪੀਟਰ ਨੇ ਅਲਬਰਟਾ ਵਾਸੀਆਂ ਦੀ ਖੁਸ਼ਹਾਲੀ ਅਤੇ ਸੁਰੱਖਿਆ ਲਈ ਜੋ ਕੁੱਝ ਕੀਤਾ ਉਹ ਅਭੁੱਲ ਹੈ। ਪੀਟਰ ਸਹੀ ਅਰਥਾਂ ਵਿੱਚ ਦੂਰਦਰਸ਼ੀ ਆਗੂ ਸੀ। ਜ਼ਿਕਰਯੋਗ ਹੈ ਕਿ 36 ਸਾਲਾਂ ਤੋਂ ਰਾਜ ਕਰ ਰਹੀ ਸੋਸ਼ਲ ਡੈਮੋਕਰੇਟਿਕ ਪਾਰਟੀ ਦੀ ਨੁੱਕ ਨੂੰ ਤੋੜਦਿਆਂ 1971 ਵਿੱਚ ਪੀਟਰ ਦੀ ਅਗਵਾਈ ਵਿੱਚ ਪ੍ਰੋਗਰੈਸਿਵ ਕੰਜ਼ਰਵੇਟਿਵ ਪਾਰਟੀ ਦੀ ਸਰਕਾਰ ਪਹਿਲੀ ਵਾਰ ਬਣੀ ਜਿਸ ਨਾਲ ਅਲਬਰਟਾ ਦੀ ਸਿਆਸਤ 'ਚ ਇੱਕ ਨਵੇਂ ਅਧਿਆਇ ਦਾ ਅਰੰਭ ਹੋ ਗਿਆ। 1972 ਵਿੱਚ ਪੀਟਰ ਦੀ ਅਗਵਾਈ ਵਾਲੀ ਸਰਕਾਰ ਨੇ ਪਹਿਲਾ ਕੰਮ ਅਲਬਰਟਾ ਬਿੱਲ ਆਫ ਰਾਈਟਸ ਪੇਸ਼ ਕਰਨ ਦਾ ਕੀਤਾ ਅਤੇ ਵਿਧਾਨ ਸਭਾ ਵਿੱਚ ਕਾਰਵਾਈ ਦਰਜ ਕਰਨ ਦੀ ਪਿਰਤ ਪਾਈ। ਇਹ ਪਹਿਲਾ ਬਿੱਲ ਹੈ ਜਿਹੜਾ ਵਿਧਾਨ ਸਭਾ ਦੀ ਕਾਰਵਾਈ ਵਿੱਚ ਦਰਜ ਹੋਇਆ। ਪੀਟਰ ਨੇ ਅਜਿਹੇ ਹੋਰ ਵੀ ਕਈ ਮਿਸ਼ਾਲ ਪੈਦਾ ਕਰਨ ਵਾਲੇ ਕੰਮ ਕੀਤੇ ਜਿਸ ਨਾਲ ਅਲਬਰਟਾ 'ਚ ਲੋਕਤਾਂਤਰਿਕ ਕਦਰਾਂ ਕੀਮਤਾਂ ਮਜ਼ਬੂਤ ਹੋਈਆਂ। ਪੀਟਰ ਲੋਹੀਡ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਹੈ ਕਿ ਉਸਨੇ ਅਲਬਰਟਾ 'ਚ ਗੈਸ ਅਤੇ ਤੇਲ ਦਾ ਉਦਯੋਗ ਵਿਕਸਿਤ ਕੀਤਾ ਅਤੇ ਅਲਬਰਟਾ ਹੈਰੀਟੇਜ ਸੇਵਿੰਗ ਟਰੱਸਟ ਫੰਡ ਦੀ ਸਥਾਪਨਾ ਕੀਤੀ, ਜਿਸਦਾ ਸਾਨੂੰ ਹੀ ਲਾਭ ਨਹੀਂ ਪਹੁੰਚ ਰਿਹਾ ਸਗੋਂ ਆਉਣ ਵਾਲੀਆ ਪੀੜ੍ਹੀਆਂ ਨੂੰ ਵੀ ਲਾਭ ਪਹੁੰਚੇਗਾ। ਪੀਟਰ ਦੇ ਚਲੇ ਜਾਣ ਦਾ ਐਡਮਿੰਟਨ ਵਾਸੀਆਂ ਨੂੰ ਇੰਨਾ ਦੁੱਖ ਸੀ ਕਿ ਅੰਤਿਮ ਸਸਕਾਰ ਤੀਕਰ ਪੂਰੇ ਐਡਮਿੰਟਨ ਸ਼ਹਿਰ 'ਚ ਝੰਡੇ ਅੱਧੇ ਝੁਕੇ ਰਹੇ ਅਤੇ ਹਰ ਇੱਕ ਐਡਮਿੰਟਨ ਵਾਸੀ ਨੇ ਪੀਟਰ ਨੂੰ ਸਰਧਾਂਜਲੀ ਦਿੱਤੀ।

**ਮੇਅਰ ਸਟੀਫਨ ਮੰਡੇਲ ਵੱਲੋਂ ਦੁੱਖ ਦਾ ਪ੍ਰਗਟਾਵਾ**

**ਸਾਬਕਾ ਪ੍ਰੀਮੀਅਰ ਪੀਟਰ ਲੋਹੀਡ ਦੀ ਮੌਤ ਨਾਲ ਐਡਮਿੰਟਨ ਵਾਸੀਆਂ ਨੂੰ ਗਹਿਰਾ ਸਦਮਾ ਪਹੁੰਚਿਆ ਹੈ, ਇਸ ਘੜੀ ਐਡਮਿੰਟਨ ਦੇ ਲੋਕ ਤੇ ਸਿਟੀ ਕੌਂਸਲ ਦੁੱਖ ਦਾ ਪ੍ਰਗਟਾਵਾ ਕਰਦੀ ਹੈ ਤੇ ਪੀਟਰ ਦੇ ਪਰਿਵਾਰ ਨਾਲ ਦਿਲੀਂ ਹਮਦਰਦੀ ਜ਼ਾਹਿਰ ਕਰਦੀ ਹੈ। ਪੀਟਰ ਨੇ ਸਾਰੀ ਉਮਰ ਅਲਬਰਟਾ ਵਾਸੀਆਂ ਦੀ ਭਲਾਈ ਅਤੇ ਲੋਕਤੰਤਰ ਦੀ ਮਜ਼ਬੂਤੀ ਲਈ ਕੰਮ ਕੀਤਾ। ਜਿਸ ਖੁਸ਼ਹਾਲੀ ਨੂੰ ਹੁਣ ਅਸੀਂ ਮਾਣ ਰਹੇ ਹਾਂ ਉਹ ਪੀਟਰ ਦੀਆਂ ਕੋਸ਼ਿਸ਼ਾਂ ਦਾ ਹੀ ਨਤੀਜਾ ਹੈ, ਇਸ ਆਗੂ ਨੇ ਜੋ ਵਿਰਾਸਤ ਕਾਇਮ ਕੀਤੀ ਹੈ ਉਸ ਤੋਂ ਅਲਬਰਟਾ ਦੇ ਹੀ ਨਹੀਂ ਸਗੋਂ ਪੂਰੇ ਦੇਸ਼ ਦੇ ਵਾਸੀ ਲਾਭ ਉਠਾਉਂਦੇ ਰਹਿਣਗੇ। ਪੀਟਰ ਨੇ ਅਲਬਰਟਾ ਦੀ ਜਿਸ ਯੋਗ ਢੰਗ ਨਾਲ ਪ੍ਰਤੀਨਿਧਤਾ ਕੀਤੀ ਹੈ ਉਹ ਅਜੋਕੇ ਆਗੂਆਂ ਲਈ ਅੱਜ ਇੱਕ ਮਿਸਾਲ ਹੈ।**

# ਕਿਊਬਿਕ ਸਰਕਾਰ ਨੇ ਪਹਿਲੀ ਕੈਬਨਿਟ ਮੀਟਿੰਗ ਵਿੱਚ ਹੀ ਫੀਸਾਂ ਦਾ ਵਾਧਾ ਵਾਪਸ ਲਿਆ



ਕਿਊਬਿਕ, (ਨਦਬ)-ਆਪਣੇ ਕਿਊਬਾ 'ਚ ਪਾਰਟੀ ਕਿਊਬਿਕੁਆ ਪਹਿਲੀ ਕੈਬਿਨਿਟ ਮੀਟਿੰਗ ਵਿੱਚ ਨੂੰ ਵਾਪਿਸ ਲੈ ਲਿਆ। ਪਾਰਟੀ ਤਰਥੱਲੀ ਮਚਾ ਦੇਣ ਵਾਲੇ ਟਿਊਸ਼ਨ ਦਾ ਐਲਾਨ ਕਰਦਿਆਂ ਪ੍ਰੀਮੀਅਰ ਟਿਊਸ਼ਨ ਫੀਸ 2,168 ਡਾਲਰ ਹੀ ਵਿੱਚ ਸੱਭ ਤੋਂ ਘੱਟ ਹੈ। ਉਨ੍ਹਾਂ ਇਹ ਵਾਧੇ 'ਤੇ ਕਾਇਮ ਰਹਿੰਦਿਆਂ ਦੀ ਨਵੀਂ ਬਣੀ ਸਰਕਾਰ ਨੇ ਹੀ ਟਿਊਸ਼ਨ ਫੀਸਾਂ ਦੇ ਵਾਧੇ ਕਿਊਬਿਕੁਆ ਕਿਊਬਿਕ ਵਿੱਚ ਫੀਸਾਂ ਦੇ ਵਾਧੇ ਨੂੰ ਵਾਪਿਸ ਲੈਣ ਪਾਲੀਨ ਮੈਰੋਇਸ ਨੇ ਕਿਹਾ ਕਿ ਰਹੇਗੀ, ਜੋ ਕਿ ਕੈਨੇਡਾ ਭਰ ਵੀ ਕਿਹਾ ਕਿ ਉਨ੍ਹਾਂ ਦੀ ਸਰਕਾਰ ਯੂਨੀਵਰਸਿਟੀਆਂ ਲਈ ਫੰਡਾਂ ਵਿੱਚ ਕੋਈ ਕਟੌਤੀ ਨਹੀਂ ਕਰੇਗੀ। ਜਿਕਰਯੋਗ ਹੈ ਕਿ । ਪਿਛਲੀ ਸਰਕਾਰ ਵੱਲੋਂ ਫੀਸਾਂ ਵਿੱਚ ਜਿਹੜਾ ਵਾਧਾ ਨਿਰਧਾਰਤ ਕੀਤਾ ਗਿਆ ਸੀ ਉਸ ਹਿਸਾਬ ਨਾਲ ਇਸ ਸਾਲ ਇਸ ਦੇ 600 ਡਾਲਰ ਵੱਧਣ ਦੀ ਸੰਭਾਵਨਾ ਸੀ ਤੇ ਹਰ ਸਾਲ ਇਸ ਨੇ ਵੱਧਦੇ ਹੀ ਜਾਣਾ ਸੀ ਅਤੇ ਇਸ ਫ਼ੀਸ ਵਾਧੇ ਨੂੰ ਲੈ ਕੇ ਕਿਊਬਿਕ ਦੀਆਂ ਵਿਦਿਆਰਥੀ ਜਥੇਬੰਦੀਆਂ ਵੱਲੋਂ ਕਈ ਮਹੀਨੇ ਰੋਸ ਮੁਜ਼ਾਹਰੇ ਕੀਤੇ ਗਏ ਸਨ।

## ਮੁਫਤ ਸਿੱਖਿਆ ਦਿਵਾਉਣ ਲਈ ਯਤਨ ਜਾਰੀ ਰਹਿਣਗੇ-ਵਿਦਿਆਰਥੀ ਜਥੇਬੰਦੀਆਂ




ਕਿਊਬਿਕ ਦੀਆਂ ਤਿੰਨ ਵੱਡੀਆਂ 'ਕਲਾਸ', 'ਦਾ ਫ਼ੈਡਰੇਸ਼ਨ ਆਫ 'ਦਾ ਫ਼ੈਡਰੇਸ਼ਨ ਆਫ ਯੂਨੀਵਰਸਿਟੀ ਮੁਹਿੰਮ ਨੂੰ ਆਉਣ ਵਾਲੇ ਦਿਨਾਂ ਕਿਊਬਾ 'ਚ ਪਾਰਟੀ ਕਿਊਬਿਕੁਆ ਉੱਤੇ ਦਬਾਅ ਬਣਾਈ ਰੱਖਣ ਦੀ ਮਹੀਨਿਆਂ ਵਿੱਚ ਵੀ ਇਹ ਜਥੇਬੰਦੀਆਂ ਜਾ ਸਕਦੀਆਂ ਹਨ। ਵਿਦਿਆਰਥੀ ਵਿਦਿਆਰਥੀ ਜਥੇਬੰਦੀਆਂ ਕਾਲਜ਼ ਸਟੂਡੈਂਟਸ' ਅਤੇ ਸਟੂਡੈਂਟਸ' ਵੱਲੋਂ ਆਪਣੀ ਵਿੱਚ ਵੀ ਚੱਲਦਾ ਰੱਖਣ ਤੇ ਦੀ ਨਵੀਂ ਬਣੀ ਸਰਕਾਰ ਸੰਭਾਵਨਾ ਹੈ। ਆਉਣ ਵਾਲੇ ਮੁਜ਼ਾਹਰੇ ਕਰਦੀਆਂ ਵੇਖੀਆਂ ਜਥੇਬੰਦੀਆਂ ਦੀ ਮੰਗ ਹੈ ਕਿ ਯੂਨੀਵਰਸਿਟੀ ਦੀਆਂ ਟਿਊਸ਼ਨ ਫੀਸਾਂ ਵਿੱਚ 100 ਫ਼ੀਸਦੀ ਕਟੌਤੀ ਕੀਤੀ ਜਾਵੇ। ਵਿਦਿਆਰਥੀ ਜਥੇਬੰਦੀ 'ਕਲਾਸ' ਨੇ ਸ਼ਨਿੱਚਰਵਾਰ ਨੂੰ ਮਾਂਟਰੀਅਲ ਵਿੱਚ ਮੁਜ਼ਾਹਰਾ ਕੀਤਾ ਤੇ ਇਹ ਜਥੇਬੰਦੀ ਅਗਲੀ ਰਣਨੀਤੀ ਉਲੀਕਣ ਲਈ ਇਸ ਹਫਤੇ ਦੇ ਅੰਤ ਵਿੱਚ ਮੀਟਿੰਗਾਂ ਕਰਨ ਦੀ ਯੋਜਨਾ ਉੱਤੇ ਵੀ ਕੰਮ ਕਰ ਰਹੀ ਹੈ। ਕਿਊਬਿਕ ਦੇ ਦੋ ਹੋਰਨਾਂ ਵੱਡੀਆਂ ਵਿਦਿਆਰਥੀ ਜਥੇਬੰਦੀਆਂ 'ਦਾ ਫ਼ੈਡਰੇਸ਼ਨ ਆਫ ਕਾਲਜ਼ ਸਟੂਡੈਂਟਸ' ਅਤੇ 'ਦਾ ਫ਼ੈਡਰੇਸ਼ਨ ਆਫ ਯੂਨੀਵਰਸਿਟੀ ਸਟੂਡੈਂਟਸ' ਦਾ ਕਹਿਣਾ ਹੈ ਕਿ ਉਹ ਸਾਬਕਾ ਸਰਕਾਰ ਵੱਲੋਂ ਫੀਸਾਂ ਵਿੱਚ ਕੀਤੇ ਗਏ 82 ਫ਼ੀਸਦੀ ਵਾਧੇ ਨੂੰ ਇਸ ਸਰਕਾਰ ਵੱਲੋਂ ਵਾਪਿਸ ਲੈ ਲਏ ਜਾਣ ਤੋਂ ਸੰਤੁਸ਼ਟ ਹਨ। ਪਰ ਵਿਦਿਆਰਥੀ ਜਥੇਬੰਦੀ 'ਕਲਾਸ', ਜਿਸ ਦੇ ਕਿਊਬਿਕ ਦੇ ਪੋਸਟ ਸੈਕੰਡਰੀ 450,000 ਵਿਦਿਆਰਥੀਆਂ ਵਿੱਚੋਂ 100,000 ਮੈਂਬਰ ਹਨ, ਦਾ ਕਹਿਣਾ ਹੈ ਕਿ ਉਹ ਚਾਹੁੰਦੇ ਹਨ ਕਿ ਸਿੱਖਿਆ ਹਰੇਕ ਦੀ ਪਹੁੰਚ ਵਿੱਚ ਹੋਵੇ, ਇਸ ਲਈ ਮੁਫਤ ਹੋਵੇ। ਵਿਦਿਆਰਥੀ ਜਥੇਬੰਦੀ 'ਕਲਾਸ' ਦੇ ਬੁਲਾਰੇ ਜੈਰੇਮੀ ਬੇਡਾਰਡ ਵੀਏਨ ਨੇ ਆਖਿਆ ਕਿ ਇਸ ਟੀਚੇ ਨੂੰ ਪੂਰਾ ਕਰਨ ਲਈ ਸਾਡਾ ਸੰਘਰਸ਼ ਅਜੇ ਖ਼ਤਮ ਨਹੀਂ ਹੋਇਆ ਹੈ।

# ਈਕੋਲਾਈ ਬੈਕਟੀਰੀਆ ਦਾ ਖ਼ੌਫ

ਓਟਾਵਾ (ਨਦਬ)-ਕਨੇਡੀਅਨ ਫੂਡ ਇੰਸਪੈਕਸ਼ਨ ਏਜੰਸੀ (ਸੀ ਐਫ ਈ ਏ) ਨੇ ਲੋਕਾਂ ਨੂੰ ਇਸ ਗੱਲ ਤੋਂ ਸੁਚੇਤ ਕੀਤਾ ਹੈ ਕਿ ਉਹ ਗਾਂ ਦੇ ਪੀਸੇ ਹੋਏ ਮਾਸ ਦੀ ਵਰਤੋਂ ਨਾ ਕਰਨ ਕਿਉਂਕਿ ਇਸਦੇ ਵਿੱਚ ਈ ਕੌਲੀ ਨਾਂ ਦਾ ਬੈਕਟੀਰੀਆ ਹੋ ਸਕਦਾ ਹੈ ਜਿਹੜਾ ਕਿ ਮਨੁੱਖੀ ਸਿਹਤ ਲਈ ਕਾਫ਼ੀ ਖਤਰਨਾਕ ਹੈ। ਇਹ ਬੈਕਟੀਰੀਆ ਜੇਕਰ ਸਰੀਰ 'ਚ ਚਲਿਆ ਜਾਵੇ ਤਾਂ ਇਸ ਨਾਲ ਢਿੱਡ 'ਚ ਤੇਜ਼ ਦਰਦ ਤੇ ਡਾਇਰਿਆ ਵੀ ਹੋ ਸਕਦਾ ਹੈ। ਇੱਥੋਂ ਤੱਕ ਕਿ ਇਹ ਬੈਕਟੀਰੀਆ ਮਨੁੱਖ ਦੀ ਜਾਨ ਵੀ ਲੈ ਸਕਦਾ ਹੈ। ਗਾਂ ਦਾ ਪਿਸਿਆ ਮਾਸ ਜ਼ਿਆਦਾਤਰ ਅਲਬਰਟਾ ਦੀ ਐਕਸ ਐਲ ਫੂਡਜ਼ ਕੰਪਨੀ ਦਾ ਵੱਖ ਵੱਖ ਬਰਾਂਡਾਂ ਦੇ ਨਾਂ ਹੇਠ ਵਿਕਦਾ ਹੈ। ਕਿਰਕਲੈਂਡ ਸਿਗਨੇਚਰ ਨਾਂ ਦੇ ਬਰਾਂਡ ਹੇਠ ਗਾਂ ਦਾ ਪਿਸਿਆ ਮਾਸ ਕੋਸਟਕੋ ਸਟੋਰਾਂ ਰਾਹੀਂ ਲਗਭਗ ਪੂਰੇ ਕਨੇਡਾ ਵਿੱਚ ਪੁੱਜਦਾ ਹੈ। ਇਸੇ ਤਰ੍ਹਾਂ ਕਾਲਾਹੋ ਮੀਟਸ ਬਰਾਂਡ ਦੇ ਨਾਂ ਹੇਠ ਗਾਂ ਦਾ ਪਿਸਿਆ ਮਾਸ ਅਲਬਰਟਾ, ਅਨਟਾਰੀਓ, ਮੈਨੀਟੋਬਾ ਅਤੇ ਬੀ ਸੀ 'ਚ ਵਿਕਦਾ ਹੈ।

ਏਜੰਸੀ ਦਾ ਕਹਿਣਾ ਹੈ ਕਿ ਅਜੇ ਤਕ ਗਾਂ ਦਾ ਪਿਸਿਆ ਮਾਸ ਖਾਣ ਵਾਲਾ ਕੋਈ ਵੀ ਮਰੀਜ ਸਾਹਮਣੇ ਨਹੀਂ ਆਇਆ ਜੋ ਇਸ ਬੈਕਟੀਰੀਆ ਤੋਂ ਪ੍ਰਭਾਵਿਤ ਹੋਵੇ। ਦੂਜੇ ਪਾਸੇ ਐਕਸ ਐਲ ਫੂਡਜ਼ ਕੰਪਨੀ ਦਾ ਕਹਿਣਾ ਹੈ ਕਿ ਜੇਕਰ ਸਾਡਾ ਵਿਕਿਆ ਮਾਲ ਵਾਪਸ ਅਉਂਦਾ ਹੈ ਤਾਂ ਅਸੀਂ ਸਵਾਗਤ ਕਰਾਂਗੇ। ਕੰਪਨੀ ਨੇ ਕਿਹਾ ਕਿ ਭਾਵੇਂ ਈ ਕੌਲੀ ਬੈਕਟੀਰੀਆ ਦਾ ਖਤਰਾ ਨਾ ਮਾਤਰ ਹੈ ਪਰ ਫੇਰ ਵੀ ਅਸੀਂ ਕੋਈ ਖਤਰਾ ਉਠਾਉਣਾ ਨਹੀਂ ਚਹੁੰਦੇ। ਇਸ ਮਾਮਲੇ 'ਚ ਕੰਪਨੀ ਜ਼ਿਆਦਾ ਗੰਭੀਰ ਹੈ। ਸੀ ਐਫ ਆਈ ਏ ਦੇ ਮਾਹਿਰ ਗਾਰਫੀਲਡ ਦਾ ਕਹਿਣਾ ਹੈ ਕਿ ਇਸ ਬਾਰੇ ਕੋਈ ਠੋਸ ਜਾਣਕਾਰੀ ਸਾਡੇ ਕੋਲ ਨਹੀਂ ਕਿ ਕਿੰਨੀ ਮਾਤਰਾ ਵਿੱਚ ਗਾਂ ਦਾ ਪਿਸਿਆ ਮਾਸ ਸਟੋਰਾਂ 'ਚ ਪਿਆ ਹੈ ਅਤੇ ਕਿੰਨੀ ਮਾਤਰਾ ਵਿੱਚ ਕੰਪਨੀ ਕੋਲ ਵਾਪਸ ਪਹੁੰਚਿਆ ਹੈ।

# ਫਿਊਲ ਫਸਿਲਿਟੀ ਨੂੰ ਲੱਗੀ ਅੱਗ ਕਾਬੂ 'ਚ

## 15 ਮਿਲੀਅਨ ਡਾਲਰ ਦਾ ਨੁਕਸਾਨ ਹੋਣ ਦਾ ਖਦਸ਼ਾ



ਵਿਨੀਪੈਗ, (ਨਦਬ)- ਫਿਊਲ ਫਸਿਲਿਟੀ ਵਿੱਚ ਮਿਲੀਅਨ ਡਾਲਰ ਦਾ ਭਰ ਫਾਇਰਫਾਈਟਰਾਂ ਵੱਲੋਂ ਕੀਤੀ ਗਈ ਮੁਸ਼ੱਕਤ ਕਾਬੂ ਪਾ ਲਿਆ ਗਿਆ। 40 ਨਿਕੋਲਸ ਐਵਨਿਊ ਇੰਟਰਨੈਸ਼ਨਲ ਫਿਊਲ ਵਿਨੀਪੈਗ ਵਿੱਚ ਇੱਕ ਲੱਗੀ ਅੱਗ ਕਾਰਨ 15 ਨੁਕਸਾਨ ਹੋ ਗਿਆ। ਰਾਤ ਤੇ ਸੀਐਨ ਰੇਲ ਸਟਾਫ ਤੋਂ ਬਾਅਦ ਅੱਗ ਉੱਤੇ ਸੇਂਟ ਬੋਨੀਫੇਸ ਵਿੱਚ ਵਿੱਚ ਸਥਿਤ ਸਪੀਡਵੇਅ ਫਸਿਲਿਟੀ ਉੱਤੇ ਸਥਾਨਕ ਸਮੇਂ ਅਨੁਸਾਰ ਸਵੇਰੇ 5:30 ਵਜੇ ਅੱਗ ਲੱਗੀ। ਇਹ ਅੱਗ ਸੱਤ ਘੰਟੇ ਤੱਕ ਬਲਦੀ ਰਹੀ। ਫਿਰ ਪੁਲਿਸ ਹੈਲੀਕਾਪਟਰ ਦੀ ਮਦਦ ਨਾਲ ਫੌਜੀ ਐਮਰਜੰਸੀ ਸਾਜ਼ੋ ਸਮਾਨ ਤੇ ਸੀਐਨ ਰੇਲ ਦੇ ਕਰਮਚਾਰੀਆਂ ਦੀ ਮਦਦ ਨਾਲ ਫਾਇਰਫਾਈਟਰ ਇਸ ਉੱਤੇ ਕਾਬੂ ਪਾਉਣ ਵਿੱਚ ਕਾਮਯਾਬ ਹੋ ਸਕੇ। ਜਿਸ ਥਾਂ ਉੱਤੇ ਅੱਗ ਲੱਗੀ ਸੀ ਉਸ ਦੇ ਨਾਲ ਲੱਗਦੇ 800 ਮੀਟਰ ਦਾਇਰੇ ਵਿਚਲੇ ਇਲਾਕੇ ਨੂੰ ਖਾਲੀ ਕਰਵਾਉਣ ਦੇ ਜਿਹੜੇ ਹੁਕਮ ਦਿੱਤੇ ਗਏ ਸਨ ਉਨ੍ਹਾਂ ਨੂੰ ਬਾਅਦ ਵਿੱਚ ਵਾਪਿਸ ਲੈ ਲਿਆ ਗਿਆ। ਇਸ ਇਲਾਕੇ ਵਿੱਚ ਮੌਜੂਦ ਕਾਰੋਬਾਰਾਂ ਨੂੰ ਬੰਦ ਕਰਨ ਤੇ ਰਿਹਾਇਸ਼ੀ ਇਲਾਕੇ ਨੂੰ ਖਾਲੀ ਕਰਵਾਉਣ ਦੇ ਹੁਕਮ ਦਿੱਤੇ ਗਏ ਸਨ ਤਾਂ ਕਿ ਕਿਸੇ ਤਰ੍ਹਾਂ ਦੇ ਜਾਨੀ ਨੁਕਸਾਨ ਤੋਂ ਬਚਿਆ ਜਾ ਸਕੇ। ਇਸ ਘਟਨਾ ਵਿੱਚ ਕਿਸੇ ਦੇ ਜ਼ਖ਼ਮੀ ਹੋਣ ਦੀ ਖਬਰ ਨਹੀਂ ਹੈ।

# ਆਕੂਪਾਈ ਮੂਵਮੈਂਟ ਦੀ ਪਹਿਲੀ ਵਰ੍ਹੇ-ਗੰਢ ਮੌਕੇ ਸੈਂਕੜੇ ਪ੍ਰਦਰਸ਼ਨਕਾਰੀ ਗ੍ਰਿਫਤਾਰ

ਨਿਊ ਯਾਰਕ (ਨਦਬ)-ਪਿਛਲੇ ਦਿਨੀਂ ਆਕੂਪਾਈ ਮੂਵਮੈਂਟ (ਜੋ ਵਾਲ ਸਟਰੀਟ ਵਿਰੋਧੀ ਲਹਿਰ ਕਰਕੇ ਜਾਣੀ ਜਾਂਦੀ ਹੈ) ਦੀ ਪਹਿਲੀ ਵਰ੍ਹੇ-ਗੰਢ ਮੌਕੇ ਨਿਊ ਯਾਰਕ ਦੀ ਪੁਲਿਸ ਨੇ ਇੱਕ ਵਾਰ ਫੇਰ ਇਹ ਸਾਬਤ ਕਰ ਦਿੱਤਾ ਕਿ ਸਰਕਾਰੀ ਮਸ਼ੀਨਰੀ, ਸੰਵਿਧਾਨ ਤੇ ਕਾਨੂੰਨ ਸਿਰਫ ਅਮੀਰਾਂ ਦੀ ਸੁਰੱਖਿਆ ਲਈ ਹਨ। ਜਦੋਂ ਇਹਨਾਂ ਨੂੰ ਸੇਕ ਲੱਗਦਾ ਹੈ ਤਾਂ ਇਹ ਕਾਨੂੰਨ ਅਤੇ ਸਰਕਾਰੀ ਮਸ਼ੀਨਰੀ ਨੂੰ ਢਾਲ ਬਣਾ ਲੈਂਦੇ ਹਨ। ਇਸ ਤਰ੍ਹਾਂ ਆਪਣੇ ਮੁੱਢਲੇ ਹੱਕਾਂ ਲਈ ਸੰਘਰਸ਼ ਕਰਨ ਵਾਲਿਆਂ ਨੂੰ ਲੋਕਤੰਤਰਿਕ ਢੰਗ ਨਾਲ ਕਦੇ ਉਹ ਮੰਚ ਨਹੀਂ ਮਿਲਦਾ ਜਿਸਦੇ ਰਾਹੀਂ ਉਹਨਾਂ ਨੇ ਆਪਣੀ ਗੱਲ ਕਹਿਣੀ ਹੁੰਦੀ ਹੈ।

ਆਕੂਪਾਈ ਮੂਵਮੈਂਟ ਦੀ ਪਹਿਲੀ ਵਰ੍ਹੇਗੰਢ ਮੌਕੇ ਪੁਲਿਸ ਨੇ ਇੱਕ ਦਿਨ 'ਚ ਹੀ ਨਿਊ ਯਾਰਕ ਸਟੌਕ ਐਕਸਚੇਂਜ਼ ਨੇੜੇ ਵਿਰੋਧ ਜਤਾ ਰਹੇ ਲਗਭਗ 200 ਪ੍ਰਦਰਸ਼ਨਕਾਰੀਆਂ ਨੂੰ ਗ੍ਰਿਫਤਾਰ ਕਰ ਲਿਆ। ਪੁਲਿਸ ਲਈ ਬੇਸ਼ਰਮੀ ਦੀ ਗੱਲ ਇਹ ਹੈ ਕਿ ਉਹਨਾਂ ਨੇ ਵੀਲ੍ਹ ਚੇਅਰ 'ਤੇ ਆਏ ਚਾਰ ਪ੍ਰਦਰਸ਼ਨਕਾਰੀਆਂ ਨੂੰ ਵੀ ਨਹੀਂ ਬਖ਼ਸ਼ਿਆ, ਉਹਨਾਂ ਨੂੰ ਧੱਕੇ ਵੀ ਮਾਰੇ ਗਏ ਤੇ ਹੱਥਕੜੀ ਵੀ ਲਾਈ ਗਈ। ਪੁਲਿਸ ਦਾ ਇਹ ਰਵੱਈਆ ਸਾਬਤ ਕਰਦਾ ਹੈ ਕਿ ਨਿਊਯਾਰਕ ਸਟੌਕ ਐਕਸਚੇਂਜ਼ 'ਤੇ ਕਬਜ਼ਾ ਕਰੀ ਬੈਠੀ ਜਮਾਤ ਆਮ ਤੇ ਨਿਰਬਲ ਬੰਦੇ ਦੀ ਅਵਾਜ਼ ਤੋਂ ਕਿੰਨਾ ਡਰਦੀ ਹੈ। ਜ਼ਿਕਰਯੋਗ ਹੈ ਕਿ ਪ੍ਰਦਰਸ਼ਨਕਾਰੀਆਂ ਨੇ ਨਿਊ ਯਾਰਕ ਦੇ ਵਿੱਚ ਆਕੂਪਾਈ ਮੂਵਮੈਂਟ ਦੀ ਵਰ੍ਹੇ-ਗੰਢ ਮਨਾਉਣ ਤਹਿਤ ਲਗਾਤਾਰ ਤਿੰਨ ਦਿਨ ਪ੍ਰਦਰਸ਼ਨ ਕੀਤੇ। ਪ੍ਰਦਰਸ਼ਨਕਾਰੀਆਂ ਦੀਆਂ ਇਹਨਾਂ ਸਰਗਰਮੀਆਂ ਨੂੰ ਸਿਰਫ਼ ਨਿਊਯਾਰਕ ਵਿੱਚ ਹੀ ਨਹੀਂ ਸਗੋਂ ਅੰਤਰਰਾਸ਼ਟਰੀ ਪੱਧਰ 'ਤੇ ਵੀ ਕਾਫ਼ੀ ਸਮਰਥਨ ਮਿਲਿਆ। ਵਾਸ਼ਿੰਗਟਨ ਵਿੱਚ ਵੀ 25 ਵਿਅਕਤੀ ਗ੍ਰਿਫਤਾਰ ਕੀਤੇ ਗਏ। ਖ਼ਾਸ ਗੱਲ ਇਹ ਹੈ ਕਿ ਵਾਲ ਸਟਰੀਟ ਵਿਰੋਧੀ ਪ੍ਰਦਰਸ਼ਨ ਦੇ ਹੱਕ 'ਚ ਆਮ ਵਿਅਕਤੀ ਨੇ ਹਾਅ ਦਾ ਨਾਅਰਾ ਮਾਰਿਆ। ਅਮਰੀਕਾ ਦੇ ਹੀ ਸੈਂਕੜੇ ਸ਼ਹਿਰਾਂ ਅਤੇ ਕਸਬਿਆਂ ਵਿੱਚ ਵਾਲ ਸਟਰੀਟ ਦੇ ਵਿਰੋਧ ਵਿੱਚ ਪ੍ਰਦਰਸ਼ਨ ਹੋਏ ਹਨ, ਹੋਣ ਵੀ ਕਿਉਂ ਨਾ ਸਿਰਫ ਮੁੱਠੀ ਭਰ ਲੋਕਾਂ ਨੇ ਦੁਨੀਆਂ ਦੇ ਸਾਰੇ ਸਾਧਨਾਂ ਉੱਤੇ ਆਪਣਾ ਕਬਜ਼ਾ ਜਮਾ ਲਿਆ ਹੈ। ਖ਼ਾਸ ਗੱਲ ਇਹ ਹੈ ਕਿ ਅਮੀਰ ਜਮਾਤ ਅੰਤਰਰਾਸ਼ਟਰੀ ਪੱਧਰ 'ਤੇ ਇੱਕ ਹੈ, ਅਮਰੀਕਾ ਅਤੇ ਭਾਰਤ ਦੇ ਅਮੀਰਾਂ ਵਿੱਚ ਕੋਈ ਫਰਕ ਨਹੀਂ, ਇਹ ਆਪਣੇ ਹਿੱਤਾਂ ਦੀ ਪੂਰਤੀ ਲਈ ਮਿਲ-ਜੁਲ ਕੇ ਰਹਿੰਦੇ ਹਨ। ਅਜਿਹੀ ਹਾਲਤ ਵਿੱਚ ਇਹਨਾਂ ਹੱਥੋਂ ਲੁੱਟ ਰਹੀ ਜਮਾਤ ਦਾ ਇੱਕ ਹੋਣਾ ਵੀ ਜ਼ਰੂਰੀ ਹੈ।



ਪ੍ਰਦਰਸ਼ਨ ਵਿੱਚ ਜ਼ਿਆਦਾਤਰ ਉਹਨਾਂ ਵਿਦਿਆਰਥੀਆਂ ਨੇ ਭਾਗ ਲਿਆ ਜਿਨ੍ਹਾਂ ਨੇ ਬੈਂਕ ਤੋਂ ਕਰਜ਼ ਲੈ ਕੇ ਆਪਣੀ ਪੜ੍ਹਾਈ ਪੂਰੀ ਕੀਤੀ ਪਰ ਹੁਣ ਉਹਨਾਂ ਨੂੰ ਵਾਜਬ ਕੰਮ ਨਹੀਂ ਮਿਲ ਰਿਹਾ। ਪ੍ਰਦਰਸ਼ਨ 'ਚ ਚੰਗੀ ਗੱਲ ਇਹ ਰਹੀ ਕਿ ਅਮਰੀਕਾ ਦੇ ਦੋਵੇਂ ਮੁੱਖ ਸਿਆਸੀ ਦਲਾਂ ਦੇ ਸਮਰਥਕਾਂ ਨੇ ਵੀ ਭਾਗ ਲਿਆ।

ਪੁਲਿਸ ਨੇ ਜਿਸ ਤਰ੍ਹਾਂ ਦੀ ਕਾਰਵਾਈ ਪ੍ਰਦਰਸ਼ਨਕਾਰੀਆਂ ਵਿਰੁੱਧ ਕੀਤੀ ਹੈ ਉਸ ਤੋਂ ਇਹ ਜਾਪਦਾ ਹੈ ਜਿਵੇ ਅਮਰੀਕਾ ਵਿੱਚ ਲੋਕਤੰਤਰ ਦੀ ਥਾਂ ਸੈਨਿਕ ਰਾਜ ਹੋਵੇ। ਪਿਛਲੇ ਸਾਲ ਵੀ ਤੇ ਇਸ ਵਾਰ ਵੀ ਬਹੁਤ ਸਾਰੇ ਪ੍ਰਦਰਸ਼ਨਕਾਰੀਆਂ 'ਤੇ ਘੁਸਪੈਠ ਕਰਨ ਦੇ ਝੂਠੇ ਦੋਸ਼ ਲਾ ਕੇ ਪਰਚੇ ਦਰਜ ਕੀਤੇ ਗਏ। ਜਿਨ੍ਹਾਂ ਚੋਂ ਬਹੁਤ ਸਾਰੇ ਮਾਮਲੇ ਅਜੇ ਕਾਰਵਾਈ ਅਧੀਨ ਹਨ। ਜ਼ਿਕਰਯੋਗ ਹੈ ਕਿ ਪੁਲਿਸ ਨੇ ਪਿਛਲੇ ਇੱਕ ਸਾਲ ਵਿੱਚ ਦੋ ਹਜ਼ਾਰ ਵਿਅਕਤੀ ਗ੍ਰਿਫਤਾਰ ਕੀਤੇ ਹਨ।

ਇਸ ਵਾਰ ਪ੍ਰਦਰਸ਼ਨਕਾਰੀਆਂ ਵੱਲੋਂ ਨਿਊ ਯਾਰਕ ਸਟੌਕ ਐਕਸਚੇਂਜ਼ ਨੂੰ ਘੇਰਨ ਦੀ ਜੋ ਯੋਜਨਾ ਬਣਾਈ ਗਈ ਸੀ ਪੁਲਿਸ ਨੇ ਉਸਨੂੰ ਸਿਰੇ ਨਹੀਂ ਚੜ੍ਹਨ ਦਿੱਤਾ। ਪੁਲਿਸ ਵੱਲੋਂ ਪ੍ਰਦਰਸ਼ਨਕਾਰੀਆਂ ਨੂੰ ਰੋਕਣ ਲਈ ਪਹਿਲਾਂ ਹੀ ਪ੍ਰਬੰਧ ਕਰ ਲਏ ਗਏ ਸਨ। ਪੁਲਿਸ ਨੇ ਛੋਟੇ ਰਸਤਿਆਂ ਨੂੰ ਪਹਿਲਾਂ ਹੀ ਬੰਦ ਕਰ ਦਿੱਤਾ ਅਤੇ ਜਿੱਥੇ ਪ੍ਰਦਰਸ਼ਨ ਸੀ ਉੱਥੇ ਵਾੜ ਲਗਾ ਦਿੱਤੀ। ਇਸ ਤੋਂ ਇਲਾਵਾ ਮੌਕੇ 'ਤੇ ਦੰਗਾਕਾਰੀਆਂ ਨੂੰ ਕਾਬੂ ਕਰਨ ਵਾਲੀ ਪੁਲਿਸ ਦੇ ਜਵਾਨ ਵੀ ਕਾਫ਼ੀ ਗਿਣਤੀ 'ਚ ਹਾਜ਼ਰ ਸਨ। ਪੁਲਿਸ ਦੇ ਇਹਨਾਂ ਪ੍ਰਬੰਧਾਂ ਕਾਰਨ ਜਦੋਂ ਪ੍ਰਦਰਸ਼ਨਕਾਰੀ ਛੋਟੇ-ਛੋਟੇ ਗਰੁੱਪਾਂ ਵਿੱਚ ਵੰਡੇ ਗਏ ਤਾਂ ਵੀ ਉਹ ਪੁਲਿਸ ਦੇ ਜਵਾਨਾਂ ਦੀ ਨਿਗਰਾਨੀ ਹੇਠ ਹੀ ਰਹੇ। ਇਸ ਤਰ੍ਹਾਂ ਦੀ ਹਾਲਤ ਵਿੱਚ ਉਹ ਅਜਿਹਾ ਪ੍ਰਦਰਸ਼ਨ ਨਹੀਂ ਕਰ ਸਕੇ ਜਿਸ ਤਰ੍ਹਾਂ ਦੀ ਉਹਨਾਂ ਨੂੰ ਉਮੀਦ ਸੀ। ਨਿਊ ਯਾਰਕ ਦੇ ਜ਼ਕੋਟੀ ਪਾਰਕ ਵਿੱਚ ਬਹੁਤ ਸਾਰੇ ਪ੍ਰਦਰਸ਼ਨਕਾਰੀਆਂ ਨੂੰ ਪੁਲਿਸ ਅਤੇ ਪ੍ਰਾਈਵੇਟ ਸੁਰੱਖਿਆ ਕਰਮੀਆਂ ਦੁਆਰਾ ਘੇਰੀ ਰੱਖਿਆ ਗਿਆ ਜਦੋਂ ਕਿ ਪੁਲਿਸ ਕੋਲ ਕਾਨੂੰਨੀ ਤੌਰ 'ਤੇ ਅਜਿਹਾ ਕਰਨ ਦਾ ਕੋਈ ਹੁਕਮ ਨਹੀਂ ਸੀ।

# ਪੰਜਾਬੀ ਲਿਖ਼ਾਰੀ ਸਭਾ ਕੈਲਗਰੀ ਵੱਲੋਂ ਰਾਜਿੰਦਰ ਨਾਗੀ ਦਾ ਕਾਵਿ-ਸੰਗ੍ਰਹਿ ‘ਸਾਉਣ ਦੀਆਂ ਕਣੀਆਂ’ ਲੋਕ ਅਰਪਣ

ਕੈਲਗਰੀ (ਬਲਜਿੰਦਰ ਸੰਘਾ)-ਪੰਜਾਬੀ ਲਿਖ਼ਾਰੀ ਸਭਾ ਕੈਲਗਰੀ ਦੀ ਮਾਸਿਕ ਇਕੱਤਰਤਾ ਕੋਸੋ ਦੇ ਹਾਲ ਵਿਚ ਹੋਈ। ਜਨਰਲ ਸਕੱਤਰ ਬਲਜਿੰਦਰ ਸੰਘਾ ਨੇ ਰਸਮੀ ਕਾਰਵਾਈ ਤਹਿਤ ਸਭਾ ਦੇ ਪ੍ਰਧਾਨ ਮਹਿੰਦਰਪਾਲ ਸਿੰਘ ਪਾਲ, ਮੋਢੀ ਮੈਂਬਰ ਜਸਵੰਤ ਸਿੰਘ ਗਿੱਲ, ਲੇਖਿਕਾ ਸੁਰਿੰਦਰ ਗੀਤ, ਬਲਵਿੰਦਰ ਕੌਰ ਬਰਾੜ ਅਤੇ ਹਰਮਿੰਦਰ ਕੌਰ ਢਿੱਲੋਂ ਨੂੰ ਪ੍ਰਧਾਨਗੀ ਮੰਡਲ ਵਿਚ ਬੈਠਣ ਦਾ ਸੱਦਾ ਦਿੱਤਾ। ਇਸਤੋਂ ਬਾਅਦ ਸਾਹਿਤਕਾਰ ਅਵਤਾਰ ਜੰਡਿਆਲਵੀ, ਗਾਇਕ ਹਾਕਮ ਸੂਫੀ ਅਤੇ ਪ੍ਰਸਿੱਧ ਸਮਾਜ ਸੇਵੀ ਪਾਲੀ ਵਿਰਕ ਦੇ ਭਤੀਜੇ ਰਿਪਰਾਜ ਵਿਰਕ ਦੇ ਸਦੀਵੀ ਵਿਛੋੜੇ ਦੇ ਜਾਣ ਉੱਤੇ ਅਫ਼ਸੋਸ ਪ੍ਰਗਟਾਇਆ ਅਤੇ ਦੁਖੀ ਪਰਿਵਾਰਾਂ ਨਾਲ ਹਮਦਰਦੀ ਜ਼ਾਹਿਰ ਕੀਤੀ। ਉੱਘੇ ਗਜ਼ਲਗੋ ਅਤੇ ਵੈਨਕੂਵਰ ਨਿਵਾਸੀ ਗੁਰਦਰਸ਼ਨ ਬਾਦਲ ਜੀ ਦੀ ਸਿਹਤਯਾਬੀ ਲਈ ਵੀ ਕਾਮਨਾ ਕੀਤੀ ਗਈ। ਸਾਹਿਤ ਪ੍ਰੇਮੀ ਮੰਗਲ ਚੱਠਾ ਦੇ ਪਰਿਵਾਰ ਨੂੰ ਸਭਾ ਵੱਲੋਂ ਬੱਚੀ ਦੇ ਜਨਮ ਦਿਨ ਦੀ ਵਧਾਈ ਦਿੱਤੀ ਗਈ। ਇਸੇ ਪਰਿਵਾਰ ਦੀ ਬੱਚੀ ਗੁਰਵੀਨ ਚੱਠਾ ਨੇ ਮੰਚ ਤੋਂ ਰਚਨਾ ਬੋਲ ਕੇ ਨਵੀ ਪੀੜ੍ਹੀ ਦੇ ਸਭਾ ਨਾਲ ਜੁੜਨ ਦਾ ਮੁੱਢ ਬੰਨਿਆ। ਸਭਾ ਵੱਲੋਂ ਇਸ ਪਿਰਤ ਨੂੰ ਪੱਕਾ ਕਰਨ ਲਈ ਇਹ ਨਿਸਚਿਤ ਕੀਤਾ ਕਿ ਹਰੇਕ ਵਾਰ ਇਕ ਬੱਚੇ ਤੋਂ ਪੰਜਾਬੀ ਬੋਲੀ ਵਿਚ ਰਚਨਾ ਸੁਣੀ ਜਾਇਆ ਕਰੇਗੀ। ਇਸਲਈ ਸਭਾ ਵੱਲੋ ਵਿਸ਼ੇਸ਼ ਇਨਾਮ ਦੇ ਕੇ ਬੱਚੇ ਨੂੰ ਸਨਮਾਨਿਤ ਕੀਤਾ ਜਾਇਆ ਕਰੇਗਾ ਜਿਸ ਨਾਲ ਹੋਰ ਬੱਚਿਆਂ ਵਿੱਚ ਵੀ ਉਤਸ਼ਾਹ ਵਧੇਗਾ,ਇਸ ਲਈ ਚਾਹਵਾਨ ਬੱਚੇ ਹੁਣ ਤੋਂ ਹੀ ਆਪਣਾ ਨਾਮ ਰਜ਼ਿਸਟਰ ਕਰਵਾ ਸਕਦੇ ਹਨ। ਕਾਵਿ ਮਹਿਫ਼ਲ ਦੀ ਸ਼ੁਰੂਆਤ ਬੀਜਾ ਰਾਮ ਦੇ ਗੀਤ ਨਾਲ ਹੋਈ ਤੇ ਮਹਿਫ਼ਲ ਵਿਚ ਸਤਵੰਤ ਸਿੰਘ, ਗੁਰਬਚਨ ਬਰਾੜ, ਬਲਵੀਰ ਗੋਰਾ, ਸੁਰਿੰਦਰ ਗੀਤ, ਸੁਰਿੰਦਰ ਸ਼ਰਮਾ, ਸੁਖਵਿੰਦਰ ਤੂਰ, ਬੱਚੀ ਗੁਰਵੀਨ ਚੱਠਾ, ਤਰਨ ਰੰਧਾਵਾ, ਅਜੈਬ ਸਿੰਘ ਸੇਖੋਂ, ਗੁਰਨਾਮ ਸਿੰਘ ਗਿੱਲ, ਰਾਣਾ ਚੰਨ, ਕਮਲਜੀਤ ਕੌਰ ਸ਼ੇਰਗਿੱਲ, ਤਰਲੋਚਨ ਸੈਂਭੀ, ਹਰਨੇਕ ਬੱਧਨੀ, ਮਨਜੀਤ ਬਰਾੜ, ਸੁਰਜੀਤ ਪੰਨੂ, ਕੁਲਬੀਰ ਸ਼ੇਰਗਿੱਲ ਅਤੇ ਹਰਮਿੰਦਰ ਕੌਰ ਢਿੱਲੋਂ ਆਦਿ ਨੇ ਭਾਗ ਲਿਆ। ਸੁਰਿੰਦਰ ਗੀਤ ਨੇ ਆਪਣੀ ਨਵੀਂ ਲਿਖੀ ਕਵਿਤਾ ਨਾਲ ਸਰੋਤਿਆਂ ਨੂੰ ਮੰਤਰ ਮੁਗਧ ਕਰ ਦਿੱਤਾ। ਕਾਵਿ ਮਹਿਫ਼ਲ ਤੋਂ ਬਾਅਦ ਪ੍ਰਸਿੱਧ ਚਿੱਤਰਕਾਰ ਹਰਪ੍ਰਕਾਸ਼ ਜ਼ਨਾਗਲ ਵੱਲੋਂ ਲੇਖਿਕਾ ਸੁਰਿੰਦਰ ਗੀਤ ਨੂੰ ਉਹਨਾਂ ਦਾ ਬਣਾਇਆ ਚਿੱਤਰ ਭੇਂਟ ਕੀਤਾ, ਜਿਸਦੀ ਕਲਾ ਪਾਰਖੂਆਂ ਨੇ ਖੂਬ ਸਰਾਹਨਾ ਕੀਤੀ। ਸੁਰਿੰਦਰ ਗੀਤ ਨੇ ਚਿੱਤਰਾਕਰ ਦਾ ਧੰਨਵਾਦ ਕੀਤਾ। ਇਸ ਮੌਕੇ ਲੇਖਕ ਰਾਜਿੰਦਰ ਨਾਗੀ ਦੀ ਕਿਤਾਬ ‘ਸਾਉਣ ਦੀਆਂ ਕਣੀਆਂ’ ਦਾ ਲੋਕ ਅਰਪਣ ਵੀ ਕੀਤਾ ਗਿਆ, ਜਿਸ ਉੱਤੇ ਪਰਚਾ ਮਹਿੰਦਰਪਾਲ ਸਿੰਘ ਪਾਲ ਅਤੇ ਬਲਜਿੰਦਰ ਸੰਘਾ ਨੇ ਪੜ੍ਹਿਆ। ਬਲਜਿੰਦਰ ਸੰਘਾ ਨੇ ਪਰਚਾ ਪੜ੍ਹਦਿਆਂ ਆਖਿਆ ਕਿ ਰਾਜਿੰਦਰ ਨਾਗੀ ਨੇ ਆਪਣੀ ਪਹਿਲੀ ਕਿਤਾਬ ਨਾਲ ਹੀ ਗੀਤਕਾਰੀ ਦੇ ਖੇਤਰ ਵਿੱਚ ਆਪਣੀ ਪਹਿਚਾਣ ਪੱਕੀ ਕਰ ਲਈ ਹੈ। ਉਹਨਾਂ ਅੱਗੇ ਕਿਹਾ ਕਿ ਅਜੇ ਨਾਗੀ ਦੇ ਗੀਤਾਂ ਦਾ ਵਿਸ਼ਾ ਵਸਤੂ ਪਿਆਰ ਹੈ ਪਰ ਹੌਲੀ ਹੌਲੀ ਸਮਾਜਿਕ ਸਰੋਕਾਰ ਵੀ ਕਵਿਤਾ ਵਿੱਚ ਸ਼ਾਮਲ ਹੋ ਜਾਣਗੇ। ਨਾਲ ਹੀ ਬਲਜਿੰਦਰ ਸੰਘਾ ਨੇ ਡੈਮੋਕਰੇਟਕ ਕਲਚਰਲ ਫੋਰਮ ਦੀਆਂ ਸਰਮਗਰਮੀਆਂ ‘ਤੇ ਵੀ ਚਾਨਣਾ ਪਾਇਆ ਅਤੇ ਇਹ ਵੀ ਜਾਣਕਾਰੀ ਦਿੱਤੀ ਕਿ ਸਭਾ ਦੇ ਖਜ਼ਾਨਚੀ ਬਲਵੀਰ ਗੋਰੇ ਦੇ ਗੀਤਾਂ ਦੀ ਵੀਡੀਓ ਵੀ ਛੇਤੀ ਹੀ ਰਿਲੀਜ਼ ਹੋਣ ਜਾ ਰਹੀ ਹੈ। ਉਹਨਾਂ ਕੈਲਗਰੀ ਵਿੱਚ ਤਲਵੰਡੀ ਵੀਡਿਓ ਸਟੋਰ ਤੇ ਲੱਗੇ ਪੁਸਤਕ ਮੇਲੇ ਬਾਰੇ ਦੱਸਦਿਆਂ ਕਿਹਾ ਕਿ ਸਭਾ ਦੇ ਸਹਿਯੋਗ ਨਾਲ ਲਗਾਇਆ ਇਹ ਮੇਲਾ ਪੂਰੀ ਤਰ੍ਹਾਂ ਸਫਲ ਰਿਹਾ। ਕੈਲਗਰੀ ਵਾਸੀਆਂ ਨੇ ਪੰਜ ਦਿਨ ਚੱਲੇ ਇਸ ਮੇਲੇ ਵਿੱਚੋਂ ਛੇ ਸੋ ਦੇ ਕਰੀਬ ਕਿਤਾਬਾਂ ਖਰੀਦੀਆਂ ਜੋ ਇਕ ਰਿਕਾਰਡ ਹੈ। ਸਭਾ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬੀ ਲਿਖ਼ਾਰੀ ਸਭਾ ਇਕ ਨਿਰਪੱਖ ਸਭਾ ਹੈ ਜਿਸਦੀ ਕਮੇਟੀ ਦੋ ਸਾਲ ਲਈ ਚੁਣੀ ਜਾਂਦੀ ਹੈ ਅਤੇ ਕਮੇਟੀ ਦੇ ਅਹੁਦੇਦਾਰ ਸਰਗਰਮ ਮੈਂਬਰਾਂ ਵਿੱਚੋਂ ਚੁਣੇ ਜਾਂਦੇ ਹਨ। ਸਭਾ ਵਿੱਚ ਮਹੱਤਵਪੂਰਨ ਫੈਸਲੇ ਸਭ ਮੈਂਬਰਾ ਦੀ ਸਹਿਮਤੀ ਜਾਂ ਬਹੁਮਤ ਨਾਲ ਕੀਤੇ ਜਾਂਦੇ। ਉਹਨਾਂ ਇਸ ਗੱਲ ਤੇ ਖੁਸ਼ੀ ਪ੍ਰਗਟ ਕੀਤੀ ਕਿ ਇਸ ਸਭਾ ਦੀ ਮੀਟਿੰਗ ਵਿਚ ਸਾਹਿਤ ਸਭਾ ਅਤੇ ਰਾਈਟਰਜ਼ ਫੋਰਮ ਦੇ ਨੁਮਾਇੰਦੇ ਵੀ ਹਮੇਸ਼ਾ ਹਾਜ਼ਰੀ ਲਵਾਉਂਦੇ ਹਨ ਅਤੇ ਲੇਖਕਾਂ ਦਾ ਇਹ ਇਕੱਠ ਉਹਨਾਂ ਲੋਕਾਂ ਲਈ ਇਕ ਸਬਕ ਹੈ ਜੋ ਅਸਾਹਿਤਕ ਰੁਚੀਆਂ ਨਾਲ ਸਾਹਿਤ ਵਿੱਚ ਘੁਸਪੈਠ ਕਰਦੇ ਹਨ। ਅੰਤ ਵਿੱਚ ਲੇਖਿਕਾ ਬਲਵਿੰਦਰ ਕੌਰ ਬਰਾੜ ਨੇ ਅੱਜ ਦੇ ਪ੍ਰੋਗਰਾਮ ਨੂੰ ਸਫਲ ਦੱਸਦਿਆ ਸਭਾ ਨੂੰ ਵਧਾਈ ਦਿੱਤੀ ਅਤੇ ਸਭਾ ਦੇ ਰਲ-ਮਿਲ ਬੈਠਣ ਦੇ ਵਤੀਰੇ ਨੂੰ ਵਧੀਆ ਸ਼ੁਰੂਅਤ ਕਿਹਾ। ਇਕੱਤਰਤਾ ਵਿੱਚ ਵੀਡੀਓਗ੍ਰਾਫੀ ਅਤੇ ਫੋਟੋਗ੍ਰਾਫੀ ਦੀ ਜ਼ਿੰਮਵਾਰੀ ਸਭਾ ਦੇ ਸਕੱਤਰ ਸੁਖਪਾਲ ਪਰਮਾਰ ਵੱਲੋਂ ਨਿਭਾਈ ਗਈ। ਇਹਨਾਂ ਤੋਂ ਇਲਾਵਾ ਹਰੀਪਾਲ, ਸਰੂਪ ਸਿੰਘ ਮੰਡੇਰ, ਰਣਜੀਤ ਸਿੰਘ ਲਾਡੀ, ਕੁੰਦਨ ਸਿੰਘ ਸ਼ੇਰਗਿੱਲ, ਗੁਰਲਾਲ ਸਿੰਘ ਰੁਪਾਲੋਂ, ਮਾ ਭਜਨ ਸਿੰਘ ਗਿੱਲ, ਸੁਰਿੰਦਰ ਕੁਮਾਰ ਮੁੱਲਾਂਪੁਰ, ਹਰਕੇਸ਼ ਚੌਧਰੀ ਲੋਕ ਕਲਾ ਮੰਚ ਮੁੱਲਾਂਪੁਰ, ਸਿਮਰ ਕੌਰ ਚੀਮਾ, ਸੁਰਿੰਦਰ ਕੌਰ ਚੀਮਾ, ਜੁਗਰਾਜ ਸਿੰਘ ਮੱਲੀ, ਮੰਗਲ ਚੱਠਾ, ਸੀਮਾ ਚੱਠਾ, ਹੈਪੀ ਦਿਵਾਲੀ, ਪ੍ਰਸ਼ੋਤਮ ਪੱਤੋ ਅਤੇ ਹੋਰ ਬਹੁਤ ਸਾਰੇ ਸੱਜਣ ਹਾਜ਼ਰ ਸਨ। ਅਖੀਰ ਵਿਚ ਪ੍ਰਧਾਨ ਮਹਿੰਦਰਪਾਲ ਸਿੰਘ ਪਾਲ ਨੇ ਨੰਦ ਲਾਲ ਨੂਰਪੁਰੀ ਦੇ ਪਰਿਵਾਰ ਲਈ ਇਕੱਠੇ ਕੀਤੇ ਜਾ ਰਹੇ ਫੰਡ ਦਾ ਅੱਜ ਆਖ਼ਰੀ ਦਿਨ ਘੋਸ਼ਿਤ ਕੀਤਾ ਅਤੇ ਆਖਿਆ ਕਿ ਇਹ ਫੰਡ ਜਲਦੀ ਹੀ ਉਹਨਾਂ ਦੇ ਪਰਿਵਾਰ ਨੂੰ ਪਹੁੰਚਾਇਆ ਜਾਵੇਗਾ। ਜਿਹਨਾਂ ਸੱਜਣਾ ਨੂੰ ਸਟੇਜ ਤੇ ਬੋਲਣ ਦਾ ਮੌਕਾ ਨਹੀਂ ਮਿਲ ਸਕਿਆ ਉਹਨਾਂ ਤੋਂ ਪ੍ਰਬੰਧਕਾਂ ਨੇ ਮੁਾਫ਼ੀ ਮੰਗੀ। ਸਭਾ ਦੀ ਅਗਲੀ ਮੀਟਿੰਗ 21 ਅਕਤੂਬਰ 2012 ਦਿਨ ਐਤਵਾਰ ਨੂੰ ਕੋਸੋ ਹਾਲ ਵਿਚ ਹੋਵੇਗੀ। ਹੋਰ ਜਾਣਕਾਰੀ ਲਈ ਮਹਿੰਦਰਪਾਲ ਸਿੰਘ ਪਾਲ ਨਾਲ 403-880-1677 ਜਾਂ ਜਨਰਲ ਸਕੱਤਰ ਬਲਜਿੰਦਰ ਸੰਘਾ ਨਾਲ 403-680-3212 ਤੇ ਸਪੰਰਕ ਕੀਤਾ ਜਾ ਸਕਦਾ ਹੈ।




# ਰਾਈਟਰਜ਼ ਫੋਰਮ ਵੱਲੋਂ ਆਲੋਚਕ ਅਤੇ ਲੇਖਕ ਦੇ ਪਰਸਪਰ ਸਬੰਧਾਂ 'ਤੇ ਚਰਚਾ

ਕੈਲਗਰੀ (ਨਦਬ)-ਇਸ ਵਾਰ ਰਾਈਟਰਜ਼ ਫੋਰਮ ਕੈਲਗਰੀ ਦੀ ਮਾਸਿਕ ਇਕੱਤਰਤਾ ਕਾਊਂਸਲ ਆਫ ਸਿੱਖ ਆਰਗੇਨਾਈਜੇਸ਼ਨ (ਕੋਸੋ) ਦੇ ਹਾਲ ਵਿੱਚ ਹੋਈ ਜਿਸਦੀ ਪ੍ਰਧਾਨਗੀ ਸ਼ਮਸ਼ੇਰ ਸਿੰਘ ਸੰਧੂ ਅਤੇ ਜਨਾਬ ਸਬ੍ਹਾ ਸ਼ੇਖ਼ ਨੇ ਕੀਤੀ। ਇਕੱਤਰਤਾ 'ਚ ਲੇਖਕ ਤੇ ਆਲੋਚਕ ਦੇ ਪਰਸਪਰ ਸਬੰਧਾਂ 'ਤੇ ਵਿਚਾਰ ਚਰਚਾ ਕੀਤੀ ਗਈ। ਜਿਸ ਤੋਂ ਇਹ ਸਿੱਟਾ ਕੱਢਿਆ ਗਿਆ ਕਿ ਰਚਨਾ 'ਤੇ ਹੋਈ ਚੰਗੀ ਆਲੋਚਨਾ ਰਚਨਾ ਨੂੰ ਹੋਰ ਨਿਖ਼ਾਰਦੀ ਹੈ ਪਰ ਪੰਜਾਬੀ ਸਾਹਿਤ ਦੇ ਖੇਤਰ 'ਚ ਚੰਗੇ ਤੇ ਇਮਾਨਦਾਰ ਆਲੋਚਕਾਂ ਦੀ ਕਮੀ ਹੈ। ਚਰਚਾ ਤੋਂ ਬਆਦ ਮਹਿਫਿਲ ਲਾਈ ਗਈ, ਜਿਸਦਾ ਆਗਾਜ਼ ਸਬ ਸੇਖ ਦੀ ਉਰਦੂ ਨਜ਼ਮ

**ਕਬ ਚਾਹਾ ਜਾਨ ਮੁਝ ਪੇ ਵਾਰ ਦੋ,**
**ਬਸ ਪਯਾਰ ਸੇ ਹਸਤੀ ਮੇਰੀ ਸੰਵਾਰ ਦੋ।**

ਨਾਲ ਹੋਇਆ। ਉਸ ਤੋਂ ਬਾਅਦ ਅਜਾਇਬ ਸਿੰਘ ਸੇਖੋਂ ਨੇ ਨਜ਼ਮ ਨਾਂ ਦੀ ਕਵਿਤਾ ਪੜ੍ਹੀ। ਮੋਹਤਰਮਾ ਅਮਤੁਲ ਮਤੀਨ ਖ਼ਾਨ ਨੇ ਵੀ ਆਪਣੀਆਂ ਦੋ ਨਜ਼ਮਾਂ ਸਾਂਝੀਆ ਕੀਤੀਆ। ਜਸਵੰਤ ਸਿੰਘ ਨੇ ਵੀ ਆਪਣੀ ਕਵਿਤਾ ਨਾਲ ਚੰਗਾ ਰੰਗ ਬੰਨਿਆ। ਫੋਰਮ ਦੇ ਪ੍ਰਧਾਨ ਪ੍ਰੋ: ਸ਼ਮਸ਼ੇਰ ਸਿੰਘ ਸੰਧੂ ਨੇ ਆਪਣੀ ਗ਼ਜ਼ਲ ਸੁਣਾ ਕੇ ਸਰੋਤਿਆਂ ਨੂੰ ਝੂਮਣ ਲਾ ਦਿੱਤਾ। ਅਵਤਾਰ ਸਿੰਘ ਪਾਲੀ ਨੇ ਦੋਹਰੀ ਖੁਸ਼ੀ 'ਚ ਲੱਡੂ ਵੰਡੇ, ਉਹਨਾਂ ਦੇ ਘਰ ਬੇਟਾ ਵੀ ਹੋਇਆ ਤੇ ਉਹਨਾਂ ਨੇ ਨਵੀਂ ਨਜ਼ਮ ਵੀ ਲਿਖੀ। ਫੋਰਮ ਦੇ ਜਨਰਲ ਸਕੱਤਰ ਜੱਸ ਚਾਹਲ ਨੇ ਗ਼ਜ਼ਲ

**ਇਸ ਜ਼ਿੰਦਗੀ ਕੀ ਦੌੜ ਕਾ ਤਨਹਾ ਯਹੀ ਦਸਤੂਰ ਹੈ,**
**ਜੋ ਗਿਰ ਗਯਾ ਵੋ ਮਰ ਗਯਾ ਜੀਤਾ ਵਹੀ ਜੋ ਸੰਭਲ ਗਯਾ।**

ਸੁਣਾਈ। ਇਹਨਾਂ ਤੋਂ ਇਲਾਵਾ ਜਤਿੰਦਰ ਸਵੈਚ, ਦਲਜੀਤ ਸਿੰਘ, ਗੁਰਨਾਮ ਗਿੱਲ, ਜਾਵੇਦ ਨਿਜ਼ਾਮੀ ਅਤੇ ਤਾਰਿਕ ਮਲਿਕ ਨੇ ਵੀ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਹਰਕੰਵਲਜੀਤ ਨੇ ਭਾਜੀ ਗੁਰਸ਼ਰਨ ਦੀਆਂ ਯਾਦਾਂ ਸਾਂਝੀਆਂ ਕੀਤੀਆਂ। ਜਸਵੰਤ ਸਿੰਘ ਸਹੋਤਾ ਨੇ ਬਲਵਿੰਦਰ ਸਿੰਘ ਦੀ ਪੁਸਤਕ 'ਸੰਮੋਹਨ ਨੀਂਦ' 'ਤੇ ਚਰਚਾ ਕੀਤੀ। ਅੰਤ ਮਨਮੋਹਨ ਸਿੰਘ ਬਾਠ ਨੇ ਮੁਹੰਮਦ ਰਫੀ ਦਾ ਗੀਤ ਸੁਣਾ ਕੇ ਸਮਾਗਮ ਦੀ ਸਮਾਪਤੀ ਕੀਤੀ। ਸਰੋਤਿਆਂ 'ਚ ਜੰਗੀਰ ਸਿੰਘ ਘੁੰਮਣ, ਅਮਰੀਕ ਸਰੋਆ, ਐਮ ਰਾਏ ਅਤੇ ਅਮਰੀਕ ਰਾਜਪੂਤ ਹਾਜ਼ਰ ਸਨ।

ਰਾਈਟਰਜ਼ ਫੋਰਮ ਦੀ ਅਗਲੀ ਮਾਸਿਕ ਇਕੱਤਰਤਾ 6 ਅਕਤੂਬਰ 2012 ਨੂੰ 2 ਤੋਂ 5 ਤੱਕ ਕੋਸੋ ਹਾਲ 102-3208 8 ਐਵਿਨਿਊ ਤੇ ਹੋਵੇਗੀ। ਹੋਰ ਜਾਣਕਾਰੀ ਲਈ ਪ੍ਰਧਾਨ ਸ਼ਮਸ਼ੇਰ ਸਿੰਘ ਸੰਧੂ ਨਾਲ 403-285-5609 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਡਾ. ਗੁਰਭਜਨ ਗਿੱਲ ਦਾ ਕੈਲਗਰੀ ਪਹੁੰਚਣ 'ਤੇ ਸਵਾਗਤ



ਕੈਲਗਰੀ (ਨਦਬ)-ਪੰਜਾਬੀ ਸਾਹਿਤ ਅਕੈਡਮੀ ਦੇ ਪ੍ਰਧਾਨ ਡਾ. ਗੁਰਭਜਨ ਸਿੰਘ ਗਿੱਲ ਦਾ ਕੈਲਗਰੀ ਪਹੁੰਚਣ 'ਤੇ ਸਾਹਿਤ ਪ੍ਰੇਮੀਆਂ ਨੇ ਨਿੱਘਾ ਸਵਾਗਤ ਕੀਤਾ। ਇਸ ਫੇਰੀ ਸਬੰਧੀ ਜਾਣਕਰੀ ਦਿੰਦਿਆਂ ਉਹਨਾਂ ਦੱਸਿਆ ਕਿ ਇੱਥੇ ਉਹ ਹਫਤਾ ਕੁ ਠਹਿਰਨਗੇ ਤੇ ਇਸ ਦਰਮਿਆਨ 30 ਸਤੰਬਰ ਦਿਨ ਐਤਵਾਰ ਨੂੰ ਡਰੱਗ ਅਵੇਅਰਨੈਸ ਫਾਉਡੇਸ਼ਨ ਕੈਲਗਰੀ ਅਤੇ ਸਥਾਨਕ ਲੇਖਕ ਸਭਾਵਾਂ ਦੇ ਸਹਿਯੋਗ ਨਾਲ ਵਾਈਟਹੋਰਨ ਕਮਿਊਨਟੀ ਹਾਲ 228 ਵਾਈਰਹੌਰਨ ਰੋਡ ਕੈਲਗਰੀ ਵਿਖੇ ਸ਼ਾਮ ਤਿੰਨ ਵਜੇ ਤੋਂ ਛੇ ਵਜੇ ਤੱਕ ਕੈਲਗਰੀ ਦੇ ਸਰੋਤਿਆਂ ਦੇ ਰੂ ਬ ਰੂ ਹੋਣਗੇ। ਡਾ. ਗੁਰਭਜਨ ਸਿੰਘ ਗਿੱਲ ਦੀਆਂ ਹੁਣ ਤੱਕ ਛਪੀਆਂ ਪੁਸਤਕਾਂ ਵਿੱਚੋਂ ਸ਼ੀਸਾਂ ਝੂਠ ਬੋਲਦਾ ਹੈ, ਹਰ ਧੁਖ਼ਦਾ ਪਿੰਡ ਮੇਰਾ ਹੈ, ਬੋਲ ਮਿੱਟੀ ਦਿਆ ਬਾਵਿਆ, ਫੁੱਲਾਂ ਦੀ ਝਾਂਜ਼ਰ, ਧਰਤੀ ਨਾਦ ਆਦਿ ਪ੍ਰਮੁੱਖ ਹਨ। ਆਪਣੇ ਬਾਰੇ ਉਹ ਆਪਣੀ ਕਵਿਤਾ ਵਿੱਚ ਗੱਲ ਕਰਦੇ ਹਨ ਕਿ ‘ਗਰਦਨ ਸਿੱਧੀ ਰੱਖਣ ਦਾ ਮੁੱਲ ਤਾਰ ਰਹੇ ਹਾਂ, ਬੇਸ਼ਰਮਾਂ ਦਾ ਨੀਵੀ ਪਾਕੇ ਸਰ ਜਾਂਦਾ ਹੈ, ਤੀਰ, ਤਲਵਾਰ ਕਿਸੇ ਨੂੰ ਕੁਝ ਨਹੀਂ ਕਹਿੰਦੇ, ਆਪਣੀ ਨਜ਼ਰੋਂ ਗਿਰਕੇ ਬੰਦਾ ਮਰ ਜਾਂਦਾ ਹੈ।' 30 ਸਤੰਬਰ ਨੂੰ ਬੈਠਕ ਵਿੱਚ ਡਾ. ਗੁਰਭਜਨ ਸਿੰਘ ਗਿੱਲ ਦੇ ਵਿਚਾਰਾਂ ਅਤੇ ਸ਼ਾਇਰੀ ਦੇ ਨਾਲ-ਨਾਲ ਕੈਲਗਰੀ ਦੇ ਹੋਰ ਪੰਜਾਬੀ ਲੇਖਕ ਵੀ ਆਪਣੀਆਂ ਰਚਨਾਵਾਂ ਪੇਸ਼ ਕਰਨਗੇ। ਇਸ ਪ੍ਰੋਗਰਾਮ ਦੇ ਪ੍ਰਬੰਧਕਾਂ ਵਿੱਚ ਬਲਵਿੰਦਰ ਸਿੰਘ ਕਾਹਲੋਂ (ਬਿੱਲ ਕਾਹਲੋਂ),ਰਣਜੀਤ ਸਿੰਘ ਸਿੱਧੂ (ਰੇਡੀਓ ਸੁਰਸੰਗਮ), ਤਰਲੋਚਨ ਸੈਂਭੀ ਅਤੇ ਬਲਜਿੰਦਰ ਸੰਘਾ(ਜਨਰਲ ਸਕੱਤਰ ਪੰਜਾਬੀ ਲਿਖ਼ਾਰੀ ਸਭਾ ਕੈਲਗਰੀ) ਆਦਿ ਸ਼ਾਮਲ ਹਨ।


## Naresh Bhardwaj, MLA Edmonton Ellerslie
## Chair, Capital Region Caucus



Always there for you.

**Albertans have their say on new rules for the province's financial decisions**

The Alberta government is asking Albertans to help set the boundaries for spending, saving and funding infrastructure through a public consultation called Dollars and Sense.

Albertans can participate by visiting www.dollarsandsense.alberta.ca to review information and answer questions about the factors that make up our fiscal ground rules, such as:

when the province should save;
whether a dedicated account for infrastructure should be created; and
what the Alberta Heritage Trust Fund should be used for.

Associate Minister of Finance Kyle Fawcett will also be hosting a series of panel discussions with approximately 100 leaders from the financial and banking sector, the business world, academics, think tanks and other organizations. The panels will be held in Edmonton and Calgary during the week of Sept. 17 to 21. Panel discussion guides being used during the sessions will be available on the Dollars and Sense website.

The deadline for online submissions is Oct. 31. A report summarizing the results from both the online survey and discussion at the expert panels will be released later in the fall.

Also in October, the Alberta government will be conducting public sessions across the province to hear from Albertans on their priorities for Budget 2013.

For information about programs and services, help with other levels of government and free notary, please visit my website **www.nareshbhardwaj.com or call my office at 780-414-2000. Find me on Facebook and Twitter**

# ਸਿੱਖਿਆ ਮੰਤਰੀ ਦੀ ਨੂੰਹ ਦੀ ਨਿਯੁਕਤੀ ਅਤੇ ਰਣੀਕੇ ਦਾ ਅਸਤੀਫ਼ਾ

ਚੰਡੀਗੜ੍ਹ, (ਨਦਬ)- ਪੰਜਾਬ ਦੇ ਸਿੱਖਿਆ ਮੰਤਰੀ ਸਿਕੰਦਰ ਸਿੰਘ ਮਲੂਕਾ ਵੱਲੋਂ ਆਪਣੀ ਨੂੰਹ ਧਰਮਪਾਲ ਕੌਰ ਦੀ ਸਰਬ ਸਿੱਖਿਆ ਅਭਿਆਨ ਵਿੱਚ ਡੈਪੂਟੇਸ਼ਨ 'ਤੇ ਕੀਤੀ ਨਿਯੁਕਤੀ ਪ੍ਰਸ਼ਾਸਕੀ ਤੇ ਰਾਜਨੀਤਿਕ ਹਲਕਿਆਂ ਵਿੱਚ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਬੇਸ਼ੱਕ ਸਿੱਖਿਆ ਮੰਤਰੀ ਸਿਕੰਦਰ ਸਿੰਘ ਮਲੂਕਾ ਇਹ ਕਹਿ ਰਿਹਾ ਹੈ ਕਿ ਨਿਯੁਕਤੀ ਪੂਰੇ ਕਾਨੂੰਨੀ ਮਾਪਦੰਡਾਂ ਅਨੁਸਾਰ ਹੋਈ ਹੈ ਪਰ ਇੰਨਾ ਕਹਿਣ ਨਾਲ ਲੋਕਾਂ ਦੀ ਸਤੁੰਸ਼ਟੀ ਹੋ ਜਾਵੇਗੀ, ਏਦਾਂ ਜਾਪਦਾ ਨਹੀਂ। ਹਾਂ, ਜੇਕਰ ਲੋਕ ਗੱਲ ਨੂੰ ਭੁੱਲ ਗਏ ਤਾਂ ਮਲੂਕਾ ਨੂੰ ਅਖ਼ਬਾਰਾਂ ਵਿੱਚ ਖ਼ਬਰ ਲੱਗਣ ਨਾਲ ਕੋਈ ਫਰਕ ਨਹੀਂ ਪੈਂਦਾ। ਜ਼ਿਕਰਯੋਗ ਹੈ ਕਿ ਜਦੋਂ ਮਲੂਕਾ ਦੀ ਨੂੰਹ ਪੰਚਾਇਤ ਵਿਭਾਗ ਵਿੱਚ ਜਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਸੀ ਤਾਂ ਉਦੋਂ ਹੀ ਇਹ ਅਫ਼ਵਾਹ ਸੀ ਕਿ ਉਸਨੇ ਸਰਬ ਸਿੱਖਿਆ ਅਭਿਆਨ ਵਿੱਚ ਡੈਪੂਟੇਸ਼ਨ 'ਤੇ ਚਲੇ ਜਾਣਾ ਹੈ। ਮਹੱਤਵਪੂਰਨ ਗੱਲ ਇਹ ਹੈ ਕਿ ਕੇਂਦਰ ਵੱਲੋਂ ਸਿੱਖਿਆ ਵਿਭਾਗ ਨੂੰ ਜੋ ਗਰਾਂਟਾਂ ਆਉਂਦੀਆਂ ਹਨ ਉਹ ਸਰਬ ਸਿੱਖਿਆ ਅਭਿਆਨ ਰਾਹੀਂ ਆਉਂਦੀਆਂ ਹਨ, ਜਾਪਦਾ ਹੈ ਕਿ ਇਸਨੂੰ ਦੇ'ਖਦਿਆਂ ਹੀ ਸਿੱਖਿਆ ਮੰਤਰੀ ਨੇ ਆਪਣੀ ਨੂੰਹ ਦੀ ਇਹ ਨਿਯੁਕਤੀ ਕੀਤੀ ਹੈ। ਕਾਨੂੰਨ ਮੁਤਾਬਿਕ ਜੇ ਕਿਸੇ ਵਿਭਾਗ ਨੂੰ ਡੈਪੂਟੇਸ਼ਨ ਲਈ ਅਫ਼ਸਰ ਜਾਂ ਮੁਲਾਜ਼ਮਾਂ ਦੀ ਲੋੜ ਹੁੰਦੀ ਹੈ ਤਾਂ ਉਸ ਵੱਲੋਂ ਦੂਸਰੇ ਵਿਭਾਗਾਂ ਨੂੰ ਡੈਪੂਟੇਸ਼ਨ ਦੀ ਮੰਗ ਵਾਲਾ ਪੱਤਰ ਭੇਜਿਆ ਜਾਂਦਾ ਹੈ। ਪਰ ਧਰਮਪਾਲ ਕੌਰ ਦੀ ਨਿਯੁਕਤੀ ਵੇਲੇ ਅਜਿਹੀ ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ ਗਈ। ਸਿੱਖਿਆ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਸਾਬਤ ਕਰ ਦਿੱਤਾ ਹੈ ਕਿ ਸਿਆਣਿਆਂ ਦੀ ਕਹੀ ਗੱਲ 'ਅੰਨਾ ਵੰਡੇ ਰਿਉੜੀਆਂ, ਮੁੜ ਮੁੜ ਆਪਣਿਆਂ ਨੂੰ' ਬਿਲਕੁਲ ਸਹੀ ਹੈ।



ਸਰਕਾਰੀ ਗਰਾਂਟਾਂ 'ਚ ਘਪਲੇਬਾਜ਼ੀ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਪੰਜਾਬ ਸਰਕਾਰ ਦੇ ਮੰਤਰੀ ਰਣੀਕੇ ਦਾ ਜਦ ਨਹੀਂ ਸਰਿਆ ਤਾਂ ਉਸਨੇ ਅਸਤੀਫ਼ਾ ਦੇ ਦਿੱਤਾ। ਰਣੀਕੇ ਸਰਕਾਰ ਬਣੀ ਤੋਂ ਬਾਅਦ ਛੇ ਮਹੀਨਿਆਂ ਦਰਮਿਆਨ ਅਸਤੀਫ਼ਾ ਦੇਣ ਵਾਲਾ ਤੀਜਾ ਮੰਤਰੀ ਹੈ। ਇਸ ਤੋਂ ਪਹਿਲਾਂ ਬੀਬੀ ਜੰਗੀਰ ਕੌਰ ਤੇ ਤੋਤਾ ਸਿੰਘ ਵਜ਼ਾਰਤ ਤੋਂ ਬਾਹਰ ਹੋ ਚੁੱਕੇ ਹਨ। ਪੰਜਾਬ ਸਰਕਾਰ ਨੇ ਰਣੀਕੇ ਦੇ ਅਸਤੀਫ਼ੇ ਨੂੰ ਨੈਤਿਕਤਾ ਦੇ ਅਧਾਰ 'ਤੇ ਦਿੱਤਾ ਅਸਤੀਫ਼ਾ ਦੱਸਿਆ ਹੈ। ਪਰ ਕੀ ਸਰਕਾਰ ਦੀ ਇਸ ਗੱਲ ਵਿੱਚ ਕੋਈ ਦਮ ਹੈ। ਜਦ ਪੰਜਾਬ ਦੇ ਆਗੂਆਂ 'ਚ ਨੈਤਿਕਤਾ ਹੈ ਹੀ ਨਹੀਂ ਤਾਂ ਨੈਤਿਕ ਅਧਾਰ 'ਤੇ ਉਹ ਕੀ ਅਸਤੀਫ਼ਾ ਦੇਣਗੇ। ਨਾਲ ਗੱਲ ਇਹ ਵੀ ਹੈ ਕਿ ਜੇਕਰ ਨੈਤਿਕਤਾ ਹੋਵੇ ਤਾਂ ਨੈਤਿਕ ਅਧਾਰ 'ਤੇ ਅਸਤੀਫ਼ਾ ਦੇਣ ਦੀ ਨੌਬਤ ਹੀ ਨਹੀਂ ਆਉਂਦੀ। ਵਿੱਚੋਂ ਗੱਲ ਇਹ ਹੈ ਕਿ ਮੁੱਖ ਮੰਤਰੀ ਨੇ ਰਣੀਕੇ ਨੂੰ ਇੱਕ ਦਿਨ ਪਹਿਲਾਂ ਅਸਤੀਫ਼ਾ ਦੇਣ ਲਈ ਕਹਿ ਦਿੱਤਾ ਸੀ। ਰਣੀਕੇ ਇਸ ਤੋਂ ਪਹਿਲੀ ਸਰਕਾਰ ਵਿੱਚ ਵੀ ਪਸ਼ੂ ਪਾਲਣ ਅਤੇ ਦਲਿਤ ਤੇ ਪਛੜੀਆਂ ਸ਼੍ਰੇਣੀਆਂ ਬਾਰੇ ਵਿਭਾਗ ਦੇ ਮੰਤਰੀ ਸਨ, ਉਦੋਂ ਵੀ ਗਰੀਬ ਲੜਕੀਆਂ ਦੇ ਵਿਆਹ 'ਤੇ ਦਿੱਤੇ ਜਾਣ ਵਾਲੇ ਸ਼ਗਨ 'ਚ ਹੋ ਰਹੇ ਘਪਲਿਆਂ ਨੂੰ ਲੈ ਕੇ ਚਰਚਾ ਛਿੜੀ ਸੀ। ਖੈਰ ! ਓਹ ਚਰਚਾ ਤਾਂ ਕਿਸੇ ਕਾਰਣ ਦਬ ਗਈ ਸੀ ਹੁਣ ਸੀ ਬੀ ਆਈ ਇਸ ਮਾਮਲੇ ਵਿੱਚੋਂ ਕੁੱਝ ਕੱਢਦੀ ਹੈ ਕਿ ਨਹੀਂ, ਇਹ ਦੇਖਣ ਲਈ ਸਾਨੂੰ ਇੰਤਜ਼ਾਰ ਕਰਨਾ ਪਏਗਾ। ਇਸ ਮਾਮਲੇ 'ਚ ਸਵਾਦ ਵਾਲੀ ਗੱਲ ਇਹ ਹੈ ਕਿ ਬੀਬੀ ਜੰਗੀਰ ਕੌਰ ਤੋਂ ਬਾਅਦ ਜਥੇਦਾਰ ਤੋਤਾ ਸਿੰਘ ਤੇ ਰਣੀਕੇ ਵੱਲੋਂ ਅਸਤੀਫ਼ਾ ਦੇਣਾ ਸਿਆਣਿਆਂ ਦੀ ਇਸ ਗੱਲ ਨੂੰ ਸੱਚ ਕਰਦਾ ਹੈ ਕਿ 'ਤਾਏ ਦੀ ਧੀ ਚੱਲੀ, ਮੈਂ ਕਿਉਂ ਰਹਾਂ ਕੱਲੀ।'

# ਬਾਦਲ ਦੀ ਹਾਜ਼ਰੀ 'ਚ ਵਰ੍ਹੀਆਂ ਬੇਰੁਜ਼ਗਾਰਾਂ 'ਤੇ ਡਾਂਗਾਂ

ਖਡੂਰ ਸਾਹਿਬ, (ਨਦਬ)- ਸ੍ਰੀ ਗੁਰੂ ਅੰਗਦ ਦੇਵ ਦੇ ਗੁਰਗੱਦੀ ਦਿਵਸ 'ਤੇ ਖਡੂਰ ਸਾਹਿਬ ਵਿਖੇ ਸਾਲਾਨਾ ਜੋੜ ਮੇਲੇ ਮੌਕੇ ਕੀਤੀ ਗਈ ਕਾਨਫਰੰਸ ਵਿੱਚ ਬੋਲਦਿਆਂ ਜਦੋਂ ਪੰਜਾਬ ਦੇ ਮੁੱਖ ਮੰਤਰੀ ਇਹ ਕਹਿ ਰਹੇ ਸਨ ਕਿ ਪੰਜਾਬ ਅਮਨ ਅਤੇ ਸਾਂਤੀ ਵਾਲਾ ਸੂਬਾ ਹੈ ਤੇ ਇੱਥੇ ਮਨੁੱਖੀ ਅਧਿਕਾਰਾਂ ਦੀ ਪੂਰੀ ਕਦਰ ਕੀਤੀ ਜਾਂਦੀ ਹੈ ਤਾਂ ਐਨ ਉਸ ਵਕਤ ਬੇਰੁਜ਼ਗਾਰ ਲਾਇਨਮੈਨਾਂ ਨੇ ਪੰਡਾਲ 'ਚ ਆ ਕੇ ਸੂਬਾ ਸਰਕਾਰ ਵਿਰੁੱਧ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ ਜਿਸ ਨੂੰ ਦੇਖਦਿਆਂ ਪੰਜਾਬ ਪੁਲਿਸ ਦੇ ਨੌਜਵਾਨਾਂ ਨੇ ਬੇਰੁਜ਼ਗਾਰ ਲਾਇਨਮੈਨਾਂ 'ਤੇ ਚੰਗੀਆਂ ਲਾਠੀਆਂ ਬਰਸਾਈਆ। ਆਪਣਾ ਗੁੱਸਾ ਕੱਢਦਿਆਂ ਪੰਜਾਬ ਪੁਲਿਸ ਦੇ ਨੌਜਵਾਨਾਂ ਨੇ ਬੇਰੁਜ਼ਗਾਰ ਲਾਇਨਮੈਨਾਂ ਦੀਆਂ ਪੱਗਾਂ ਲਾਹ ਦਿੱਤੀਆਂ ਅਤੇ ਉਹਨਾਂ ਨੂੰ ਕੇਸਾਂ ਤੋਂ ਫੜ ਕੇ ਘੜੀਸਿਆ। ਪੰਥ ਦੇ ਸਿਰਮੌਰ ਆਗੂ ਤੇ ਪੰਜਾਬ ਸਰਕਾਰ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਹਾਜ਼ਰੀ 'ਚ ਹੀ ਇਹ ਦੋਵੇਂ ਕੰਮ ਹੋਏ, ਕੇਸਾਂ ਦੀ ਬੇਅਦਬੀ ਵੀ ਹੋ ਗਈ ਤੇ ਮਨੁੱਖੀ ਅਧਿਕਾਰਾਂ ਨੂੰ ਵੀ ਪੰਜਾਬ ਪੁਲਿਸ ਦੇ ਜਵਾਨਾਂ ਨੇ ਕੁਚਲ ਕੇ ਰੱਖ ਦਿੱਤਾ ਤੇ ਮੁੱਖ ਮੰਤਰੀ ਇਸ ਸਾਰੇ ਦ੍ਰਿਸ਼ ਨੂੰ ਜੀ ਭਰ ਕੇ ਨਿਹਾਰਦਾ ਰਿਹਾ। ਪੁਲਿਸ ਨੂੰ ਵਰਜਣਾ ਤਾਂ ਕੀ ਸੀ ਮੁੱਖ ਮੰਤਰੀ ਸਾਹਿਬ ਨੇ ਬੇਰੁਜ਼ਗਾਰ ਲਾਇਨਮੈਨਾਂ ਦੇ ਲਈ ਮੰਚ ਤੋਂ ਹਾਅ ਦਾ ਨਾਅਰਾ ਵੀ ਨਹੀਂ ਮਾਰਿਆ। ਉਹ ਮੰਚ ਤੋਂ ਕਾਨਫਰੰਸ ਦੇ ਪ੍ਰਬੰਧਾਂ ਲਈ ਸਥਾਨਕ ਆਗੂਆਂ ਦੀ ਹੀ ਸਰਾਹੁਨਾ ਕਰਦੇ ਰਹੇ। ਇਹ ਪੰਜਾਬ ਦੇ ਮੁੱਖ ਮੰਤਰੀ ਦੀ ਹੀ ਕਮਾਲ ਹੈ ਕਿ ਜਿਹੜਾ ਦੋ ਮਿੰਟ ਪਹਿਲਾਂ ਪੰਜਾਬ 'ਚ ਅਮਨ-ਚੈਨ ਤੇ ਮਨੁੱਖੀ ਅਧਿਕਾਰਾਂ ਦਾ ਦਮ ਭਰ ਰਿਹਾ ਸੀ, ਉਸਦੀ ਹਾਜ਼ਰੀ 'ਚ ਹੀ ਹੱਕ ਮੰਗਦੇ ਲੋਕਾਂ ਦੀਆਂ ਪੱਗਾਂ ਲਾਹੀਆਂ ਜਾਂਦੀਆਂ ਹਨ ਤੇ ਉਹ ਤਮਾਸ਼ਾ ਦੇਖਦਾ ਰਹਿੰਦਾ ਹੈ ਤੇ ਇਸ ਲਈ ਕੇਂਦਰ ਦੀ ਕਾਂਗਰਸ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਉਂਦਾ ਹੈ। ਸਦਕੇ ਜਾਈਏ ਪੰਜਾਬ ਦੇ ਲੋਕਾਂ ਦੇ ਜਿਹੜੇ ਅਜਿਹਾ ਆਗੂ ਚੁਣਦੇ ਹਨ। ਘਟਨਾ ਤੋਂ ਬਾਅਦ ਬੇਰੁਜ਼ਗਾਰ ਲਾਇਨਮੈਨ ਯੂਨੀਅਨ ਦੇ ਆਗੂਆਂ ਨੇ ਪ੍ਰੈਸ ਨੂੰ ਜਾਰੀ ਕੀਤੇ ਬਿਆਨ 'ਚ ਆਖਿਆ ਕਿ ਜਥੇਬੰਦੀ ਚਾਰ ਹਜ਼ਾਰ ਬੇਰੁਜ਼ਗਾਰਾਂ ਨੂੰ ਨਿਯੁਕਤੀ ਪੱਤਰ ਦਿਵਾਉਣ ਲਈ ਪਿਛਲੇ ਪੰਜ ਸਾਲਾਂ ਤੋਂ ਲਗਾਤਾਰ ਸੰਘਰਸ਼ ਕਰਦੀ ਆ ਰਹੀ ਹੈ ਪਰ ਪੰਜਾਬ ਸਰਕਾਰ ਉਹਨਾਂ ਨੂੰ ਕੋਈ ਰਾਹ ਨਹੀਂ ਦੇ ਰਹੀ। ਉਨ੍ਹਾਂ ਇਹ ਵੀ ਆਖਿਆ ਕਿ ਪੁਲਿਸ ਨੇ ਉਹਨਾਂ ਦੇ ਸੌ ਤੋਂ ਵੱਧ ਸਾਥੀਆਂ ਨੂੰ ਹਿਰਾਸਤ ਵਿੱਚ ਲੈ ਕੇ ਉਹਨਾਂ 'ਤੇ ਤਸ਼ੱਦਦ ਕੀਤਾ ਹੈ।

# ਹੁਣ ਚੰਡੀਗੜ੍ਹ ਗੜਬੜ ਰਹਿਤ ਹੈ!

ਚੰਡੀਗੜ੍ਹ (ਨਦਬ) : ਚੰਡੀਗੜ੍ਹ ਹੁਣ ਗੜਬੜ ਰਹਿਤ ਇਲਾਕਾ ਬਣ ਗਿਆ ਹੈ ਕਿਉਂਕਿ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਇਸ ਸਬੰਧੀ ਤਿੰਨ ਦਹਾਕੇ ਪਹਿਲਾਂ ਜਾਰੀ ਹੋਇਆ ਨੋਟੀਫਿਕੇਸ਼ਨ ਰੱਦ ਕਰ ਦਿੱਤਾ ਹੈ। ਜ਼ਿਕਰਯੋਗ ਹੈ ਕਿ 1983 ਵਿੱਚ ਜਦੋਂ ਪੰਜਾਬ ਵਿੱਚ ਖਾੜਕੂਵਾਦ ਪੂਰੇ ਜ਼ੋਰਾਂ 'ਤੇ ਸੀ ਉਸ ਸਮੇਂ ਚੰਡੀਗੜ ਤੇ ਪੰਜਾਬ ਨੂੰ ਇੱਕ ਨੋਟੀਫਿਕੇਸ਼ਨ ਜਾਰੀ ਕਰਕੇ ਗੜਬੜ ਵਾਲਾ ਇਲਾਕਾ ਐਲਾਨਿਆ ਗਿਆ ਸੀ। ਇਸ ਤਹਿਤ ਪ੍ਰਸ਼ਾਸਨ, ਪੁਲਿਸ ਤੇ ਸੁਰੱਖਿਆ ਏਜੰਸੀਆਂ ਨੂੰ ਅੱਤਵਾਦੀਆਂ ਖ਼ਿਲਾਫ ਲੜਨ ਲਈ ਵਿਸ਼ੇਸ਼ ਅਧਿਕਾਰ ਦਿੱਤੇ ਗਏ ਸਨ। ਇਸ ਤੋਂ ਬਾਅਦ ਜਦੋਂ ਪੰਜਾਬ ਵਿੱਚ ਕਾਲੀ ਹਨੇਰੀ ਥਮ ਗਈ ਤਾਂ ਪੰਜਾਬ ਨੂੰ ਗੜਬੜਰਹਿਤ ਇਲਾਕਾ ਕਰਾਰ ਦੇ ਦਿੱਤਾ ਗਿਆ । ਪਰ ਚੰਡੀਗੜ ਨੂੰ ਗੜਬੜਰਹਿਤ ਨਾ ਐਲਾਨਿਆ ਗਿਆ, ਜਦਕਿ 1995 ਦੇ ਮਗਰੋਂ ਇੱਥੇ ਕੋਈ ਵੀ ਵੱਡੀ ਅੱਤਵਾਦੀ ਘਟਨਾ ਨਹੀਂ ਹੋਈ। ਚੰਡੀਗੜ ਨੂੰ ਇਸ ਨੋਟੀਫਿਕੇਸ਼ਨ ਤੋਂ ਮੁਕਤ ਕਰਵਾਉਣ ਲਈ ਸੁਰਿੰਦਰ ਭਾਰਦਵਾਜ ਵੱਲੋਂ ਪਾਈ ਜਨਹਿੱਤ ਪਟੀਸ਼ਨ ਦੀ ਸੁਣਵਾਈ ਕਰਦਿਆਂ ਕਾਰਜਕਾਰੀ ਚੀਫ ਜਸਟਿਸ ਜਸਬੀਰ ਸਿੰਘ ਤੇ ਜਸਟਿਸ ਰਾਕੇਸ਼ ਕੁਮਾਰ ਜੈਨ ਦੇ ਡਵੀਜ਼ਨਲ ਬੈਂਚ ਨੇ ਕਿਹਾ ਕਿ ਚੰਡੀਗੜ੍ਹ ਗੜਬੜ ਵਾਲਾ ਇਲਾਕਾ ਨਹੀਂ ਹੈ। ਇਸ ਬਾਰੇ ਜਾਰੀ ਕੀਤੇ ਨੋਟੀਫਿਕੇਸ਼ਨ ਦੀ ਹੁਣ ਕੋਈ ਵੁੱਕਤ ਨਹੀਂ ਰਹਿ ਗਈ ਅਤੇ ਹੁਣ ਨੋਟੀਫਿਕੇਸ਼ਨ ਬਰਕਰਾਰ ਰੱਖਣ ਦਾ ਕੋਈ ਅਧਾਰ ਨਹੀਂ, ਇਸ ਲਈ ਇਸਨੂੰ ਰੱਦ ਸਮਝਿਆ ਜਾਵੇ। ਬੈਂਚ ਨੇ ਕਿਹਾ ਕਿ ਚੰਡੀਗੜ ਆਉਣ ਤੋਂ ਪਹਿਲਾਂ ਸੈਲਾਨੀਆਂ ਨੂੰ ਜਦੋਂ ਇੰਟਰਨੈਟ ਰਾਹੀਂ ਇਹ ਜਾਣਕਾਰੀ ਮਿਲਦੀ ਹੈ ਕਿ ਇਹ ਗੜਬੜਗ੍ਰਸਤ ਇਲਾਕਾ ਹੈ ਤਾਂ ਉਹ ਇੱਥੇ ਆਉਣ ਤੋਂ ਝਿਜਕਦੇ ਹਨ। ਇਹ ਫੈਸਲਾ ਇਸ ਲਈ ਵੀ ਅਹਿਮ ਹੈ ਕਿ ਚੰਡੀਗੜ ਪ੍ਰਸ਼ਾਸਨ ਨੇ ਦੋ ਦਿਨ ਪਹਿਲਾਂ ਹੀ ਨੋਟੀਫਿਕੇਸ਼ਨ ਵਾਪਸ ਨਾ ਲੈਣ ਦਾ ਇਰਾਦਾ ਪ੍ਰਗਟਾਇਆ ਸੀ। ਇਸਦਾ ਕਾਰਨ ਇਹ ਸੀ ਕਿ ਨੋਟੀਫਿਕੇਸ਼ਨ ਦੇ ਜਾਰੀ ਰਹਿਣ ਨਾਲ ਯੂ ਟੀ ਦੇ ਅਧਿਕਾਰੀਆਂ ਨੂੰ ਵਾਧੂ ਭੱਤੇ ਮਿਲ ਰਹੇ ਸਨ ਤੇ ਉਹਨਾਂ ਕੋਲ ਵਾਧੂ ਕਾਨੂੰਨੀ ਤਾਕਤਾਂ ਦੀ ਵਰਤੋਂ ਕਰਨ ਦੇ ਅਧਿਕਾਰ ਸਨ। ਅਦਾਲਤ ਨੇ ਇਹ ਵੀ ਕਿਹਾ ਹੈ ਕਿ ਬੇਸ਼ੱਕ ਚੰਡੀਗੜ ਸਬੰਧੀ ਵਿਸ਼ੇਸ਼ ਨੋਟੀਫਿਕੇਸ਼ਨ ਰੱਦ ਕਰ ਦਿੱਤਾ ਹੈ ਪਰ ਪੰਜਾਬ ਦੇ ਰਾਜਪਾਲ ਫ਼ਿਲਹਾਲ ਇਸਦੇ ਪ੍ਰਸ਼ਾਸਕ ਬਣੇ ਰਹਿਣਗੇ।

# ਅਵਤਾਰ ਹੈਨਰੀ ਭਾਰਤ ਦੇ ਜਾਲ੍ਹੀ ਨਾਗਰਿਕ



ਚੰਡੀਗੜ੍ਹ (ਨਦਬ) ਕੇਂਦਰੀ ਗ੍ਰਹਿ ਮੰਤਰਾਲੇ ਦੀ ਵਿਦੇਸ਼ੀ ਸ਼ਾਖਾ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਅਵਤਾਰ ਹੈਨਰੀ ਭਾਰਤੀ ਨਾਗਰਿਕ ਨਹੀਂ ਸਗੋਂ ਬਰਤਾਨਵੀਂ ਨਾਗਰਿਕ ਹਨ। ਉਹਨਾਂ ਨੇ ਭਾਰਤੀ ਪਾਸਪੋਰਟ ਤੱਥਾਂ ਨੂੰ ਛੁਪਾ ਕੇ ਗੈਰਕਾਨੂੰਨੀ ਢੰਗ ਨਾਲ ਹਾਸਲ ਕੀਤਾ ਹੈ। ਜ਼ਿਕਰਯੋਗ ਹੈ ਕਿ ਅਵਤਾਰ ਹੈਨਰੀ ਪੰਜਾਬ ਦੇ ਵੱਡੇ ਟਰਾਂਸਪੋਟਰਾਂ ਵਿੱਚੋਂ ਇੱਕ ਹਨ ਤੇ ਕਾਂਗਰਸ ਦੀ ਸਰਕਾਰ ਵਿੱਚ ਮੰਤਰੀ ਵੀ ਰਹੇ ਹਨ। ਇੱਥੇ ਸਵਾਲ ਇਹ ਉਠਦਾ ਹੈ ਕਿ ਜੇ ਗ੍ਰਹਿ ਮੰਤਰਾਲੇ ਨੂੰ ਉਹਨਾਂ ਦੀ ਇਸ ਹੇਰਾਫੇਰੀ ਦਾ ਪਤਾ ਸੀ ਤਾਂ ਉਹਨਾਂ ਨੇ ਅਵਤਾਰ ਹੈਨਰੀ ਉੱਤੇ ਉਸ ਵੇਲੇ ਕਿਉਂ ਕਾਰਵਾਈ ਨਾ ਕੀਤੀ ਜਦੋਂ ਉਹ ਕਾਂਗਰਸ ਦੀ ਟਿਕਟ ਲੈ ਕੇ ਚੋਣ ਮੈਦਾਨ ਵਿੱਚ ਉੱਤਰੇ ਸਨ। ਸਦਕੇ ਜਾਈਏ ਸਾਡੇ ਮੰਤਰਾਲਿਆਂ ਦੇ। ਅਵਤਾਰ ਹੈਨਰੀ 'ਤੇ ਦੂਜੀ ਮੁਸੀਬਤ ਇਹ ਹੈ ਕਿ ਉਸਦੇ ਆਪਣੇ ਪੁੱਤਰ ਗੁਰਜੀਤ ਸਿੰਘ ਸੰਘੇੜਾ ਨੇ ਦੋਸ਼ ਲਾਇਆ ਹੈ ਕਿ ਉਸਦੇ ਪਿਤਾ ਨੇ ਹਿੰਦੂ ਮੈਰਿਜ ਐਕਟ ਦੀ ਉਲੰਘਣਾ ਕੀਤੀ ਹੈ, ਕਿਉਂਕਿ ਉਹਨਾਂ ਨੇ ਓਸਦੀ ਮਾਤਾ ਸੁਰਿੰਦਰ ਕੌਰ ਨੂੰ ਤਲਾਕ ਦਿੱਤੇ ਬਿਨਾ ਹਰਿੰਦਰ ਕੌਰ ਨਾਲ ਵਿਆਹ ਕਰਵਾਇਆ ਹੈ। ਖੈਰ ! ਹੈ ਤਾਂ ਇਹ ਅਵਤਾਰ ਹੈਨਰੀ ਦਾ ਪਰਿਵਾਰਕ ਮਾਮਲਾ ਪਰ ਇਹਨਾਂ ਸਿਆਸਤਦਾਨਾਂ ਨੂੰ ਕਦਰਾਂ ਕੀਮਤਾਂ ਦਾ ਥੋੜ੍ਹਾ ਬਹੁਤ ਖ਼ਿਆਲ ਜਰੂਰ ਰੱਖਣਾ ਚਾਹੀਦਾ ਹੈ। ਇੱਥੇ ਅਵਤਾਰ ਹੈਨਰੀ ਦੀ ਹਾਲਤ ਇਸ ਲਈ ਵੀ ਤਰਸਯੋਗ ਜਾਪਦੀ ਹੈ ਕਿ ਉਪਰੋਕਤ ਦੋਨਾਂ ਦੋਸ਼ਾਂ ਲਈ ਉਹ ਸ਼੍ਰੋਮਣੀ ਅਕਾਲੀ ਦਲ ਨੂੰ ਜ਼ਿੰਮੇਵਾਰ ਨਹੀਂ ਠਹਿਰਾ ਸਕਦੇ ਕਿਉਂਕਿ ਕੇਂਦਰ 'ਚ ਕਾਂਗਰਸ ਦੀ ਸਰਕਾਰ ਹੈ ਤੇ ਘਰ 'ਚ ਉਹਦਾ ਆਪਣਾ ਪੁੱਤਰ।




# ਪੰਜਾਬ

## ਅੱਜ-ਕੱਲ੍ਹ

ਪੰਜਾਬ ਪਾਲ

## ਘੁਰਕੀ ਦਰਬਾਰ ਦੀ



ਅਧਿਆਪਕ ਵਧੇਰੇ ਕਰਕੇ ਆਪਣੀ ਨੌਕਰੀ ਨਾਲ ਹੀ ਸਰੋਕਾਰ ਰੱਖਦੇ ਹਨ। ਨੌਕਰੀ ਦੇ ਦਾਇਰੇ ਤੋਂ ਬਾਹਰ ਲਿਖਣਾ ਤੇ ਕਿਸੇ ਹੱਦ ਤੱਕ ਪੜ੍ਹਨਾ ਵੀ ਉਨ੍ਹਾਂ ਦਾ ਮਨ ਭਾਉਂਦਾ ਸ਼ੌਕ ਨਹੀਂ ਰਿਹਾ ਹੈ। ਇਸ ਦੀ ਥਾਂ ਉਹ ਟਿਊਸ਼ਨ ਪੜ੍ਹਾਉਣ, ਖੇਤੀਬਾੜੀ ਕਰਨ, ਚੱਕੀ ਚਲਾਉਣ, ਫੋਟੋ ਸਟੇਟ ਵਰਗੀ ਦੁਕਾਨਦਾਰੀ ਕਰਨ, ਐਮਵੇ ਦੇ ਗਾਹਕ ਬਣਾਉਣ, ਬੀਮੇ ਕਰਨ ਵਰਗੇ ਕਿੱਤਿਆਂ ਨੂੰ ਤਰਜੀਹ ਦਿੰਦੇ ਹਨ। ਲਿਖਣਾ-ਪੜ੍ਹਨਾ ਕੁਝ ਕੁ ਪ੍ਰਤਿਭਾਸ਼ਾਲੀ ਅਤੇ ਸਮਰਪਿਤ ਅਧਿਆਪਕਾਂ ਤੱਕ ਹੀ ਮਹਿਦੂਦ ਹੈ। ਇਨ੍ਹਾਂ ਵਿਚੋਂ ਵੀ ਬਹੁਤ ਘੱਟ ਲੇਖਕ-ਅਧਿਆਪਕ ਨਿਡੱਕਤਾ ਨਾਲ ਵਿਵਸਥਾ ਦੇ ਸੱਚ ਨੂੰ ਬਿਆਨ ਕਰਦੇ ਹਨ ਜਾਂ ਕਰ ਸਕਦੇ ਹਨ, ਵਧੇਰੇ ਅਧਿਆਪਕ ਬਾਲ ਲੇਖਕ ਹੀ ਹਨ। ਬਾਲ ਲੇਖਕ ਬਣਨ ਦਾ ਦੂਹਰਾ ਲਾਭ ਹੈ। ਇਕ ਤਾਂ ਅਧਿਆਪਕ ਨੂੰ ਬਾਲ-ਲੇਖਨ ਵਿਚ ਕਿਸੇ ਕਿਸਮ ਦਾ ਕੋਈ 'ਰਿਸਕ' ਨਹੀਂ ਹੁੰਦਾ, ਦੂਜੇ ਬਾਲ ਲੇਖਕ-ਅਧਿਆਪਕ ਥੋੜ੍ਹਾ ਜਿਹਾ ਯਤਨ ਕਰਨ 'ਤੇ ਹੀ 'ਸਟੇਟ ਐਵਾਰਡੀ' ਵੀ ਬਣ ਜਾਂਦਾ ਹੈ। ਪਿੱਛੇ ਜਿਹੇ ਪੰਜਾਬ ਸਰਕਾਰ ਨੇ ਅਧਿਆਪਕ-ਲੇਖਕਾਂ ਨੂੰ ਕਰਤੇ ਜ਼ਾਬਤੇ ਦਾ ਫਰਮਾਨ ਸੁਣਾਇਆ। ਇਸ ਫਰਮਾਨ ਰਾਹੀਂ ਲੇਖਕਾਂ (ਅਧਿਆਪਕ) ਦੀ ਆਜ਼ਾਦੀ ਲਗਪਗ ਖ਼ਤਮ ਹੀ ਕਰ ਦਿੱਤੀ ਗਈ, ਪਰ ਇਸ ਦੇ ਵਿਰੋਧ ਵਿਚ ਅਧਿਆਪਕ ਵਰਗ ਦੀ ਕੋਈ ਤਿੱਖੀ ਪ੍ਰਤੀਕਿਰਿਆ ਦੇਖਣ ਨੂੰ ਨਹੀਂ ਮਿਲੀ। ਕਾਰਨ ਸ਼ਾਇਦ ਇਹੀ ਸੀ ਕਿ ਪੜ੍ਹਨਾ-ਲਿਖਣਾ ਅਧਿਆਪਕਾਂ ਦਾ ਤਰਜੀਹੀ ਖੇਤਰ ਨਹੀਂ ਹੈ। ਉਂਝ ਇਸ ਸ਼ਾਹੀ ਫਰਮਾਨ ਜਾਂ ਦਰਬਾਰੀ ਘੁਰਕੀ ਨੂੰ ਲੇਖਕਾਂ ਦੀ ਆਜ਼ਾਦੀ ਉਪਰ ਹਮਲੇ ਵਜੋਂ (ਲੇਖਕ ਭਾਈਚਾਰੇ) ਵੱਲੋਂ ਲਿਆ ਗਿਆ ਤੇ ਕਈ ਲੇਖਕਾਂ ਨੇ 'ਲੇਖਕ ਹੋਣ ਦੀ' ਹੈਸੀਅਤ ਵਿਚ ਸਰਕਾਰੀ ਜ਼ਾਬਤੇ ਦੀ ਆਲੋਚਨਾ ਕੀਤੀ। ਇਸ ਆਲੋਚਨਾ ਦਾ ਕੋਈ ਬਹੁਤ ਜ਼ਿਆਦਾ ਅਸਰ ਤਾਂ ਨਹੀਂ ਹੋਇਆ, ਪਰ ਲੇਖਕਾਂ ਲਈ 'ਇਹ ਫਰਮਾਨ' ਕੋਈ ਮੁੱਦਾ ਹੀ ਨਾ ਬਣ ਜਾਵੇ, ਇਸ ਗੱਲ ਨੂੰ ਧਿਆਨ 'ਚ ਰੱਖਦਿਆਂ ਸਰਕਾਰ ਨੇ ਆਪਣੇ ਤਾਜ਼ਾ ਬਿਆਨ ਵਿਚ ਅਧਿਆਪਕ-ਲੇਖਕਾਂ ਪ੍ਰਤੀ ਆਪਣੇ ਰੁਖ਼ ਵਿਚ ਕੁਝ ਨਰਮੀ ਲਿਆਂਦੀ ਹੈ। ਸਿੱਖਿਆ ਮੰਤਰੀ ਨੇ ਇਸ ਬਿਆਨ ਵਿਚ ਕਿਹਾ ਹੈ ਕਿ ਕੋਈ ਵੀ ਅਧਿਆਪਕ ਆਪਣੀ ਡਿਊਟੀ ਦੇ ਸਮੇਂ ਦੌਰਾਨ ਪੱਤਰਕਾਰੀ ਨਹੀਂ ਕਰ ਸਕਦਾ। (ਅਜਿਹਾ ਕਰਨਾ ਅਧਿਆਪਕ ਲਈ ਸੰਭਵ ਹੀ ਨਹੀਂ ਕਿਉਂਕਿ ਪੀਰੀਅਡ ਲਾਉਣ ਤੋਂ ਇਲਾਵਾ ਵੋਟਾਂ ਦੀ ਸੋਧ-ਸੁਧਾਈ ਆਦਿ ਦੇ ਕਈ ਕੰਮ ਉਸ ਨੇ ਕਰਨੇ ਹੁੰਦੇ ਹਨ) ਇਸ ਤੋਂ ਅੱਗੇ ਕਿਹਾ ਗਿਆ ਹੈ ਕਿ ਉਹ ਸਿਰਫ਼ ਸਭਿਆਚਾਰਕ ਗਤੀਵਿਧੀਆਂ ਬਾਰੇ ਹੀ ਲਿਖ ਸਕਦੇ ਹਨ। ਸਭਿਆਚਾਰਕ ਗਤੀਵਿਧੀਆਂ ਦੀ ਸਰਕਾਰੀ ਪਰਿਭਾਸ਼ਾ ਪਤਾ ਨਹੀਂ ਕੀ ਹੈ, ਪਰ ਸਭਿਆਚਾਰ ਦੀ ਜੋ ਮਿਆਰੀ ਪਰਿਭਾਸ਼ਾ ਅਤੇ ਵਿਆਖਿਆ ਹੈ ਉਸ ਦਾ ਘੇਰਾ ਬਹੁਤ ਵਿਸ਼ਾਲ ਹੈ। ਉਸ ਅਨੁਸਾਰ ਤਾਂ ਸਮੁੱਚੀਆਂ ਮਨੁੱਖੀ ਗਤੀਵਿਧੀਆਂ ਜੋ ਸਮਾਜਿਕ ਸੰਗਠਨਕਾਰੀ ਵਿਚ ਭੂਮਿਕਾ ਨਿਭਾਉਂਦੀਆਂ ਹਨ, ਸਭਿਆਚਾਰ ਦੇ ਦਾਇਰੇ ਵਿਚ ਆ ਜਾਂਦੀਆਂ ਹਨ। ਇਸ ਲਿਹਾਜ਼ ਨਾਲ ਰਾਜਨੀਤਿਕ ਗਤੀਵਿਧੀਆਂ, ਸਰਕਾਰੀ ਨੀਤੀਆਂ ਆਦਿ ਵੀ ਸਭਿਆਚਾਰ ਦੇ ਦਾਇਰੇ ਵਿਚ ਹੀ ਆ ਜਾਂਦੀਆਂ ਹਨ। ਸਭਿਆਚਾਰਕ ਗਤੀਵਿਧੀਆਂ ਨੂੰ ਸਿੱਖਿਆ ਮੰਤਰੀ ਨੇ ਸ਼ਾਇਦ ਗਿੱਧੇ, ਭੰਗੜੇ ਤੇ ਗੀਤ ਮੁਕਾਬਲਿਆਂ ਆਦਿ ਦੇ ਰੂਪ ਵਿਚ ਹੀ ਸਮਝਿਆ ਹੈ। ਕੱਲ੍ਹ ਨੂੰ ਸਭਿਆਚਾਰ ਦੀ ਵਿਆਖਿਆ ਉਪਰ ਕੋਈ ਵਿਵਾਦ ਵੀ ਖੜ੍ਹਾ ਹੋ ਸਕਦਾ ਹੈ। ਇਸ ਲਈ ਜਾਂ ਤਾਂ ਸਭਿਆਚਾਰਕ ਗਤੀਵਿਧੀਆਂ ਦਾ ਦਾਇਰਾ ਹੁਣੇ ਹੀ ਨਿਸ਼ਚਿਤ ਕਰ ਦੇਣਾ ਚਾਹੀਦਾ ਹੈ ਜਾਂ ਫਿਰ ਅਧਿਆਪਕ (ਲੇਖਕ) ਨੂੰ ਲਿਖਣ ਦੀ ਪੂਰਨ ਆਜ਼ਾਦੀ ਹੋਣੀ ਚਾਹੀਦੀ ਹੈ, ਜਿਸ ਦਾ ਕਿ ਉਹ ਹੱਕਦਾਰ ਵੀ ਹੈ। ਫਰਜ਼ ਕਰੋ ਅਧਿਆਪਕ ਰਾਜਨੀਤੀ ਵਿਗਿਆਨ ਦਾ ਖੋਜਾਰਥੀ ਹੈ। ਉਸ ਦਾ ਵਿਸ਼ਾ ਮੰਗ ਕਰਦਾ ਹੈ ਕਿ ਉਹ ਸਮਕਾਲੀ ਭ੍ਰਿਸ਼ਟ ਸਿਆਸਤਦਾਨਾਂ ਉਪਰ ਲਿਖੇ, ਜਿਨ੍ਹਾਂ 'ਚੋਂ ਕਈ ਸਰਕਾਰ ਵਿਚ ਸ਼ਾਮਿਲ ਹਨ, ਅਜਿਹੀ ਸਥਿਤੀ ਵਿਚ ਅਧਿਆਪਕ (ਲੇਖਕ) ਕੀ ਕਰ ਸਕੇਗਾ? ਜ਼ਾਹਿਰ ਹੈ ਕਿ ਜ਼ਾਬਤੇ ਦਾ ਪਾਲਣ ਕਰਦਿਆਂ ਉਹ ਸੱਚ ਨਹੀਂ ਲਿਖ ਸਕੇਗਾ।

## ਦਾਲ ਰੋਟੀ ਸਰਕਾਰ ਦੀ

ਗਰੀਬ ਲੋਕ ਸਰਕਾਰ ਦੀ ਦਾਲ ਰੋਟੀ ਕਿਉਂ ਖਾਂਦੇ ਹਨ? ਜਵਾਬ ਕਾਫ਼ੀ ਸਪਸ਼ਟ ਹੈ ਕਿ ਲੋਕ ਆਪਣੇ ਪੱਲਿਉਂ ਦਾਲ ਰੋਟੀ ਦਾ ਪ੍ਰਬੰਧ ਕਰਨੋਂ ਅਸਮਰਥ ਹਨ। ਇਹ ਵੀ ਕਿਹਾ ਜਾ ਸਕਦਾ ਹੈ ਕਿ ਇੰਨੀਆਂ ਸਰਕਾਰਾਂ ਆਈਆਂ-ਗਈਆਂ, ਪਰ ਉਹ ਗਰੀਬ ਲੋਕਾਂ ਨੂੰ ਆਪਣੀ ਦੋ ਡੰਗ ਦੀ ਰੋਟੀ ਕਮਾਉਣ ਦੇ ਯੋਗ ਵੀ ਨਹੀਂ ਬਣਾ ਸਕੀਆਂ। ਸਰਕਾਰ ਦਾ ਯਤਨ ਭਾਵ ਗਰੀਬ ਲੋਕਾਂ ਨੂੰ ਸਸਤੇ ਭਾਅ ਦਾਲ ਤੇ ਅਨਾਜ ਮੁਹੱਈਆ ਕਰਵਾਉਣਾ ਇਸ ਲਈ ਵੀ ਜ਼ਰੂਰੀ ਹੋ ਗਿਆ ਕਿਹਾ ਜਾ ਸਕਦਾ ਹੈ ਤਾਂ ਜੋ ਮਾਰੋਮਾਰ ਕਰਦੀ ਮਹਿੰਗਾਈ ਦੇ ਦੌਰ ਵਿਚ ਗਰੀਬ ਆਦਮੀ ਦਾਲ ਰੋਟੀ ਤੋਂ ਵੀ ਵਾਂਝਾਂ ਨਾ ਰਹਿ ਜਾਵੇ। ਖ਼ੈਰ, ਕਾਰਨ ਤਾਂ ਕਈ ਹੋਰ ਵੀ ਹੋ ਸਕਦੇ ਹਨ, ਪਰ ਵੱਡਾ ਕਾਰਨ ਇਹ ਹੈ ਕਿ ਸਰਕਾਰ ਚਲਾ ਰਹੀਆਂ ਪਾਰਟੀਆਂ ਸਸਤੇ ਭਾਅ ਦੀ ਦਾਲ ਰੋਟੀ ਵਰਗੀਆਂ ਯੋਜਨਾਵਾਂ ਲੋਕਾਂ ਦੀਆਂ ਵੋਟਾਂ ਬਟੋਰਨ ਲਈ ਲਾਗੂ ਕਰਦੀਆਂ ਹਨ। ਇਸ ਸੌਦੇਬਾਜ਼ੀ ਤਹਿਤ ਗਰੀਬ ਲੋਕ ਦਾਲ ਰੋਟੀ ਤਾਂ ਵਕਤੀ ਤੌਰ 'ਤੇ ਹਾਸਲ ਕਰ ਲੈਂਦੇ ਹਨ, ਪਰ ਆਪਣੇ ਤਮਾਮ ਜਮਹੂਰੀ ਹੱਕ ਲਗਪਗ ਗੁਆ ਬਹਿੰਦੇ ਹਨ। ਉਨ੍ਹਾਂ ਦੀ ਵਕਤੀ ਤੌਰ 'ਤੇ ਪੇਟ ਦੀ 'ਭੁੱਖ' ਤਾਂ ਕਿਸੇ ਹੱਦ ਤੱਕ ਦੂਰ ਹੋ ਜਾਂਦੀ ਹੈ, ਪਰ 'ਗਰੀਬੀ' ਦੂਰ ਨਹੀਂ ਹੁੰਦੀ। ਅਸੀਂ ਉਂਝ ਵੀ ਸਹਿਜੇ ਹੀ ਅੰਦਾਜ਼ਾ ਲਗਾ ਸਕਦੇ ਹਾਂ ਕਿ ਜਿਹੜਾ ਬੰਦਾ 'ਆਪਣੀ' ਦਾਲ ਰੋਟੀ ਖਾਵੇਗਾ, ਉਸ ਦੀ ਸੋਚ ਹੋਰ ਹੋਵੇਗੀ ਅਤੇ ਜਿਹੜਾ ਕਿਸੇ 'ਦੂਸਰੇ' ਦੀ ਖਾਵੇਗਾ, ਉਸ ਦੀ ਸੋਚ ਹੋਰ ਹੋਵੇਗੀ। ਦੂਸਰੇ ਦੀ ਦਾਲ ਰੋਟੀ ਖਾਣ ਵਾਲੇ ਦੀ ਸੋਚ-ਸੁਤੰਤਰ ਨਹੀਂ ਹੋਵੇਗੀ ਤੇ ਸੁਤੰਤਰਤਾ ਬਗ਼ੈਰ ਲੋਕਤੰਤਰ ਦਾ ਕੋਈ ਅਰਥ ਨਹੀਂ ਰਹਿ ਜਾਂਦਾ। ਅਸੀਂ ਦਾਲ ਰੋਟੀ ਯੋਜਨਾ ਦੇ ਵਿਰੁੱਧ ਨਹੀਂ ਹਾਂ। ਅਸੀਂ ਵਿਸ਼ਾਲ ਅਰਥਾਂ ਵਿਚ ਅੰਨ ਸੁਰੱਖਿਆ ਦੇ ਹਾਮੀ ਹਾਂ, ਪਰ ਦਾਲ ਰੋਟੀ ਲਈ ਲੋਕਾਂ ਨੂੰ ਸਵੈ ਨਿਰਭਰ ਬਣਾਉਣਾ ਸਰਕਾਰ ਦਾ ਤਰਜੀਹੀ ਕਰਤੱਵ ਹੋਣਾ ਚਾਹੀਦਾ ਹੈ। ਵੋਟਾਂ ਖ਼ਾਤਰ ਸਸਤੇ ਭਾਅ ਦੀ ਦਾਲ ਰੋਟੀ ਯੋਜਨਾ ਦਾ ਸਭ ਤੋਂ ਮਾੜਾ ਪੱਖ ਉਹ ਹੈ ਜੋ ਇਸ ਸਮੇਂ ਪੰਜਾਬ ਵਿਚ ਉੱਭਰ ਕੇ ਸਾਹਮਣੇ ਆ ਰਿਹਾ ਹੈ। ਪੰਜਾਬ ਸਰਕਾਰ ਦੀ ਦਾਲਾਂ ਖਰੀਦਣ ਦੀ ਨੋਡਲ ਏਜੰਸੀ ਪਨਸਪ ਨੇ ਆਟਾ ਦਾਲ ਸਕੀਮ ਲਈ ਦਾਲਾਂ ਖਰੀਦਣ ਤੋਂ ਨਾਂਹ ਕਰ ਦਿੱਤੀ ਹੈ। ਅਖ਼ਬਾਰਾਂ ਦੀਆਂ ਰਿਪੋਰਟਾਂ ਅਨੁਸਾਰ ਪਨਸਪ ਸਿਰ 47 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਹੈ ਤੇ ਹੁਣ ਅੱਗੋਂ ਹੋਰ ਹੋਰ ਕਰਜ਼ਾ ਲੈ ਕੇ ਦਾਲ ਮੁਹੱਈਆ ਕਰਵਾਉਣਾ ਜਾਰੀ ਨਹੀਂ ਰੱਖ ਸਕਦੀ।



ਪਨਸਪ ਸਿਰ 843 ਕਰੋੜ ਰੁਪਏ ਦਾ ਕਰਜ਼ਾ ਕੇਵਲ ਦਾਲ ਰੋਟੀ ਸਕੀਮ ਅਧੀਨ ਹੀ ਚੜ੍ਹ ਗਿਆ ਹੈ। ਗ਼ੌਰਤਲਬ ਹੈ ਕਿ ਇਸ ਸਕੀਮ ਲਈ ਸਰਕਾਰ ਨੇ ਆਪਣੇ ਖਜ਼ਾਨੇ ਵਿਚੋਂ ਇਕ ਪੈਸਾ ਵੀ ਪਿਛਲੇ ਪੰਜ ਸਾਲਾਂ ਵਿਚ ਜਾਰੀ ਨਹੀਂ ਸੀ ਕੀਤਾ। ਮਜ਼ੇਦਾਰ ਗੱਲ ਹੈ ਕਿ ਪੰਜਾਬ ਸਰਕਾਰ ਨੇ ਆਪਣੀ ਕਲੰਦਰੀ ਚਾਲ ਨਾਲ ਸਕੀਮ ਵਿਚਲੀ ਦਾਲ ਨੂੰ ਆਲੂਆਂ ਨਾਲ ਤਬਦੀਲ ਕਰਨ ਦਾ ਯਤਨ ਵੀ ਕੀਤਾ। ਸਰਕਾਰ ਨੇ ਸੋਚਿਆ ਹੋਵੇਗਾ ਕਿ ਆਲੂ ਤਾਂ ਬਸ ਸੜਕਾਂ ਤੋਂ ਹੀ ਚੁੱਕ ਲੈਂਦੇ ਹਨ, ਪਰ ਫਿਰ ਇਹ ਸੋਚ ਕੇ ਸਰਕਾਰ ਨੇ ਫੈਸਲਾ ਬਦਲ ਲਿਆ ਕਿ ਇੰਝ ਕਰਨ ਨਾਲ ਸਰਕਾਰ ਦੀ ਬਦਨਾਮੀ ਹੋਵੇਗੀ। ਜਿਵੇਂ ਹੁਣ ਸਾਢੇ ਪੰਦਰਾਂ ਲੱਖ ਦੇ ਕਰੀਬ ਪੰਜਾਬੀ ਆਲੂਆਂ ਤੋਂ ਵੀ ਗਏ, ਉਵੇਂ ਇਕ ਦਿਨ ਕਣਕ ਤੋਂ ਵੀ ਇਸ ਕਰਜ਼ਾਈ ਸਰਕਾਰ ਤੋਂ ਕੋਰਾ ਜਵਾਬ ਲੈ ਸਕਦੇ ਹਨ। ਦਰਅਸਲ, ਇਹੋ ਗੱਲ ਹੈ ਜਿਸ ਦੇ ਆਧਾਰ 'ਤੇ ਅਸੀਂ ਲੋਕਾਂ ਨੂੰ ਸਰਕਾਰ ਦੀਆਂ ਲੋਕ ਲੁਭਾਊ ਨੀਤੀਆਂ ਪ੍ਰਤੀ ਸੁਚੇਤ ਰਹਿਣ ਦੀ ਸਲਾਹ ਦਿੰਦੇ ਹਾਂ। ਲੋਕ ਦਾਲ ਆਟਾ ਵਰਗੀਆਂ ਯੋਜਨਾਵਾਂ ਦਾ ਜ਼ਰੂਰ ਲਾਭ ਲੈਣ, ਪਰ ਆਪਣੇ ਲੋਕਤੰਤਰੀ ਹੱਕਾਂ ਨੂੰ ਤੇ ਸਵੈ-ਨਿਰਭਰ ਜੀਵਨ ਦੇ ਸੁਪਨੇ ਨੂੰ ਚੰਦ ਟੁਕੜਿਆਂ ਤੋਂ ਕੁਰਬਾਨ ਨਾ ਕਰਨ।

## ਪਰਚੀ ਵੀ ਕੱਟੇਗੀ ਪੁਲਿਸ



ਵੱਖ-ਵੱਖ ਧਾਰਾਵਾਂ ਅਧੀਨ ਝੂਠੇ-ਸੱਚੇ 'ਪਰਚੇ' ਦਰਜ ਕਰਨ ਵਾਲੀ ਪੁਲਿਸ ਹੁਣ 'ਪਰਚੀ' ਵੀ ਕੱਟਿਆ ਕਰੇਗੀ। ਪਰਚੇ ਹੀ ਨਹੀਂ ਸੀ ਮਾਣ, ਪਰਚੀਆਂ, ਖ਼ਬਰੇ ਕੀ ਰੰਗ ਲਿਆਉਣਗੀਆਂ। ਸਰਕਾਰ ਨੇ ਕਿਹਾ ਹੈ ਕਿ ਇਹ ਪਰਚੀਆਂ ਸੇਵਾਵਾਂ ਲਈ ਕੱਟੀਆਂ ਜਾਇਆ ਕਰਨਗੀਆਂ। ਦਰਅਸਲ, ਸਰਕਾਰ ਨੇ ਪੈਸਿਆਂ ਬਦਲੇ ਸੇਵਾਵਾਂ ਦਾ ਪਹਿਲਾਂ ਹੀ ਰੌਲਾ ਪਾ ਰੱਖਿਆ ਸੀ। ਦੂਜੇ ਪਾਸੇ ਵਿਡੰਬਨਾ ਇਹ ਹੈ ਕਿ ਸੇਵਾਵਾਂ ਅਜੇ ਚੱਜ ਨਾਲ ਮਿਲਣੀਆਂ ਵੀ ਸ਼ੁਰੂ ਨਹੀਂ ਹੋਈਆਂ, ਉਨ੍ਹਾਂ ਉਪਰ ਖਰਚੇ ਪਹਿਲਾਂ ਹੀ ਪਾ ਦਿੱਤੇ ਗਏ ਹਨ। ਪੁਲਿਸ ਦੁਆਰਾ ਵਸੂਲੀ ਜਾਣ ਵਾਲੀ ਫੀਸ ਦਾ ਦੂਜਾ ਲੋਕ ਵਿਰੋਧੀ ਪੱਖ ਇਹ ਹੈ ਕਿ ਜਨਤਕ ਸਰਗਰਮੀਆਂ ਉਪਰ ਪੁਲਿਸ ਦਾ ਸਿੱਧਾ ਨਿਯੰਤਰਣ ਹੋ ਜਾਵੇਗਾ ਤੇ ਪੰਜਾਬ ਪੁਲਿਸ ਦਾ ਸੁਭਾਅ ਤਾਂ ਅਸੀਂ ਜਾਣਦੇ ਹੀ ਹਾਂ, ਇਸ ਨੂੰ ਤਾਂ ਲੋਕਾਂ ਦੇ ਮਾਮਲਿਆਂ ਵਿਚ ਦਖ਼ਲ ਦੇਣ ਦਾ ਬਸ ਇਕ ਬਹਾਨਾ ਚਾਹੀਦਾ ਹੈ। ਉਸ ਤੋਂ ਮਗਰੋਂ ਦੇ ਇਸ ਦੇ ਕਾਰਨਾਮੇ ਅਕਸਰ ਮੀਡੀਆ ਵਿਚ ਨਸ਼ਰ ਹੁੰਦੇ ਰਹਿੰਦੇ ਹਨ। ਜਿਨ੍ਹਾਂ ਸੇਵਾਵਾਂ ਉਪਰ ਫੀਸ ਵਸੂਲੀ ਜਾਣੀ ਹੈ, ਉਨ੍ਹਾਂ ਵਿਚੋਂ ਕੁਝ ਸੇਵਾਵਾਂ ਨਾਂ ਦੀਆਂ ਹੀ ਮੁਫ਼ਤ ਸਨ। ਮਿਸਾਲ ਦੇ ਤੌਰ 'ਤੇ ਪਾਸਪੋਰਟ ਪੜਤਾਲ ਦੀ ਫੀਸ। ਇਹ ਫੀਸ ਪਹਿਲਾਂ ਹੀ ਵਸੂਲੀ ਜਾ ਰਹੀ ਹੈ, ਇਹ ਗੱਲ ਵੱਖਰੀ ਹੈ ਕਿ ਇਹ (ਫੀਸ) ਖ਼ਜ਼ਾਨੇ ਵਿਚ ਨਹੀਂ ਜਾਂਦੀ। ਸਾਰੇ ਜਾਣਦੇ ਹਨ ਕਿ ਪੁਲਿਸ ਦਾ ਪੜਤਾਲੀਆ ਸਿਪਾਹੀ ਜਦੋਂ ਪਾਸਪੋਰਟ ਪੜਤਾਲ ਲਈ ਸਬੰਧਿਤ ਘਰ ਜਾਂਦਾ ਹੈ ਤਾਂ ਉਥੋਂ 500 ਰੁਪਏ ਤੋਂ ਲੈ ਕੇ 1000 ਰੁਪਏ ਤੱਕ ਲੈ ਕੇ ਮੁੜਦਾ ਹੈ। ਲੋਕਾਂ ਨੂੰ ਹੁਣ ਇਸ ਕੰਮ ਲਈ 100 ਰੁਪਏ ਦੀ ਪਰਚੀ ਵੀ ਕਟਵਾਉਣੀ ਪਿਆ ਕਰੇਗੀ। ਇਹੀ ਹਾਲ ਦੂਸਰੀਆਂ ਪੁਲਿਸ ਸੇਵਾਵਾਂ ਦਾ ਵੀ ਹੈ। ਸਪੀਕਰ ਦੀ ਮਨਜ਼ੂਰੀ ਲਈ 100 ਰੁਪਏ, ਮੇਲਾ ਮਨਜ਼ੂਰੀ ਲਈ 500 ਰੁਪਏ, ਹਥਿਆਰ ਲਾਇਸੰਸ ਲਈ 100 ਰੁਪਏ, ਹਥਿਆਰ ਲਾਇਸੰਸ ਨਵਿਆਉਣ ਲਈ 200 ਰੁਪਏ ਪੁਲਿਸ ਨੂੰ ਅਦਾ ਕਰਨੇ ਪਿਆ ਕਰਨਗੇ। ਪ੍ਰਦਰਸ਼ਨੀ ਲਾਉਣ ਦੀ ਮਨਜ਼ੂਰੀ ਲੈਣ ਅਤੇ ਪੈਟਰੋਲ ਪੰਪ, ਮੈਰਿਜ ਪੈਲਿਸ, ਹੋਟਲ, ਸਿਨੇਮਾ, ਆਰਮਜ਼ ਡੀਲਰ, ਸਿਨੇਮਾ ਵੀਡੀਓ ਪਾਰਲਰ ਆਦਿ ਲਈ ਐਨ.ਓ.ਸੀ ਲੈਣ ਵਾਸਤੇ 500-500 ਰੁਪਏ ਦੀ ਫੀਸਦੀ ਨਿਸ਼ਚਿਤ ਕੀਤੀ ਗਈ ਹੈ। ਪੁਲਿਸ ਕਲੀਅਰੈਂਸ ਸਰਟੀਫਿਕੇਟ ਤਹਿਤ ਸਰਵਿਸ ਵੈਰੀਫਿਕੇਸ਼ਨ, ਕਰੈਕਟਰ ਵੈਰੀਫਿਕੇਸ਼ਨ ਅਤੇ ਕਿਰਾਏਦਾਰ ਤੇ ਨੌਕਰ ਦੀ ਵੈਰੀਫਿਕੇਸ਼ਨ ਕਰਵਾਉਣ ਲਈ 50 ਰੁਪਏ ਦੀ ਅਦਾਇਗੀ ਕਰਨੀ ਹੋਵੇਗੀ। ਜ਼ਾਹਿਰ ਹੈ ਕਿ ਨੇ ਪੁਲਿਸ ਸੇਵਾਵਾਂ ਬਦਲੇ ਕਾਫ਼ੀ ਬੋਝ ਜਨਤਾ ਉਪਰ ਪਾ ਦਿੱਤਾ ਹੈ। ਇਸ ਵਿੱਤੀ ਬੋਝ ਨੂੰ ਇਹ ਸੇਵਾਵਾਂ ਅਕਸਰ ਪ੍ਰਾਪਤ ਕਰਨ ਵਾਲੇ ਵਰਗ ਬਰਦਾਸ਼ਤ ਕਰ ਵੀ ਲੈਣਗੇ। ਕੀ ਫਰਕ ਪੈਂਦਾ ਹੈ ਜੇਕਰ ਪਾਸਪੋਰਟ ਪੜਤਾਲ ਬਦਲੇ ਪਹਿਲਾਂ ਹੀ 1000 ਰੁਪਏ ਖ਼ਾਕੀ ਵਰਦੀ ਦੀ ਜੇਬ ਵਿਚ ਪਾਉਣ ਵਾਲਾ ਵਿਅਕਤੀ ਹੁਣ 1100 ਰੁਪਏ ਅਦਾ ਕਰ ਦੇਵੇ। ਦੂਸਰੇ ਪਾਸੇ ਖੇਦ ਦੀ ਗੱਲ ਇਹ ਹੈ ਕਿ ਸੇਵਾਵਾਂ ਤੋਂ ਬਗ਼ੈਰ ਹੀ ਲੋਕਾਂ ਤੋਂ ਸੇਵਾਵਾਂ ਦੀ ਫੀਸ ਲਈ ਜਾਇਆ ਕਰੇਗੀ। ਖੇਦ ਦੀ ਗੱਲ ਇਹ ਵੀ ਹੈ ਕਿ ਪੰਜਾਬ ਸਰਕਾਰ ਆਏ ਦਿਨ ਆਪਣੇ ਟੈਕਸਾਂ ਦਾ ਘੇਰਾ ਵਸੀਹ ਕਰ ਰਹੀ ਹੈ। ਪਹਿਲੇ ਟੈਕਸਾਂ ਦਾ ਐਲਾਨ ਹੁੰਦਿਆਂ ਸਾਰ ਹੀ ਨਵੇਂ ਟੈਕਸਾਂ ਦੀ ਤਜਵੀਜ਼ ਉਪਰ ਚਰਚਾ ਸ਼ੁਰੂ ਹੋ ਜਾਂਦੀ ਹੈ। ਟੈਕਸਾਂ ਦਾ ਘੇਰਾ ਤਾਂ ਵਿਸ਼ਾਲ ਹੁੰਦਾ ਜਾ ਰਿਹਾ ਹੈ, ਪਰ ਪੰਜਾਬ ਸਰਕਾਰ ਦਾ ਖ਼ਜ਼ਾਨਾ ਅਜੇ ਵੀ ਖ਼ਾਲੀ ਦਾ ਖ਼ਾਲੀ ਹੈ। ਇਹ ਵੀ ਭਲਾ ਕੀ ਵਿੱਤੀ ਪ੍ਰਬੰਧ ਹੋਇਆ?

## ਸਿੱਖਿਆ ਅਤੇ ਸਿਆਸਤ

ਅਕਾਦਮਿਕ ਪੱਖੋਂ ਸਿੱਖਿਆ ਪ੍ਰਾਪਤ ਹੋਣਾ ਸਿਆਸਤਦਾਨ ਲਈ ਜ਼ਰੂਰੀ ਨਹੀਂ ਹੈ। ਫਿਰ ਵੀ ਇਹ ਮਹਿਸੂਸ ਕੀਤਾ ਜਾਣ ਲੱਗ ਪਿਆ ਹੈ ਕਿ ਸਿਆਸਤਦਾਨ ਦਾ ਸੁਸਿਖਿਅਤ ਹੋਣਾ ਇਕ ਚੰਗੀ ਗੱਲ ਹੈ। ਜੇਕਰ ਸਿਆਸਤਦਾਨ ਨੇ ਕੇਵਲ ਸਿਆਸਤ ਦੇ ਪਿੜ ਵਿਚ ਹੀ ਰਹਿਣਾ ਹੋਵੇ ਜਾਂ ਕੇਵਲ ਉਸ ਦੀ ਭੂਮਿਕਾ ਕਿੰਗ ਮੇਕਰ ਦੀ ਹੀ ਹੋਵੇ, ਫਿਰ ਕੋਈ ਫਰਕ ਨਹੀਂ ਪੈਂਦਾ, ਪਰ ਅਸੀਂ ਜਾਣਦੇ ਹਾਂ ਕਿ ਸਿਆਸਤਦਾਨ ਨੇ ਪ੍ਰਸ਼ਾਸਨਿਕ ਅਹੁਦਿਆਂ ਉਪਰ ਵੀ ਜਾਣਾ ਹੁੰਦਾ ਹੈ (ਜ਼ਿਆਦਾਤਰ ਸਿਆਸਤਦਾਨ ਤਾਂ ਇਨ੍ਹਾਂ ਅਹੁਦਿਆਂ ਲਈ ਹੀ ਸਿਆਸਤ ਕਰਦੇ ਹਨ), ਇਸ ਲਈ ਅਜੋਕੇ ਸਮਿਆਂ ਦੇ ਪ੍ਰਸ਼ਾਸਨ ਨਾਲ ਬਰ ਮੇਚਣ ਲਈ ਸਿਆਸਤਦਾਨ ਕਾਫ਼ੀ ਪੜ੍ਹਿਆ-ਲਿਖਿਆ ਹੋਣਾ ਚਾਹੀਦਾ ਹੈ। ਅਜੋਕੇ ਸਮਿਆਂ ਦੀ ਸਮਝ ਅਨੁਸਾਰ ਉਸ ਦੀ ਘੱਟੋਂ ਘੱਟ ਤਿੰਨ ਭਾਸ਼ਾਵਾਂ ਖੇਤਰੀ, ਹਿੰਦੀ ਤੇ ਅੰਗਰੇਜ਼ੀ ਵਿਚ ਚੰਗੀ ਮੁਹਾਰਤ ਹੋਣੀ ਚਾਹੀਦੀ ਹੈ। ਇਸ ਤੋਂ ਇਲਾਵਾ ਉਹ ਸਮਾਜਿਕ, ਆਰਥਿਕ ਤੇ ਰਾਜਨੀਤਿਕ ਸਿਧਾਂਤਾਂ ਪ੍ਰਤੀ ਕਾਫ਼ੀ ਜਾਗਰੂਕ ਹੋਣਾ ਚਾਹੀਦਾ ਹੈ। ਅਰਥਾਤ ਉਸ ਨੂੰ ਇਨ੍ਹਾਂ ਖੇਤਰਾਂ ਦੇ ਬੁਨਿਆਦੀ ਸਿਧਾਂਤਾਂ ਦੀ ਵਾਕਫ਼ੀਅਤ ਹੋਣੀ ਚਾਹੀਦੀ ਹੈ। ਪੁੱਛਿਆ ਜਾ ਸਕਦਾ ਹੈ ਕਿ ਬਹੁਤ ਸਾਰੇ ਸਿਆਸਤਦਾਨ ਹੋ ਗੁਜ਼ਰੇ ਹਨ ਜਿਨ੍ਹਾਂ ਨੇ ਆਪਣੀ ਸੂਝ-ਬੂਝ ਨਾਲ ਲੋਕਾਂ ਨੂੰ ਕਾਇਲ ਕੀਤਾ ਹੈ, ਜਦ ਕਿ ਉਹ ਜ਼ਿਆਦਾ ਪੜ੍ਹੇ-ਲਿਖੇ ਨਹੀਂ ਸਨ। ਇਸ ਸਵਾਲ ਦੇ ਜਵਾਬ ਵਿਚ ਕਿਹਾ ਜਾ ਸਕਦਾ ਹੈ ਕਿ ਅਜਿਹੇ ਸਿਆਸਤਦਾਨਾਂ ਨੂੰ ਜਾਂ ਤਾਂ ਵਿਸ਼ੇਸ਼ ਪ੍ਰਸਥਿਤੀਆਂ ਅਧੀਨ ਪੜ੍ਹਾਈ ਅੱਧ ਵਿਚਾਲੇ ਛੱਡਣੀ ਪਈ ਜਾਂ ਫਿਰ ਉਨ੍ਹਾਂ 'ਚੋਂ ਬਹੁਤਿਆਂ ਨੂੰ ਅਕਾਦਮਿਕ ਪੜ੍ਹਾਈ-ਲਿਖਾਈ ਦਾ ਮੌਕਾ ਹੀ ਨਹੀਂ ਮਿਲਿਆ। ਇਸ ਦੇ ਬਾਵਜੂਦ ਇਹ ਸਿਆਸਤਦਾਨ ਆਪਣੇ ਤੌਰ 'ਤੇ ਕਿਤਾਬਾਂ ਪੜ੍ਹਨ 'ਚ ਤੇ ਸਿੱਖਣ 'ਚ ਕੋਈ ਕਸਰ ਬਾਕੀ ਨਹੀਂ ਸਨ ਛੱਡਦੇ। ਹੁਣ ਦੇ ਅਨਪੜ੍ਹ ਜਾਂ ਅੱਧਪੜ੍ਹ ਸਿਆਸਤਦਾਨਾਂ 'ਤੇ ਉਪਰ ਵਾਲੀਆਂ ਗੱਲਾਂ ਲਾਗੂ ਨਹੀਂ ਹੁੰਦੀਆਂ। ਅਸੀਂ ਉਨ੍ਹਾਂ ਨੂੰ ਸਿੱਧਾ ਹੀ 'ਪੜ੍ਹਾਈ ਵਿਚ ਨਲਾਇਕ' ਤਾਂ ਨਹੀਂ ਕਹਿਣਾ ਚਾਹਾਂਗੇ, ਪਰ ਪੜ੍ਹਾਈ ਲਿਖਾਈ ਪ੍ਰਤੀ ਨਾ ਤਾਂ ਉਨ੍ਹਾਂ ਦੇ ਮਨ ਵਿਚ ਕੋਈ ਸਤਿਕਾਰ ਹੁੰਦਾ ਹੈ ਅਤੇ ਨਾ ਹੀ ਇਸ ਦੀ ਇਹ ਕੋਈ ਸਿਆਸੀ ਖੇਤਰ ਵਿਚ ਲੋੜ ਹੀ ਮਹਿਸੂਸ ਕਰਦੇ ਹਨ। ਇਨ੍ਹਾਂ ਦਾ ਉਭਾਰ ਪੰਜਾਬ ਵਿਚ ਜਾਇਦਾਦਾਂ ਦੀਆਂ ਕੀਮਤਾਂ ਦੇ ਭਾਰੀ ਉਛਾਲ ਨਾਲ ਆਇਆ ਹੈ, ਤਦੇ ਤਾਂ ਬਹੁਤ ਸਾਰੇ ਅਜਿਹੇ ਸਿਆਸਤਦਾਨ 'ਰੀਅਲ ਅਸਟੇਟ' ਸਿਆਸਤਦਾਨ ਹਨ ਇਨ੍ਹਾਂ ਵਿਚੋਂ ਹੀ ਕਈ ਵਿਧਾਇਕ ਆਦਿਕ ਬਣ ਕੇ 'ਸਿੱਖਿਆ ਸੁਧਾਰ ਕਮੇਟੀਆਂ' ਦੇ ਮੈਂਬਰ ਵੀ ਬਣਦੇ ਹਨ, ਕਿਸੇ-ਕਿਸੇ ਨੂੰ ਤਾਂ ਸਿੱਖਿਆ ਮੰਤਰੀ ਬਣਨ ਦਾ ਮਾਣ ਵੀ ਹਾਸਲ ਹੋ ਜਾਂਦਾ ਹੈ। ਇਹ 'ਸੂਝ' ਦੀ ਥਾਂ 'ਸਰਮਾਏ' ਨਾਲ ਸਿਆਸਤ ਕਰਦੇ ਹਨ ਅਤੇ ਪੰਜਾਬ ਦੇ ਸਿਆਸੀ ਪਿੜ ਵਿਚ ਅੱਜ-ਕੱਲ੍ਹ ਇਨ੍ਹਾਂ ਦੀ ਹੀ ਬੋਲਬਾਲਾ ਹੈ।

## ਛੇਕੜਲੀ ਗੱਲ

ਪੰਜਾਬ ਦੇ ਇਕ ਸਾਬਕਾ ਸਿੱਖਿਆ ਮੰਤਰੀ, ਜਿਸ ਕੋਲ ਉਚੇਰੀ ਸਿੱਖਿਆ ਦਾ ਵਿਭਾਗ ਵੀ ਸੀ, ਨੂੰ ਕਾਲਜ ਅਧਿਆਪਕਾਂ ਦਾ ਵਫ਼ਦ, ਮੰਤਰੀ ਪਦ ਮਿਲਣ 'ਤੇ ਵਧਾਈ ਦੇਣ ਲਈ ਗਿਆ। ਕਾਲਜ ਅਧਿਆਪਕਾਂ ਦੀ ਵਧਾਈ ਕਬੂਲ ਕਰਦਿਆਂ ਉਚੇਰੀ ਸਿੱਖਿਆ ਮੰਤਰੀ ਨੇ ਹੈਰਾਨੀ ਨਾਲ ਪੁੱਛਿਆ, ''ਅੱਛਾ, ਤਾਂ ਫਿਰ ਕਾਲਜ ਵੀ ਆਪਣੇ ਅੰਡਰ ਹੀ ਹੋਣਗੇ!''

ਕਾਲਜ ਅਧਿਆਪਕ, ਜੋ ਆਪਣੀਆਂ ਮੰਗਾਂ ਉਪਰ ਚਰਚਾ ਦੀ ਮਨਸ਼ਾ ਨਾਲ ਵੀ ਗਏ ਸਨ, ਸਿੱਖਿਆ ਮੰਤਰੀ ਸਾਹਿਬ ਦੀ ਅਣਜਾਣਤਾ ਦੇਖ ਕੇ, ਮੱਥੇ 'ਤੇ ਹੱਥ ਮਾਰ ਕੇ ਵਾਪਸ ਪਰਤ ਆਏ।

# ALBERTA CARPET CENTRE LTD.

FLOOR COVERING CARPET LINO TILES GRANITE SLATE AREA RUGS HARDWOOD & LAMINATE

4238 99 St. Edmonton

GLASS MOSAICS STARTING AT 4.99/SF (4260 SF IN STOCK)

CARPET REM UNDER 7′ x 12′ ONLY 00.50 ¢/SQ FT
CARPET REM OVER 7′ x 12′ ONLY 00.89 ¢/SQ FT

MILLION DOLLAR INVENTORY REDUCTION SALE

PATTERNED CARPET 1.99/ SQ FT ( 11000+ S.Y IN STOCK)
100% BCF NYLON ONLY $ 1.39/SQ FT (1150 S.Y IN STOCK)
BERBER 0.79 ¢/SQ FT (8000 S.Y IN STOCK)

SEVERAL PATTERNS TO CHOOSE
PATTERNED COMMERTIAL CARPET (3500+ S.Y IN STOCK)
100 % BCF NYLON STARTING AT 1.39/SF
TEXTURED CARPET 100% BCF NYLON

MAPLEHARDWOOD 4/4 x 5/8″ 3.99 / SF (4,000 SF IN STOCK)

SUPER BLOWOUT SALE!

HUGE SELECTION OF TILES TO CHOOSE
TILES STARTING AT $ 1.29 / SF (OVER 350,000 SF IN STOCK)
CERAMIC 13.5″ x 13.5″ 1.29/SF (8870 IN STOCK) 2 COLORS TO CHOOSE
PORCELEIN TILE 13″ x 13″ 1.79/ SF (20,239 SF IN STOCK) 4 COLORS TO CHOOSE

CALL BALBIR SINGH JAGGI
780 435 9410
Fax: 780 435 2596



# ROCKY'S PIZZA

Phone 780-423-2323
4227 - 23 Ave Edmonton, AB T6L 5Z8

Now Open - Take Out and Delivery
Hockey Game Day Specials
Open until 11:00 PM Weekdays & 12:00 AM Friday & Saturday

ROCKY'S PIZZA
PACKS A LOT OF PUNCH!!





# Lunch & Dinner Buffet



7 days a week starting from
$11.00
Bring in this ad and receive 10% off of next order
(expires Jan 31, 2012)



ALL INDIA
RESTAURANT & SWEETS
780-463-7770 • 4249 – 23 Ave Edmonton, AB T6L 5Z8 • www.allindiarestaurant.ca

A-WIN Insurance

# ਹਰੇਕ ਤਰ੍ਹਾਂ ਦੀ ਇੰਸ਼ੋਰੈਂਸ ਲਈ ਫੋਨ ਕਰੋ





## A-WIN: MAKING LIFE EASY

### Who We Are

**Western Canada's**

Biggest Brokers Team, designed to serve Canadians' with solutions for your personal and professional insurance needs.

**When Time and Money Matters**

Our team at A-WIN knows your time is valuable and that is why we want to help you save time and money. Ask for a quote on one or all of our services to simplify your life and save.

**Quick Quotes When You Need Them**





### What we Offer

- Home / Auto Insurance
- RV Insurance
- Travel Insurance
- Emergency Road Services
- Auto Mobile Warranty Services
- Commercial Insurance
- D & O Coverage / E & O Insurance

- ਕਾਰ, ਮੋਟਰਸਾਈਕਲ ਇੰਸ਼ੋਰੈਂਸ
- ਘਰ, ਕੰਡੋਮੀਨੀਅਮ ਅਤੇ ਕਿਰਾਏਦਾਰ ਇੰਸ਼ੋਰੈਂਸ
- ਟਰੱਕ: ਲੌਂਗਹਾਲ ਅਤੇ ਗਰੈਵਲ
- ਕਮਰਸ਼ੀਅਲ ਅਤੇ ਬਿਜ਼ਨਸ ਇੰਸ਼ੋਰੈਂਸ
- ਟਰੈਵਲ ਅਤੇ ਮੈਡੀਕਲ ਇੰਸ਼ੋਰੈਂਸ

MON - FRI : 9:00 a.m -- 5:00 pm
SAT till 2:00 p.m by appointments only
Closed on Sunday & Stat Holidays.

PROVIDING PEACE OF MIND
100 YEARS & BEYOND
SMI
SASKATCHEWAN MUTUAL INSURANCE COMPANY

**Discounts up to 60%**

**Payment Options available**

ਅਸੀਂ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ ਅਤੇ ਗੁਜਰਾਤੀ ਵਿਚ ਗੱਲਬਾਤ ਕਰ ਸਕਦੇ ਹਾਂ

અમે અંગ્રેજી, પંજાબી, ગુજરાતી, હિન્દી, અને ઉર્દૂ ભાષામાં સેવા આપીએ છીએ.

**We Provide Services In English, Punjabi, Gujrati, Hindi & Urdu**

**Edmonton: 780-465-6900**

ਜਸਵੀਰ ਦਿਓਲ, ਨਵਤੇਜ ਬੈਂਸ, ਲੌਰੀ ਮੋਰੈਨੋ, ਕਿਰਤਮੀਤ ਕੁਹਾੜ, ਦੀਪਕ ਸ਼ਾਹ, ਰਮਨ ਗਿੱਲ, ਹਰਸਿਮਰਨ ਗਿੱਲ

**Calgary: 403-775-2100**

ਜੈਸੀ ਸਿੰਘ, ਰੂਪੀ ਚੇਰਾ, ਹਰਪ੍ਰੀਤ ਉੱਪਲ, ਤਰਨਪ੍ਰੀਤ ਮੈਹਦਵਾਨ

ADVANCED Roofing Systems Ltd.

RESIDENTIAL COMMERCIAL

Residential/Commercial Insurance Claims · Asphalt & Specialty Shingles · Siding, Soffits, Fascia · 2 Ply Membranes (SBS) · Cedar Shakes · New & Re-Roof Specialists · Condominums Welcome · Steep Roofs Welcome · Licaenced & Insured · Pine Shake Replacement · Roof Top Snow removel · FREE Estimates



Gill Olson (Manager)

5448-36 Street, Edmonton, Alberta T6B 3P3,
gill@advancedroofsystems.com, www.advancedroofsystems.com
(780) 463-6320, Fax : (780) 450-0365

Gurkeerat Holding Ltd.



- We Build New House
- We Build Basement
- We Do Renovation
- Kitchen Cabinets

ਨਵਾਂ ਘਰ, ਨਵੀਂ ਬੇਸਮੈਂਟ, ਰੈਨੋਵੇਸ਼ਨ ਕਰਵਾਉਣ, ਸਸਤੀਆਂ ਅਤੇ ਵਧੀਆ ਕਿਚਨ ਕੈਬਨਿਟਾਂ ਲਈ ਵਧੀਆ ਕੰਮ ਅਤੇ ਵਾਜਬ ਰੇਟ ਲਈ ਸਾਨੂੰ ਕਾਲ ਕਰੋ

Ph. 780-996-2873

G DRIVING SCHOOL LTD.

Authorised teach Certification Course



Gurcharan Singh Garcha (M.Sc. M.Ed.)

EDMONTON'S NO. 1 DRIVING SCHOOL

ਕਿਸੇ ਵੀ ਤਰ੍ਹਾਂ ਦਾ ਡਰਾਇਵਿੰਗ ਲਾਇਸੈਂਸ ਲੈਣ ਲਈ ਭਰੋਸੇਮੰਦ ਨਾਮ G DRIVING SCHOOL

Services available in English, Punjabi, Hindi & Urdu



Male & Female Instructors are available · VEHICLE PROVIDE FOR ROAD TEST · Free Pickup & Drop Off in Edmonton & Area

9866-41 Ave. Edmonton AB T6E 5L6
Ph. : Off 780-229-1332, Cell : 780-907-0332, Fax : 780-229-0593
E-mail : info@gdrivingshool.com, www.gdrivingschool.com

PIZZA 99





Serving for over 16 years
Call (780) 450-9900

ਮਸਾਲੇਦਾਰ ਮੱਛੀ ਦੇ ਪਕੌੜੇ, ਵਧੀਆ ਸਰਵਿਸ, ਵਧੀਆ ਫੂਡ, ਵਾਜ਼ਬ ਕੀਮਤਾਂ ਲਈ ਸੰਪਰਕ ਕਰੋ:- ਪਰਮਜੀਤ ਸਿੰਘ ਬਾਠ

FREE DELIVERY Millwoods ONLY

Buy any Pizza at regular price & get Second Pizza of equal or less value Free or Chicken wings Free and 3rd Pizza Half Price.

ਪਰਮਜੀਤ ਸਿੰਘ ਬਾਠ
www.pizza99.com

Opening Hours: Monday to Thursday 3pm to 11.30pm, Friday 3pm to 1.30am, Saturday 12 noon to 1.30am, Sunday 12 noon to 11.30pm

RENNET FREE CHEESE · 1543 Millwoods Road East, Edmonton AB.

Sidhu Stucco Ltd.

Residential & Commercial

ਕਿਸੇ ਵੀ ਤਰ੍ਹਾਂ ਦੀ ਵਧੀਆ ਸਟੱਕੋ ਲਈ ਇਕ ਵਾਰ ਸੇਵਾ ਦਾ ਮੌਕਾ ਜਰੂਰ ਦਿਓ ।

Stucco is a versatile, beautiful, durable and fire resistant cladding.



All kind of Stucco
Acrylic & Rain Screen
Harinder Dhaliwal
(780) 297-9165

EconoLodge BY CHOICE HOTELS

Red Deer Econo Lodge Inn & Suites

www.choicehotels.com

Reservations 1-877-424-6423





403-346-4188
Cell: 403-505-4188
Email: econolodgereddeer@shaw.ca



Varinder Sidhu
President

37433 Highway 2 South, East Side Gasoline Alley
Red Deer, Alberta T4E 1B3

$299,900
Incl. Home, lot & net GST
ਕੀਮਤ ਘਰ, ਲਾਟ ਅਤੇ ਨੈਟ ਜੀ ਐਸ ਟੀ ਸਮੇਤ ਹੈ

$299,900

SOUTH EAST
2 Storey
3 bedrooms
2 1/2 baths
1290sq.ft
Single Garage
6 Appliances





$318,800

2 storey
Detached home
3 bedrooms
1 1/2 baths
1260 sq.ft
6 Appliances
double Garage

SOUTH WEST
2 Storey
3 bedrooms
2 1/2 baths
1711sq.ft
Bonus Room
Attached Garage



$375,000



ਫਾਇਨਾਂਨਸਿੰਗ ਦੀ ਸੁਵਿਧਾ ਹੈ
ਡਾਊਨ ਪੇਮੈਂਟ, ਨੋ ਪਰਾਬਲਮ
FINANCING AVAILABLE
No Down Payment, No Problem
Call Rennie @ 780-966-1688
rennie1688@gmail.com



Best wishes to everyone celebrating
"Dussehra" — Rama's victory over Ravana —
the victory of good over evil.

October 24, 2012

— Gene

Hon. Gene Zwozdesky
MLA Edmonton Mill Creek
Speaker, Alberta Legislative Assembly
Phone: 780 466 3737

*"working with you and for you"*

## Punjabi Cultural Association Of Alberta

*Presents*

# 30th Annual Cultural Program

**Sunday, October 7, 2012. 2 PM Sharp**
**Jubilee Auditorium,11455 87 Ave.Edmonton**

ਬੜੇ ਮਾਣ ਨਾਲ ਪੇਸ਼ ਕਰਦੀ ਹੈ
30ਵਾਂ ਸਾਲਾਨਾ ਸਭਿਆਚਾਰਕ ਸਮਾਗਮ
ਐਤਵਾਰ, 7 ਅਕਤੂਬਰ 2012– 2 ਵਜੇ




ਜਿਸ ਵਿੱਚ ਗਿੱਧਾ-ਭੰਗੜਾ, ਗੀਤ-ਸੰਗੀਤ, ਹਾਸਾ-ਠੱਠਾ,
ਸਕਿੱਟਾਂ ਤੇ ਹੋਰ ਬਹੁਤ ਕੁਝ



**For more info**

Gurcharan Brar 780-265-3752
Bakhash Sangha 780-461-7528
Dalbir Sangione 780-995-5475
Arvind Sekhon 780-965-9590
Manjit Bajwa 780-264-5997
Gurvinder Gill 780-497-8801
Sukhdev Dhanoa 780-700-5022
Kirtmeet Kohar 780-200-5328
Tajinder Brar 780-709-7979
Harjit Sandhu 780-233-3100
Kuldip Dhaliwal 780-278-0627
Varinder Bhullar 780-966-3121

**Media-Sponsors**

ਨਵੀਂ ਦੁਨੀਆ ਦੇਸ ਪ੍ਰਦੇਸ ਟਾਈਮਜ਼ ਲੋਕ ਆਵਾਜ ਦੇਸ਼ ਵਿਦੇਸ਼ ਟਾਇਮਜ਼
ਰੇਡੀਓ ਸਾਊਥ ਏਸ਼ੀਆ ਰੇਡੀਓ ਸੁਰ ਸੰਗਮ ਦੇਸ਼ ਪੰਜਾਬ ਰੇਡੀਓ
ਵਤਨ ਟੀ.ਵੀ. ਏਸ਼ੀਅਨ ਟ੍ਰਿਬਿਊਨ ਪੰਜਾਬ ਮੇਲ ਦਾ ਸਾਊਥ ਏਸ਼ੀਅਨ ਨਿਊਜ਼ ਸ਼ਾਨ-ਏ-ਪੰਜਾਬ

# ਗ਼ਦਰ ਯਾਦਗਾਰੀ ਲੋਕ ਸੇਵਾ ਸੋਸਾਇਟੀ ਦਾ ਗਠਨ



ਮੋਗਾ (ਨਦਬ)-ਸੇਵਾ ਮੁਕਤ ਸੀਨੀਅਰ ਸਿਟੀਜ਼ਨ ਗ਼ਦਰ ਮੈਮੋਰੀਅਲ ਸੋਸਾਇਟੀ ਢੁੱਡੀਕੇ ਦੇ ਸੱਦੇ 'ਤੇ ਢੁੱਡੀਕੇ ਵਿਖੇ ਸੂਝਵਾਨ ਲੋਕਾਂ ਦੀ ਇਕ ਇਕੱਤਰਤਾ ਹੋਈ। ਇਸ ਵਿਚ ਲਗਪਗ 20 ਮੈਂਬਰਾਂ ਨੇ ਭਾਗ ਲਿਆ। ਮੀਟਿੰਗ ਦੀ ਪ੍ਰਧਾਨਗੀ ਉਘੇ ਨਾਵਲਕਾਰ ਜਸਵੰਤ ਸਿੰਘ ਕੰਵਲ ਅਤੇ ਕੈਪਟਨ ਰਣਜੀਤ ਸਿੰਘ ਡਰੋਲੀ ਭਾਈ (ਆਈ.ਐਨ.ਏ) ਨੇ ਕੀਤੀ। ਇਕੱਤਰਤਾ ਵਿਚ ਅਮਰਜੀਤ ਸਿੰਘ ਢੁੱਡੀਕੇ, ਇੰਦਰਜੀਤ ਸ਼ਰਮਾ, ਗੁਰਚਰਨ ਸਿੰਘ ਸੰਘਾ ਡਰੋਲੀ ਭਾਈ, ਮੇਹਰ ਸਿੰਘ ਤਲਵਡੀ ਭੰਗੇਰੀਆਂ, ਗੁਰਬਚਨ ਸਿੰਘ ਢੁੱਡੀਕੇ, ਨਿਰਭੈ ਸਿੰਘ ਮੂਮ, ਮਾ. ਜੈਕਬ ਢੁੱਡੀਕੇ, ਬੰਤ ਸਿੰਘ ਬਧਨੀ ਕਲਾਂ, ਸੰਤੋਖ ਸਿੰਘ ਕੋਕਰੀ ਕਲਾਂ, ਸੁਰਜੀਤ ਸਿੰਘ ਕੋਕਰੀ ਕਲਾਂ, ਕ੍ਰਿਸ਼ਨ ਕੁਮਾਰ ਕੋਕਰੀ ਕਲਾਂ, ਬਾਲ ਕ੍ਰਿਸ਼ਨ ਢੁੱਡੀਕੇ, ਬਚਿੱਤਰ ਸਿੰਘ ਕੋਕਰੀ ਫੂਲਾ ਸਿੰਘ, ਅਵਤਾਰ ਸਿੰਘ ਕੋਕਰੀ ਕਲਾਂ, ਮਾ. ਸੁਰਜੀਤ ਸਿੰਘ ਦੌਧਰ, ਹਰਪਾਲ ਸਿੰਘ ਢੁੱਡੀਕੇ, ਬੂਟਾ ਸਿੰਘ ਮੱਲ੍ਹਾ ਤੇ ਕੰਵਰਦੀਪ ਸਿੰਘ ਢੁੱਡੀਕੇ ਸ਼ਾਮਲ ਹੋਏ।

ਅਮਰਜੀਤ ਸਿੰਘ ਨੇ ਇਕੱਤਰਤਾ ਵਿਚ ਸ਼ਾਮਲ ਮੈਂਬਰਾਂ ਨੂੰ ਜੀ ਆਇਆਂ ਆਖਦਿਆਂ ਇਕੱਤਰਤਾ ਦਾ ਉਦੇਸ਼ ਦੱਸਿਆ। ਇੰਦਰਜੀਤ ਸਿੰਘ ਸ਼ਰਮਾ ਨੇ ਸੋਸਾਇਟੀ ਦੇ ਪਿਛਲੇ ਕੰਮਾਂ ਦੀ ਰਿਪੋਰਟ ਪੇਸ਼ ਕੀਤੀ। ਸੋਸਾਇਟੀ ਨੇ ਆਪਣੀਆਂ ਗਤੀਵਿਧੀਆਂ ਤਹਿਤ ਸਰਕਾਰੀ ਪ੍ਰਾਇਮਰੀ ਸਕੂਲ ਢੁੱਡੀਕੇ ਦਾ ਨਾਮ ਗਦਰੀ ਬਾਬਾ ਈਸ਼ਰ ਸਿੰਘ ਦੇ ਨਾਂ 'ਤੇ ਰਖਵਾਉਣਾ, ਪ੍ਰਾਇਮਰੀ ਸਿੱਖਿਆ ਦੀ ਦਸ਼ਾ 'ਤੇ ਦਿਸ਼ਾ ਉਪਰ ਸੈਮੀਨਾਰ ਕਰਵਾਉਣਾ, ਪਿੰਡ ਦੀ ਇਕ ਗਲੀ ਦਾ ਨਾਂ ਗਦਰੀ ਸ਼ਹੀਦ ਬਾਬਾ ਈਸ਼ਰ ਸਿੰਘ ਦੇ ਨਾਂ 'ਤੇ ਕਰਵਾਉਣਾ, ਕਾਮਾਗਾਟਾ ਮਾਰੂ ਸਾਕੇ ਨਾਲ ਸਬੰਧਿਤ ਗ਼ਦਰੀ ਦੇਸ਼ ਭਗਤਾਂ ਤੇ ਹੋਰ ਦੇਸ਼ ਭਗਤਾਂ ਦੇ ਪਰਿਵਾਰਾਂ ਦੀ ਸਹਾਇਤਾ ਖਾਤਰ ਯਾਦਗਾਰੀ ਕਮੇਟੀ ਬਣਾ ਕੇ ਪੰਜਾਬ ਸਰਕਾਰ ਨਾਲ ਗੱਲਬਾਤ ਚਲਾਉਣਾ, ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਗ਼ਦਰ ਲਹਿਰ ਦੇ ਸੌ ਸਾਲਾ ਸਥਾਪਨਾ ਦਿਵਸ 'ਤੇ ਗ਼ਦਰੀ ਬਾਬਾ ਸੋਹਨ ਸਿੰਘ ਭਕਨਾ ਦੇ ਨਾਂ 'ਤੇ ਡਾਕ ਟਿਕਟ ਜਾਰੀ ਕਰਨ ਲਈ ਪੱਤਰ ਲਿਖਣਾ, ਕਾਮਾਗਾਟਾ ਮਾਰੂ ਸਾਕੇ ਦੇ ਸਬੰਧ ਵਿਚ ਕੈਨੇਡਾ ਸਰਕਾਰ ਨੂੰ ਮਾਫ਼ੀ ਮੰਗਣ ਲਈ ਪੱਤਰ ਲਿਖਣਾ ਆਦਿ ਮਹੱਤਵਪੂਰਨ ਕਾਰਜ ਕੀਤੇ।

ਰਿਪੋਰਟ ਉਪਰੰਤ ਨਵੀਂ ਜਥੇਬੰਦੀ ਦੀ ਚੋਣ ਹੋਈ, ਜਿਸ ਦਾ ਨਾਂ 'ਗ਼ਦਰ ਯਾਦਗਾਰੀ ਲੋਕ ਸੇਵਾ ਸੋਸਾਇਟੀ' ਰੱਖਿਆ ਗਿਆ। ਇਸ ਦੇ ਕਨਵੀਨਰ ਅਮਰਜੀਤ ਸਿੰਘ ਅਤੇ ਸਕੱਤਰ ਇੰਦਰਜੀਤ ਸ਼ਰਮਾ ਚੁਣੇ ਗਏ। ਇਸ ਤੋਂ ਇਲਾਵਾ ਬੂਟਾ ਸਿੰਘ ਮੱਲ੍ਹਾ, ਬੰਤ ਸਿੰਘ ਬਧਨੀ, ਮੇਹਰ ਸਿੰਘ ਤਲਵੰਡੀ ਭੰਗੇਰੀਆਂ, ਨਿਰਭੈ ਸਿੰਘ ਮੂਮ ਅਤੇ ਗੁਰਬਚਨ ਸਿੰਘ ਢੁੱਡੀਕੇ 'ਤੇ ਆਧਾਰਿਤ ਸਲਾਹਕਾਰ ਕਮੇਟੀ ਬਣਾਈ ਗਈ।

ਕੈਪਟਨ ਰਣਜੀਤ ਸਿੰਘ ਡਰੋਲੀ ਭਾਈ ਵੱਲੋਂ ਸੁਸਾਇਟੀ ਦੇ ਕੰਮਾਂ ਦੀ ਸ਼ਲਾਘਾ ਕੀਤੀ ਗਈ। ਨਾਵਲਕਾਰ ਜਸਵੰਤ ਸਿੰਘ ਕੰਵਲ ਨੇ ਪੰਜਾਬ ਦੀ ਆਰਥਿਕ ਦੁਰਦਸ਼ਾ, ਕਿਸਾਨਾਂ ਦੀਆਂ ਖੁਦਕੁਸ਼ੀਆਂ, ਸਮਾਜਿਕ ਕਦਰਾਂ-ਕੀਮਤਾਂ ਦੇ ਨਿਘਾਰ ਬਾਰੇ ਚਿੰਤਾ ਜ਼ਾਹਿਰ ਕਰਦਿਆਂ ਕਿਹਾ ਕਿ ਲੋਕਾਂ ਨੂੰ ਆਪਣੀ ਬਿਹਤਰੀ ਲਈ ਭ੍ਰਿਸ਼ਟ ਸਰਕਾਰਾਂ ਤੋਂ ਕੋਈ ਆਸ ਨਹੀਂ ਰੱਖਣੀ ਚਾਹੀਦੀ, ਸਗੋਂ ਵਿਵਸਥਾ ਪਰਿਵਰਤਨ ਦੇ ਰਾਹ 'ਤੇ ਤੁਰਨਾ ਚਾਹੀਦਾ ਹੈ। ਇਕੱਤਰਤਾ ਦੀ ਸਮਾਪਤੀ 'ਤੇ ਗੁਰਚਰਨ ਸਿੰਘ ਸੰਘਾ ਡਰੋਲੀ ਭਾਈ ਨੇ ਹਾਜ਼ਰ ਹੋਏ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ।

# ਸਾਧੂ ਬਿੰਨਿਗ ਦੀ ਪੁਸਤਕ 'ਨਾਸਤਿਕ ਬਾਣੀ' ਲੋਕ-ਅਰਪਣ

ਸਰੀ (ਹਰਪ੍ਰੀਤ ਸੇਖਾ)-ਨੌਰਥ ਡੈਲਟਾ, ਰੀਕਰੀਏਸ਼ਨ ਸੈਂਟਰ ਵਿਖੇ ਪੰਜਾਬੀ ਲੇਖਕ ਤੇ ਚਿੰਤਕ ਸਾਧੂ ਬਿਨਿੰਗ ਦੀ ਪੁਸਤਕ ਨਾਸਤਿਕਬਾਣੀ ਵਤਨ ਮੈਗਜ਼ੀਨ ਅਤੇ ਪੰਜਾਬੀ ਆਰਟਿਸਟ ਅਸੋਸੀਏਸ਼ਨ ਆਫ਼ ਰਿਚਮੰਡ (ਪਾਰ) ਵੱਲੋਂ ਭਰਵੇਂ ਇਕੱਠ ਵਿਚ ਲੋਕ ਅਰਪਣ ਕੀਤੀ ਗਈ। ਇਸ ਸਮਾਰੋਹ ਦੀ ਵਿਸ਼ੇਸ਼ਤਾ ਇਹ ਸੀ ਕਿ ਰੱਬ ਦੀ ਹੋਂਦ 'ਤੇ ਵਿਸ਼ਵਾਸ਼ ਕਰਨ ਵਾਲੇ ਅਤੇ ਨਾ ਕਰਨ ਵਾਲੇ ਵਿਦਵਾਨਾਂ ਨੇ ਵਿਚਾਰ-ਵਟਾਂਦਰਾ ਕੀਤਾ। ਸਮਾਗਮ ਦੀ ਕਾਰਵਾਈ ਉੱਘੇ ਵਿਦਵਾਨ ਡਾ ਸਾਧੂ ਸਿੰਘ ਨੇ ਬਹੁਤ ਵਧੀਆ ਤਰੀਕੇ ਨਾਲ ਨਿਭਾਈ। ਉਹ ਵਿਚ ਵਿਚ ਆਪਣੇ ਦਾਰਸ਼ਨਿਕ ਵਿਚਾਰ ਵੀ ਸਾਂਝੇ ਕਰਦੇ ਰਹੇ।

ਪ੍ਰਧਾਨਗੀ ਮੰਡਲ ਵਿਚ ਡਾ ਰਘਬੀਰ ਸਿੰਘ ਸਿਰਜਣਾ, ਖੁਸ਼ੀਰਾਮ, ਡਾ ਸੈਫ਼ ਖਾਲਿਦ ਅਤੇ ਕਿਤਾਬ ਦੇ ਲੇਖਕ ਸਾਧੂ ਬਿਨਿੰਗ ਬੈਠੇ। ਲੋਕ ਅਰਪਣ ਕਰਨ ਦੀ ਰਸਮ ਕਵਾਂਟਲਿਨ ਪੌਲੀਟਿਕਨਿਕ ਯੂਨੀਵਰਸਿਟੀ ਦੀ ਵਿਦਿਆਰਥਣ ਪ੍ਰਭਜੋਤ ਕੌਰ ਸਿੰਘ ਅਤੇ ਨਾਸਤਿਕ ਬਾਣੀ ਦੇ ਲੇਖਕ ਦੀ ਜੀਵਨ ਸਾਥਣ ਜਗਦੀਸ਼ ਕੌਰ ਬਿਨਿੰਗ ਨੇ ਨਿਭਾਈ। ਸਾਧੂ ਬਿਨਿੰਗ ਨੇ ਸਮਾਗਮ ਦੀ ਸ਼ੁਰੂਆਤ ਆਪਣੇ ਨਾਸਤਿਕ ਬਨਣ ਦੇ ਸਫ਼ਰ ਬਾਰੇ ਜਾਣਕਾਰੀ ਦੇ ਕੇ ਕੀਤੀ। ਉਨ੍ਹਾਂ ਨੇ ਕਿਹਾ ਕਿ ਬਚਪਨ ਵਿਚ ਦਰਸ਼ਨ ਸਿੰਘ ਕਨੇਡੀਅਨ ਦੇ ਸਾਥ ਅਤੇ ਪ੍ਰੀਤਲੜੀ ਦਾ ਪਾਠਕ ਬਨਣ ਕਰਕੇ ਰੱਬ ਦੀ ਹੋਂਦ ਬਾਰੇ ਪ੍ਰਸ਼ਨ ਛੋਟੀ ਉਮਰ ਵਿਚ ਹੀ ਉੱਠਣੇ ਸ਼ੁਰੂ ਹੋ ਗਏ ਸਨ। 16-17 ਸਾਲ ਦੀ ਉਮਰ ਵਿਚ ਉਨ੍ਹਾਂ ਕੁਝ ਦੇਰ ਲਈ ਕੇਸ ਵੀ ਰੱਖੇ। ਪਰ 20 ਸਾਲ ਦੀ ਉਮਰ ਤੱਕ ਰੱਬ ਦੀ ਅਣਹੋਂਦ ਬਾਰੇ ਉਨ੍ਹਾਂ ਦੇ ਵਿਚਾਰ ਪੱਕ ਚੁੱਕੇ ਸਨ। ਉਨ੍ਹਾਂ ਅੱਗੇ ਦੱਸਿਆ ਕਿ ਪਿਛਲੇ ਪੰਜ-ਛੇ ਸਾਲਾਂ ਦੌਰਾਨ ਉਨ੍ਹਾਂ ਨੇ ਨਾਸਤਿਕਤਾ ਬਾਰੇ ਗੰਭੀਰਤਾ ਨਾਲ ਪੜ੍ਹਿਆ। ਇਹ ਪੜਦਿਆਂ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਨਾਸਤਿਕਤਾ ਵਾਲਾ ਰਾਹ ਹੀ ਇਨਸਾਨ ਲਈ ਉੱਤਮ ਹੈ। ਇਸ ਕਿਤਾਬ ਦੇ ਛਪਵਾਉਣ ਦੇ ਮੰਤਵ ਬਾਰੇ ਉਨ੍ਹਾਂ ਕਿਹਾ ਕਿ ਭਾਈਚਾਰੇ ਵਿਚ ਇਸ ਵਿਸ਼ੇ ਬਾਰੇ ਸੰਵਾਦ ਸ਼ੁਰੂ ਕਰਨਾ ਹੈ। ਪ੍ਰਭਜੋਤ ਕੌਰ ਸਿੰਘ ਨੇ ਕਿਹਾ ਕਿ ਆਸਤਿਕਤਾ ਅਤੇ ਨਾਸਤਿਕਤਾ ਜੀਵਣ ਜਿਊਣ ਦੇ ਢੰਗ ਹਨ। ਇਨਸਾਨ ਨੂੰ ਖੁੱਲ੍ਹ ਹੋਣੀ ਚਾਹੀਦੀ ਹੈ ਕਿ ਉਸ ਨੇ ਕਿਹੜਾ ਰਾਹ ਚੁਨਣਾ ਹੈ। ਬੱਚਿਆਂ ਦੇ ਰੋਗਾਂ ਦੇ ਮਾਹਿਰ ਡਾਕਟਰ ਸਰਦਾਰ ਪ੍ਰਗਟ ਸਿੰਘ ਭੁਰਜੀ ਨੇ ਕਿਹਾ ਕਿ ਇਸ ਸ੍ਰਿਸ਼ਟੀ ਦੀ ਸਿਰਜਣਾ ਸਰਬ ਸ਼ਕਤੀਮਾਨ ਪਰਮਾਤਮਾ ਨੇ ਕੀਤੀ ਹੈ। ਅਜਮੇਰ ਰੋਡੇ ਨੇ ਪ੍ਰਸ਼ਨ ਉਠਾਇਆ ਕਿ ਫਿਰ ਉਸ ਸਿਰਜਣਹਾਰੇ ਦੀ ਸਿਰਜਣਾ ਕਿਸ ਨੇ ਕੀਤੀ। ਅਜਮੇਰ ਰੋਡੇ ਨੇ ਧਰਮ ਤੇ ਵਿਗਿਆਨ ਦੇ ਵੱਖਰੇਵੇਂ ਬਾਰੇ ਗੱਲ ਕੀਤੀ। ਰੇਡੀਓ ਸੰਵਾਦਾਤਾ ਗੁਰਪ੍ਰੀਤ ਸਿੰਘ ਨੇ ਧਰਮ ਅਤੇ ਸਿਆਸਤ ਬਾਰੇ ਆਪਣੇ ਵਿਚਾਰ ਪ੍ਰਗਟਾਏ। ਉਨ੍ਹਾਂ ਨੇ ਦੁਨੀਆਂ ਦੇ ਵੱਖ ਵੱਖ ਹਿਸਿਆਂ ਦੀਆਂ ਉਦਾਹਰਣਾ ਦੇ ਕੇ ਦੱਸਿਆ ਕਿ ਧਰਮ ਤੇ ਸਿਆਸਤ ਰਲ ਕੇ ਭਿਆਨਕ ਤਬਾਹੀ ਮਚਾਉਂਦੇ ਹਨ। ਉਨ੍ਹਾਂ ਨੇ ਧਰਮ ਅਤੇ ਸਿਆਸਤ ਨੂੰ ਵੱਖ-ਵੱਖ ਰੱਖਣ 'ਤੇ ਜ਼ੋਰ ਦਿੱਤਾ। ਯੂ ਬੀ ਸੀ ਦੇ ਅਧਿਆਪਕ ਸੁਖਵੰਤ ਹੁੰਦਲ ਨੇ ਕਿਹਾ ਕਿ ਇਹ ਕਿਤਾਬ ਪੜ੍ਹ ਕੇ ਪਤਾ ਲੱਗਦਾ ਹੈ ਕਿ ਨਾਸਤਿਕ ਵਿਚਾਰ ਹਜ਼ਾਰਾਂ ਸਾਲਾਂ ਤੋਂ ਚਲੇ ਆਉਂਦੇ ਹਨ। ਉਨ੍ਹਾਂ ਕਿਤਾਬ ਦੀ ਪ੍ਰਸੰਸਾ ਕਰਦਿਆਂ ਕਿਹਾ ਕਿ ਇਹ ਨਾਸਤਿਕ ਵਿਚਾਰਾਂ ਲਈ ਸਮਾਜ ਵਿਚ ਥਾਂ ਬਣਾਉਣ ਲਈ ਰਾਹ ਪੱਧਰਾ ਕਰਦੀ ਹੈ। ਉਨ੍ਹਾਂ ਅੱਗੇ ਕਿਹਾ ਕਿ ਇਹ ਕਿਤਾਬ ਇਹ ਮਿੱਥ ਵੀ ਤੋੜਦੀ ਹੈ ਕਿ ਨਾਸਤਿਕ ਵਿਚਾਰ ਸਿਰਫ਼ ਕੌਮਨਿਸਟਾਂ ਦੇ ਹੀ ਹੁੰਦੇ ਹਨ। ਉਨ੍ਹਾਂ ਕਿਤਾਬ ਦੀ ਸੀਮਾ ਦੀ ਗੱਲ ਕਰਦਿਆਂ ਕਿਹਾ ਕਿ ਇਹ ਆਸਤਿਕ ਲੋਕਾਂ ਨੂੰ ਆਪਣੇ ਵੱਲ ਨਹੀਂ ਖਿੱਚਦੀ। ਤਰਕਸ਼ੀਲ ਸੁਸਾਇਟੀ ਵੈਨਕੂਵਰ ਦੇ ਪ੍ਰਧਾਨ ਅਵਤਾਰ ਗਿੱਲ ਨੇ ਕਿਹਾ ਕਿ ਰੱਬ ਉਨ੍ਹਾਂ ਲਈ ਗੁੰਝਲਦਾਰ ਬੁਝਾਰਤ ਨਹੀਂ ਹੈ। ਉਨ੍ਹਾਂ ਨੇ ਕਿਹਾ ਕਿ ਇਹ ਕਿਤਾਬ ਤਰਕਸ਼ੀਲ ਲਹਿਰ ਲਈ ਵੱਡਮੁੱਲੀ ਹੈ। ਸੁੱਖੀ ਢਿੱਲੋਂ ਨੇ ਸਿੱਖ ਧਰਮ ਵਿਚ ਜਾਤਪਾਤ ਦੀ ਗੱਲ ਕੀਤੀ। ਖੁਸ਼ੀਰਾਮ ਨੇ ਕਿਹਾ ਕਿ ਨਾਸਤਿਕ ਇਨਸਾਨ ਨੂੰ ਆਪਣੇ ਆਪ 'ਤੇ ਵਿਸ਼ਵਾਸ਼ ਹੁੰਦਾ ਹੈ ਜਦੋਂ ਕਿ ਆਸਤਿਕ ਨੂੰ ਕਿਸੇ ਅਜੇਹੀ ਸ਼ਕਤੀ 'ਤੇ, ਜਿਸਦੀ ਕੋਈ ਹੋਂਦ ਹੀ ਨਹੀਂ ਹੁੰਦੀ। ਉਨ੍ਹਾਂ ਨੇ ਵੱਧ ਤੋਂ ਵੱਧ ਉਸਾਰੂ ਸੋਚ ਵਾਲੀਆਂ ਕਿਤਾਬਾਂ ਪੜ੍ਹਨ 'ਤੇ ਜ਼ੋਰ ਦਿੱਤਾ। ਹਰਬੰਸ ਢਿੱਲੋਂ ਨੇ ਕਿਹਾ ਕਿ ਸਾਇੰਸਦਾਨ ਆਖਦੇ ਹਨ ਕਿ ਜਿਹੜੀ ਦਲੀਲ ਤਰਕ ਦੀ ਕਸਵੱਟੀ 'ਤੇ ਨਹੀਂ ਉਤਰਦੀ ਉਸਦਾ ਥਾਂ ਕੂੜੇ ਦੀ ਟੋਕਰੀ ਹੁੰਦਾ ਹੈ। ਧਰਮ ਵਿਸ਼ਵਾਸ਼ 'ਤੇ ਖੜ੍ਹਾ ਹੈ। ਧਰਮ ਨੇ ਇਨਸਾਨ ਦਾ ਫਾਇਦੇ ਨਾਲੋਂ ਨੁਕਸਾਨ ਵਧੇਰੇ ਕੀਤਾ ਹੈ।

ਪ੍ਰੋ: ਗੁਰਮੀਤ ਸਿੰਘ ਟਿਵਾਣਾ ਨੇ ਧਰਮ ਅਤੇ ਮਾਰਕਸਵਾਦ ਦੀ ਗੱਲ ਕੀਤੀ। ਸਤਵੰਤ ਦੀਪਕ ਨੇ ਗੁਰਚਰਨ ਰਾਮਪੁਰੀ ਦਾ ਸੁਨੇਹਾ ਪੜ੍ਹ ਕੇ ਸੁਣਾਇਆ ਅਤੇ ਆਪਣੇ ਵੱਲੋਂ ਲੇਖਕ ਨੂੰ ਵਧਾਈ ਦਿੱਤੀ। ਇਨ੍ਹਾਂ ਤੋਂ ਇਲਾਵਾ ਜਰਨੈਲ ਸਿੰਘ ਸੇਖਾ, ਨਦੀਮ ਪਰਮਾਰ, ਪ੍ਰਿੰਸੀਪਲ ਕਸ਼ਮੀਰ ਸਿੰਘ ਗਿੱਲ ਨੇ ਲੇਖਕ ਨੂੰ ਵਧਾਈ ਦਿੱਤੀ। ਹਰਮਿੰਦਰ ਮਾਹਲ, ਡਾ: ਰਿਸ਼ੀ ਸਿੰਘ, ਹਰਜੀਤ ਦੌਧਰੀਆ, ਅਮਰਜੀਤ ਸੂਫ਼ੀ, ਅਮਨਪਾਲ ਸਾਰਾ, ਰਣਬੀਰ ਜੌਹਲ, ਪਰਵਿੰਦਰ ਧਾਰੀਵਾਲ, ਤਨਦੀਪ ਤਮੰਨਾ ਅਤੇ ਨਵਦੀਪ ਸਿੱਧੂ ਨੇ ਲੇਖਕ ਨੂੰ ਵਧਾਈ ਦਿੱਤੀ। ਸਮੇਂ ਦੀ ਘਾਟ ਕਾਰਣ ਕੁਝ ਬੁਲਾਰਿਆਂ ਨੂੰ ਸਮਾਂ ਨਹੀਂ ਮਿਲ ਸਕਿਆ। ਅੰਤ ਵਿਚ ਲੇਖਕ, ਸਾਧੂ ਬਿਨਿੰਗ ਨੇ ਹਾਜ਼ਰੀਨ ਤੋਂ ਇਲਾਵਾ ਗੁਰਪ੍ਰੀਤ ਸਿੰਘ ਰੇਡੀਓ ਇੰਡੀਆ, ਰੇਡੀਓ ਪੰਜਾਬ ਤੋਂ ਕੁਲਜੀਤ ਕੌਰ, ਕਰਮਜੀਤ ਥਿੰਦ, ਜੁਆਏ ਟੀ ਵੀ ਤੋਂ ਹਰਪ੍ਰੀਤ ਸਿੰਘ, ਡਾ ਪਰਗਟ ਸਿੰਘ ਭੁਰਜੀ, ਸੁਖਵੰਤ ਹੁੰਦਲ, ਪਾਲ ਬਿਨਿੰਗ ਅਤੇ ਡਾ: ਸਾਧੂ ਸਿੰਘ ਦਾ ਧੰਨਵਾਦ ਕੀਤਾ।

PAKISTANI & EAST AFRICAN MENU
BEEF RIB, MOGO,
MISHKAKI, CHOPS,
CHAPPALI KABAB,
SEEKH KABAB
Shafi Tandoori Grill
Party Hall Available
Catering in Town or Out of Town
Ask for
Chazal or Asad
(780) 462-3556
3444 - 93 Street Edmonton, AB T6E 6A4
Phone: (780) 462-3556 Fax: (780) 462-3575
Toll Free: 1-866-362-3556
Hours
Sun-Mon: 11am - 9 pm
Wed to Sat: 11 am - 9:30 pm
Closed Tuesdays

Birthdays, Wedding Parties etc.
Mulani Paanwala
"Best in the West"
Business Hours
Thursday 2:30 - 6:00 pm
Friday 2:30 - 9:00 pm
Saturday 12:00 - 9:00 pm
Sunday 12:00 - 6:00 pm
East African & Bombay Style Paans
Specialty Mitha Paan, Khara Paan & more...
mulanipaanwala@gmail.com (780) 901-PAAN (7226)
We take Orders for any Special Occasion!
At Shafi Tandoori Grill 3444-93 St. Edmonton, AB

K.P. ACCOUNTING & TAX SERVICES
135 Millbourne Road East Lee Ridge Plaza, Edmonton, AB T6K1P6
SAVE YOUR TAX FOR FAST REFUND USE E-FILES
INDIVIDUAL TAX RETURNS
INCORPORATION OF COMPANIES
PAYROLL, T4 SLIPS
CORPORATE TAX RETURNS
ਇਨਕਮ ਟੈਕਸ ਦੇ ਪੇਪਰ ਭਰਾਉਣ ਲਈ ਆਪਣੇ ਭਾਈਚਾਰੇ
ਦੇ ਜਾਣੇ-ਪਛਾਣੇ ਅਕਾਊਂਟੈਂਟ ਕਪਿਲ ਸ਼ਰਮਾ ਨਾਲ ਸੰਪਰਕ ਕਰੋ

Ph : 780 469 2677 Fax : 780 469 2026

# ਗ਼ਦਰੀ ਬਾਬਿਆਂ ਦੇ ਘੋਲ਼ ਨੂੰ ਕਲਮਬੱਧ ਕਰਨ ਵਾਲਾ ਗਿਆਨੀ ਕੇਸਰ ਸਿੰਘ ਨਾਵਲਿਸਟ



ਗਿਆਨੀ ਕੇਸਰ ਸਿੰਘ ਨਾਵਲਿਸਟ ਨੇ ਨਾ ਸਿਰਫ਼ ਗ਼ਦਰ ਲਹਿਰ ਰਾਹੀਂ ਅਜ਼ਾਦੀ ਦੀ ਲੜਾਈ 'ਚ ਆਪਣਾ ਯੋਗਦਾਨ ਪਾਇਆ ਸਗੋਂ ਗ਼ਦਰ ਲਹਿਰ ਬਾਰੇ ਅਣਮੁੱਲਾ ਸਾਹਿਤ ਰਚ ਕੇ ਇਸ ਲਹਿਰ ਨਾਲ ਜੁੜੀਆਂ ਅਨੇਕਾਂ ਹਸਤੀਆਂ ਦੇ ਕਾਰਨਾਮਿਆਂ ਨੂੰ ਸਾਡੇ ਸਾਹਮਣੇ ਮੁੜ-ਜੀਵਿਤ ਕਰ ਦਿੱਤਾ ਹੈ। ਗਿਆਨੀ ਕੇਸਰ ਸਿੰਘ ਦੁਆਰਾ ਆਪਣੀਆਂ ਲਿਖਤਾਂ 'ਚ ਸਾਂਭਿਆ ਇਹ ਵਿਰਸਾ ਭਾਰਤ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰੇਰਿਤ ਕਰਦਾ ਰਹੇਗਾ ਤੇ ਉਹਨਾਂ ਨੂੰ ਇਹ ਅਹਿਸਾਸ ਕਰਵਾਉਂਦਾ ਰਹੇਗਾ ਕਿ ਜੇਕਰ ਅਸੀਂ ਮਨੁੱਖੀ ਕਦਰਾਂ-ਕੀਮਤਾਂ ਨੂੰ ਜਿਉਂਦਾ ਰੱਖਣਾ ਹੈ, ਤਾਂ ਸਾਡੇ ਲਈ ਸਾਮਰਾਜਵਾਦੀ ਤਾਕਤਾਂ ਵਿਰੁੱਧ ਇਕਜੁੱਟ ਹੋ ਕੇ ਅਵਾਜ਼ ਉਠਾਉਣੀ ਜਰੂਰੀ ਹੈ।

ਗਿਆਨੀ ਕੇਸਰ ਸਿੰਘ ਨਾਵਲਿਸਟ ਦਾ ਜਨਮ 10 ਅਕਤੂਬਰ 1912 ਵਿੱਚ ਪਾਕਿਸਤਾਨ ਦੇ ਸ਼ਹਿਰ ਰਾਵਲਪਿੰਡੀ ਵਿੱਚ ਹੋਇਆ ਤੇ ਜਨਮ ਤੋਂ ਲੈ ਕੇ ਮਰਨ ਤੀਕਰ ਉਹਨਾਂ ਦਾ ਜੀਵਨ ਸੰਘਰਸ਼ਮਈ ਰਿਹਾ। ਤਿੰਨ ਸਾਲਾਂ ਦੀ ਉਮਰ ਵਿੱਚ ਹੀ ਗਿਆਨੀ ਜੀ ਅਨਾਥ ਹੋ ਗਏ। ਉਹਨਾਂ ਨੇ ਆਪਣਾ ਬਚਪਨ ਅੰਮ੍ਰਿਤਸਰ ਵਿੱਚ ਸੰਤ ਗੁਲਾਬ ਸਿੰਘ ਦੇ ਡੇਰੇ ਅਤੇ ਇੱਥੋਂ ਦੇ ਇੱਕ ਯਤੀਮਖਾਨੇ ਵਿੱਚ ਗੁਜ਼ਾਰਿਆ। ਅਜਿਹੀ ਹਾਲਤ ਵਿੱਚ ਵੀ ਉਹਨਾਂ ਨੇ ਹੌਂਸਲਾ ਨਾ ਹਾਰਿਆ। ਪਹਾੜ ਵਰਗੀਆਂ ਮੁਸ਼ਕਿਲਾਂ ਨਾਲ ਇਕੱਲਿਆ ਜੂਝਦਿਆਂ ਗਿਆਨੀ ਜੀ ਨੇ ਪੋਸਟ ਗ੍ਰੈਜੂਏਟ ਦੀ ਡਿਗਰੀ ਖਾਲਸਾ ਕਾਲਜ ਅੰਮ੍ਰਿਤਸਰ ਤੋਂ ਕੀਤੀ। ਇਹ ਉਦੋਂ ਦੀ ਗੱਲ ਹੈ ਜਦੋਂ ਭਾਰਤ ਵਿੱਚ ਅਜ਼ਾਦੀ ਦੀ ਲਹਿਰ ਪੂਰੀ ਸਿਖ਼ਰ ਉੱਤੇ ਸੀ। ਦੇਸ਼ ਦਾ ਪੜ੍ਹਿਆ-ਲਿਖਿਆ ਹਰ ਨੌਜਵਾਨ ਆਲੇ-ਦੁਆਲੇ ਦੇ ਸਿਆਸੀ ਵਾਤਾਵਰਨ ਤੋਂ ਪ੍ਰਭਾਵਿਤ ਹੋ ਰਿਹਾ ਸੀ। ਅਜਿਹੀ ਹਾਲਤ ਵਿੱਚ ਗਿਆਨੀ ਕੇਸਰ ਸਿੰਘ ਇਸ ਸਭ ਤੋਂ ਕਿਵੇਂ ਅਣਲੱਗ ਰਹਿ ਸਕਦਾ ਸੀ। ਭਾਰਤ ਦੇ ਸਿਆਸੀ ਹਾਲਾਤਾਂ ਤੋਂ ਪ੍ਰਭਾਵਿਤ ਹੋ ਕੇ ਦੇਸ਼ ਨੂੰ ਅਜ਼ਾਦ ਕਰਵਾਉਣ ਦੇ ਮਕਸਦ ਨਾਲ ਗਿਆਨੀ ਜੀ ਵੀ ਅਜ਼ਾਦੀ ਦੀ ਲੜਾਈ ਵਿੱਚ ਕੁੱਦ ਪਏ। ਗਿਆਨੀ ਜੀ ਨੇ ਸੱਚੇ ਸਿਪਾਹੀ ਵਾਂਗ ਉਮਰ ਭਰ ਦੇਸ਼-ਕੌਮ ਦੀ ਸੇਵਾ ਕੀਤੀ।

ਅਜ਼ਾਦੀ ਦੀ ਲੜਾਈ ਲੜਨ ਵਾਲਿਆਂ ਵਿੱਚੋਂ ਗਿਆਨੀ ਕੇਸਰ ਸਿੰਘ ਉੱਤੇ ਨੇਤਾ ਜੀ ਸੁਭਾਸ਼ ਚੰਦਰ ਬੋਸ ਦਾ ਸਭ ਤੋਂ ਜਿਆਦਾ ਪ੍ਰਭਾਵ ਸੀ। ਗਿਆਨੀ ਜੀ ਸੁਭਾਸ਼ ਚੰਦਰ ਬੋਸ ਦੀ ਇਸ ਗੱਲ ਨਾਲ ਸਹਿਮਤ ਸੀ ਕਿ ਜਦ ਤੱਕ ਅੰਗਰੇਜ਼ਾ ਖਿਲਾਫ਼ ਹਥਿਆਰਬੰਦ ਹੋ ਕੇ ਨਹੀਂ ਲੜਿਆ ਜਾਂਦਾ, ਉਦੋਂ ਤੱਕ ਅੰਗਰੇਜ਼ਾਂ ਨੂੰ ਭਾਰਤ 'ਚੋ ਬਾਹਰ ਨਹੀਂ ਕੱਢਿਆ ਜਾ ਸਕਦਾ।

ਗਿਆਨੀ ਜੀ ਵਰਗਾ ਬਣਨਾ ਹਰੇਕ ਦੇ ਹਿੱਸੇ ਨਹੀਂ ਆਉਂਦਾ, ਪਹਿਲਾਂ ਤਾਂ ਉਹਨਾਂ ਨੇ ਅਜ਼ਾਦੀ ਦੀ ਲਹਿਰ ਵਿੱਚ ਡਟ ਕੇ ਹਿੱਸਾ ਪਾਇਆ ਤੇ ਇਸ ਤੋਂ ਬਾਅਦ ਉਹ ਆਖ਼ਰੀ ਦਮ ਤੱਕ ਅਜ਼ਾਦੀ ਦੇ ਘੋਲ਼ ਨੂੰ ਕਲਮਬੱਧ ਕਰਨ ਵਿੱਚ ਲੱਗੇ ਰਹੇ ਤਾਂ ਜੋ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਇਹ ਜਾਣ ਸਕਣ ਕਿ ਜਿਸ ਅਜ਼ਾਦ ਹਵਾ ਵਿੱਚ ਉਹ ਸਾਹ ਲੈ ਰਹੀਆਂ ਹਨ ਉਸਦਾ ਮੁੱਲ ਦੇਸ਼ ਨੂੰ ਅਜ਼ਾਦ ਕਰਵਾਉਣ ਵਾਲਿਆਂ ਨੇ ਆਪਣਾ ਲਹੂ ਦੇ ਕੇ ਤਾਰਿਆ ਹੈ।

ਗਿਆਨੀ ਕੇਸਰ ਸਿੰਘ ਨਾਵਲਿਸਟ ਨੇ ਅੰਗਰੇਜ਼ੀ ਅਤੇ ਪੰਜਾਬੀ ਭਾਸ਼ਾ ਵਿੱਚ 60 ਤੋਂ ਵੱਧ ਪੁਸਤਕਾਂ ਲਿਖੀਆਂ ਜਿਨ੍ਹਾਂ ਵਿੱਚ ਨਾਵਲਾਂ ਦੀ ਗਿਣਤੀ ਸਭ ਤੋਂ ਜਿਆਦਾ ਹੈ ਤੇ ਇਹਨਾਂ ਨਾਵਲਾਂ ਵਿੱਚੋਂ 25 ਨਾਵਲ ਗ਼ਦਰ ਲਹਿਰ ਦੇ ਇਤਿਹਾਸਕ ਪਿਛੋਕੜ ਵਾਲੇ ਹਨ। ਇਸ ਤੋਂ ਵੀ ਅੱਗੇ ਜੇ ਇਹਨਾਂ ਨਾਵਲਾਂ ਬਾਰੇ ਕਹਿਣਾ ਹੋਵੇ ਤਾਂ ਇਹਨਾਂ ਨਾਵਲਾਂ ਨੂੰ ਗ਼ਦਰ ਲਹਿਰ ਨਾਲ ਸਬੰਧਿਤ ਦਸਤਾਵੇਜ਼ਾਂ ਦਾ ਦਰਜਾ ਦਿੱਤਾ ਜਾ ਸਕਦਾ ਹੈ। ਗਿਆਨੀ ਜੀ ਦੀਆਂ ਰਚਨਾਵਾਂ ਪੜ੍ਹ ਕੇ ਨਾ ਸਿਰਫ਼ ਭਾਰਤ ਦੀ ਅਜ਼ਾਦੀ ਦੀ ਲੜਾਈ ਬਾਰੇ ਸਗੋਂ ਉਸ ਸਮੇਂ ਦੇ ਵਿਸ਼ਵ ਪੱਧਰੀ ਸਮਾਜਿਕ, ਆਰਥਿਕ ਤੇ ਰਾਜਨੀਤਿਕ ਸਰੋਕਾਰਾਂ ਬਾਰੇ ਵੀ ਭਰਪੂਰ ਜਾਣਕਾਰੀ ਮਿਲਦੀ ਹੈ। ਗ਼ਦਰ ਲਹਿਰ ਬਾਰੇ ਗਿਆਨੀ ਜੀ ਦਾ ਕੰਮ ਸਧਾਰਣ ਬੰਦੇ ਲਈ ਹੀ ਨਹੀਂ ਵਿੱਦਿਅਕ ਸੰਸਥਾਵਾਂ ਲਈ ਵੀ ਰਾਹ ਦਿਸੇਰਾ ਹੈ। ਉਹਨਾਂ ਨੇ ਜਿਸ ਤਰ੍ਹਾਂ ਗ਼ਦਰ ਲਹਿਰ ਬਾਰੇ ਤੇ ਇਸ ਲਹਿਰ ਦੇ ਸ਼ਹੀਦਾਂ ਬਾਰੇ ਲਿਖਿਆ ਹੈ, ਉਹ ਬੇਮਿਸ਼ਾਲ ਹੈ। ਭਾਵੇਂ ਗਿਆਨੀ ਕੇਸਰ ਸਿੰਘ ਤੋਂ ਪਹਿਲਾਂ ਅਤੇ ਬਾਅਦ ਵਿੱਚ ਵੀ ਬਹੁਤ ਸਾਰੇ ਇਤਿਹਾਸਕਾਰਾਂ ਅਤੇ ਸਾਹਿਤਕਾਰਾਂ ਨੇ ਗ਼ਦਰ ਲਹਿਰ ਬਾਰੇ ਲਿਖਿਆ ਹੈ ਪਰ ਜੋ ਮੁਕਾਮ ਇਸ ਖੇਤਰ 'ਚ ਉਹਨਾਂ ਦਾ ਹੈ ਉਹ ਹੋਰ ਕਿਸੇ ਦਾ ਨਹੀਂ। ਗ਼ਦਰ ਲਹਿਰ ਬਾਰੇ 'ਹਥਿਆਰਬੰਦ ਇਨਕਲਾਬ' ਅਤੇ 'ਜੰਗੀ ਕੈਦੀ' ਉਸ ਦੀਆਂ ਬੇਮਿਸ਼ਾਲ ਰਚਨਾਵਾਂ ਹਨ। ਕੇਸਰ ਸਿੰਘ ਨਾਵਲਿਸਟ ਨੇ ਆਪਣੀ ਆਤਮ ਕਥਾ ਲਿਖ ਕੇ ਇਹ ਪ੍ਰਮਾਣ ਵੀ ਦੇ ਦਿੱਤਾ ਹੈ ਕਿ ਸਾਡੇ ਕੋਲ ਉਹਨਾਂ ਦੀ ਸਾਹਿਤਕ ਸੂਝ ਦਾ ਵੀ ਕੋਈ ਬਦਲ ਨਹੀਂ। ਗ਼ਦਰ ਲਹਿਰ ਨਾਲ ਸਬੰਧਿਤ ਨਾਵਲਾਂ ਵਿੱਚ ਗਿਆਨੀ ਜੀ ਨੇ ਦਰਸਾਇਆ ਹੈ ਕਿ ਕਿਵੇਂ ਪੱਛਮੀ ਮੁਲਕਾਂ ਅਤੇ ਅਮਰੀਕਾ ਵਿੱਚ ਵਸਦੇ ਕਾਮਿਆਂ ਨੇ ਗ਼ਦਰ ਲਹਿਰ ਦਾ ਮੁੱਢ ਬੰਨਿਆ ਤੇ ਕਿਵੇਂ ਉਸ ਸਮੇਂ ਦੀ ਸਭ ਤੋਂ ਵੱਡੀ ਸਾਮਰਾਜਵਾਦੀ ਤਾਕਤ ਇੰਗਲੈਂਡ ਨਾਲ ਲੋਹਾ ਲਿਆ। ਉਹਨਾਂ ਨੇ ਆਪਣੀਆਂ ਰਚਨਾਵਾਂ ਵਿੱਚ ਵਿਦੇਸ਼ਾਂ 'ਚ ਭਾਰਤੀ ਕਾਮਿਆਂ ਦੀ ਹਾਲਤ ਅਤੇ ਗੁਲਾਮ ਦੇਸ਼ ਦੇ ਵਾਸੀ ਹੋਣ ਕਾਰਨ ਉਹਨਾਂ ਨਾਲ ਹੋਏ ਵਿਤਕਰਿਆਂ ਬਾਰੇ ਬੜੇ ਹੀ ਭਾਵਪੂਰਤ ਢੰਗ ਨਾਲ ਵਰਨਣ ਕੀਤਾ ਹੈ। ਇਹਨਾਂ ਸਾਰੀਆਂ ਗੱਲਾਂ ਨੂੰ ਸੰਖੇਪ 'ਚ ਕਹਿਣਾ ਹੋਵੇ ਤਾਂ ਇਹ ਇਉਂ ਕਿਹਾ ਜਾਵੇਗਾ ਕਿ ਗਿਆਨੀ ਜੀ ਨੇ ਗ਼ਦਰ ਲਹਿਰ ਦਾ ਵਿਰਸਾ ਆਪਣੀਆਂ ਰਚਨਾਵਾਂ ਵਿੱਚ ਸਾਂਭ ਲਿਆ ਹੈ।

ਇਸ ਖੇਤਰ ਵਿੱਚ ਗਿਆਨੀ ਜੀ ਦੀਆਂ ਲਿਖਤਾਂ ਦੀ ਮਹੱਤਤਾ ਇਸ ਗੱਲ ਤੋਂ ਪਤਾ ਲੱਗਦੀ ਹੈ ਕਿ ਉਹਨਾਂ ਦੀ ਕਿਤਾਬ 'ਇੰਡੀਅਨ ਇੰਡਿਪੈਂਡੈਂਸ ਮੂਵਮੈਂਟ ਇਨ ਇਸਟ ਏਸੀਆ' ਦੀ ਭੂਮਿਕਾ ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਵੱਡੇ ਭਰਾ ਸ਼ਰਤ ਚੰਦਰ ਬੋਸ ਦੁਆਰਾ ਲਿਖੀ ਗਈ ਹੈ। ਭੂਮਿਕਾ 'ਚ ਉਹਨਾਂ ਨੇ ਲਿਖਿਆ ਹੈ ਕਿ ਜਾਪਾਨ, ਚੀਨ ਅਤੇ ਮਲਾਇਆ ਵਰਗੇ ਦੇਸ਼ਾਂ 'ਚ ਭਾਰਤ ਨੂੰ ਅਜ਼ਾਦ ਕਰਵਾਉਣ ਲਈ ਹੋਈਆਂ ਸਰਗਰਮੀਆਂ ਬਾਰੇ ਨਵੀਂ ਪੀੜ੍ਹੀ ਦੇ ਨੌਜਵਾਨਾਂ ਨੂੰ ਬਹੁਤ ਘੱਟ ਜਾਣਕਾਰੀ ਹੈ। ਪਰ ਕੇਸਰ ਸਿੰਘ ਦੀ ਲਿਖਤ ਇਹਨਾਂ ਸਿਆਸੀ ਸਰਗਰਮੀਆਂ ਅਤੇ ਸਮੁੱਚੇ ਸੰਘਰਸ਼ ਬਾਰੇ ਬੜ੍ਹੇ ਹੀ ਉਚਿਤ ਢੰਗ ਨਾਲ ਚਾਨਣਾ ਪਾਉਂਦੀ ਹੈ। ਉਹਨਾਂ ਦੇ ਇਸ ਯੋਗਦਾਨ ਨੂੰ ਦੇਖਦਿਆਂ ਪੰਜਾਬ ਦੇ ਭਾਸ਼ਾ ਵਿਭਾਗ ਵੱਲੋਂ ਉਹਨਾਂ ਨੂੰ ਸਾਹਿਤ ਸ੍ਰੋਮਣੀ ਪੁਰਸਕਾਰ ਵੀ ਦਿੱਤਾ ਗਿਆ ਹੈ। ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਦਾ ਇਹ ਸਭ ਤੋਂ ਵੱਡਾ ਪੁਰਸਕਾਰ ਹੈ। ਇਸ ਤੋਂ ਇਲਾਵਾ ਸਾਹਿਤ 'ਚ ਉਹਨਾਂ ਵੱਲੋਂ ਪਾਏ ਯੋਗਦਾਨ ਨੂੰ ਦੇਖਦਿਆਂ ਸਾਹਿਤ ਅਕਾਦਮੀ ਲੁਧਿਆਣਾ ਵੱਲੋਂ ਵੀ ਉਹਨਾਂ ਨੂੰ ਫੈਲੋਸ਼ਿਪ ਤੇ ਨਕਦ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ ਹੈ।

ਗਿਆਨੀ ਕੇਸਰ ਨਾਵਲਿਸਟ ਦਾ ਸਮੁੱਚਾ ਜੀਵਨ ਸੰਘਰਸ਼ ਭਰਿਆ ਸੀ। ਇਹੀ ਕਾਰਨ ਹੈ ਕਿ ਉਹਨਾਂ ਦੀਆਂ ਲਿਖਤਾਂ ਵਿੱਚ ਸੰਘਰਸ਼ ਦਾ ਵਰਨਣ ਬਹੁਤ ਹੀ ਪਾਏਦਾਰ ਢੰਗ ਨਾਲ ਹੈ। ਗ਼ਦਰੀਆਂ ਬਾਰੇ ਉਹ ਇਸ ਕਰਕੇ ਹੋਰਾਂ ਨਾਲੋਂ ਵੱਧ ਜਾਣਦੇ ਹਨ ਕਿਉਂਕਿ ਉਹਨਾਂ ਨੇ ਇਸ ਲਹਿਰ ਨੂੰ ਹੱਡੀਂ ਹੰਢਾਇਆ ਹੈ ਤੇ ਵਿਦੇਸ਼ਾਂ ਵਿੱਚ ਰਹਿ ਕੇ ਲਹਿਰ ਨੂੰ ਮਜਬੂਤ ਕਰਨ ਲਈ ਦਿਨ-ਰਾਤ ਕੰਮ ਕੀਤਾ ਹੈ। ਇਹੀ ਕਾਰਨ ਹੈ ਕਿ ਉਹਨਾਂ ਨੇ ਗ਼ਦਰੀ ਬਾਬਿਆਂ ਦੇ ਅੰਦਰਲੇ ਦੇਸ਼ ਭਗਤੀ ਦੇ ਜਜ਼ਬੇ ਨੂੰ ਇੰਨੀ ਸ਼ਿੱਦਤ ਨਾਲ ਚਿਤਰਿਆ ਹੈ ਕਿ ਪੜ੍ਹ ਕੇ ਪਾਠਕ ਹੈਰਾਨ ਹੋ ਜਾਂਦਾ ਹੈ।

ਗਿਆਨੀ ਜੀ 1930 ਤੋਂ ਲੈ ਕੇ 1940 ਦਰਮਿਆਨ ਪੂਰਬੀ ਦੇਸ਼ਾਂ ਜਿਵੇਂ ਮਲਾਇਆ, ਚੀਨ ਤੇ ਜਪਾਨ ਆਦਿ ਦੇਸ਼ਾਂ ਵਿੱਚ ਰਹੇ। ਇਸ ਦਰਮਿਆਨ ਉਹਨਾਂ ਨੇ ਇਹਨਾਂ ਦੇਸ਼ਾਂ ਵਿੱਚ ਰਹਿੰਦੇ ਭਾਰਤੀਆਂ ਨਾਲ ਸੰਪਰਕ ਕੀਤਾ ਤੇ ਉਹਨਾਂ ਨੂੰ ਅੰਗਰੇਜ਼ਾਂ ਵਿਰੁੱਧ ਲੜਨ ਲਈ ਤਿਆਰ ਕੀਤਾ। ਗਿਆਨੀ ਜੀ ਵਰਗੇ ਦੇਸ਼ ਭਗਤਾਂ ਦੀਆਂ ਕੋਸ਼ਿਸ਼ਾਂ ਸਦਕਾ ਹੀ ਹੌਲੀ-ਹੌਲੀ ਇਹਨਾਂ ਦੇਸ਼ਾਂ 'ਚ ਰਹਿੰਦੇ ਭਾਰਤੀ ਕਾਮੇ ਅੰਗਰੇਜ਼ਾਂ ਖਿਲਾਫ਼ ਲੜਨ ਲਈ ਸੰਗਠਿਤ ਹੋਣੇ ਸ਼ੁਰੂ ਹੋਏ।

ਗਿਆਨੀ ਕੇਸਰ ਸਿੰਘ ਨੇ ਇੰਡੀਅਨ ਨੈਸ਼ਨਲ ਆਰਮੀ ਵਿੱਚ ਵੀ ਕਾਫ਼ੀ ਕੰਮ ਕੀਤਾ ਪਰ ਪਤਾ ਨਹੀਂ ਕਿਉਂ ਉਹਨਾਂ ਦੇ ਇਸ ਕੰਮ 'ਤੇ ਉਹਨਾਂ ਦੇ ਪ੍ਰਸ਼ੰਸਕਾਂ ਜਾਂ ਅਲੋਚਕਾ ਨੇ ਬਹੁਤ ਘੱਟ ਗੌਰ ਫ਼ਰਮਾਈ ਹੈ ਇਹੀ ਕਾਰਨ ਹੈ ਕਿ ਇੰਡੀਅਨ ਨੈਸ਼ਨਲ ਆਰਮੀ ਵਿੱਚ ਗਿਆਨੀ ਜੀ ਦੀ ਨਿਭਾਈ ਭੂਮਿਕਾ ਬਾਰੇ ਕਦੇ ਖੁਲ੍ਹ ਕੇ ਚਰਚਾ ਨਹੀਂ ਹੋ ਸਕੀ ਤੇ ਆਮ ਬੰਦੇ ਨੂੰ ਆਰਮੀ ਵਿੱਚ ਨਿਭਾਈ ਉਹਨਾਂ ਦੀ ਮਹੱਤਵਪੂਰਨ ਭੂਮਿਕਾ ਵੀ ਸਧਾਰਣ ਨਜ਼ਰ ਆਉਂਦੀ ਹੈ। ਅਸਲ ਗੱਲ ਇਹ ਹੈ ਕਿ ਉਹਨਾਂ ਨੇ ਇੰਡੀਅਨ ਆਰਮੀ ਵਿੱਚ ਉਹ ਕੰਮ ਕੀਤਾ ਜਿਹੜਾ ਹਰ ਸਿਪਾਹੀ ਦੇ ਵਸ ਦਾ ਕੰਮ ਨਹੀਂ ਸੀ। ਇੰਡੀਅਨ ਨੈਸ਼ਨਲ ਆਰਮੀ ਵਿੱਚ ਉਹਨਾਂ ਨੇ ਇੱਕ ਪ੍ਰਬੰਧਕ ਵਜੋਂ ਕੰਮ ਕੀਤਾ ਜਿਹੜਾ ਕਿ ਉਦੋਂ ਦੇ ਹਾਲਾਤ ਅਨੁਸਾਰ ਸਭ ਤੋਂ ਚੁਣੌਤੀ ਭਰਿਆ ਕਾਰਜ ਸੀ। ਇਸ ਤੋਂ ਇਲਾਵਾ ਉਹਨਾਂ ਨੇ ਸਿਪਾਹੀਆਂ ਨੂੰ ਸਿੱਖਿਅਤ ਕਰਨ ਦਾ ਕੰਮ ਕੀਤਾ, ਉਹਨਾਂ ਨੂੰ ਨਾ ਸਿਰਫ਼ ਵੱਖ-ਵੱਖ ਦੇਸ਼ਾਂ ਦੀਆਂ ਕ੍ਰਾਂਤੀਆਂ ਬਾਰੇ ਜਾਣਕਾਰੀ ਦਿੱਤੀ, ਸਗੋਂ ਹਿੰਦੁਸਤਾਨੀ ਸਿਪਾਹੀਆਂ ਨੂੰ ਜਪਾਨੀ ਭਾਸ਼ਾ ਦਾ ਮੁੱਢਲਾ ਗਿਆਨ ਵੀ ਦਿੱਤਾ ਤਾਂ ਜੋ ਉਹ ਜਪਾਨੀ ਬੋਲ ਤੇ ਪੜ੍ਹ ਸਕਣ। ਗਿਆਨੀ ਜੀ ਦੁਆਰਾ ਕੀਤਾ ਇਹ ਅਜਿਹਾ ਕਾਰਜ ਸੀ ਜਿਸ ਨਾਲ ਇੰਡੀਅਨ ਨੈਸ਼ਨਲ ਆਰਮੀ ਦੀਆਂ ਨੀਹਾਂ ਹੋਰ ਮਜ਼ਬੂਤ ਹੋ ਗਈਆਂ। ਜੇਕਰ ਗਿਆਨੀ ਜੀ ਵਰਗੀਆਂ ਸ਼ਖ਼ਸੀਅਤਾਂ ਇੰਡੀਅਨ ਨੈਸ਼ਨਲ ਆਰਮੀ 'ਚ ਨਾ ਹੁੰਦੀਆਂ ਤਾਂ ਆਰਮੀ ਦਾ ਇੰਨਾ ਸੰਗਠਿਤ ਰੂਪ ਵਿੱਚ ਬਣੇ ਰਹਿਣਾ ਬਹੁਤ ਮੁਸ਼ਕਿਲ ਸੀ। ਅਸੀਂ ਇਸ ਮੰਚ ਤੋਂ ਪਾਠਕਾਂ ਨੂੰ ਅਪੀਲ ਕਰਦੇ ਹਾਂ ਕਿ ਜਿਸ ਤਰ੍ਹਾਂ ਉਹ ਸਾਹਿਤ ਅਤੇ ਇਤਿਹਾਸ ਦੇ ਖੇਤਰ ਵਿੱਚ ਗਿਆਨੀ ਕੇਸਰ ਸਿੰਘ ਨਾਵਲਿਸਟ ਦੀ ਭੂਮਿਕਾ ਨੂੰ ਲੈ ਕੇ ਬਹਿਸ ਕਰਦੇ ਹਨ ਉਸ ਤਰ੍ਹਾਂ ਦੀ ਬਹਿਸ ਉਹ ਗਿਆਨੀ ਜੀ ਦੇ ਇੰਡੀਅਨ ਨੈਸ਼ਨਲ ਆਰਮੀ ਵਿੱਚ ਪਾਏ ਯੋਗਦਾਨ ਨੂੰ ਲੈ ਕੇ ਵੀ ਕਰਨ। ਸੂਝਵਾਨ ਵਿਦਵਾਨਾਂ ਵੱਲੋਂ ਇਸ ਖੇਤਰ ਵਿੱਚ ਪਹਿਲ ਕਰਨੀ ਬਣਦੀ ਹੈ। ਉਹਨਾਂ ਨੂੰ ਅਜਿਹੇ ਤੱਥ ਖੋਜਣੇ ਪੈਣਗੇ ਜਿਸ ਨਾਲ ਇੰਡੀਅਨ ਨੈਸ਼ਨਲ ਆਰਮੀ ਵਿੱਚ ਗਿਆਨੀ ਜੀ ਦੀ ਭੂਮਿਕਾ ਸਪੱਸਟ ਹੋਵੇ।

1947 ਤੋਂ ਬਾਅਦ ਗਿਆਨੀ ਜੀ ਫਿਰ ਅੰਮ੍ਰਿਤਸਰ ਵਾਪਸ ਆ ਗਏ। ਇੱਥੇ ਰਹਿੰਦਿਆਂ ਉਹਨਾਂ ਨੇ ਪੰਜਾਬੀ ਦੇ ਪ੍ਰਸਿੱਧ ਸਾਹਿਤਕਾਰ ਸੁਜਾਨ ਸਿੰਘ ਤੋਂ ਸਾਹਿਤ ਦੇ ਨੁਕਤੇ ਸਿੱਖੇ ਤੇ ਇਸ ਤੋਂ ਛੇਤੀ ਬਾਅਦ ਗਿਆਨੀ ਕੇਸਰ ਸਿੰਘ, ਗਿਆਨੀ ਕੇਸਰ ਸਿੰਘ ਨਾਵਲਿਸਟ ਵਜੋਂ ਸਥਾਪਿਤ ਹੋ ਗਿਆ। ਇਸੇ ਦਰਮਿਆਨ 1948 ਤੋਂ ਲੈ ਕੇ 1957 ਤੱਕ ਉਹਨਾਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਵਜੋਂ ਵੀ ਕੰਮ ਕੀਤਾ।

ਬਾਅਦ ਵਿੱਚ ਜਦੋਂ ਉਹਨਾਂ ਦੀ ਪਹਿਲੀ ਪਤਨੀ ਦੀ ਮੌਤ ਹੋ ਗਈ ਤਾਂ ਉਹ ਇੰਗਲੈਂਡ ਆ ਗਏ ਤੇ ਫਿਰ 1963 ਵਿੱਚ ਉਹਨਾਂ ਨੇ ਪੱਕੇ ਤੌਰ 'ਤੇ ਕਨੇਡਾ ਰਹਿਣਾ ਸ਼ੁਰੂ ਕਰ ਦਿੱਤਾ। ਕਨੇਡਾ ਰਹਿੰਦਿਆਂ ਉਹਨਾਂ ਨੇ 14 ਸਾਲ ਇੱਥੋਂ ਦੇ ਸਿੱਖਿਆ ਵਿਭਾਗ ਵਿੱਚ ਕੰਮ ਕੀਤਾ। ਜ਼ਿੰਦਗੀ ਦੇ ਪਿਛਲੇ ਛੇ ਸੱਤ ਸਾਲ ਉਹਨਾਂ ਨੇ ਐਡਮਿੰਟਨ ਵਿੱਚ ਗੁਜ਼ਾਰੇ ਤੇ ਅੰਤ 95 ਸਾਲਾਂ ਦੀ ਉਮਰ ਵਿੱਚ ਉਹ ਚਲਾਣਾ ਕਰ ਗਏ।



ਗਿਆਨੀ ਕੇਸਰ ਸਿੰਘ ਨਾਵਲਿਸਟ ਦੇ ਨਾਵਲਾਂ ਵਿੱਚ ਸ਼ਹੀਦ ਊਧਮ ਸਿੰਘ, ਬਾਬਾ ਹਰੀ ਸਿੰਘ ਉਸਮਾਨ, ਸ਼ਹੀਦ ਮਦਨ ਲਾਲ ਢੀਂਗਰਾ, ਸ਼ਹੀਦ ਸੇਵਾ ਸਿੰਘ ਲੋਪੋਕੇ ਅਤੇ ਗ਼ਦਰੀ ਗੁਲਬ ਆਦਿ ਨੇ ਕਾਫ਼ੀ ਪ੍ਰਸਿੱਧੀ ਪ੍ਰਾਪਤ ਕੀਤੀ। 'ਜੰਗੀ ਕੈਦੀ' ਲਿਖਣ ਤੋਂ ਬਾਅਦ ਗਿਆਨੀ ਕੇਸਰ ਸਿੰਘ ਨਾਵਲਿਸਟ ਨੂੰ ਪੰਜਾਬੀ ਸਾਹਿਤ ਦਾ ਲਿਓ ਟਾਲਸਟਾਏ ਕਿਹਾ ਜਾਣ ਲੱਗ ਪਿਆ। ਉਹਨਾਂ ਦੇ ਇਸ ਨਾਵਲ ਦੀ ਤੁਲਨਾ ਟਾਲਸਟਾਏ ਦੇ ਨਾਵਲ 'ਵਾਰ ਐਂਡ ਪੀਸ' ਨਾਲ ਕੀਤੀ ਜਾਣ ਲੱਗ ਪਈ। ਇਸ ਨਾਵਲ ਵਿੱਚ ਅਜ਼ਾਦੀ ਦੀ ਲੜਾਈ ਲੜਨ ਵਾਲਿਆਂ ਉੱਤੇ ਜਪਾਨੀਆਂ ਵੱਲੋਂ ਕੀਤੇ ਗਏ ਤਸ਼ੱਦਦ ਦਾ ਵਰਨਣ ਬਹੁਤ ਹੀ ਦਿਲ ਕੰਬਾਊ ਢੰਗ ਨਾਲ ਕੀਤਾ ਗਿਆ ਹੈ। ਤਕਨੀਕੀ ਪੱਖ ਤੋਂ ਵੀ ਇਹ ਨਾਵਲ ਆਮ ਨਾਵਲਾਂ ਤੋਂ ਹਟ ਕੇ ਹੈ ਕਿਉਂਕਿ ਇਸਦੀ ਸ਼ੈਲੀ ਰਿਵਾਇਤੀ ਭਾਂਤ ਦੀ ਨਹੀਂ ਤੇ ਇਸ ਵਿੱਚ ਪਾਤਰ ਵੀ ਆਮ ਨਾਵਲ ਨਾਲੋਂ ਜ਼ਿਆਦਾ ਹਨ।

ਇਸ ਤਰ੍ਹਾਂ ਹੀ 'ਹਥਿਆਰਬੰਦ ਇਨਕਲਾਬ' ਪੰਜਾਬੀ ਦੀਆਂ ਸਭ ਤੋਂ ਵੱਡੀਆਂ ਅਕਾਰ ਵਾਲੀਆਂ ਪੁਸਤਕਾਂ ਵਿੱਚੋਂ ਇੱਕ ਹੈ। ਇਸ ਪੁਸਤਕ ਦੇ 728 ਪੰਨੇ ਹਨ। ਅਸਲ ਵਿੱਚ ਇਹ ਆਪਣੀ ਤਰ੍ਹਾਂ ਦਾ ਇੱਕ ਗ੍ਰੰਥ ਹੈ। ਇਸ ਨਾਵਲ ਵਿੱਚ ਨੇਤਾ ਜੀ ਸੁਭਾਸ਼ ਚੰਦਰ ਬੋਸ, ਲਾਲਾ ਹਰਦਿਆਲ, ਵੀਰ ਸਾਵਰਕਰ ਅਤੇ ਕਰਤਾਰ ਸਿੰਘ ਸਰਾਭਾ ਦੇ ਜੀਵਨ ਅਤੇ ਸੰਘਰਸ਼ ਬਾਰੇ ਭਰਪੂਰ ਜਾਣਕਾਰੀ ਹੈ। ਇਸ ਨਾਵਲ ਦੀ ਵਿਸ਼ੇਸ਼ਤਾ ਇਸ ਨਜ਼ਰੀਏ ਤੋਂ ਵੀ ਹੈ ਕਿ ਇਹ ਗਿਆਨੀ ਕੇਸਰ ਸਿੰਘ ਦੀ ਅੰਤਿਮ ਰਚਨਾ ਹੈ। ਗ਼ਦਰੀ ਨਾਵਲ ਵਿੱਚ ਉਸ ਇੱਕੋ-ਇੱਕ ਔਰਤ ਦੀ ਕਹਾਣੀ ਹੈ ਜੋ ਗ਼ਦਰ ਲਹਿਰ 'ਚ ਹਿੱਸਾ ਲੈਂਦੀ ਹੈ ਅਤੇ ਲਹੌਰ ਦੀ ਜੇਲ੍ਹ ਵਿੱਚ ਤਿੰਨ ਸਾਲ ਦੀ ਕੈਦ ਕੱਟਦੀ ਹੈ। ਆਪਣੀ ਆਤਮ ਕਥਾ ਲਿਖ ਕੇ ਨਾ ਸਿਰਫ਼ ਉਹਨਾਂ ਨੇ ਸਾਨੂੰ ਆਪਣੇ ਜੀਵਨ ਬਾਰੇ ਜਾਣਕਾਰੀ ਦਿੱਤੀ ਹੈ ਸਗੋਂ ਸਾਡੇ ਲਈ ਇਹ ਸਮਕਾਲੀ ਘਟਨਾਵਾਂ ਨੂੰ ਸਮਝਣ ਦਾ ਇੱਕ ਸਰੋਤ ਵੀ ਹੈ।

**ਨਦਬ**

GILL HOME INSPECTION LTD.
COMMERCIAL & RESIDENTIAL
Registered Home Inspector **Kulvir Gill**
ਗਰੇਟਰ ਟਰਾਂਟੋ ਵਿੱਚ ਘਰਾਂ ਦੀ
ਇਨਸਪੈਕਸ਼ਨ ਲਈ ਫੋਨ ਕਰੋ
HELPING YOU
TO MAKE INFORMED DECISIONS
Ontario Association of Certified Home Inspectors
OAHI
GHI
Cell: 416 839 3436 ▲ Ph: 905 479 5807

ਕੁਲ ਸੰਸਾਰ ਇਕ ਪਰਿਵਾਰ...
ਨਵੀਂ ਦੁਨੀਆ

## ਸੰਪਾਦਕੀ

# ਹੱਕਾਂ ਲਈ ਜੰਗ ਜਾਰੀ ਹੈ

ਵੀਹਵੀਂ ਸਦੀ ਸਮਾਜਵਾਦੀ ਕ੍ਰਾਂਤੀਆਂ ਅਤੇ ਬਸਤੀਵਾਦੀ ਹਕੂਮਤਾਂ ਵਿਰੁੱਧ ਤਿੱਖੇ ਸੰਘਰਸ਼ਾਂ ਦੀ ਸਦੀ ਸੀ। ਇਸ ਸਦੀ ਵਿਚ ਜਿਥੇ ਵਿਸ਼ਵ ਨੇ ਦੋ ਵੱਡੀਆਂ ਜਨ-ਕ੍ਰਾਂਤੀਆਂ ਰੂਸੀ ਅਤੇ ਚੀਨੀ ਇਨਕਲਾਬਾਂ ਦੇ ਰੂਪ ਵਿਚ ਦੇਖੀਆਂ, ਉਥੇ ਵੱਡੀਆਂ ਬਸਤੀਵਾਦੀ ਹਕੂਮਤਾਂ ਦੇ ਪਤਨ ਵੀ ਦੇਖੇ। ਯੂਰਪੀਅਨ ਬਸਤੀਵਾਦੀ ਹਕੂਮਤਾਂ ਵਾਲੇ ਹਰ ਦੇਸ਼ ਵਿਚ ਕੌਮੀ ਮੁਕਤੀ ਅੰਦੋਲਨ ਚੱਲੇ ਤੇ ਵੀਹਵੀ ਸਦੀ ਦੇ ਵਿਚ ਵਿਚ ਹਰ ਅੰਦੋਲਨ ਨੇ ਆਪਣਾ ਰਾਜਨੀਤਿਕ ਆਜ਼ਾਦੀ ਹਾਸਲ ਕਰਨ ਦਾ ਟੀਚਾ ਸਰ ਕਰ ਲਿਆ। ਯੂਰਪੀਅਨ ਬਸਤੀਵਾਦੀਆਂ ਨੇ ਆਪਣੇ ਅਧੀਨ ਦੇਸ਼ਾਂ ਦੇ ਲੋਕਾਂ ਅਤੇ ਸ੍ਰੋਤਾਂ ਦਾ ਸ਼ੋਸ਼ਣ ਕਰਨ ਲਈ ਅਨੇਕਾਂ ਹੱਥਕੰਡੇ ਅਪਨਾ ਰੱਖੇ ਸਨ। ਲੋਕਾਂ ਨੂੰ ਰਾਜਨੀਤਿਕ ਅਧਿਕਾਰਾਂ ਤੋਂ ਵੰਚਿਤ ਤਾਂ ਰੱਖਿਆ ਹੀ ਹੋਇਆ ਸੀ, ਨਾਲ ਹੀ ਵਾਹ ਲਗਦੀ ਉਸ ਸਭਿਆਚਾਰ ਨੂੰ ਵੀ ਉਤਸ਼ਾਹਿਤ ਕੀਤਾ ਜਾਂਦਾ ਸੀ, ਜਿਸ ਦੇ ਪ੍ਰਭਾਵ ਅਧੀਨ ਲੋਕਾਂ ਦੀ ਸਮਾਜਿਕ ਚੇਤਨਾ ਖੁੰਢੀ ਹੁੰਦੀ ਸੀ। ਅਮਰੀਕਾ ਵਿਚ ਉਥੋਂ ਦੇ ਮੂਲ ਨਿਵਾਸੀਆਂ ਨੂੰ ਉਨ੍ਹਾਂ ਦੀ ਅਸਲ ਕਰਮ ਭੂਮੀ ਤੋਂ ਪਰ੍ਹਾਂ ਧਕੇਲ ਦਿੱਤਾ ਗਿਆ ਸੀ, ਅਜਿਹਾ ਕਈ ਤਰ੍ਹਾਂ ਦੀਆਂ ਪੱਖਪਾਤੀ ਸੰਧੀਆਂ ਦੇ ਸਹਾਰੇ ਕੀਤਾ ਗਿਆ ਸੀ। ਅਮਰੀਕਾ ਮਹਾਂਦੀਪਾਂ ਦੇ ਮੂਲਵਾਸੀਆਂ ਨੂੰ ਪਰ੍ਹਾਂ ਧਕੇਲ ਕੇ ਹੀ ਬਸਤੀਵਾਦੀ ਸੋਚ ਦੀ ਤਸੱਲੀ ਨਹੀਂ ਹੋਈ, ਸਗੋਂ ਇਨ੍ਹਾਂ ਲੋਕਾਂ ਵਿਚ ਮਾਰੂ ਨਸ਼ਿਆਂ ਦਾ ਰੁਝਾਨ ਪੈਦਾ ਕੀਤਾ ਗਿਆ, ਅਪਰਾਧਕ ਬਿਰਤੀ ਅਤੇ ਹੋਰ ਅਮਾਨਵੀ ਕਿਰਿਆਵਾਂ ਨੂੰ ਵੀ ਹੱਲੇਸ਼ੇਰੀ ਦਿੱਤੀ ਗਈ। ਮਨੋਰਥ ਇਹ ਸੀ ਕਿ ਮੂਲਵਾਸੀਆਂ ਨੂੰ ਉਨ੍ਹਾਂ ਦੀਆਂ ਧਰਤੀਆਂ ਅਤੇ ਦੌਲਤਾਂ ਦੀ ਪਛਾਣ ਹੀ ਨਾ ਰਹੇ। ਬਸਤੀਆਂ ਵਿਚ ਭਾਵੇਂ ਲੋਕਾਂ ਨੇ ਜੱਦੋਜਹਿਦ ਰਾਹੀਂ ਰਾਜਸੀ ਆਜ਼ਾਦੀ ਹਾਸਲ ਕਰ ਲਈ, ਪਰ ਉਹ ਆਰਥਿਕ ਮੁਹਾਜ਼ ਉਤੇ ਬਸਤੀਵਾਦੀ ਨੀਤੀਆਂ, ਜਿਸ ਦੇ ਕਈ ਨਵੇਂ ਅਵਤਾਰ ਸਾਹਮਣੇ ਆ ਗਏ ਸਨ, ਦੀ ਚਪੇਟ ਵਿਚ ਹੀ ਰਹੇ। ਪੂੰਜੀਵਾਦੀ ਅਰਥਚਾਰੇ ਦੇ ਵਿਕਾਸ ਹਿੱਤ ਮੂਲਵਾਸੀਆਂ ਨੂੰ ਉਨ੍ਹਾਂ ਦੇ ਉਨ੍ਹਾਂ ਅਧਿਕਾਰਾਂ ਤੋਂ ਵੰਚਿਤ ਹੀ ਰੱਖਿਆ ਗਿਆ, ਜਿਨ੍ਹਾਂ ਨੂੰ ਸੰਧੀਆਂ ਵਿਚ ਸ਼ਾਮਲ ਕੀਤਾ ਗਿਆ ਸੀ। ਇਹ ਇਕ ਚੰਗੀ ਖ਼ਬਰ ਹੈ ਕਿ ਆਦਿਵਾਸੀਆਂ ਵਿਚ ਆਪਣੇ ਅਧਿਕਾਰਾਂ ਪ੍ਰਤੀ ਚੇਤਨਾ ਪੈਦਾ ਹੋਣੀ ਸ਼ੁਰੂ ਹੋ ਗਈ ਹੈ। ਉਹ ਆਪਣੇ ਹੱਕਾਂ ਲਈ ਕਾਨੂੰਨੀ ਚਾਰਾਜ਼ੋਈ ਕਰਦੇ ਦਿਖਾਈ ਦੇ ਰਹੇ ਹਨ। ਕਾਨੂੰਨੀ ਚਾਰਾਜ਼ੋਈਆਂ ਵਿਚੋਂ ਭਾਵੇਂ ਹਾਲ ਦੀ ਘੜੀ ਇਹ ਗੱਲ ਉਭਰ ਰਹੀ ਹੈ ਕਿ ਮੂਲਵਾਸੀਆਂ ਨਾਲ ਹੋਈਆਂ ਸੰਧੀਆਂ ਦੀ ਅਵੱਗਿਆ ਹੋ ਰਹੀ ਹੈ। ਮੂਲਵਾਸੀਆਂ ਨੂੰ ਉਨ੍ਹਾਂ ਦੀ ਧਰਤੀ ਬਦਲੇ ਕੀਤੀਆਂ ਗਈਆਂ ਸੰਧੀਆਂ ਵਿਚ ਉਨ੍ਹਾਂ ਦੀ ਪਰੰਪਰਾਗਤ ਜੀਵਨ ਸ਼ੈਲੀ ਲਈ ਲੋੜੀਂਦੇ ਕੁਝ ਅਧਿਕਾਰ ਦਿੱਤੇ ਗਏ ਸਨ, ਇਨ੍ਹਾਂ ਨੂੰ ਲੈ ਕੇ ਹੀ ਕਾਨੂੰਨੀ ਅਮਲ ਅੱਗੇ ਵਧ ਰਿਹਾ ਹੈ, ਪਰ ਜੇਕਰ ਅਸੀਂ ਇਸ ਵਰਤਾਰੇ ਨੂੰ ਜ਼ਰਾ ਗਹੁ ਨਾਲ ਵਾਚੀਏ ਤਾਂ ਇਹ ਸਭ ਕੁਝ ਨਵ-ਬਸਤੀਵਾਦ ਦਾ ਵਿਰੋਧ ਹੈ ਤੇ ਮੂਲਵਾਸੀਆਂ ਦੇ ਮਨਾਂ ਵਿਚ ਅਚੇਤ ਸੁਚੇਤ ਆਪਣੀਆਂ ਗੁਆਚੀਆਂ ਧਰਤੀਆਂ ਲਈ ਹੇਰਵਾ ਜਾਗ ਰਿਹਾ ਹੈ। ਆਦਿਵਾਸੀ ਕਾਨੂੰਨੀ ਚਾਰਾਜ਼ੋਈ ਰਾਹੀਂ ਆਪਣੇ ਹੱਕਾਂ ਦੀ ਲੜਾਈ ਅਦਾਲਤ 'ਚ ਜਿੱਤ ਜਾਂਦੇ ਹਨ ਤਾਂ ਇਹ ਵਿਸ਼ਵ ਸਾਹਮਣੇ ਇਕ ਮਨੁੱਖੀ ਆਜ਼ਾਦੀ ਅਤੇ ਹੱਕਾਂ ਲਈ ਜੱਦੋ-ਜਹਿਦ ਦੀ ਇਕ ਨਵੀਂ ਸ਼ਾਨਦਾਰ ਮਿਸਾਲ ਹੋਵੇਗੀ।

| | |
|---|---|
| ਸੰਪਾਦਕੀ ਬੋਰਡ | ਨਵਤੇਜ, ਦਲਬੀਰ ਸਾਂਗਿਆਣ, ਸੁਸ਼ੀਲ ਦੁਸਾਂਝ |
| ਸਲਾਹਕਾਰ ਬੋਰਡ | ਡਾ ਕਰਮਜੀਤ ਸਿੰਘ (ਕੁਰਕਸ਼ੇਤਰ) |
| | ਪ੍ਰੋ ਰਾਕੇਸ਼ ਰਮਨ (ਲੁਧਿਆਣਾ) |
| | ਸੁਲੱਖਣ ਸਰਹੱਦੀ (ਗੁਰਦਾਸਪੁਰ) |
| | ਜਸਬੀਰ ਦਿਓਲ (ਐਡਮਿੰਟਨ) |
| | ਜੈਸੀ ਸਿੰਘ (ਕੈਲਗਰੀ) |
| | ਸਰਬਜੀਤ ਮਾਵੀ (ਵਿਨੀਪੈਗ ਪ੍ਰਤੀਨਿਧੀ) |

**2nd Floor 3448 – 93 Street NW,**
**Edmonton T6E 6A4, Alberta (Canada)**
**Phone : 780 465 9118 Fax: 780 465 0661**
**e-mail: info@nawidunia.com**
**http://www.facebook.com/NawiDunia**

ਲੇਖਕਾਂ ਦੀਆਂ ਰਚਨਾਵਾਂ ਨਾਲ ਨਵੀਂ ਦੁਨੀਆ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

# ਪੰਜਾਬ ਵਿਚ ਸਾਂਝੇ ਸੰਘਰਸ਼ ਦਾ ਤਰਕ



ਪ੍ਰੋ. ਰਾਕੇਸ਼ ਰਮਨ
+91-98785-31166
raman.mlp@gmail.com

ਹਾਲ ਦੀ ਘੜੀ ਅਸੀਂ ਪੰਜਾਬ ਦੀ ਵਿਰੋਧੀ ਧਿਰ ਨੂੰ ਦੋ ਗੁੱਟਾਂ ਵਿਚ ਵੰਡਿਆ ਵੇਖਦੇ ਹਾਂ। ਇਨ੍ਹਾਂ ਦੀ ਮੋਟੀ ਜਿਹੀ ਪਛਾਣ ਕਾਂਗਰਸੀ ਅਤੇ ਗ਼ੈਰ ਕਾਂਗਰਸੀ ਗੁੱਟਾਂ ਵਜੋਂ ਹੈ। ਗ਼ੈਰ ਕਾਂਗਰਸੀ ਗੁੱਟ ਵਿਚ ਸਾਂਝਾ ਮੋਰਚਾ ਪ੍ਰਮੁੱਖ ਹੈ, ਬਹੁਜਨ ਸਮਾਜ ਪਾਰਟੀ ਦੀ ਸਥਿਤੀ ਜ਼ਿਆਦਾ ਸਪਸ਼ਟ ਨਹੀਂ ਹੈ। ਕਾਂਗਰਸੀ ਧਿਰ ਫਿਲਹਾਲ ਇਕੱਲੀ ਕਾਂਗਰਸ ਪਾਰਟੀ 'ਤੇ ਆਧਾਰਿਤ ਹੈ, ਉਂਝ ਭਵਿੱਖ ਵਿਚ ਸੂਰਤ-ਏ-ਹਾਲ ਬਦਲਣ ਦੀ ਕਾਫ਼ੀ ਸੰਭਾਵਨਾ ਹੈ। ਤਿੰਨ ਇਕਾਈਆਂ ਕਾਂਗਰਸ, ਸਾਂਝਾ ਮੋਰਚਾ ਤੇ ਬਹੁਜਨ ਸਮਾਜ ਪਾਰਟੀ ਵਾਲੀ ਇਸ ਵਿਰੋਧੀ ਧਿਰ ਵਿਚ ਪਿਛਲੇ ਕੁਝ ਦਿਨਾਂ ਤੋਂ ਇਕ ਹਿਲਜੁਲ ਆਰੰਭ ਹੋਈ ਹੈ। ਤਿੰਨਾਂ ਵਿਚਕਾਰ ਕਿਸੇ ਸਾਂਝ ਦੀਆਂ ਸੰਭਾਵਨਾਵਾਂ ਦੀ ਤਲਾਸ਼ ਕੀਤੀ ਜਾ ਰਹੀ ਹੈ। ਕਿਤੇ ਦਬਵੀਂ ਸੁਰ ਵਿਚ ਤੇ ਕਿਤੇ ਖੁਲ੍ਹਮ ਖੁਲ੍ਹੀ ਚਰਚਾ ਵਿਰੋਧੀ ਧਿਰ ਦੇ ਵੱਖੋ-ਵੱਖ ਗੁੱਟਾਂ ਦਰਮਿਆਨ ਤਾਲਮੇਲ ਨੂੰ ਲੈ ਕੇ ਛਿੜੀ ਹੋਈ ਹੈ। ਅਜਿਹਾ ਕਾਂਗਰਸ ਪਾਰਟੀ ਦਾ ਪੰਜਾਬ ਦੀਆਂ ਬਾਕੀ ਵਿਰੋਧੀ ਪਾਰਟੀਆਂ ਪ੍ਰਤੀ ਵਤੀਰਾ ਤਬਦੀਲ ਹੋਣ ਕਾਰਨ ਵਾਪਰਿਆ ਹੈ। ਦਰਅਸਲ, ਇਹ ਗੱਲ ਨਿਸ਼ਚਿਤ ਹੋ ਜਾਣ 'ਤੇ ਕਿ ਪੰਜਾਬ ਪੀਪਲਜ਼ ਪਾਰਟੀ ਨੇ ਅਕਾਲੀ ਵੋਟਰਾਂ ਦਾ ਹਿੱਸਾ ਕੱਟਣ ਦੀ ਥਾਂ ਗ਼ੈਰ-ਅਕਾਲੀ ਵੋਟਰਾਂ ਵਿਚ ਆਪਣੀ ਥਾਂ ਬਣਾਈ ਹੈ ਤੇ ਸਿੱਟੇ ਵਜੋਂ ਧਰਮ ਨਿਰਪੱਖ ਵੋਟਾਂ ਦਾ ਬਟਵਾਰਾ ਪੰਜਾਬ ਵਿਚ ਕਾਂਗਰਸ ਦੀ ਹਾਰ ਦਾ ਸਬੱਬ ਬਣ ਗਿਆ, ਕਾਂਗਰਸ ਤੇ ਪੰਜਾਬ ਪੀਪਲਜ਼ ਪਾਰਟੀ ਦੋਵਾਂ ਦਾ ਹੀ ਇਕ ਦੂਜੇ ਪ੍ਰਤੀ ਰੁਖ਼ ਬਦਲ ਗਿਆ। ਇਸ ਬਦਲੇ ਹੋਏ ਰੁਖ਼ ਕਾਰਨ ਹੀ ਵਿਰੋਧੀ ਧਿਰ ਦੀਆਂ ਪਾਰਟੀਆਂ ਵਿਚ ਸਾਂਝ, ਸਮਝ ਅਤੇ ਸਹਿਯੋਗ ਵਧਾਉਣ ਦੀ ਗੱਲ ਛਿੜੀ ਹੈ, ਪਰ ਵਿਰੋਧੀ ਧਿਰ ਦੀਆਂ ਪਾਰਟੀਆਂ ਦੀ ਸਾਂਝ ਦੀ ਗੁੱਥੀ ਕਾਫ਼ੀ ਉਲਝੀ ਹੋਈ ਹੈ। ਇਹ ਵਿਸ਼ੇਸ਼ ਪ੍ਰਕਾਰ ਦੀ ਵਿਚਾਰਧਾਰਕ ਪ੍ਰਕਿਰਿਆ ਤੇ ਕਿਸੇ ਠੋਸ ਅਮਲ ਵਿਚ ਪੈ ਕੇ ਹੀ ਸੁਲਝ ਸਕਦੀ ਹੈ।

ਵਿਰੋਧੀ ਧਿਰ (ਪੰਜਾਬ ਦੀ) ਵਿਚਕਾਰ ਸਾਂਝ, ਸਮਝ ਅਤੇ ਸਹਿਯੋਗ ਪੈਦਾ ਕਰਨ ਦੀ ਮੁੱਖ ਅੜਚਣ ਵੱਖ-ਵੱਖ ਪਾਰਟੀਆਂ ਦਾ ਕਿਸੇ ਨਾ ਕਿਸੇ ਪੱਧਰ 'ਤੇ ਸੱਤਾ ਵਿਚ ਹੋਣਾ ਹੈ। ਕਾਂਗਰਸ ਇਸ ਸਮੇਂ ਪੰਜਾਬ ਦੀ ਪ੍ਰਮੁੱਖ ਵਿਰੋਧੀ ਪਾਰਟੀ ਹੈ। ਪੰਜਾਬ ਵਿਧਾਨ ਸਭਾ ਵਿਚ ਤਾਂ ਕਾਂਗਰਸ ਤੋਂ ਇਲਾਵਾ ਹੋਰ ਕੋਈ ਵਿਰੋਧੀ ਪਾਰਟੀ ਹੈ ਹੀ ਨਹੀਂ ਹੈ। ਦੂਜੇ ਪਾਸੇ ਕੇਂਦਰ ਵਿਚ ਇਹੋ ਪਾਰਟੀ ਪ੍ਰਮੁੱਖ ਸੱਤਾਧਾਰੀ ਪਾਰਟੀ ਹੈ। ਪੰਜਾਬ ਦੀਆਂ ਖੱਬੇਪੱਖੀ ਪਾਰਟੀਆਂ ਰਾਸ਼ਟਰੀ ਪੱਧਰ 'ਤੇ ਕੇਂਦਰ ਵਿਚਲੀ ਕਾਂਗਰਸ ਦੀ ਅਗਵਾਈ ਵਾਲੀ ਸਰਕਾਰ ਦੀਆਂ ਨੀਤੀਆਂ ਦਾ ਵਿਰੋਧ ਕਰਦੀਆਂ ਹਨ, ਇਸ ਵਿਰੋਧ ਦੇ ਚਲਦਿਆਂ ਕਾਂਗਰਸ ਦੀ ਪੰਜਾਬ ਇਕਾਈ ਨਾਲ ਸਹਿਯੋਗ ਦਾ ਰਾਹ ਅਪਣਾਉਣਾ ਉਨ੍ਹਾਂ ਲਈ ਬੇਹੱਦ ਔਖਾ ਕੰਮ ਹੈ। ਜੇਕਰ ਕੇਂਦਰ ਵਿਚ ਕਾਂਗਰਸ ਦੀ ਅਗਵਾਈ ਵਾਲੀ ਸਰਕਾਰ ਨਾ ਹੁੰਦੀ ਫਿਰ ਸ਼ਾਇਦ ਸਥਿਤੀ ਕੁਝ ਵੱਖਰੀ ਹੁੰਦੀ। ਪੰਜਾਬ ਦੀਆਂ ਗ਼ੈਰ ਕਾਂਗਰਸ ਵਿਰੋਧੀ ਪਾਰਟੀਆਂ ਉਪਰ ਇਸ ਸਮੇਂ ਕੇਂਦਰ ਵਿਚਲੀ ਕਾਂਗਰਸ ਦੀ ਅਗਵਾਈ ਵਾਲੀ ਤੇ ਸੂਬੇ ਵਿਚਲੀ ਅਕਾਲੀ-ਭਾਜਪਾ ਦੀ ਸਰਕਾਰ ਦਾ ਵਿਰੋਧ ਕਰਨ ਦੀ ਜ਼ਿੰਮੇਵਾਰੀ ਹੈ। ਜੇਕਰ ਇਸ ਸਥਿਤੀ ਵਿਚ ਉਹ ਅਕਾਲੀ-ਭਾਜਪਾ ਸਰਕਾਰ ਵਿਰੁੱਧ ਕਾਂਗਰਸ ਨਾਲ ਸਹਿਯੋਗ ਕਰਦੀਆਂ ਹਨ ਤਾਂ ਉਨ੍ਹਾਂ ਲਈ ਡਾਢੀ ਮੁਸ਼ਕਲ ਬਣ ਜਾਂਦੀ ਹੈ। ਇਸ ਦਾ ਸੰਕੇਤ ਇਹ ਜਾਵੇਗਾ ਕਿ ਉਹ ਕਾਂਗਰਸ ਦੀਆਂ ਰਾਸ਼ਟਰੀ ਪੱਧਰ ਦੀਆਂ ਨੀਤੀਆਂ ਦਾ ਦਮ ਭਰ ਰਹੀਆਂ ਹਨ, ਜੋ ਕਿ ਆਮ ਲੋਕਾਂ ਲਈ ਸੂਬਾਈ ਸਰਕਾਰ ਦੀਆਂ ਨੀਤੀਆਂ ਜਿੰਨੀਆਂ ਹੀ ਘਾਤਕ ਹਨ।

ਪੰਜਾਬ ਦੀਆਂ ਵਿਰੋਧੀ ਪਾਰਟੀਆਂ ਕੋਲ ਇਸ ਸਮੇਂ ਸੂਬਾਈ ਸਰਕਾਰ ਵਿਰੁੱਧ ਕੋਈ ਸੁਨਿਸ਼ਚਿਤ ਏਜੰਡਾ ਵੀ ਨਹੀਂ ਹੈ। ਹਾਲਾਂਕਿ ਇਹ ਏਜੰਡਾ ਤੈਅ ਕਰਨਾ ਕੋਈ ਮੁਸ਼ਕਲ ਕੰਮ ਵੀ ਨਹੀਂ ਹੈ, ਪਰ ਜਦੋਂ ਤੱਕ ਇਹ ਬਕਾਇਦਾ ਵਜੂਦ ਗ੍ਰਹਿਣ ਨਹੀਂ ਕਰ ਲੈਂਦਾ, ਉਦੋਂ ਤੱਕ ਸਾਂਝ ਦਾ ਅਮਲ ਤੀਬਰ ਨਹੀਂ ਹੋ ਸਕੇਗਾ। ਕੇਵਲ ਇਕ ਦੋ ਮੰਗਾਂ 'ਤੇ ਆਧਾਰਿਤ ਏਕਤਾ ਜ਼ਿਆਦਾ ਪਾਏਦਾਰ ਸਾਬਤ ਨਹੀਂ ਹੋ ਸਕੇਗੀ। ਸਿਰਫ ਇਸ ਚਿੰਤਾ ਨੂੰ ਲੈ ਕੇ ਕੀਤੀ ਗਈ ਏਕਤਾ ਕਿ ਵਿਰੋਧੀ ਧਿਰ ਦੀਆਂ ਵੋਟਾਂ ਦਾ ਗਣਿਤ ਠੀਕ ਹੋ ਜਾਵੇ ਜਾਂ ਸਾਂਝੇ ਮੋਰਚੇ ਦਾ ਵੋਟ ਬੈਂਕ ਕਾਂਗਰਸ ਲਈ ਕਿਵੇਂ ਨਾ ਕਿਵੇਂ ਸਹਾਈ ਹੋ ਜਾਵੇ, ਵੀ ਕੋਈ ਬਹੁਤਾ ਮਹੱਤਵ ਨਹੀਂ ਰਖਦੀ। ਏਕਤਾ ਨੂੰ ਗਹਿਰਾਈ ਤੋਂ ਸਮਝਣਾ ਹੋਵੇਗਾ, ਇਸ ਦੀ ਲੋੜ ਦੇ ਅਣਗੌਲੇ ਪੱਖਾਂ ਵੱਲ ਪਰਤਣਾ ਪਵੇਗਾ ਤੇ ਕਈ ਰਲ਼ਗੱਡ ਹੋਈਆਂ ਚੀਜ਼ਾਂ ਨੂੰ ਥਾਂ ਸਿਰ ਕਰਨਾ ਪਵੇਗਾ। ਭਾਵੇਂ ਇਹ ਸਭ ਕੁਝ ਕਰਨਾ ਸੌਖਾ ਨਹੀਂ ਹੈ, ਪਰ ਫਿਰ ਵੀ ਕਈ ਜ਼ਿੰਮੇਵਾਰੀਆਂ (ਵਿਰੋਧੀ ਧਿਰ ਦੀਆਂ) ਅਜਿਹੀਆਂ ਹਨ ਜਿਨ੍ਹਾਂ ਦੇ ਮੱਦੇਨਜ਼ਰ ਵਿਰੋਧੀ ਧਿਰ ਦੀਆਂ ਪਾਰਟੀਆਂ ਆਪਸੀ ਤਾਲਮੇਲ ਅਤੇ ਸਾਂਝ/ਸਹਿਯੋਗ ਦੇ ਅਮਲ ਨੂੰ ਜ਼ਿਆਦਾ ਦੇਰ ਤੱਕ ਨਹੀਂ ਟਾਲ ਸਕਦੀਆਂ। ਇਸ ਲਈ ਜਿੰਨੀ ਛੇਤੀ ਸੰਭਵ ਹੋਵੇ ਪੰਜਾਬ ਵਿਚ ਸਾਂਝੇ ਸੰਘਰਸ਼ ਦੇ ਤਰਕ ਨੂੰ ਸਮਝਿਆ ਜਾਵੇ ਤਾਂ ਕਿ ਪੰਜਾਬ ਦੇ ਮੌਜੂਦਾ ਸੱਤਾਧਾਰੀ ਗਠਜੋੜ ਵੱਲੋਂ ਪੰਜਾਬ ਦੇ ਤਕਰੀਬਨ ਹਰ ਖੇਤਰ ਵਿਚ ਪੈਦਾ ਕੀਤੀ ਖੜ੍ਹੋਤ ਨੂੰ ਤੋੜਿਆ ਜਾ ਸਕੇ।

ਪੰਜਾਬ ਦੀ ਆਰਥਿਕਤਾ ਇਸ ਸਮੇਂ ਤਬਾਹੀ ਦੇ ਕੰਢੇ 'ਤੇ ਹੈ। ਇਕ ਪਾਸੇ ਆਰਥਿਕ ਗੀਤਰੋਧ ਨੇ ਪੰਜਾਬ ਦੇ ਜਨ ਜੀਵਨ ਦਾ ਸਾਹ ਸੂਤਿਆ ਹੋਇਆ ਹੈ। ਦੂਜੇ ਪਾਸੇ ਸਸਤੀ ਲੋਕਪ੍ਰਿਅਤਾ ਦੀ ਰਾਜਨੀਤੀ ਹੁਕਮਰਾਨ ਧਿਰ 'ਚ ਭਾਰੂ ਹੈ। ਸਰਕਾਰ ਦਾ ਧਿਆਨ ਇਸ ਪਾਸੇ ਨਹੀਂ ਕਿ ਕਿਸ ਤਰ੍ਹਾਂ ਪੰਜਾਬ ਦੀ ਆਰਥਿਕਤਾ ਨੂੰ ਸੰਭਾਲਿਆ ਤੇ ਮਜ਼ਬੂਤ ਕੀਤਾ ਜਾਵੇ, ਸਗੋਂ ਇਸ ਪਾਸੇ ਹੈ ਕਿ ਕਿਵੇਂ ਆਈ-ਚਲਾਈ ਕੀਤੀ ਜਾਵੇ। ਸਰਕਾਰ ਦੀ ਇਸ ਨੀਤੀ ਦੇ ਤਹਿਤ ਪੰਜਾਬ ਦੇ ਲੋਕਾਂ ਸਿਰ ਨਿੱਤ ਕੋਈ ਨਾ ਕੋਈ ਟੈਕਸਾਂ ਦਾ ਬੋਝ ਲੱਦ ਦਿੱਤਾ ਜਾਂਦਾ ਹੈ। ਪੰਜਾਬ ਦੇ ਖੇਤੀ ਖੇਤਰ ਅਤੇ ਸਨਅਤੀ ਖੇਤਰ ਨੂੰ ਲੀਹ 'ਤੇ ਲਿਆਉਣ ਲਈ ਸਰਕਾਰ ਕੋਲ ਕੋਈ ਨਵੀਂ ਨੀਤੀ ਨਹੀਂ ਹੈ। ਫਜ਼ੂਲ ਦੇ ਕੰਮਾਂ 'ਤੇ ਬੇਤਹਾਸ਼ਾ ਧਨ ਬਰਬਾਦ ਕੀਤਾ ਜਾ ਰਿਹਾ ਹੈ। ਪੰਜਾਬ ਸਿਰ ਕਰਜ਼ਾ ਦਿਨੋਂ ਦਿਨ ਵਧਦਾ ਜਾ ਰਿਹਾ ਹੈ। ਪੰਜਾਬ ਦੀ ਇਹ ਚਿੰਤਾਜਨਕ ਆਰਥਿਕ ਤਸਵੀਰ ਤਕੜੇ ਲੋਕ ਸੰਘਰਸ਼ ਤੋਂ ਬਗ਼ੈਰ ਨਹੀਂ ਬਦਲ ਸਕੇਗੀ ਤੇ ਜਦ ਕਿ ਇਹ ਸੰਘਰਸ਼ ਸੂਬਾਈ ਪੱਧਰ 'ਤੇ ਹੋਣਾ ਹੈ ਤਾਂ ਸੂਬਾਈ ਤਰਜੀਹਾਂ ਨੂੰ ਮੁੱਖ ਰੱਖ ਕੇ ਪੰਜਾਬ ਦੀਆਂ ਵਿਰੋਧੀ ਧਿਰਾਂ ਨੂੰ ਇਕਜੁੱਟ ਹੋਣ ਸਬੰਧੀ ਕਿਸੇ ਦੁਬਿਧਾ ਦਾ ਸ਼ਿਕਾਰ ਨਹੀਂ ਹੋਣਾ ਚਾਹੀਦਾ ਹੈ। ਰਾਸ਼ਟਰੀ ਪੱਧਰ ਦੇ ਸੰਘਰਸ਼ ਰਾਸ਼ਟਰੀ ਪੱਧਰ ਦੀ ਰਾਜਸੀ ਸਮਝ ਨਾਲ ਹੋਣੇ ਚਾਹੀਦੇ ਹਨ, ਪਰ ਸੂਬਾਈ ਪੱਧਰ ਦੀਆਂ ਵੱਖਰੀਆਂ ਹਕੀਕਤਾਂ ਨੂੰ ਵੀ ਧਿਆਨ ਵਿਚ ਰੱਖਣਾ ਬਹੁਤ ਜ਼ਰੂਰੀ ਹੈ। ਪੰਜਾਬ ਦੀ ਰਾਜਨੀਤੀ ਨੂੰ ਪਰਿਵਾਰਵਾਦ ਦੇ ਮਜ਼ਬੂਤ ਕਿਲੇ ਵਿਚੋਂ ਕੱਢ ਕੇ ਆਮ ਲੋਕਾਂ ਵਿਚ ਸਥਾਪਤ ਕਰਨ ਲਈ ਜ਼ਰੂਰੀ ਹੈ ਕਿ ਲੋਕਾਂ ਨੂੰ ਸਾਂਝੇ ਸੰਘਰਸ਼ ਦੇ ਰਾਹ 'ਤੇ ਤੋਰਿਆ ਜਾਵੇ।

**ਪਿਛਲੀਆਂ ਵਿਧਾਨ ਸਭਾ ਚੋਣਾਂ 'ਚ ਕੁੱਲ ਭੁਗਤੀਆਂ ਵੋਟਾਂ 'ਚੋਂ ਬਹੁਗਿਣਤੀ ਵੋਟਾਂ ਸੱਤਾ ਪਰਿਵਰਤਨ ਦੇ ਪੱਖ ਵਿਚ ਭੁਗਤੀਆਂ ਸਨ। ਇਨ੍ਹਾਂ ਬਹੁਗਿਣਤੀ ਵੋਟਾਂ ਵਿਚੋਂ ਵੀ ਕਾਂਗਰਸ ਨੂੰ ਭੁਗਤੀਆਂ ਵੋਟਾਂ ਦੀ ਗਿਣਤੀ ਸੱਤਾ ਤਬਦੀਲੀ ਦਾ ਦਰ ਖੜਕਾਉਣ ਹੀ ਵਾਲੀ ਸੀ। ਵੋਟਾਂ ਦੀ ਇਸ ਪ੍ਰਭਾਵਸ਼ਾਲੀ ਗਿਣਤੀ ਨਾਲ ਸੰਘਰਸ਼ ਰਾਹੀਂ ਏਕਤਾ ਬਣਾਉਣਾ ਕੋਈ ਬੁਰੀ ਗੱਲ ਨਹੀਂ ਹੈ।**

ਪਿਛਲੀਆਂ ਵਿਧਾਨ ਸਭਾ ਚੋਣਾਂ 'ਚ ਕੁੱਲ ਭੁਗਤੀਆਂ ਵੋਟਾਂ 'ਚੋਂ ਬਹੁਗਿਣਤੀ ਵੋਟਾਂ ਸੱਤਾ ਪਰਿਵਰਤਨ ਦੇ ਪੱਖ ਵਿਚ ਭੁਗਤੀਆਂ ਸਨ। ਇਨ੍ਹਾਂ ਬਹੁਗਿਣਤੀ ਵੋਟਾਂ ਵਿਚੋਂ ਵੀ ਕਾਂਗਰਸ ਨੂੰ ਭੁਗਤੀਆਂ ਵੋਟਾਂ ਦੀ ਗਿਣਤੀ ਸੱਤਾ ਤਬਦੀਲੀ ਦਾ ਦਰ ਖੜਕਾਉਣ ਹੀ ਵਾਲੀ ਸੀ। ਵੋਟਾਂ ਦੀ ਇਸ ਪ੍ਰਭਾਵਸ਼ਾਲੀ ਗਿਣਤੀ ਨਾਲ ਸੰਘਰਸ਼ ਰਾਹੀਂ ਏਕਤਾ ਬਣਾਉਣਾ ਕੋਈ ਬੁਰੀ ਗੱਲ ਨਹੀਂ ਹੈ। ਇਹ ਲੋਕ ਚੰਗੇਰੀਆਂ ਸਮਾਜਿਕ ਪ੍ਰਸਥਿਤੀਆਂ ਦੇਖਣ ਦੇ ਚਾਹਵਾਨ ਹਨ। ਇਹ ਆਪਣੀ ਪਾਰਟੀ ਦੀਆਂ ਨੀਤੀਆਂ ਉਪਰ ਅਸਰ ਅੰਦਾਜ਼ ਹੋਣ ਦੀ ਸਮਰਥਾ ਵੀ ਰੱਖਦੇ ਹਨ। ਇਨ੍ਹਾਂ ਲੋਕਾਂ ਪ੍ਰਤੀ ਬਣਦੀ ਪ੍ਰਤੀਬੱਧਤਾ ਮਹਿਸੂਸ ਕੀਤੀ ਜਾਵੇ ਤਾਂ ਸ਼ਾਇਦ ਪੰਜਾਬ ਦੀਆਂ ਵਿਰੋਧੀ ਧਿਰ ਵਿਚਲੀਆਂ ਸਿਆਸੀ ਪਾਰਟੀਆਂ ਸਾਂਝੇ ਸੰਘਰਸ਼ ਲਈ ਹਰ ਪ੍ਰਕਾਰ ਦੀ ਦੁਬਿਧਾ ਤੋਂ ਮੁਕਤ ਹੋ ਸਕਦੀਆਂ ਹਨ।

# ਜਿਹੜੇ ਆਪਣਾ ਕੁਝ ਨਹੀਂ ਸੰਵਾਰ ਸਕੇ ਉਹ ਸਾਡਾ ਭਲਾ ਕੀ ਕਰਨਗੇ



ਦਵਿੰਦਰ ਸ਼ਰਮਾ

ਇਕ ਵਾਰ ਫਿਰ ਪ੍ਰਚੂਨ ਬਾਜ਼ਾਰ ਵਿਚ ਐੱਫ.ਡੀ.ਆਈ ਦੇ ਪੱਖ ਵਿਚ ਕਿਸਾਨਾਂ ਦੀ ਭਲਾਈ ਦਾ ਝੂਠਾ ਤਰਕ ਦਿੱਤਾ ਜਾ ਰਿਹਾ ਹੈ। ਪੰਜਾਬ ਵਿਚ ਜਦੋਂ 1980 ਦੇ ਦਹਾਕੇ ਵਿਚ ਅੱਤਵਾਦ ਦਾ ਦੌਰ ਸੀ, ਤਦ ਪੈਪਸੀ ਕੋਲਾ ਭਾਰਤ ਵਿਚ ਪਿਛਲੇ ਦਰਵਾਜ਼ੇ ਨਾਲ ਦਾਖ਼ਲ ਹੋਣਾ ਚਾਹੁੰਦੀ ਸੀ। ਉਸ ਸਮੇਂ ਉਸ ਦਾ ਤਰਕ ਸੀ ਕਿ ਅਸੀਂ ਬਾਗਵਾਨੀ ਕ੍ਰਾਂਤੀ ਲਿਆਵਾਂਗੇ। ਇਸ ਨਾਲ ਨੌਜਵਾਨ ਮੁੱਖ ਧਾਰਾ ਨਾਲ ਜੁੜਨਗੇ ਅਤੇ ਪੰਜਾਬ ਤੋਂ ਅੱਤਵਾਦ ਦੀ ਸਮੱਸਿਆ ਖ਼ਤਮ ਹੋ ਜਾਵੇਗੀ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਲੈ ਕੇ ਭਾਰਤੀ ਕਿਸਾਨ ਯੂਨੀਅਨ ਤੱਕ ਸਭ ਉਸ ਦੇ ਪੱਖ ਵਿਚ ਸਨ। ਆਖਿਰਕਾਰ 1987-88 ਵਿਚ ਪੈਪਸੀ ਕੋਲਾ ਆ ਗਈ, ਪਰ ਅੱਜ 2012 ਵਿਚ ਵੀ ਉਸ ਬਾਗਵਾਨੀ ਕ੍ਰਾਂਤੀ ਦਾ ਕਿਤੇ ਪਤਾ ਨਹੀਂ ਹੈ। ਟੈਲੀਵਿਜ਼ਨ 'ਤੇ ਇਕ ਇਸ਼ਤਿਹਾਰ ਆਉਂਦਾ ਹੈ, ਜਿਸ ਵਿਚ ਇਕ ਬੱਚਾ ਦੌੜਦੇ ਹੋਏ ਚਿੱਕੜ ਵਿਚ ਡਿੱਗ ਜਾਂਦਾ ਹੈ, ਤਾਂ ਉਸ ਦੀ ਮਾਂ ਕਹਿੰਦੀ ਹੈ, ''ਕੋਈ ਬਾਤ ਨਹੀਂ ਬੇਟਾ, ਸਰਫ ਐਕਸਲ ਹੈ ਨਾ।'' ਠੀਕ ਇਸੇ ਤਰ੍ਹਾਂ ਮਹਿੰਗਾਈ ਤੋਂ ਲੈ ਕੇ ਕਿਸਾਨਾਂ ਦੀ ਆਤਮਹੱਤਿਆ ਦਾ ਹੱਲ ਸਰਕਾਰ ਇਹੀ ਕਹਿ ਕੇ ਦੇਣਾ ਚਾਹੁੰਦੀ ਹੈ ਕਿ 'ਵਾਲਮਾਰਟ' ਹੈ ਨਾ। ਤਿੰਨ ਸਾਲ ਪਹਿਲਾਂ ਦੇਸ਼ ਵਿਚ ਫਰਾਂਸ, ਅਮਰੀਕਾ, ਬਰਤਾਨੀਆ ਅਤੇ ਜਰਮਨੀ ਸਮੇਤ ਜਿੰਨੇ ਵੀ ਦੇਸ਼ਾਂ ਦੇ ਰਾਸ਼ਟਰਪਤੀ ਆਏ ਸਨ, ਸਭ ਦਾ ਦਬਾਅ ਰਿਟੇਲ ਐੱਫ.ਡੀ.ਆਈ ਦੇ ਦਰਵਾਜ਼ੇ ਖੋਲ੍ਹਣ 'ਤੇ ਸੀ, ਤਾਂ ਕਿ ਉਨ੍ਹਾਂ ਦੀ ਆਪਣੀ ਅਰਥਵਿਵਸਥਾ ਉਭਰ ਸਕੇ।




ਪਿਛਲੇ 50 ਸਾਲਾਂ ਵਿਚ ਅਮਰੀਕਾ ਵਿਚ ਵਾਲਮਾਰਟ ਦੇ 2,000 ਤੋਂ ਵੀ ਜ਼ਿਆਦਾ ਸਟੋਰ ਵਾਇਰਸ ਦੀ ਤਰ੍ਹਾਂ ਫੈਲੇ ਹਨ। ਇਸ ਦੇ ਬਾਵਜੂਦ ਉਥੇ ਭੁੱਖ ਅਤੇ ਗਰੀਬੀ ਵਧੀ ਹੈ ਅਤੇ ਕਿਸਾਨਾਂ ਦੀ ਗਿਣਤੀ ਘਟੀ ਹੈ। ਸਾਲ 2004 ਦੇ ਅੰਕੜਿਆਂ ਅਨੁਸਾਰ ਅਮਰੀਕਾ ਵਿਚ ਕੇਵਲ ਸੱਤ ਲੱਖ ਕਿਸਾਨ ਬਚੇ ਸਨ, ਜਿਹੜੇ ਉਥੋਂ ਦੀ ਜਨਸੰਖਿਆ ਦੀ ਇਕ ਫੀਸਦੀ ਦੇ ਬਰਾਬਰ ਹੈ। ਪੂੰਜੀ ਬਾਜ਼ਾਰ ਅਤੇ ਵਾਲਮਾਰਟ ਵਰਗੀਆਂ ਰਿਟੇਲ ਕੰਪਨੀਆਂ ਤੋਂ ਕਿਸਾਨਾਂ ਨੂੰ ਫਾਇਦਾ ਹੋਣ ਦਾ ਦਾਅਵਾ ਕੀਤਾ ਜਾਂਦਾ ਹੈ। ਅਮਰੀਕਾ ਦਾ ਸਭ ਤੋਂ ਵੱਡਾ ਕਮੋਡਿਟੀ ਐਕਸਚੇਂਜ ਵੀ ਸ਼ਿਕਾਗੋ ਵਿਚ ਹੈ। ਇਨ੍ਹਾਂ ਦੋਨਾਂ ਦੇ ਹੋਣ ਦੇ ਬਾਅਦ ਵੀ ਅਮਰੀਕੀ ਕਿਸਾਨਾਂ ਦੀ ਆਮਦਨ ਘੱਟ ਹੁੰਦੀ ਜਾ ਰਹੀ ਹੈ। ਇਹੀ ਕਾਰਨ ਹੈ ਉਥੇ ਸਰਕਾਰ ਕਿਸਾਨਾਂ ਨੂੰ 'ਡਾਇਰੈਕਟ ਇਨਕਮ ਸਪੋਰਟ' ਦਿੰਦੀ ਹੈ। ਸਾਲ 1997 ਤੋਂ 2008 ਤੱਕ ਉਥੇ ਕਿਸਾਨਾਂ ਨੂੰ 12,60,000 ਕਰੋੜ ਰੁਪਏ 'ਡਾਇਰੈਕਟ ਇਨਕਮ' ਦਿੱਤੀ ਗਈ। ਇਸੇ ਕਾਰਨ ਉਥੇ ਕਿਸਾਨ ਜਿਉਂਦੇ ਹਨ। ਮੰਨ ਲਓ ਅਮਰੀਕਾ ਵਿਚ 1.2 ਅਰਬ ਡਾਲਰ ਦੇ ਚੌਲਾਂ ਦਾ ਉਤਪਾਦਨ ਕਰਨਾ ਹੈ ਤਾਂ ਸਰਕਾਰ ਇਸ ਲਈ ਕਿਸਾਨਾਂ ਨੂੰ 1.4 ਅਰਬ ਡਾਲਰ ਦੀ ਸਬਸਿਡੀ ਦਿੰਦੀ ਹੈ। ਸਾਲ 2005 ਵਿਚ ਅਮਰੀਕਾ ਵਿਚ 3.9 ਅਰਬ ਡਾਲਰ ਦੀ ਕੁੱਲ ਕਪਾਹ ਪੈਦਾ ਕਰਨ ਲਈ 4.7 ਅਰਬ ਡਾਲਰ ਦੀ ਸਬਸਿਡੀ ਦਿੱਤੀ ਗਈ ਸੀ। ਜਦੋਂ ਕਿ ਉਥੇ ਕਪਾਹ ਦੇ ਕੇਵਲ 20 ਹਜ਼ਾਰ ਕਿਸਾਨ ਹਨ। ਕਿਸਾਨਾਂ ਤੋਂ ਸਸਤੀ ਕੀਮਤ 'ਤੇ ਕਪਾਹ ਖਰੀਦਣ ਲਈ ਟੈਕਸਟਾਈਲ ਉਦਯੋਗ ਨੂੰ ਵੀ 18 ਕਰੋੜ ਦੀ ਸਬਸਿਡੀ ਦਿੱਤੀ ਜਾਂਦੀ ਹੈ। ਕਪਾਹ 'ਤੇ ਇੰਨੇ ਵੱਡੇ ਪੱਧਰ 'ਤੇ ਦਿੱਤੀ ਜਾ ਰਹੀ ਸਬਸਿਡੀ ਕਾਰਨ ਬ੍ਰਾਜ਼ੀਲ ਨੇ ਅਮਰੀਕਾ 'ਤੇ ਡਬਲਿਊ.ਟੀ.ਓ ਵਿਚ ਮੁਕੱਦਮਾ ਕਰ ਦਿੱਤਾ। ਅਮਰੀਕਾ ਇਹ ਮੁਕੱਦਮਾ ਹਾਰ ਗਿਆ ਅਤੇ ਹੁਣ ਉਹ 14.7 ਕਰੋੜ ਡਾਲਰ ਦੀ ਸਬਸਿਡੀ ਬ੍ਰਾਜ਼ੀਲ ਨੂੰ ਚੁੱਪ ਰੱਖਣ ਲਈ ਦੇ ਰਿਹਾ ਹੈ। ਇੰਨੇ ਵੱਡੇ ਪੱਧਰ 'ਤੇ ਦਿੱਤੀ ਜਾ ਰਹੀ ਸਬਸਿਡੀ ਨਾਲ ਫਸਲਾਂ ਦੀਆਂ ਕੌਮਾਂਤਰੀ ਕੀਮਤਾਂ ਡਿੱਗ ਜਾਂਦੀਆਂ ਹਨ। ਅਮਰੀਕਾ ਵਿਚ ਸਬਸਿਡੀ ਹਟਾ ਦਿੱਤੀ ਜਾਵੇ ਤਾਂ ਖੇਤੀ ਤਬਾਹ ਹੋ ਜਾਵੇਗੀ। ਯੂਰਪ ਵਿਚ ਤਾਂ ਕਿਸਾਨਾਂ ਨੂੰ ਸਭ ਤੋਂ ਜ਼ਿਆਦਾ ਸਬਸਿਡੀ ਦਿੱਤੀ ਜਾਂਦੀ ਹੈ। ਉਥੇ ਵਾਲਮਾਰਟ, ਟੈਸਕੋ, ਕਾਰਫੂਰ ਅਤੇ ਸੈਂਸਬੇਰੀ ਤੋਂ ਇਲਾਵਾ ਛੋਟੀਆਂ ਕੰਪਨੀਆਂ ਵੀ ਹਨ। ਇਸ ਦੇ ਬਾਵਜੂਦ ਉਥੇ ਹਰ ਮਿੰਟ 'ਤੇ ਇਕ ਕਿਸਾਨ ਖੇਤੀ ਛੱਡ ਰਿਹਾ ਹੈ।

ਸਾਡੀ ਸਰਕਾਰ ਕਹਿ ਰਹੀ ਹੈ ਕਿ ਪ੍ਰਚੂਨ ਵਿਚ ਐੱਫ.ਡੀ.ਆਈ ਨਾਲ ਵਿਚੋਲੇ ਖ਼ਤਮ ਹੋ ਜਾਣਗੇ। ਅਮਰੀਕਾ ਵਿਚ 1950 ਵਿਚ ਕਿਸਾਨ ਜਦੋਂ ਆਪਣੀ ਫਸਲ ਵੇਚਦਾ ਸੀ ਤਾਂ ਉਸ ਨੂੰ 70 ਫੀਸਦੀ ਕੀਮਤ ਮਿਲ ਜਾਂਦੀ ਸੀ ਪਰ ਅੱਜ ਉਸ ਨੂੰ ਫਸਲ ਦੀ ਕੇਵਲ 4 ਫੀਸਦੀ ਕੀਮਤ ਹੀ ਮਿਲਦੀ ਹੈ। ਵਾਲਮਾਰਟ ਵਰਗੀਆਂ ਕੰਪਨੀਆਂ ਦੇ ਆਉਣ ਤੋਂ ਬਾਅਦ ਵਿਚੋਲੇ ਖ਼ਤਮ ਹੁੰਦੇ ਹਨ ਤਾਂ ਅਮਰੀਕੀ ਕਿਸਾਨਾਂ ਦੀ ਆਮਦਨੀ ਕਿਥੇ ਚਲੀ ਗਈ? ਅਸਲ ਵਿਚ ਪ੍ਰਚੂਨ ਚੇਨ ਨਾਲ ਨਵੀਂ ਤਰ੍ਹਾਂ ਦੇ ਵਿਚੋਲੇ ਪੈਦਾ ਹੁੰਦੇ ਹਨ, ਜਿਹੜੇ ਕਿਸਾਨਾਂ ਦਾ ਮੁਨਾਫ਼ਾ ਖਾ ਜਾਂਦੇ ਹਨ। ਫਿਰ ਅਸੀਂ ਇਕ ਅਸਫ਼ਲ ਮਾਡਲ ਆਪਣੇ ਇਥੇ ਕਿਉਂ ਲਿਆ ਰਹੇ ਹਾਂ?

ਸਰਕਾਰ ਦਾਅਵਾ ਕਰ ਰਹੀ ਹੈ ਕਿ ਰਿਟੇਲ ਕੰਪਨੀਆਂ ਦੇ ਆਉਣ ਨਾਲ ਪਿੰਡਾਂ ਵਿਚ ਢਾਂਚਾਗਤ ਵਸੀਲੇ ਵਧਣਗੇ ਅਤੇ ਖੁਰਾਕ ਉਤਪਾਦਾਂ ਦੀ ਬਰਬਾਦੀ ਘੱਟ ਹੋਵੇਗੀ। ਅਮਰੀਕਾ ਵਿਚ ਤਾਂ ਸਟੋਰ ਅਤੇ ਸਪਲਾਈ ਦਾ ਕੰਮ ਕਾਰਗਿਲ ਅਤੇ ਏ.ਡੀ.ਐੱਮ ਵਰਗੀਆਂ ਕੰਪਨੀਆਂ ਕਰਦੀਆਂ ਹਨ। ਇਸ ਵਿਚ ਵਾਲਮਾਰਟ ਦੀ ਕੋਈ ਭੂਮਿਕਾ ਨਹੀਂ ਹੈ, ਫਿਰ ਭਾਰਤ ਵਿਚ ਕਿਸ ਤਰ੍ਹਾਂ ਦਾ ਬੁਨਿਆਦੀ ਢਾਂਚਾ ਬਣਾਉਣ ਦੀ ਗੱਲ ਹੋ ਰਹੀ ਹੈ? ਭਾਰਤ ਦੇ 460 ਅਰਬ ਡਾਲਰ ਦੇ ਪ੍ਰਚੂਨ ਕਾਰੋਬਾਰ ਵਿਚ 4.5 ਕਰੋੜ ਤੋਂ ਜ਼ਿਆਦਾ ਲੋਕ ਜੁੜੇ ਹੋਏ ਹਨ। ਝਦਕਿ ਵਾਲਮਾਰਟ ਨੇ 15 ਦੇਸ਼ਾਂ ਵਿਚ ਸਿਰਫ਼ 20.5 ਲੱਖ ਲੋਕਾਂ ਨੂੰ ਰੁਜ਼ਗਾਰ ਦਿੱਤਾ ਹੈ। ਬ੍ਰਿਟੇਨ ਵਿਚ ਟੈਸਕੋ ਅਤੇ ਸੈਂਸਬੇਰੀ ਨੇ 2007-08 ਵਿਚ 24 ਹਜ਼ਾਰ ਲੋਕਾਂ ਨੂੰ ਦੋ ਸਾਲ ਵਿਚ ਰੁਜ਼ਗਾਰ ਦੀ ਗੱਲ ਕਹੀ ਸੀ, ਪਰ ਉਨ੍ਹਾਂ ਨੇ 850 ਲੋਕਾਂ ਨੂੰ ਨੌਕਰੀ ਤੋਂ ਕੱਢ ਦਿੱਤਾ। ਉਥੇ ਤਾਂ ਇਨ੍ਹਾਂ ਦੋਨਾਂ ਕੰਪਨੀਆਂ ਖਿਲਾਫ਼ ਡੇਅਰੀ ਕਿਸਾਨਾਂ ਦਾ ਵਿਰੋਧ ਵੀ ਚੱਲ ਰਿਹਾ ਹੈ। ਜਿਹੜੀਆਂ ਪ੍ਰਚੂਨ ਕੰਪਨੀਆਂ ਆਪਣੇ ਹੀ ਦੇਸ਼ ਵਿਚ ਰੁਜ਼ਗਾਰ ਨਹੀਂ ਦੇ ਪਾ ਰਹੀਆਂ, ਉਹ ਭਾਰਤ ਵਿਚ ਆ ਕੇ ਕਿਵੇਂ ਰੁਜ਼ਗਾਰ ਦੇਣਗੀਆਂ?

ਮਲੇਸ਼ੀਆ ਵਿਚ ਵਾਲਮਾਰਟ ਦੇ ਸਿਰਫ਼ 35 ਸਟੋਰ ਹਨ, ਪਰ ਦੇਸ਼ ਦੇ 50 ਫੀਸਦੀ ਬਾਜ਼ਾਰ 'ਤੇ ਉਨ੍ਹਾਂ ਦਾ ਕਬਜ਼ਾ ਹੈ। ਲੈਟਿਨ ਅਮਰੀਕੀ ਦੇਸ਼ਾਂ ਦੇ 65 ਫੀਸਦੀ ਬਾਜ਼ਾਰ 'ਤੇ ਤਾਂ ਸੁਪਰ ਮਾਰਕੀਟ ਦਾ ਕਬਜ਼ਾ ਹੈ ਹੀ, ਉਥੇ ਉਨ੍ਹਾਂ ਦੀਆਂ ਕੀਮਤਾਂ ਵੀ 20 ਤੋਂ 30 ਫੀਸਦੀ ਜ਼ਿਆਦਾ ਹਨ। ਆਪਣੇ ਦੇਸ਼ ਵਿਚ 2006 ਤੋਂ ਪ੍ਰਚੂਨ ਖੇਤਰ ਵਿਚ



ਰਿਲਾਇੰਸ ਫ੍ਰੈੱਸ਼ ਸਮੇਤ ਦੂਸਰੀਆਂ ਕੰਪਨੀਆਂ ਮੌਜੂਦ ਹਨ। ਨਾਬਾਰਡ ਨੇ ਹੈਦਰਾਬਾਦ ਵਿਚ ਇਸ ਤਰ੍ਹਾਂ ਦੇ 30 ਸਟੋਰਾਂ ਦਾ ਅਧਿਐਨ ਕਰਨ ਤੋਂ ਬਾਅਦ ਦੇਖਿਆ ਹੈ ਕਿ ਉਨ੍ਹਾਂ ਦੇ ਉਤਪਾਦ ਖੁੱਲ੍ਹੇ ਬਾਜ਼ਾਰ ਦੇ ਮੁਕਾਬਲੇ 20 ਤੋਂ 30 ਫੀਸਦੀ ਮਹਿੰਗੇ ਹਨ। ਅੱਜ ਭਾਰਤੀ ਬਾਜ਼ਾਰ ਵਿਚ ਇਨ੍ਹਾਂ ਕੰਪਨੀਆਂ ਦੀ ਹਿੱਸੇਦਾਰੀ ਲਗਪਗ ਪੰਜ ਫੀਸਦੀ ਹੈ, ਪਰ ਇਸ ਨਾਲ ਕਿਸਾਨਾਂ ਅਤੇ ਪੇਂਡੂ ਢਾਂਚਾਗਤ ਵਸੀਲਿਆਂ ਨੂੰ ਫਾਇਦਾ ਨਹੀਂ ਹੋਇਆ ਹੈ। ਫਿਰ ਇਸ ਨੂੰ ਕਿਸਾਨਾਂ ਦੇ ਨਾਂਅ 'ਤੇ ਕਿਉਂ ਲਿਆਂਦਾ ਜਾ ਰਿਹਾ ਹੈ? ਜ਼ਾਹਿਰ ਹੈ, ਖੁਦਰਾ ਖੇਤਰ ਵਿਚ ਐੱਫ.ਡੀ.ਆਈ ਦੇ ਦਰਵਾਜ਼ੇ ਖੋਲ੍ਹਣ ਨਾਲ ਕੰਪਨੀਆਂ ਨੂੰ ਹੀ ਫਾਇਦਾ ਹੋਵੇਗਾ।

## ਧੁਖ਼ਦਾ ਕਾਲਮ

# 'ਹਵਾ ਬਾਜ਼ਾਰ ਦੀ ਹੈ ਸ਼ੂਕਦੀ ਫਿਰਦੀ ਗਰਾਂ ਅੰਦਰ'

**ਸੁਸ਼ੀਲ ਦੁਸਾਂਝ**

ਭਾਰਤ ਵਿਚ ਹਰ ਪਾਸੇ ਤਿਉਹਾਰੀ ਚਹਿਲ-ਪਹਿਲ ਸ਼ੁਰੂ ਹੋ ਗਈ ਹੈ। ਹੋਰ ਕੁਝ ਦਿਨਾਂ ਨੂੰ ਦੁਸਿਹਰਾ/ਦੀਵਾਲੀ ਦੇ ਧੂਮ-ਧੜਕੇ ਦੌਰਾਨ ਪਟਾਕਿਆਂ ਦੇ ਰੂਪ ਵਿਚ ਅਰਬਾਂ ਰੁਪਏ ਫੂਕੇ ਜਾਣਗੇ। ਰੌਸ਼ਨੀਆਂ ਅਜੋਕੇ ਸਮਿਆਂ ਵਿਚ ਦੀਵਿਆਂ ਦੀਆਂ ਮੋਹਤਾਜ ਨਹੀਂ ਰਹੀਆਂ। ਮਨੁੱਖ ਨੇ ਆਪਣਾ ਆਲਾ-ਦੁਆਲਾ ਰੌਸ਼ਨ ਕਰਨ ਲਈ ਪੱਥਰਾਂ ਦੀ ਰਗੜ ਤੋਂ ਸਫਰ ਸ਼ੁਰੂ ਕੀਤਾ ਸੀ ਅਤੇ ਇਹ ਸਫਰ ਦੀਵਿਆਂ ਤੋਂ ਹੁੰਦਾ ਹੋਇਆ ਬਿਜਲਈ ਮਾਧਿਅਮਾਂ ਰਾਹੀਂ ਬਹੁਤ ਅੱਗੇ ਤੀਕ ਆ ਚੁੱਕਾ ਹੈ। ਹਰ ਖੇਤਰ ਵਿਚ ਇਸ ਆਧੁਨਿਕਤਾ ਦੇ ਸਫਰ ਨੇ ਸਾਡਾ ਸਾਰਾ ਕੁੱਝ ਹੀ ਬਦਲ ਕੇ ਰੱਖ ਦਿੱਤਾ ਹੈ ਤੇ ਜਿਥੇ ਸਾਨੂੰ ਆਪਾਰ ਸਹੂਲਤਾਂ ਬਖਸ਼ਿਸ਼ ਕੀਤੀਆਂ ਹਨ ਉਥੇ ਸਾਡਾ ਬਹੁਤ ਕੁੱਝ ਅੰਦਰਲਾ ਖਾ ਵੀ ਲਿਆ ਹੈ। ਤਿਉਹਾਰਾਂ ਦੇ ਮਾਮਲੇ ਵਿਚ ਆਧੁਨਿਕਤਾ ਦੇ ਸਫਰ ਨੇ ਇਨ੍ਹਾਂ ਨੂੰ ਮਨਾਉਣ ਦੇ ਪਿਛਲੇ ਸਾਰੇ ਹੀ ਢੰਗ-ਤਰੀਕਿਆਂ ਨੂੰ ਮਧੋਲ ਕੇ ਰੱਖ ਦਿੱਤਾ ਹੈ। ਸਭ ਕੁੱਝ ਬਦਲ ਗਿਆ ਹੈ, ਬਦਲਾਅ ਤਾਂ ਲਾਜ਼ਮੀ ਵੀ ਹੈ ਪਰ ਜੇਕਰ ਬਦਲਦੇ ਸਮਿਆਂ ਵਿਚ ਕੁੱਝ ਨਵਾਂ ਕਰਦਿਆਂ-ਕਰਾਉਂਦਿਆਂ ਸਾਡੇ ਦ੍ਰਿਸ਼ਟੀਕੋਣ ਵਿਚ ਰਤਾ ਵੀ ਨਾਂਹ-ਪੱਖੀ ਪਹੁੰਚ ਦਾ ਝਲਕਾਰਾ ਪੈ ਜਾਵੇ ਜਾਂ ਸਾਡੇ ਤੌਰ-ਤਰੀਕਿਆਂ ਵਿਚ 'ਝੋਲ' ਹੋਵੇ ਤਾਂ ਵਾਤਾਵਰਨ ਨੂੰ ਰੌਸ਼ਨਾਉਣ ਦੇ ਨਾਂਅ 'ਤੇ ਕੀਤਾ ਗਿਆ ਹਰ ਕਾਰਜ ਹਨੇਰਿਆਂ ਦਾ ਸਿਰਨਾਵਾਂ ਹੋ ਨਿਬੜਦਾ ਹੈ। ਸਾਡਾ ਮਕਸਦ ਖੁਸ਼ੀਆਂ ਦੇ ਸਬਬ ਬਣਦੇ ਤਿਉਹਾਰਾਂ ਦੀ ਨੁਕਤਾਚੀਨੀ ਕਰਨਾ ਜਾਂ ਉਨ੍ਹਾਂ ਨੂੰ ਨੌਲਣਾ ਕਤਈ ਨਹੀਂ ਹੈ ਸਗੋਂ ਸਾਡੀ ਭਾਵਨਾ ਤਾਂ ਖੁਸ਼ੀਆਂ ਦੇ ਪਰਬਾਂ ਵਿਚੋਂ ਲਗਾਤਾਰ ਮਨਫ਼ੀ ਹੁੰਦੀ ਜਾ ਰਹੀ ਉਤਸਵੀ ਰੂਹ ਨੂੰ ਤਲਾਸ਼ਣਾ ਹੈ।

ਪਹਿਲੀ ਨਜ਼ਰੇ ਦੇਖਿਆਂ ਹਰ ਆਮ ਬੰਦੇ ਨੂੰ ਦੁਸਹਿਰਾ, ਦੀਵਾਲੀ, ਨਵੇਂ ਸਾਲ ਦਾ ਜਸ਼ਨ ਜਾਂ ਕੋਈ ਵੀ ਤਿਉਹਾਰ ਪਹਿਲਾਂ ਨਾਲੋਂ ਵਧੇਰੇ ਅਨੰਦਮਈ ਲਗ ਸਕਦਾ ਹੈ ਪਰ ਥੋੜ੍ਹਾ ਗਹੁ ਨਾਲ ਤੱਕਿਆਂ ਇਹ ਸਾਫ ਹੋ ਜਾਂਦਾ ਕਿ ਜਿਹੜੀ ਤੜਕ-ਭੜਕ ਜਾਂ ਚਕਾਚੌਂਧ ਉਹ ਦੇਖ ਰਹੇ ਹਨ ਉਹਦੇ ਪਿੱਛੇ ਸਾਡੇ ਤਿਉਹਾਰਾਂ, ਮੇਲਿਆਂ ਅਤੇ ਇਤਿਹਾਸਕ ਤਿੱਥਾਂ ਆਦਿ ਦਾ ਨਿਰੋਲ ਬਜ਼ਾਰੀਕਰਨ ਹੀ ਹੈ। ਅਸਲੀਅਤ ਵਿਚ ਉਤਸਵਾਂ ਨੂੰ ਬਾਜ਼ਾਰ ਨੇ ਆਪਣੀ ਘੁਸਪੈਠ ਨੂੰ ਪੁਖਤਾ ਕਰਨ ਦੇ ਹਥਿਆਰ ਵਜੋਂ ਵਰਤਣ ਦੇ ਨਵੀਨ ਤੋਂ ਨਵੀਨਤਮ ਢੰਗ ਲੱਭ ਲਏ ਹਨ।

ਬਾਜ਼ਾਰ ਦਾ ਸੁਭਾਅ ਹੀ ਇਹ ਹੈ ਕਿ ਉਹ ਹਰ ਚੀਜ਼ ਨੂੰ ਅਜਿਹੀਆਂ 'ਜਸ਼ਨੀ ਚਾਸ਼ਣੀਆਂ' ਨਾਲ ਪੇਸ਼ ਕਰਦਾ ਹੈ ਕਿ ਮਿੱਟੀ ਵੀ ਸੋਨਾ ਦਿਖਾਈ ਦਿੰਦੀ ਹੈ। ਇਹ ਬਾਜ਼ਾਰ ਦੀ ਬੇਹਤਰੀਨ ਕਾਰਜਸ਼ੈਲੀ ਹੀ ਹੈ ਕਿ ਉਹ ਮਨੁੱਖ ਨੂੰ ਮਨੁੱਖ ਰਹਿਣ ਹੀ ਨਹੀਂ ਦਿੰਦਾ ਸਗੋਂ ਗ੍ਰਾਹਕ ਵਿਚ ਤਬਦੀਲ ਕਰ ਦਿੰਦਾ ਹੈ। ਇਹਦੇ ਲਈ ਬਾਜ਼ਾਰ ਕੋਲ ਵਰਤਮਾਨ ਸਮਿਆਂ ਵਿਚ ਸਭ ਤੋਂ ਅਚੂਕ ਹਥਿਆਰ ਹਨ ਡਿਸਕਾਊਂਟ ਜਾਂ ਫਰੀ ਸੇਲ ਵਰਗੀਆਂ ਲੋਟੂ ਵਿਧੀਆਂ। ਆਮ ਤੌਰ 'ਤੇ ਸੇਲ ਅਤੇ ਡਿਸਕਾਊਂਟ ਦਾ ਇਹ ਹੀ ਅਰਥ ਹੈ ਕਿ ਇਹਦੇ ਰਾਹੀਂ ਬਾਜ਼ਾਰ ਤੁਹਾਨੂੰ 500 ਰੁਪਏ ਦੀ ਕੋਈ ਵੀ ਚੀਜ਼ 1000 ਰੁਪਏ ਦੀ ਦੱਸ ਕੇ 200 ਰੁਪਏ ਛੋਟ ਦੇ ਕੇ 800 ਰੁਪਏ ਵਿਚ ਵੇਚ ਜਾਂਦਾ ਹੈ ਤੇ ਗ੍ਰਾਹਕ ਖੁਸ਼ੀ-ਖੁਸ਼ੀ ਆਪਣੀ ਜੇਬ ਖਾਲੀ ਕਰਕੇ ਘਰੇ ਆ ਵੜਦਾ ਹੈ ਅਤੇ ਉਸਨੂੰ ਇਹ ਪਤਾ ਵੀ ਨਹੀਂ ਲਗਦਾ ਕਿ ਉਹ ਕਿਵੇਂ ਅਤੇ ਕਦੋਂ ਠੱਗਿਆ ਗਿਆ ਹੈ, ਉਹ ਤਾਂ ਸਗੋਂ ਇਸ ਲਈ ਖੁਸ਼ੀ ਵਿਚ ਖੀਵਾ ਹੋਇਆ ਫਿਰਦਾ ਹੈ ਕਿ ਉਹ ਘੱਟ ਪੈਸੇ ਖਰਚ ਕੇ ਜ਼ਿਆਦਾ ਕੀਮਤੀ ਸਾਮਾਨ ਆਪਣੇ ਘਰੇ ਲੈ ਆਇਆ ਹੈ। ਡਿਸਕਾਊਂਟ ਤੇ ਸੇਲ ਵਰਗੀਆਂ 'ਖੁਲ੍ਹਾਂ' ਦੀ ਵਰਤੋਂ ਪਿੱਛੇ ਵੀ ਬਾਜ਼ਾਰ ਦੀ ਗਿਣੀ-ਮਿੱਥੀ ਰਣਨੀਤੀ ਕੰਮ ਕਰ ਰਹੀ ਹੁੰਦੀ ਹੈ। ਬਾਜ਼ਾਰ ਨੂੰ ਪਤਾ ਹੈ ਕਿ ਦੁਸਹਿਰਾ, ਦੀਵਾਲੀ ਅਤੇ ਨਵੇਂ ਵਰ੍ਹੇ ਦੇ ਜਸ਼ਨਾਂ ਵਿਚ ਡੁੱਬੇ ਲੋਕ ਹੀ ਮਾਨਸਿਕ ਤੌਰ 'ਤੇ ਕੁੱਝ ਨਾ ਕੁੱਝ ਖਰੀਦਣ ਲਈ ਤਿਆਰ ਹੁੰਦੇ ਹਨ ਤੇ ਮੱਧ ਵਰਗ ਅਤੇ ਅਰਧ ਮੱਧ ਵਰਗ ਦੀ ਇਸੇ ਮਾਨਸਿਕ ਅਵਸਥਾ ਦਾ ਭਰਪੂਰ ਵਪਾਰਕ ਲਾਭ ਉਠਾਉਣ ਦੀ ਮਣਸ਼ਾ ਤਹਿਤ ਹੀ ਬਾਜ਼ਾਰ ਹਰ ਦਿਨ ਨਵੇਂ ਤੋਂ ਨਵੇਂ ਢੰਗ ਤਰੀਕਿਆਂ ਨਾਲ ਆਪਣਾ ਲੁਭਾਉਣਾ ਭਰਮ ਜਾਲ ਫੈਲਾਉਂਦਾ ਹੈ। ਇਸੇ ਭਰਮ ਜਾਲ ਵਿਚ ਫੱਸ ਕੇ ਹੀ ਲੋਕ ਤਿਉਹਾਰੀ ਦਿਨਾਂ ਵਿਚ ਆਪਣੀ ਵਿੱਤ ਨਾਲੋਂ ਵੀ ਲਗਭਗ 20 ਫੀਸਦੀ ਵਧੇਰੇ ਖਰੀਦਦਾਰੀ ਕਰ ਲੈਂਦੇ ਹਨ। ਕਈ ਵਾਰੀ ਤਾਂ ਲੋਕਾਂ ਦੀ ਖਰੀਦ ਸ਼ਕਤੀ ਵੀ ਕੁੱਝ ਖਰੀਦਣ ਦੀ ਆਗਿਆ ਨਹੀਂ ਦਿੰਦੀ ਪਰ ਉਹ ਸਿੱਧੇ ਕਰਜੇ ਚੁੱਕ ਕੇ ਜਾਂ ਫਿਰ 'ਲੋਨ ਚੱਕਰ' ਵਿਚ ਉਲਝਕੇ ਵੀ ਅੱਡੀਆਂ ਚੁੱਕ ਕੇ ਫਾਹਾ ਲੈਣ ਤੋਂ ਬਾਜ਼ ਨਹੀਂ ਆਉਂਦੇ। ਇਹ ਹੀ ਬਾਜ਼ਾਰ ਦੀ ਸਫਲਤਾ ਹੈ।

ਬਾਜ਼ਾਰ ਦਾ ਚਰਿਤਰ ਜਾਂ ਸੁਭਾਅ ਹੀ ਇਹ ਹੈ ਕਿ ਉਹਦੇ ਲਈ ਮਨੁੱਖੀ ਸੰਨੇਦਨਾਵਾਂ ਕੋਈ ਅਰਥ ਨਹੀਂ ਰੱਖਦੀਆਂ। ਉਹ ਤਾਂ ਹਰ ਮਨੁੱਖੀ ਸੰਵੇਦਨਾ ਨੂੰ ਵਪਾਰ ਦੀ ਤੱਕੜੀ ਵਿਚ ਤੋਲ ਕੇ ਹੀ ਪੇਸ਼ ਕਰਦਾ ਹੈ। ਇਸੇ ਲਈ ਬਾਜ਼ਾਰ ਆਪਣੀ ਲੋੜ ਮੁਤਾਬਕ ਉਨ੍ਹਾਂ ਵਸਤਾਂ ਨੂੰ ਵਧੇਰੇ ਆਕਰਸ਼ਕ ਰੂਪ ਵਿਚ ਗ੍ਰਾਹਕ ਨੂੰ ਲੁਭਾਉਣ ਵਾਸਤੇ ਸਜਾਉਂਦਾ, ਸੰਵਾਰਦਾ ਅਤੇ ਸ਼ਿੰਗਾਰਦਾ ਹੈ; ਜਿਨ੍ਹਾਂ ਵਸਤਾਂ ਦੀ ਸਾਡੇ ਜੀਵਨ ਦੀਆਂ ਬੁਨਿਆਦੀ ਲੋੜਾਂ ਵਿਚ ਕੋਈ ਥਾਂ ਨਹੀਂ ਹੁੰਦੀ। ਬਾਜ਼ਾਰ ਨੂੰ ਪਤਾ ਹੈ ਕਿ ਆਟਾ ਜਾਂ ਚਾਵਲ ਵੇਚ ਕੇ ਉਸਨੂੰ ਕੁੱਝ ਨਹੀਂ ਮਿਲਣ ਲੱਗਾ; ਇਸੇ ਲਈ ਉਹ ਟੀ.ਵੀ., ਫਰਿਜਾਂ, ਵਾਸ਼ਿੰਗ ਮਸ਼ੀਨਾਂ ਆਦਿ ਦੀ ਸੇਲ ਲਾ ਕੇ ਖੁਲ੍ਹੀ ਲੁੱਟ ਕਰਦਾ ਹੈ। ਤਿਉਹਾਰਾਂ ਦੇ ਦਿਨ ਕਹਿਣ ਨੂੰ ਭਾਵੇਂ ਲੋਕਾਂ ਦੇ ਉਤਸਵੀ ਦਿਨ ਹੁੰਦੇ ਹਨ ਪਰ ਅਸਲੀ ਜਸ਼ਨ ਬਾਜ਼ਾਰ ਹੀ ਮਨਾਉਂਦਾ ਹੈ, ਕਿਉਂਕਿ ਇਹ ਹੀ ਦਿਨ ਹੁੰਦੇ ਹਨ ਜਦੋਂ ਉਹ 'ਇਕ ਖਰੀਦੋ-ਇਕ ਮੁਫ਼ਤ ਪਾਓ', 'ਵੱਡੇ ਟੀ.ਵੀ. ਨਾਲ ਛੋਟਾ ਫਰੀ' ਜਾਂ ਇਨ੍ਹਾਂ ਵਸਤਾਂ ਨਾਲ ਕੁੱਝ ਹੋਰ ਮੁਫ਼ਤ ਦੇਣ ਦਾ ਲਾਲਚ ਦੇ ਕੇ ਆਪਣਾ ਨਕਾਰਾ ਹੋਇਆ ਜਾਂ ਡੰਪ ਕੀਤਾ ਸਾਮਾਨ ਵੀ ਨਵੀਆਂ ਕੈਬਨਿਟਾਂ ਵਿਚ ਸ਼ਿੰਗਾਰ-ਸ਼ਿੰਗਾਰ ਕੇ ਸਾਡੇ ਘਰੀਂ ਤੋਰ ਦਿੰਦਾ ਹੈ ਅਤੇ ਆਪਣੇ 'ਬਾਬੂ ਮੋਹਨ ਲਾਲ' ਇਸ ਤਰ੍ਹਾਂ ਖੁਸ਼ੀ ਵਿਚ ਖੀਵੇ ਹੋ ਜਾਂਦੇ ਹਨ ਜਿਵੇਂ ਉਨ੍ਹਾਂ ਨੇ ਬਾਜ਼ਾਰ ਨੂੰ ਹੀ ਲੁੱਟ ਲਿਆ ਹੋਵੇ। ਬਾਜ਼ਾਰ ਇਹ ਸਾਰਾ ਕੁੱਝ ਕਿਵੇਂ ਕਰਦਾ ਹੈ? ਇਸਦਾ ਜੁਆਬ ਤੁਹਾਡੇ ਸਾਹਮਣੇ ਰੋਜ਼ ਪਰੋਸੇ ਜਾਂਦੇ ਅਜਿਹੇ ਇਸ਼ਤਿਹਾਰ ਹਨ ਜੋ ਤੁਹਾਡੇ ਪੈਰਾਂ ਨੂੰ ਅਚੇਤ ਹੀ ਬਾਜ਼ਾਰ ਵੱਲ ਧੂਹੰਦੇ ਚਲੇ ਜਾ ਰਹੇ ਹਨ। ਦਰਅਸਲ ਬੰਦੇ ਨੂੰ ਗ੍ਰਾਹਕ ਵਿਚ ਕਿਵੇਂ ਤਬਦੀਲ ਕੀਤਾ ਜਾਵੇ; ਇਸ ਕਲਾ ਵਿਚ ਅੱਜ ਦਾ ਬਾਜ਼ਾਰ ਪੂਰਾ ਨਿਪੁੰਨ ਹੋ ਚੁੱਕਾ ਹੈ। ਬਾਜ਼ਾਰ ਨੂੰ ਪਤਾ ਹੈ ਕਿ ਉਤਪਾਦਨ ਜਾਂ ਗੁਣਵਤਾ ਨਾਲੋਂ ਅੱਜ ਵਧੇਰੇ ਮਹੱਤਵਪੂਰਨ ਹੈ ਮਾਰਕੀਟਿੰਗ ਅਤੇ ਇਸੇ ਮਾਰਕੀਟਿੰਗ ਦੀ ਬੁਨਿਆਦੀ ਲੋੜ ਇਸ਼ਤਿਹਾਰਬਾਜ਼ੀ ਹੈ। ਇਸ਼ਤਿਹਾਰਬਾਜ਼ੀ ਦੇ ਨਵੇਂ-ਨਵੇਂ ਢੰਗ ਤਰੀਕੇ ਈਜਾਦ ਕਰਕੇ ਅਤੇ ਵੰਨ-ਸੁਵੰਨੀ ਅਤੇ ਹਰ ਉਮਰ ਵਰਗ ਨੂੰ ਆਪਣੇ ਜਾਲ ਵਿਚ ਉਲਝਾਉਣ ਵਾਲੀ ਇਸ਼ਤਿਹਾਰਬਾਜ਼ੀ ਤਿਆਰ ਕਰਕੇ ਤੁਹਾਨੂੰ ਬਾਜ਼ਾਰ ਵੱਲ ਤੋਰ ਦੇਣ ਦੀ ਕਲਾ ਵਿਚ ਪੂਰੀ ਮੁਹਾਰਤ ਅੱਜ ਬਹੁ-ਕੌਮੀ ਕੰਪਨੀਆਂ ਦੇ ਨਾਲ-ਨਾਲ ਭਾਰਤੀ ਕੰਪਨੀਆਂ ਕੋਲ ਵੀ ਆ ਚੁੱਕੀ ਹੈ। ਇਹੀ ਕਾਰਣ ਹੈ ਕਿ ਬਾਜ਼ਾਰ ਦਾ ਹਰ ਦਿਨ ਜਸ਼ਨ ਨਾਲ ਸ਼ੁਰੂ ਹੁੰਦਾ ਹੈ ਅਤੇ ਹਰ ਰਾਤ ਰੰਗੀਨ ਹੁੰਦੀ ਹੈ।

ਇਥੇ ਇਕ ਗੱਲ ਵਧੇਰੇ ਚਰਚਾ ਦੀ ਮੰਗ ਕਰਦੀ ਹੈ ਕਿ ਅੱਜ ਜਦੋਂ ਸਾਡੀਆਂ ਹੋਲੀਆਂ, ਦੀਵਾਲੀਆਂ ਅਤੇ ਲੋਹੜੀਆਂ ਨੂੰ ਵੇਚਣ ਦੀ ਬਹੁਕੌਮੀ ਕੰਪਨੀਆਂ ਵਿਚਾਲੇ ਦੌੜ ਲੱਗੀ ਹੋਈ ਹੈ ਤਾਂ ਅਸਲੀਅਤ ਵਿਚ ਕੀ ਸਾਡੇ ਤਿਉਹਾਰਾਂ/ਮੇਲਿਆਂ ਵਿਚ ਸਾਡਾ ਆਪਣਾ ਕੁੱਝ ਬਚਿਆ ਵੀ ਹੈ ਜਾਂ ਨਹੀਂ। ਸ਼ਹਿਰਾਂ ਵਿਚ ਚਹਿਲ-ਪਹਿਲ ਹੈ ਪਰ ਪਿੰਡਾਂ ਵਿਚ ਤਿਉਹਾਰਾਂ ਦੇ ਦਿਨਾਂ ਵਿਚ ਵੀ ਉਦਾਸੀ ਦਾ ਆਲਮ ਹੈ। ਸ਼ਹਿਰਾਂ ਵਿਚ ਵੀ ਜੋ ਸਾਹਮਣੇ ਦਿਖਾਈ ਦੇ ਰਿਹਾ ਹੈ; ਉਹ ਹੀ ਰੌਸ਼ਨ ਹੈ। ਸ਼ਹਿਰਾਂ ਦੀਆਂ ਬਸਤੀਆਂ/ਕਲੌਨੀਆਂ ਵੀ ਹਨੇਰਾ ਹੀ ਢੋਹ ਰਹੀਆਂ ਹਨ। ਇਸ ਸੱਚ ਤੋਂ ਕੌਣ ਮੂੰਹ ਮੋੜ ਸਕਦਾ ਹੈ ਕਿ ਆਜ਼ਾਦੀ ਦੇ 65 ਸਾਲਾਂ ਬਾਅਦ ਵੀ ਦੇਸ਼ ਦੇ ਸਿਰਫ 51 ਫੀਸਦੀ ਘਰਾਂ ਤੀਕ ਹੀ ਬਿਜਲੀ ਦਾ ਕੁਨੈਕਸ਼ਨ ਪਹੁੰਚ ਸਕਿਆ ਹੈ ਅਤੇ ਪਿੰਡਾਂ ਵਿਚ ਤਾਂ ਸਿਰਫ 31 ਫੀਸਦੀ ਘਰਾਂ ਤੱਕ ਹੀ ਲਾਟੂ ਪਹੁੰਚਿਆ ਹੈ। ਪੁੱਛਿਆ ਜਾ ਸਕਦਾ ਹੈ ਕਿ ਗਰੀਬੀ ਦੀ ਰੇਖਾ ਤੋਂ ਹੇਠਾਂ ਜੀਵਨ ਬਸਰ ਕਰਨ ਵਾਲੇ 77 ਫੀਸਦੀ ਪੇਂਡੂ ਘਰਾਂ ਅਤੇ 31 ਫੀਸਦੀ ਸ਼ਹਿਰੀ ਗਰੀਬਾਂ ਦੇ ਘਰਾਂ ਵਿਚ ਰੌਸ਼ਨੀਆਂ ਦੇ ਤਿਉਹਾਰ ਵਾਲੇ ਦਿਨ ਵੀ ਰੌਸ਼ਨੀ ਨਾ ਹੋਣ ਦੀ ਜ਼ਿੰਮੇਵਾਰੀ ਕਿਸਦੇ ਸਿਰ ਸੁੱਟੀ ਜਾਵੇ? ਤੱਥ ਤਾਂ ਹੋਰ ਬਹੁਤ ਹਨ ਪਰ ਵਿਸਥਾਰ 'ਚ ਨਾ ਜਾਂਦਿਆਂ ਵੀ ਇਹ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ ਕਿ ਬਾਜ਼ਾਰੂ ਖ਼ੁਮਾਰੀ ਦੇ ਦੌਰ ਵਿਚ ਆਮ ਭਾਰਤੀ ਲਈ ਕਿਸੇ ਵੀ ਤਿਉਹਾਰ ਦਾ ਕੀ ਮਹੱਤਵ ਹੈ। ਬਾਜ਼ਾਰ ਲਈ ਤਾਂ 12 ਮਹੀਨੇ ਹੀ ਤਿਉਹਾਰ ਹਨ ਅਤੇ ਦੇਸ਼ ਦੇ ਚੰਦ ਲੋਕਾਂ ਲਈ ਵੀ ਇਹ ਤਿਉਹਾਰ ਆਪਣੀ ਹੈਸੀਅਤ ਦੇਖਣ/ਦਿਖਾਉਣ ਦਾ ਸਬੱਬ ਹਨ; ਪਰ ਜਿਹੜੇ ਲੋਕ ਬਾਜ਼ਾਰ ਦੀ ਚਕਾਚੌਂਧ ਦੇ ਚੁੰਧਿਆਏ ਹੋਏ 'ਕਰਜ਼ੇ ਦੇ ਨਾਗਵਲ' ਵਿਚ ਲਪਟੇ ਜਾ ਰਹੇ ਹਨ; ਉਨ੍ਹਾਂ ਦੇ ਭਵਿੱਖ ਦੀ ਚਿੰਤਾ ਕੌਣ ਕਰੇ? ਖ਼ੁਦ ਉਨ੍ਹਾਂ ਨੂੰ ਹੀ ਇਹਦੇ ਪ੍ਰਤੀ ਸੁਚੇਤ ਹੋਣਾ ਪਵੇਗਾ, ਪਰ ਉਹ ਹਨ ਕਿ ਬਾਜ਼ਾਰਤੰਤਰ ਦੇ ਤੰਦੂਆ-ਜਾਲ ਵਿਚ ਇਸ ਕਦਰ ਉਲਝੇ ਹੋਏ ਹਨ ਕਿ ਕੁੱਝ ਸੁਣਨ ਨੂੰ ਹੀ ਤਿਆਰ ਨਹੀਂ। ਪੰਜਾਬੀ ਗ਼ਜ਼ਲ ਦੇ ਨਵੇਂ ਨਕਸ਼ ਘੜਨ ਵਿਚ ਰੁੱਝੇ ਹੋਏ ਸ਼ਾਇਰ ਮਿੱਤਰ ਜਸਵਿੰਦਰ ਦਾ ਫਿਕਰ ਵੀ ਸਾਂਝਾ ਕਰਦੇ ਹਾਂ-

**'ਕਿਵੇਂ ਮਾਸੂਮ ਦੀਵੇ ਰਹਿਣਗੇ ਜਗਦੇ ਘਰਾਂ ਅੰਦਰ**
**ਹਵਾ ਬਾਜ਼ਾਰ ਦੀ ਹੈ ਸ਼ੂਕਦੀ ਫਿਰਦੀ ਗਰਾਂ ਅੰਦਰ।'**

ਮੋਬਾਈਲ : 97813-60066



ਜਦ 13 ਦਸੰਬਰ 2001 ਨੂੰ ਸੰਸਦ 'ਤੇ ਹਮਲਾ ਹੁੰਦਾ ਹੈ ਤਾਂ ਭਾਰਤ ਦੀਆਂ ਸਥਾਪਿਤ ਧਿਰਾਂ ਚਾਹੇ ਉਹ ਫਿਰਕੂ ਹੋਣ ਜਾਂ ਧਰਮਨਿਰਪੱਖ ਇੱਕ ਹੋ ਜਾਂਦੀਆਂ ਹਨ ਉਹ ਇੱਕ ਇਸ ਲਈ ਨਹੀਂ ਹੁੰਦੀਆਂ ਕਿ ਦੇਸ਼ ਦੀ ਸਭ ਤੋਂ ਵੱਡੀ ਸੰਵਿਧਾਨਕ ਸੰਸਥਾ ਉੱਤੇ ਹਮਲ ਹੁੰਦਾ ਹੈ ਸਗੋਂ ਇੱਕ ਇਸ ਲਈ ਹੁੰਦੀਆਂ ਹਨ ਕਿ ਉਹਨਾਂ ਨੂੰ ਇਹ ਲੱਗਦਾ ਹੈ ਕਿ ਹਮਲਾ ਉਹਨਾਂ ਦੀ ਨਿੱਜੀ ਹੋਂਦ 'ਤੇ ਹੋਇਆ ਹੈ। ਇਹੀ ਕਾਰਨ ਹੈ ਕਿ ਸਰਕਾਰ ਨੇ ਸੰਸਦ 'ਤੇ ਹੋਏ ਹਮਲੇ ਦੀ ਡੂੰਘੀ ਪੜਤਾਲ ਕਰਕੇ ਅਸਲ ਦੋਸ਼ੀਆਂ ਨੂੰ ਫੜਨ ਦੀ ਬਿਜਾਏ ਪੁਲਿਸ, ਜਾਂਚ ਏਜੰਸੀਆਂ ਅਤੇ ਨਿਆਂਪ੍ਰਣਾਲੀ 'ਤੇ ਦਬਾਅ ਪਾ ਕੇ ਅਫ਼ਜਲ ਗੁਰੂ ਨੂੰ ਜਿਸਦੇ ਖਿਲਾਫ਼ ਇਸ ਸਾਜਿਸ਼ 'ਚ ਸ਼ਾਮਿਲ ਹੋਣ ਦਾ ਕੋਈ ਠੋਸ ਸਬੂਤ ਨਹੀਂ ਹੈ, ਫਾਂਸੀ ਦੇ ਤਖ਼ਤੇ ਤੀਕਰ ਲੈ ਆਉਂਦਾ ਹੈ। ਅਫ਼ਜਲ ਗੁਰੂ ਦੇ ਖਿਲਾਫ਼ ਜਿਸ ਗੈਰ ਕਾਨੂੰਨੀ ਢੰਗ ਨਾਲ ਕਾਰਵਾਈ ਹੋਈ ਹੈ ਉਸ ਤੋਂ ਇਹ ਜਾਪਦਾ ਹੈ ਕਿ ਸਿਆਸੀ ਆਗੂਆਂ ਨੇ ਮਿਲ ਕੇ ਬਦਲਾ ਲੈਣ ਲਈ ਇਹ ਕਾਰਵਾਈ ਤਾਂ ਕੀਤੀ ਹੈ ਕਿ ਜੇਕਰ ਸੰਸਦ 'ਤੇ ਹਮਲਾ ਕਰਨ ਆਏ ਅੱਤਵਾਦੀ ਕਾਮਯਾਬ ਹੋ ਜਾਂਦੇ ਤਾਂ ਇਸ ਹਮਲੇ 'ਚ ਉਹਨਾਂ ਦੀ ਜਾਨ ਚਲੀ ਜਾਣੀ ਸੀ। ਇੱਥੇ ਇਹਨਾਂ ਨੂੰ ਇਹ ਸੁਆਲ ਕਰਨਾ ਬਣਦਾ ਹੈ ਕਿ ਦਿੱਲੀ ਤੇ ਗੁਜਰਾਤ ਵਰਗੇ ਦੰਗਿਆਂ 'ਚ ਹਜ਼ਾਰਾਂ ਜਾਨਾਂ ਗਈਆਂ ਹਨ ਤੇ ਇਹਨਾਂ ਦੰਗਿਆਂ ਦੇ ਦੋਸ਼ੀਆਂ ਨੂੰ ਸਾਰਾ ਜੱਗ ਜਾਣਦਾ ਹੈ ਪਰ ਇਹਨਾਂ ਹੀ ਅਦਾਲਤਾਂ ਤੇ ਜਾਂਚ ਏਜੰਸੀਆਂ ਨੇ ਉਹਨਾਂ ਨੂੰ ਕਲੀਨ ਚਿੱਟ ਦੇ ਦਿੱਤੀ ਹੈ ਤੇ ਇਹ ਸਾਰਾ ਕੁਝ ਸੰਸਦ 'ਚ ਬੈਠੇ ਇਹਨਾਂ ਸਿਆਸੀ ਆਗੂਆਂ ਦੀ ਨੱਕ ਹੇਠ ਹੋਇਆ ਹੈ। ਇਸਦਾ ਮਤਲਬ ਤਾਂ ਇਹ ਹੋਇਆ ਕਿ ਇਹਨਾਂ ਦੀ ਨਜ਼ਰ ਵਿੱਚ ਆਮ ਲੋਕਾਂ ਦੀ ਜਾਨ ਦਾ ਮੁੱਲ ਕੌਡੀ ਨਹੀਂ ਤੇ ਇਹ ਆਪਣੀ ਜਾਨ ਦਾ ਮੁੱਲ ਕਰੋੜਾਂ ਪਾ ਰਹੇ ਹਨ। ਅਫ਼ਜਲ ਗੁਰੂ ਦੇ ਮਾਮਲੇ 'ਤੇ ਜਿਸ ਤਰ੍ਹਾਂ ਫਿਰਕੂ ਧਿਰਾਂ ਸਿਆਸਤ ਕਰ ਰਹੀਆਂ ਹਨ ਉਸ ਤੋਂ ਇਹ ਸੁਆਲ ਵੀ ਉਠਦਾ ਹੈ ਕਿ ਜੇਕਰ ਅਫ਼ਜਲ ਗੁਰੂ ਦੀ ਥਾਂ 'ਤੇ ਕੋਈ ਹਿੰਦੂ ਇਸ ਹਾਲਤ 'ਚ ਹੁੰਦਾ ਤਾਂ ਕੀ ਉਸਨੂੰ ਵੀ ਫਾਂਸੀ ਦੀ ਸਜ਼ਾ ਸੁਣਾਈ ਜਾਂਦੀ? ਇਹ ਗੱਲ ਅਸੀਂ ਇੱਥੇ ਇਸ ਲਈ ਕਰ ਰਹੇ ਹਾਂ ਕਿਉਂਕਿ ਭਾਰਤ 'ਚ ਅਕਸਰ ਧਰਮ ਦੇ ਨਾਮ 'ਤੇ ਦੰਗੇ ਹੁੰਦੇ ਹਨ, ਬਹੁਗਿਣਤੀ ਘੱਟ ਗਿਣਤੀ 'ਤੇ ਜੁਲਮ ਕਰਦੀ ਹੈ ਪਰ ਕਿਸੇ ਵੀ ਬਹੁਗਿਣਤੀ ਦੇ ਆਗੂ ਨੂੰ ਅੱਜ ਤੱਕ ਸਖ਼ਤ ਸਜ਼ਾ ਨਹੀਂ ਹੋਈ ਹਾਲਾਂਕਿ ਆਗੂਆਂ ਦੇ ਖਿਲਾਫ਼ ਸਬੂਤ ਮੂੰਹੋਂ ਬੋਲਦੇ ਹਨ। ਅਫ਼ਜਲ ਗੁਰੂ ਦੇ ਮਾਮਲੇ 'ਚ ਜੋ ਕੁਝ ਹੋਇਆ ਉਸ ਨਾਲ ਭਾਰਤ ਦੀ ਨਿਆਂਪ੍ਰਣਾਲੀ ਦੀ ਹੀ ਨਹੀਂ ਸਗੋਂ ਭਾਰਤ ਦੀ ਅਖੌਤੀ ਧਰਮ ਨਿਰਪੱਖਤਾ ਅਤੇ ਲੋਕਤਾਂਤਰਿਕ ਕਦਰਾਂ ਕੀਮਤਾਂ ਦੀ ਵੀ ਪੋਲ ਖੁੱਲਦੀ ਹੈ। ਕਹਿਣ ਨੂੰ ਭਾਵੇਂ ਭਾਰਤ ਦੀਆਂ ਜਾਂਚ ਏਜੰਸੀਆਂ, ਪੁਲਿਸ ਤੇ ਨਿਆਇਕ ਸੰਸਥਾਵਾਂ ਅਜ਼ਾਦਾਨਾ ਤੌਰ 'ਤੇ ਕੰਮ ਕਰਦੀਆਂ ਹਨ ਪਰ ਜੇਕਰ ਗਹੁ ਨਾਲ ਵਾਚਿਆ ਜਾਵੇ ਤਾਂ ਇਹਨਾਂ ਸੰਵਿਧਾਨਕ ਸੰਸਥਾਵਾਂ ਦੀ ਕਾਰਜਪ੍ਰਣਾਲੀ 'ਤੇ ਕਈ ਸਵਾਲ ਉਠਦੇ ਹਨ ਜਿਨ੍ਹਾਂ 'ਤੇ 'ਜਗਤਾਰ ਸਾਲਮ' ਨੇ ਇਸ ਵਿਸ਼ੇਸ਼ ਰਿਪੋਰਟ ਵਿੱਚ ਚਾਨਣਾ ਪਾਇਆ ਹੈ।

# ਅਫ਼ਜਲ ਗੁਰੂ ਦੀ ਫਾਂਸੀ ਦਾ ਸੁਆਲ

## ਸੁਮੀਤ ਸਿੰਘ

ਦੇਸ਼ ਦੀ ਸੁਪਰੀਮ ਕੋਰਟ, ਹਾਈਕੋਰਟਾਂ ਅਤੇ ਹੇਠਲੀਆਂ ਅਦਾਲਤਾਂ ਵਿੱਚ ਚੱਲਦੇ ਲੱਖਾਂ ਹੀ ਦੀਵਾਨੀ ਮੁਕੱਦਮੇ ਬੇਸ਼ੱਕ ਇਸ ਗੱਲ ਦਾ ਸਬੂਤ ਹਨ ਕਿ ਸਾਡੇ ਸਮਾਜ ਵਿਚ ਨੈਤਿਕਤਾ, ਸੱਚਾਈ, ਇਮਾਨਦਾਰੀ, ਪਿਆਰ, ਮਿਲਵਰਤਣ, ਸਹਿਣਸ਼ੀਲਤਾ, ਇਨਸਾਨੀਅਤ, ਅਨੁਸ਼ਾਸਨ, ਵਿਗਿਆਨਕ ਸੋਚ, ਅਤੇ ਵਿਸ਼ੇਸ਼ ਕਰਕੇ



ਕਾਨੂੰਨ ਪਾਲਣਾ ਕਰਨ ਦੀ ਮਾਨਸਿਕਤਾ ਦੀ ਘਾਟ ਹੈ ਪਰ ਇਹ ਇਸ ਤੱਥ ਦੀ ਵੀ ਗਵਾਹੀ ਭਰਦੇ ਹਨ ਕਿ ਦੇਸ਼ ਦੇ ਲੋਕਾਂ ਦਾ ਕਾਨੂੰਨ, ਨਿਆਂਪ੍ਰਣਾਲੀ ਅਤੇ ਜਮਹੂਰੀਅਤ ਵਿਚ ਡੂੰਘਾ ਵਿਸ਼ਵਾਸ ਅਜੇ ਕਾਇਮ ਹੈ ਅਤੇ ਇਸ ਵਿਸ਼ਵਾਸ ਕਰਕੇ ਹੀ ਲੋਕ ਕਈ ਸਾਲਾਂ ਤਕ ਮੁਕੱਦਮੇ ਲੜਦੇ ਹਨ। ਦੂਜੇ ਪਾਸੇ ਹਾਕਮ ਜਮਾਤਾਂ ਦੀਆਂ ਲੋਕ ਵਿਰੋਧੀ ਨੀਤੀਆਂ ਦੇ ਨਤੀਜੇ ਵਜੋਂ ਪੁਲਿਸ, ਪ੍ਰਸ਼ਾਸਨਿਕ, ਕਾਨੂੰਨੀ, ਤੇ ਅਦਾਲਤੀ ਢਾਂਚੇ ਵਿਚਲੀਆਂ ਕਈ ਘਾਟਾਂ, ਚੋਰ ਮੋਰੀਆਂ, ਦਿਨੋ ਦਿਨ ਵੱਧ ਰਹੇ ਭ੍ਰਿਸ਼ਟਾਚਾਰ ਤੇ ਮਹਿੰਗਾਈ ਕਾਰਨ ਪਿਛਲੇ ਕੁਝ ਸਾਲਾਂ ਤੋਂ ਇਹ ਵਿਸ਼ਵਾਸ ਕੁੱਝ ਤਿੜਕਦਾ ਵੀ ਨਜ਼ਰ ਆ ਰਿਹਾ ਹੈ। ਲੋਕ ਮਨਾਂ ਵਿਚ ਇਹ ਧਾਰਨਾ ਵੀ ਭਾਰੂ ਹੁੰਦੀ ਜਾ ਰਹੀ ਹੈ ਕਿ ਇੱਥੇ ਝੂਠੇ ਤੇ ਪ੍ਰਭਾਵਸ਼ਾਲੀ ਵਿਅਕਤੀ ਨੂੰ ਹੀ ਇਨਸਾਫ ਮਿਲਦਾ ਹੈ ਅਤੇ ਗਰੀਬ ਨੂੰ ਹਰ ਖੇਤਰ ਵਿੱਚ ਲਤਾੜਿਆ ਜਾਂਦਾ ਹੈ।

ਸਭ ਤੋਂ ਵੱਧ ਗੈਰ-ਮਨੁੱਖੀ ਪਹਿਲੂ ਇਹ ਹੈ ਕਿ ਲੱਖਾਂ ਹੀ ਬੇਗੁਨਾਹ ਲੋਕ ਨਿਆਂ ਪ੍ਰਣਾਲੀ ਵਿਚਲੀ ਦੇਰੀ, ਭ੍ਰਿਸ਼ਟਾਚਾਰ ਤੇ ਮਹਿੰਗੇ ਖਰਚੇ ਕਾਰਨ ਇਨਸਾਫ ਦੇ ਇੰਤਜ਼ਾਰ ਵਿੱਚ ਕਈ ਕਈ ਸਾਲਾਂ ਤੋਂ ਨਜਾਇਜ ਹੀ ਜੇਲ੍ਹਾਂ ਵਿੱਚ ਡੱਕੇ ਹੋਏ ਹਨ ਤੇ ਇਸਦੇ ਉਲਟ ਭ੍ਰਿਸ਼ਟ ਸਿਆਸਤਦਾਨ, ਮੰਤਰੀ, ਉੱਚ ਅਧਿਕਾਰੀ, ਵੱਡੇ ਪੂੰਜੀਪਤੀ, ਅਤੇ ਪ੍ਰਭਾਵਸ਼ਾਲੀ ਵਿਅਕਤੀ ਹਰ ਤਰ੍ਹਾਂ ਦੇ ਅਪਰਾਧ ਕਰਨ ਦੇ ਬਾਵਜੂਦ ਰਿਸ਼ਵਤਖੋਰੀ, ਝੂਠ ਅਤੇ ਸਿਆਸੀ ਦਬਾਅ ਵਰਗੇ ਨਜਾਇਜ਼ ਢੰਗ ਵਰਤ ਕੇ ਸ਼ਰੇਆਮ ਬਾਹਰ ਘੁੰਮ ਰਹੇ ਹਨ। ਹੋਰ ਵੀ ਅਫ਼ਸੋਸਨਾਕ ਤੱਥ ਇਹ ਹੈ ਕਿ ਕਾਨੂੰਨ ਲਾਗੂ ਕਰਨ ਵਾਲੀ ਪੁਲਿਸ, ਪ੍ਰਸ਼ਾਸਨ, ਜਾਂਚ ਏਜੰਸੀਆਂ ਅਤੇ ਅਦਾਲਤਾਂ ਵੱਲੋਂ ਇਸ ਘੋਰ ਬੇਇਨਸਾਫੀ ਤੇ ਨਾਬਰਾਬਰੀ ਨੂੰ ਖਤਮ ਕਰਕੇ ਇਨਸਾਫਪਸੰਦ ਬਣਾਉਣ ਲਈ ਕੋਈ ਠੋਸ ਅਤੇ ਲੋਕ ਪੱਖੀ ਨੀਤੀ ਲਾਗੂ ਨਹੀਂ ਕੀਤੀ ਜਾ ਰਹੀ। ਵੈਸੇ ਸਾਡੀਆਂ ਹਾਕਮ ਜਮਾਤਾਂ ਭ੍ਰਿਸ਼ਟਾਚਾਰ ਅਤੇ ਲੁੱਟ ਦੀ ਸਿਆਸਤ ਨੂੰ ਬਰਕਰਾਰ ਰੱਖਣ ਲਈ ਹੀ ਮੌਜੂਦਾ ਲੋਕ ਵਿਰੋਧੀ ਢਾਂਚੇ ਵਿਚ ਸੁਧਾਰ ਨਹੀਂ ਕਰਨਾ ਚਹੁੰਦੀਆਂ। ਇਨਸਾਫ ਦਾ ਤਕਾਜ਼ਾ ਤਾਂ ਇਹ ਹੈ ਕਿ ਕਿਸੇ ਵੀ ਬੇਗੁਨਾਹ ਨੂੰ ਕੋਈ ਵੀ ਸਜ਼ਾ ਨਹੀਂ ਹੋਣੀ ਚਾਹੀਦੀ ਪਰ ਜੇਕਰ ਕਿਸੇ ਬੇਗੁਨਾਹ ਵਿਅਕਤੀ ਨੂੰ ਉਸਦਾ ਪੱਖ ਸੁਣੇ ਬਗੈਰ ਅਦਾਲਤ ਵੱਲੋਂ ਸਿੱਧੀ ਫਾਂਸੀ ਦੀ ਸਜ਼ਾ ਸੁਣਾਈ

ਬਾਕੀ ਸਫ਼ਾ 19 'ਤੇ

## ਕਦ ਮਿਲੇਗੀ ਦਿੱਲੀ ਦੰਗਿਆਂ ਦੇ ਦੋਸ਼ੀਆਂ ਨੂੰ ਸਜ਼ਾ ?

ਇਸ ਗੱਲ 'ਤੇ ਸਰਕਾਰੀ ਮਸ਼ੀਨਰੀ ਬਹੁਤਾ ਚਿਰ ਪਰਦਾ ਨਹੀਂ ਰੱਖ ਸਕੀ ਕਿ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਦਿੱਲੀ ਅਤੇ ਇਸਦੇ ਨੇੜਲੇ ਇਲਾਕਿਆਂ ਵਿੱਚ ਸਿੱਖਾਂ ਦਾ ਕਤਲੇਆਮ ਹੋਣਾ ਇੱਕ ਸੋਚੀ ਸਮਝੀ ਸਾਜਿਸ਼ ਸੀ। ਦਿੱਲੀ 'ਚ ਬੈਠੇ ਕਾਂਗਰਸ ਦੇ ਵੱਡੇ ਆਗੂਆਂ ਨੇ ਦਿੱਲੀ ਪੁਲਿਸ ਦੇ ਅਫਸਰਾਂ



ਨਾਲ ਮਿਲ ਕੇ ਇਸ ਕਤਲੇਆਮ ਨੂੰ ਅੰਜਾਮ ਦਿੱਤਾ, ਇਹੀ ਨਹੀਂ ਰਾਜਧਾਨੀ 'ਚ ਇੱਕ ਵੀ ਸਿੱਖ ਜਿਉਂਦਾ ਨਾ ਬਚ ਸਕੇ ਇਸ ਲਈ ਕਾਂਗਰਸੀ ਆਗੂਆਂ ਨੇ ਸਿੱਖਾਂ ਦੀ ਪਹਿਚਾਣ ਕਰਨ ਲਈ ਵੋਟਰ ਲਿਸਟਾਂ, ਸਕੂਲ ਰਜਿਸਟਰੇਸ਼ਨ ਫਾਰਮ ਅਤੇ ਰਾਸ਼ਨ ਕਾਰਡਾਂ ਦਾ ਸਹਾਰਾ ਵੀ ਲਿਆ। ਸਰਕਾਰੀ ਅੰਕੜਿਆਂ ਮੁਤਾਬਿਕ (ਜਿਹੜੇ ਕਿ ਅਜਿਹੇ ਹਾਲਾਤ 'ਚ ਬਿਲਕੁਲ ਵੀ ਦਰੁਸਤ ਨਹੀਂ ਹੁੰਦੇ) 2700 ਸਿੱਖਾਂ ਨੂੰ ਇਸ ਕਤਲੇਆਮ ਵਿੱਚ ਮਾਰ ਦਿੱਤਾ ਗਿਆ ਅਤੇ 20000 ਸਿੱਖ ਆਪਣੀ ਜਾਨ ਬਚਾਉਣ ਦੇ ਲਈ ਘਰਾਂ ਨੂੰ ਛੱਡ ਕੇ ਦੌੜ ਗਏ। ਗੈਰ ਸਰਕਾਰੀ ਅੰਕੜਿਆਂ ਮੁਤਾਬਿਕ 4000 ਸਿੱਖ ਇਹਨਾਂ ਦੰਗਿਆਂ ਵਿੱਚ ਮਾਰੇ ਗਏ ਅਤੇ 50000 ਸਿੱਖਾਂ ਨੂੰ ਆਪਣਾ ਘਰ-ਬਾਰ ਛੱਡ ਕੇ ਦੌੜਨਾ ਪਿਆ। ਇਹਨਾਂ ਦੰਗਿਆਂ ਵਿੱਚ ਕਰੂਰਤਾ ਆਪਣੇ ਸਿਖ਼ਰ ਨੂੰ ਛੂਹ ਗਈ ਸੀ, ਸਿੱਖਾਂ ਨੂੰ ਮਾਰਨ ਲਈ ਉਨ੍ਹਾਂ ਦੇ ਗਲ੍ਹਾਂ 'ਚ ਟਾਇਰ ਪਾ ਕੇ ਅੱਗਾਂ ਲਾਈਆਂ ਗਈਆਂ। ਸਿੱਖ ਔਰਤਾਂ ਨੂੰ ਕਤਲ ਕਰਨ ਤੋਂ ਪਹਿਲਾਂ ਬੇਪੱਤ ਕੀਤਾ ਗਿਆ, ਉਹਨਾਂ ਦੀਆਂ ਛਾਤੀਆਂ ਨੂੰ ਕੱਟਿਆ ਗਿਆ। ਇਸ ਕਤਲੇਆਮ ਵਿੱਚ ਮੁੱਖ ਭੂਮਿਕਾ ਨਿਭਾਉਣ ਵਾਲੇ ਕਾਂਗਰਸੀ ਆਗੂਆਂ 'ਚ ਜਗਦੀਸ਼ ਟਾਇਟਲਰ, ਸੱਜਣ ਕੁਮਾਰ ਅਤੇ ਕੇ ਐਲ ਭਗਤ ਸ਼ਾਮਿਲ ਸਨ। ਇਹ ਉਹ ਆਗੂ ਹਨ ਜਿਨ੍ਹਾਂ ਦੇ ਖਿਲਾਫ਼ ਭੜਕੀ ਹੋਈ ਭੀੜ ਦੀ ਅਗਵਾਈ ਕਰਨ ਅਤੇ ਭੀੜ ਨੂੰ ਸਿੱਖਾਂ ਦਾ ਕਤਲੇਆਮ ਕਰਨ ਲਈ ਉਕਸਾਉਣ ਦੇ ਸਬੂਤ ਹਨ ਪਰ ਇਸਦੇ ਬਾਵਜੂਦ ਵੀ 2009 ਵਿੱਚ ਕੇਂਦਰੀ ਜਾਂਚ ਏਜੰਸੀ( ਸੀ ਬੀ ਆਈ ) ਨੇ ਜਗਦੀਸ਼ ਟਾਇਟਲਰ ਨੂੰ ਕਲੀਨ ਚਿੱਟ ਦੇ ਦਿੱਤੀ। ਹਾਲਾਂਕਿ ਅਮਰੀਕਾ 'ਚ ਵਸਦੇ ਦੋ ਪੰਜਾਬੀਆਂ ਜਸਬੀਰ ਸਿੰਘ ਅਤੇ ਸੁਰਿੰਦਰ ਸਿੰਘ ਜਿਨ੍ਹਾਂ ਦੇ ਬਿਆਨ ਲੈਣ ਲਈ ਸੀ ਬੀ ਆਈ ਦੇ ਅਧਿਕਾਰੀ ਨਿਊਯਾਰਕ ਵੀ ਗਏ ਸਨ, ਨੇ ਆਪਣੇ ਬਿਆਨ ਦਰਜ ਕਰਵਾਉਂਦਿਆਂ ਦੱਸਿਆ ਕਿ ਜਗਦੀਸ਼ ਟਾਇਟਲਰ ਨੂੰ ਭੀੜ ਦੀ ਅਗਵਾਈ ਕਰਦਿਆਂ ਉਹਨਾਂ ਨੇ ਅੱਖੀਂ ਦੇਖਿਆ ਸੀ। ਭਾਰਤੀ ਅਦਾਲਤ 'ਚ ਗਵਾਹੀ ਦੇਣ ਲਈ ਦੋਵੇਂ ਪਰਵਾਸੀ ਇਸ ਲਈ ਰਾਜ਼ੀ ਨਹੀਂ ਹੋਏ ਕਿਉਂਕਿ ਉਹਨਾਂ

ਬਾਕੀ ਸਫ਼ਾ 19 'ਤੇ

## ...ਫਾਂਸੀ ਦਾ ਸੁਆਲ

ਸਫ਼ਾ 18 ਦੀ ਬਾਕੀ

ਗਈ ਹੋਵੇ ਅਤੇ ਉਸਦੀਆਂ ਸਾਰੀਆਂ ਅਪੀਲਾਂ ਦਲੀਲਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਗਿਆ ਹੋਵੇ ਤਾਂ ਨਿਆਂਪਾਲਿਕਾ ਦੀ ਨਿਰਪੱਖਤਾ ਉੱਤੇ ਸਵਾਲੀਆ ਚਿੰਨ੍ਹ ਲੱਗਣਾ ਸੁਭਾਵਿਕ ਹੈ।

13 ਦਸੰਬਰ 2001 ਨੂੰ ਦਹਿਸ਼ਤਗਰਦਾਂ ਵੱਲੋਂ ਸੰਸਦ ਉੱਤੇ ਹਮਲਾ ਕੀਤਾ ਗਿਆ ਜਿਸ ਵਿੱਚ ਕਈ ਸੁਰੱਖਿਆਕਰਮੀ ਸ਼ਹੀਦ ਹੋ ਗਏ ਅਤੇ ਕਈ ਜ਼ਖ਼ਮੀ ਹੋਏ। ਇਹ ਅਜਿਹਾ ਦਹਿਸ਼ਤੀ ਹਮਲਾ ਸੀ ਜਿਸ ਬਾਰੇ ਕਦੇ ਕਿਸੇ ਨੇ ਸੋਚਿਆ ਤੱਕ ਨਹੀਂ ਸੀ। ਪਰ ਇਹ ਦੇਸ਼ ਦੀਆਂ ਖੁਫੀਆਂ ਏਜੰਸੀਆਂ ਦੀ ਘੋਰ ਨਾਕਾਮੀ ਸੀ ਜਿਹੜੀਆਂ ਦੇਸ਼ ਵਿਰੁੱਧ ਇੰਨੇ ਵੱਡੇ ਹਮਲੇ ਦਾ ਅਗਾਉਂ ਪਤਾ ਨਾ ਲਗਾ ਸਕੀਆਂ। ਪੁਲਿਸ ਅਤੇ ਜਾਂਚ ਏਜੰਸੀਆਂ ਵੱਲੋਂ ਇਸ ਸਬੰਧ ਵਿੱਚ ਫੜੇ ਚਾਰ ਮੁਲਜ਼ਮਾਂ ਵਿੱਚੋਂ ਟਰਾਇਲ ਕੋਰਟ ਵੱਲੋਂ ਅਫ਼ਜਲ ਗੁਰੂ ਅਤੇ ਸ਼ੌਕਤ ਗੁਰੂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। ਇਸ ਸਜ਼ਾ ਦੇ ਖਿਲਾਫ਼ ਪਾਈਆਂ ਪਟੀਸ਼ਨਾਂ ਸਬੰਧੀ ਫੈਸਲਾ ਕਰਦੇ ਹੋਏ ਸੁਪਰੀਮ ਕੋਰਟ ਨੇ ਸ਼ੌਕਤ ਗੁਰੂ ਦੀ ਫਾਂਸੀ ਦੀ ਸਜ਼ਾ ਘਟਾ ਕੇ ਦਸ ਸਾਲ ਸਖ਼ਤ ਕੈਦ ਵਿੱਚ ਤਬਦੀਲ ਕਰ ਦਿੱਤੀ ਅਤੇ ਸ਼ੌਕਤ ਗੁਰੂ ਦੀ ਪਤਨੀ ਨਵਜੋਤ ਸੰਧੂ ਤੇ ਪ੍ਰੋ: ਜਿਲਾਨੀ ਨੂੰ ਬਰੀ ਕਰ ਦਿੱਤਾ ਗਿਆ, ਪਰ ਅਫ਼ਜਲ ਗੁਰੂ ਦੇ ਖ਼ਿਲਾਫ਼ ਕੋਈ ਪ੍ਰਤੱਖ ਸਬੂਤ ਨਾ ਹੋਣ ਦੇ ਬਾਵਜੂਦ ਵੀ ਉਸਦੀ ਫਾਂਸੀ ਦੀ ਸਜ਼ਾ ਬਰਕਰਾਰ ਰੱਖੀ ਗਈ। ਇਸ ਕੇਸ ਸਬੰਧੀ ਦਿੱਤੇ ਆਪਣੇ ਫੈਸਲੇ ਵਿੱਚ ਸੁਪਰੀਮ ਕੋਰਟ ਨੇ ਇਹ ਵੀ ਸਪੱਸ਼ਟ ਕਿਹਾ ਕਿ "ਅਫ਼ਜਲ ਗੁਰੂ ਖਿਲਾਫ਼ ਕਿਸੇ ਪਾਬੰਦੀਸ਼ੁਦਾ ਜਥੇਬੰਦੀ ਦਾ ਮੈਂਬਰ ਹੋਣ ਦਾ ਕੋਈ ਸਬੂਤ ਨਹੀਂ ਹੈ ਜਿਸ ਕਾਰਨ ਪੋਟਾ ਦੀ ਧਾਰਾ 3(2) ਅਧੀਨ ਆਉਂਦੇ ਦੋਸ਼ ਸਾਬਤ ਨਹੀਂ ਹੁੰਦੇ। ਇਕਬਾਲੀਆ ਬਿਆਨ ਤੋਂ ਬਾਅਦ ਵੀ ਇਸਦਾ ਕਿਸੇ ਦਹਿਸ਼ਤਪਸੰਦ ਜਥੇਬੰਦੀ ਦਾ ਮੈਂਬਰ ਹੋਣ ਦਾ ਕੋਈ ਸਬੂਤ ਨਹੀਂ ਹੈ ਇਸ ਲਈ ਪੋਟਾ ਦੀ ਧਾਰਾ 3(5) ਅਧੀਨ ਆਉਂਦੇ ਦੋਸ਼ਾਂ ਨੂੰ ਖਾਰਜ ਕੀਤਾ ਜਾਂਦਾ ਹੈ।" ਫੈਸਲੇ ਵਿੱਚ ਇਹ ਵੀ ਲਿਖਿਆ ਗਿਆ ਹੈ ਕਿ "ਅਫ਼ਜਲ ਗੁਰੂ ਖਿਲਾਫ਼ ਕੋਈ ਸਪੱਸ਼ਟ ਤੇ ਸਿੱਧੇ ਸਬੂਤ ਨਹੀਂ ਹਨ, ਪਰ ਇਸ ਘਟਨਾ ਜਿਸਦੇ ਨਤੀਜੇ ਵਜੋਂ ਭਾਰੀ ਨੁਕਸਾਨ ਹੋਇਆ, ਨੇ ਸਮੁੱਚਾ ਦੇਸ਼ ਹਿਲਾ ਦਿੱਤਾ ਅਤੇ ਸਮਾਜ ਦੀ ਸਮੂਹਿਕ ਇੱਛਾ ਦੋਸ਼ੀ ਨੂੰ ਫਾਂਸੀ ਦੇਣ ਨਾਲ ਹੀ ਸੰਤੁਸ਼ਟ ਹੋਵੇਗੀ।" ਸੁਪਰੀਮ ਕੋਰਟ ਨੇ ਆਪਣੇ ਫੈਸਲੇ ਵਿੱਚ ਅਫ਼ਜਲ ਨੂੰ ਜਾਂਚ ਪੜਤਾਲ ਦੇ ਪੜਾਅ ਦੌਰਾਨ ਵਕੀਲ ਮੁਹੱਈਆ ਕਰਵਾ ਕੇ ਨਾ ਦੇਣ ਨੂੰ ਕਬੂਲ ਕੀਤਾ ਹੈ ਅਤੇ ਇਹ ਵੀ ਕਿਹਾ ਹੈ ਕਿ "ਜਾਂਚ ਪੜਤਾਲ ਦੇ ਸਮੇਂ ਹਿਰਾਸਤੀ ਵਿਆਕਤੀ ਲਈ ਵਕੀਲ ਦੀ ਮੌਜੂਦਗੀ ਭੈਅ ਭੀਤ ਕਰਨ ਵਾਲੇ ਮਹੌਲ ਨੂੰ ਬਰਾਬਰ ਕਰਨ ਦਾ ਕੰਮ ਕਰਦੀ ਹੈ।" ਸਭ ਤੋਂ ਵੱਧ ਅਹਿਮ ਪੱਖ ਇਹ ਹੈ ਕਿ ਸਰਕਾਰੀ ਧਿਰ ਵੱਲੋਂ ਭੁਗਤੇ 80 ਗਵਾਹਾਂ ਵਿੱਚੋਂ ਕਿਸੇ ਇੱਕ ਨੇ ਵੀ ਮੁਹੰਮਦ ਅਫ਼ਜਲ ਦੇ ਕਿਸੇ ਦਹਿਸ਼ਤਪਸੰਦ ਗਰੁੱਪ ਨਾਲ ਸਬੰਧ ਰੱਖਣ ਜਾਂ ਮੈਂਬਰ ਹੋਣ ਦਾ ਦੋਸ਼ ਨਹੀਂ ਲਗਾਇਆ ਪਰ ਇਸਦੇ ਬਾਵਜੂਦ ਪੁਲਿਸ ਤੇ ਮੀਡੀਏ ਦੇ ਇਕ ਗੈਰ ਜ਼ਿੰਮੇਵਾਰ ਹਿੱਸੇ ਵੱਲੋਂ ਉਸਨੂੰ ਜੈਸ਼ ਏ ਮੁਹੰਮਦ ਦਾ ਕਾਰਕੁੰਨ ਦੱਸਿਆ ਗਿਆ।

ਦਰਅਸਲ ਇਸ ਕੇਸ ਵਿੱਚ ਕੁਝ ਅਜਿਹੀਆਂ ਊਣਤਾਈਆਂ ਸਨ ਜਿਹੜੀਆਂ ਪੁਲਿਸ ਤੇ ਜਾਂਚ ਏਜੰਸੀਆਂ ਦੀ ਬਨਾਵਟੀ ਤੇ ਗੈਰ ਜ਼ਿੰਮੇਵਾਰਾਨਾ ਜਾਂਚ ਪੜਤਾਲ ਅਤੇ ਪੁਲਿਸ ਦਬਾਅ ਹੇਠ ਪ੍ਰਿੰਟ ਤੇ ਬਿਜਲਈ ਮੀਡੀਏ ਵੱਲੋਂ ਦੋਸ਼ੀਆਂ ਪ੍ਰਤੀ ਅਪਣਾਏ ਗਏ ਪੱਖਪਾਤੀ ਵਤੀਰੇ ਕਾਰਨ ਦੇਸ਼ ਦੀ ਜਨਤਾ ਦੇ ਸਾਹਮਣੇ ਨਹੀਂ ਆ ਸਕੀਆਂ। ਸਭ ਤੋਂ ਪਹਿਲੀ ਗੱਲ ਇਹ ਕਿ ਅਫ਼ਜਲ ਗੁਰੂ ਨੇ ਹੇਠਲੀ ਅਦਾਲਤ ਨੂੰ ਆਪਣੀ ਮਰਜ਼ੀ ਦਾ ਵਕੀਲ ਕਰਨ ਦੀ ਤਿੰਨ ਵਾਰ ਅਪੀਲ ਕੀਤੀ ਅਤੇ ਅੱਠ ਵਕੀਲਾਂ ਦੀ ਇੱਕ ਸੂਚੀ ਵੀ ਅਦਾਲਤ ਨੂੰ ਦਿੱਤੀ ਪਰ ਅਦਾਲਤ ਵੱਲੋਂ ਉਸਨੂੰ ਕੋਈ ਕਾਨੂੰਨੀ ਮਦਦਗਾਰ ਜਾਂ ਵਕੀਲ ਸਲਾਹਕਾਰ ਕਰਨ ਨਹੀਂ ਦਿੱਤਾ ਗਿਆ ਅਤੇ ਇਸ ਤੱਥ ਨੂੰ ਸੁਪਰੀਮ ਕੋਰਟ ਨੇ ਵੀ ਆਪਣੇ ਫੈਸਲੇ ਵਿੱਚ ਮੰਨਿਆ ਹੈ। ਹੋਰ ਵੀ ਸ਼ਰਮਨਾਕ ਤੇ ਗੈਰ ਮਨੁੱਖੀ ਪਹਿਲੂ ਇਹ ਵੀ ਹੈ ਕਿ ਦੇਸ਼ ਦੀਆਂ ਫਿਰਕੂ ਤਾਕਤਾਂ ਅਤੇ ਮੀਡੀਏ ਦੇ ਇੱਕ ਵੱਡੇ ਹਿੱਸੇ ਵੱਲੋਂ ਪਾਏ ਗਏ ਬੇਲੋੜੇ ਦਬਾਅ ਕਾਰਨ ਅਤੇ ਦੇਸ਼ ਧਰੋਹੀ ਕਹੇ ਜਾਣ ਦੇ ਡਰ ਤੋਂ ਬਚਣ ਲਈ ਸਮੂਹ ਵਕੀਲਾਂ ਨੇ ਮਾਨਵੀ ਕਦਰਾਂ ਕੀਮਤਾਂ ਨੂੰ ਛਿੱਕੇ ਟੰਗਦੇ ਹੋਏ ਅਫ਼ਜਲ ਗੁਰੂ ਦੇ ਕੇਸ ਦੀ ਪੈਰਵੀ ਕਰਨ ਤੋਂ ਨਾਂਹ ਕਰ ਦਿੱਤੀ। ਇਸ ਸਬੰਧੀ ਜਦੋਂ ਉੱਘੇ ਵਕੀਲ ਰਾਮ ਜੇਠ ਮਲਾਨੀ ਨੇ ਫਿਰਕੂ ਸਿਆਸਤ ਤੋਂ ਉੱਪਰ ਉੱਠ ਕੇ ਇੱਕ ਦੋਸ਼ੀ ਪ੍ਰੋ: ਜਿਲਾਨੀ ਦੀ ਪੈਰਵੀ ਕਰਨ ਦੀ ਪੇਸ਼ਕਸ਼ ਕੀਤੀ ਤਾਂ ਸ਼ਿਵ ਸੈਨਾ ਦੇ ਫਿਰਕੂ ਅਨਸਰਾਂ ਵੱਲੋਂ ਮੁੰਬਈ ਸਥਿਤ ਉਨ੍ਹਾਂ ਦੇ ਦਫ਼ਤਰ ਦੀ ਭੰਨ ਤੋੜ ਕੀਤੀ ਗਈ।

ਬੇਸ਼ੱਕ ਹੇਠਲੀ ਅਦਾਲਤ ਵੱਲੋਂ 12 ਜੁਲਾਈ 2002 ਨੂੰ ਅਫ਼ਜਲ ਗੁਰੂ ਲਈ ਇੱਕ ਜੂਨੀਅਰ ਵਕੀਲ ਨੂੰ ਕਾਨੂੰਨੀ ਮਦਦਗਾਰ ਵਜੋਂ ਨਿਯੁਕਤ ਕਰਨ ਦੇ ਆਦੇਸ਼ ਦਿੱਤੇ ਗਏ ਪਰ ਇਸ ਵਕੀਲ ਨੇ ਕਦੇ ਵੀ ਅਫ਼ਜਲ ਗੁਰੂ ਨਾਲ ਕੇਸ ਸਬੰਧੀ ਕੋਈ ਸਲਾਹ ਮਸ਼ਵਰਾ ਨਹੀਂ ਕੀਤਾ। ਅਫ਼ਜਲ ਗੁਰੂ ਨੂੰ ਫੌਜਦਾਰੀ ਕਾਨੂੰਨ ਦੀ ਸਮਝ ਨਾ ਹੋਣ ਕਰਕੇ ਉਹ ਨਾ ਤਾਂ ਗਵਾਹਾਂ ਤੋਂ ਸਹੀ ਢੰਗ ਨਾਲ ਪੁੱਛ-ਗਿੱਛ ਕਰ ਸਕਿਆ ਅਤੇ ਨਾ ਹੀ ਉਸਨੂੰ ਆਪਣਾ ਪੱਖ ਰੱਖਣ ਦਾ ਕੋਈ ਮੌਕਾ ਦਿੱਤਾ ਗਿਆ। ਹੋਰ ਤਾਂ ਹੋਰ ਕੇਸ ਦੀ ਸਮੁੱਚੀ ਸੁਣਵਾਈ ਦੌਰਾਨ ਗਵਾਹਾਂ, ਪੁਲਿਸ ਅਤੇ ਹੋਰਨਾਂ ਵੱਲੋਂ ਸ਼ੈਸ਼ਨ ਕੋਰਟ ਵਿੱਚ ਦਰਜ ਕਰਵਾਏ ਗਏ ਬਿਆਨਾਂ ਬਾਰੇ ਜਿਰ੍ਹਾ ਕਰਨ ਦੀ ਵੀ ਅਫ਼ਜਲ ਨੂੰ ਆਗਿਆ ਨਾ ਦਿੱਤੀ ਗਈ ਅਤੇ ਨਾ ਹੀ ਇਹਨਾਂ ਗਵਾਹਾਂ ਦੇ ਰਿਕਾਰਡ ਕੀਤੇ ਬਿਆਨਾਂ ਦੀਆਂ ਕਾਪੀਆਂ ਮੁਹੱਈਆ ਕਰਵਾਈਆਂ ਗਈਆਂ। ਇਸ ਤੋਂ ਇਲਾਵਾ ਅਦਾਲਤ ਵਿੱਚ ਉਸ ਵੱਲੋਂ ਦਿੱਤੇ ਗਏ ਵੱਖ-ਵੱਖ ਬਿਆਨ ਅਤੇ ਗਵਾਹਾਂ ਦੇ ਝੂਠੇ ਬਿਆਨਾਂ ਉੱਤੇ ਉਠਾਏ ਗਏ ਇਤਰਾਜ਼ ਦਰਜ ਨਹੀਂ ਕੀਤੇ ਗਏ। ਹੈਰਾਨੀ ਇਹ ਵੀ ਹੈ ਕਿ ਅਦਾਲਤ ਵੱਲੋਂ ਨਿਯੁਕਤ ਕੀਤੇ ਕਾਨੂੰਨੀ ਮਦਦਗਾਰ ਨੇ ਵੀ ਕਿਸੇ ਵੀ ਗਵਾਹ ਦੇ ਬਿਆਨਾਂ ਉੱਤੇ ਜਿਰ੍ਹਾ ਕਰਨ ਦੀ ਜਰੂਰਤ ਨਹੀਂ ਸਮਝੀ ਅਤੇ ਗਵਾਹਾਂ ਵੱਲੋਂ ਦਿੱਤੇ ਝੂਠੇ ਤੇ ਇੱਕਪਾਸੜ ਬਿਆਨਾਂ ਨੂੰ ਅਦਾਲਤ ਵੱਲੋਂ ਬਿਨਾ ਕਿਸੇ ਜਿਰ੍ਹਾ ਜਾਂ ਅਪੀਲ ਦੇ ਉਵੇਂ ਹੀ ਦਰਜ ਕਰ ਲਿਆ ਗਿਆ। ਕੇਸ ਦਾ ਅਹਿਮ ਤੱਥ ਇਹ ਵੀ ਹੈ ਕਿ ਕੇਸ ਦੀ ਸੁਣਵਾਈ ਦੌਰਾਨ ਜੱਜ ਵੱਲੋਂ ਅਫ਼ਜਲ ਨੂੰ ਵਾਰ ਵਾਰ ਇਹ ਭਰੋਸਾ ਦਿੱਤਾ ਜਾਂਦਾ ਰਿਹਾ ਕਿ ਕੇਸ ਦੇ ਅੰਤ ਵਿੱਚ ਉਸਨੂੰ ਆਪਣੀ ਗੱਲ ਕਹਿਣ ਦਾ ਪੂਰਾ ਮੌਕਾ ਦਿੱਤਾ ਜਾਵੇਗਾ ਪਰ ਨਾ ਤਾਂ ਉਸਦੇ ਸਾਰੇ ਬਿਆਨ ਦਰਜ ਕੀਤੇ ਗਏ ਅਤੇ ਨਾ ਹੀ ਦਰਜ ਕੀਤੇ ਗਏ ਬਿਆਨ ਉਸਨੂੰ ਦਿਖਾਏ ਗਏ।

ਸਮੁੱਚੀ ਕਾਰਵਾਈ ਦਾ ਨਤੀਜਾ ਇਹ ਨਿਕਲਿਆ ਕਿ ਅਫ਼ਜਲ ਗੁਰੂ ਨੂੰ ਕੇਸ ਦੀ ਸੁਣਵਾਈ ਦੌਰਾਨ ਇਹ ਵੀ ਨਹੀਂ ਪਤਾ ਲੱਗ ਸਕਿਆ ਕਿ ਉਸਦੇ ਖਿਲਾਫ਼ ਅਦਾਲਤ ਵਿੱਚ ਕੀ ਕੁੱਝ ਰਿਕਾਰਡ ਕੀਤਾ ਜਾ ਰਿਹਾ ਹੈ। ਇਸਦੀ ਸਪੱਸ਼ਟ ਮਿਸਾਲ ਇਹ ਹੈ ਕਿ ਦਿੱਲੀ ਹਾਈ ਕੋਰਟ ਵਿੱਚ ਅਫ਼ਜਲ ਦੀ ਨੁਮਾਇੰਦਗੀ ਕਰਨ ਵਾਲੇ ਮਨੁੱਖੀ ਅਧਿਕਾਰਾਂ ਸਬੰਧੀ ਇੱਕ ਵਕੀਲ ਨੇ ਅਫ਼ਜਲ ਦੇ ਪੱਖ ਵਿੱਚ ਭੁਗਤਣ ਦੀ ਬਿਜਾਏ ਅਦਾਲਤ ਵਿੱਚ ਇਹ ਝੂਠਾ ਬਿਆਨ ਦਰਜ ਕਰਵਾ ਦਿੱਤਾ ਕਿ ਅਫ਼ਜਲ ਗੁਰੂ ਦਾ ਕਹਿਣਾ ਹੈ ਕਿ ਉਸਨੂੰ ਫਾਂਸੀ ਉੱਤੇ ਨਾ ਲਟਕਾਇਆ ਜਾਵੇ ਬਲਕਿ ਜ਼ਹਿਰੀਲਾ ਟੀਕਾ ਲਾ ਕੇ ਮਾਰਿਆ ਜਾਵੇ। ਇਹ ਹੈਰਾਨਕੁੰਨ ਤੇ ਹੱਦੋਂ ਵੱਧ ਝੂਠਾ ਬਿਆਨ ਉਸਨੂੰ ਦਿੱਲੀ ਹਾਈ ਕੋਰਟ ਦੇ ਦਿੱਤੇ ਫੈਸਲੇ ਤੋਂ ਬਾਅਦ ਇੰਡੀਅਨ ਐਕਸਪ੍ਰੈਸ ਅਖ਼ਬਾਰ ਵਿੱਚ ਪੜ੍ਹਨ ਤੋਂ ਹੀ ਪਤਾ ਲੱਗਾ। ਸੁਆਲ ਇਹ ਹੈ ਕਿ ਕੀ ਕੋਈ ਬੇਗੁਨਾਹ ਵਿਆਕਤੀ ਆਪਣੇ ਆਪ ਨੂੰ ਮੌਤ ਦੀ ਸਜ਼ਾ ਦੇਣ ਸਬੰਧੀ ਅਜਿਹਾ ਝੂਠਾ ਤੇ ਆਪਾ ਵਿਰੋਧੀ ਬਿਆਨ ਦੇ ਸਕਦਾ ਹੈ? ਬਿਲਕੁਲ ਨਹੀਂ। ਅਫ਼ਜਲ ਗੁਰੂ ਨੇ ਆਪਣੇ ਵਕੀਲ ਸੁਪਰੀਮ ਕੋਰਟ ਦੇ ਸੀਨੀਅਰ ਐਡਵੋਕੇਟ ਸੁਸ਼ੀਲ ਕੁਮਾਰ ਅਤੇ ਪ੍ਰੋ:ਜਿਲਾਨੀ ਦੇ ਬਚਾਅ ਲਈ ਬਣੀ ਡਿਫੈਂਸ ਕਮੇਟੀ ਦੇ ਚੇਅਰਮੈਨ ਨੂੰ ਜਨਵਰੀ 2004 ਵਿੱਚ ਤਿਹਾੜ ਜੇਲ੍ਹ ਵਿੱਚੋਂ ਲਿਖੇ ਵੱਖ-ਵੱਖ ਪੱਤਰਾਂ ਵਿਚ ਉਪਰੋਕਤ ਸਾਰੀ ਅਸਲ ਕਹਾਣੀ ਬਿਆਨ ਕੀਤੀ ਅਤੇ ਜੰਮੂ ਕਸ਼ਮੀਰ ਦੀ ਵਿਸ਼ੇਸ਼ ਟਾਸਕ ਫੋਰਸ ਤੇ ਦਿੱਲੀ ਦੀ ਵਿਸ਼ੇਸ਼ ਸੈਲ ਪੁਲਿਸ ਉੱਤੇ ਉਸਨੂੰ ਨਜਾਇਜ ਫਸਾਉਣ ਦੇ ਦੋਸ਼ ਲਾਏ।

ਅਸਲ ਹਕੀਕਤ ਇਹ ਹੈ ਕਿ ਪੁਲਿਸ ਤੇ ਜਾਂਚ ਏਜੰਸੀਆਂ ਇਸ ਕੇਸ ਵਿੱਚ ਸਾਜਿਸ਼ ਰਚਨ ਵਾਲੇ ਅਸਲ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਕਾਮਯਾਬ ਨਹੀਂ ਹੋ ਸਕੀਆਂ। ਆਪਣੀ ਇਸੇ ਨਾਕਾਮੀ ਨੂੰ ਛੁਪਾਉਣ ਅਤੇ ਦੇਸ਼ ਦੀ ਜਨਤਾ ਤੇ ਮੀਡੀਏ ਨੂੰ ਗੁੰਮਰਾਹ ਕਰਨ ਦੇ ਲਈ ਜਾਂਚ ਏਜੰਸੀਆਂ ਵੱਲੋਂ ਦਿੱਲੀ ਪੁਲਿਸ ਦੇ ਵਿਸ਼ੇਸ਼ ਸੈਲ ਨਾਲ ਰਲ ਕੇ ਅਫ਼ਜਲ ਗੁਰੂ, ਪ੍ਰੋ: ਜਿਲਾਨੀ, ਸ਼ੌਕਤ ਗੁਰੂ ਅਤੇ ਉਸਦੀ ਪਤਨੀ ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਨ੍ਹਾਂ ਉੱਤੇ ਸੰਸਦ 'ਤੇ ਹਮਲਾ ਕਰਨ ਦਾ ਦੋਸ਼ ਲਾਇਆ ਗਿਆ। ਇਹਨਾਂ ਕਥਿਤ ਦੋਸ਼ੀਆਂ ਵਿਰੁੱਧ ਝੂਠੇ ਗਵਾਹ ਅਤੇ ਝੂਠੇ ਦੋਸ਼ ਇੱਕਠੇ ਕੀਤੇ ਗਏ। ਹੈਰਾਨੀ ਦੀ ਗੱਲ ਇਹ ਹੈ ਕੇਸ ਦੀ ਸੁਣਵਾਈ ਸ਼ੁਰੂ ਹੋਣ ਤੋਂ ਪਹਿਲਾਂ ਹੀ ਵਿਸ਼ੇਸ਼ ਸੈਲ ਵੱਲੋਂ 20 ਦਸੰਬਰ 2001 ਨੂੰ ਲੋਧੀ ਰੋਡ, ਦਿੱਲੀ ਵਿਖੇ ਇੱਕ ਪ੍ਰੈਸ ਕਾਨਫਰੰਸ ਕਰਕੇ ਮੀਡੀਏ ਸਾਹਮਣੇ ਅਫ਼ਜਲ ਗੁਰੂ ਨੂੰ ਧਮਕੀਆਂ ਤੇ ਡਰਾਵੇ ਹੇਠ ਇਕਬਾਲੇ ਜ਼ੁਰਮ ਕਰਨ ਲਈ ਮਜਬੂਰ ਕੀਤਾ ਗਿਆ। ਇਹਨਾਂ ਧਮਕੀਆਂ ਤੇ ਡਰਾਵਿਆਂ ਦੀ ਪੁਸ਼ਟੀ ਆਜ ਤਕ ਟੀ ਵੀ ਚੈਨਲ ਦੇ ਪੱਤਰਕਾਰ ਸ਼ਮਸ ਤਾਹਿਰ ਵੱਲੋਂ ਅਦਾਲਤ ਵਿੱਚ ਕੀਤੀ ਗਈ। ਇਸ ਤੋਂ ਇਲਾਵਾ ਅਦਾਲਤਾਂ ਵੱਲੋਂ ਪੁਲਿਸ ਦੁਆਰਾ ਮੁਲਜ਼ਮਾਂ ਦੀ ਗ੍ਰਿਫਤਾਰੀ ਨੂੰ ਲੈ ਕੇ ਸਮੇਂ ਤੇ ਸਥਾਨ ਬਾਰੇ ਝੂਠ ਬੋਲਣ, ਝੂਠੇ ਸਬੂਤ ਘੜਨ, ਗ੍ਰਿਫਤਾਰੀ, ਇੰਦਰਾਜ ਬਦਲਣ ਅਤੇ ਤਸ਼ੱਦਦ ਤੇ ਧਮਕੀ ਦੇ ਜ਼ਰੀਏ ਝੂਠੇ ਇਕਬਾਲੀਆ ਬਿਆਨ ਲੈਣ ਦਾ ਵੀ ਨੋਟਿਸ ਲਿਆ ਗਿਆ। ਇਸ ਕੇਸ ਦੇ ਮੁੱਖ ਜਾਂਚ ਅਫਸਰ ਏ ਸੀ ਪੀ ਰਾਜਬੀਰ ਸਿੰਘ ਦੇ ਖਿਲਾਫ਼ ਰਿਸ਼ਵਤ ਲੈਣ ਦੇ ਕਈ ਗੰਭੀਰ ਦੋਸ਼ ਲਾਏ ਗਏ ਅਤੇ ਇਸ ਕਰਕੇ ਉਸਨੂੰ ਵਿਸ਼ੇਸ਼ ਸੈਲ ਤੋਂ ਹਟਾ ਦਿੱਤਾ ਗਿਆ ਸੀ। ਇਸ ਤੱਥ ਰਹਿਤ ਜਾਂਚ ਪੜਤਾਲ ਦਾ ਸਿੱਟਾ ਇਹ ਨਿਕਲਿਆ ਕਿ ਬਾਕੀ ਸਫ਼ਾ 20 'ਤੇ

## ...ਦਿੱਲੀ ਦੰਗਿਆਂ ਦੇ ਦੋਸ਼ੀ

ਸਫ਼ਾ 18 ਦੀ ਬਾਕੀ

ਨੂੰ ਲੱਗਦਾ ਸੀ ਕਿ ਜੇਕਰ ਉਹ ਭਾਰਤ ਗਏ ਤਾਂ ਉਹਨਾਂ ਦੀ ਜਾਨ ਨੂੰ ਖਤਰਾ ਹੋ ਸਕਦਾ ਹੈ। ਸੁਆਲ ਇਹ ਉਠਦਾ ਹੈ ਕਿ ਜਦ ਜਗਦੀਸ਼ ਟਾਇਟਲਰ ਵਿਰੁੱਧ ਸਬੂਤ ਹਨ ਤਾਂ ਫਿਰ ਉਹਨਾਂ ਨੂੰ ਕਲੀਨ ਚਿੱਟ ਕਿਵੇਂ ਦਿੱਤੀ ਗਈ। ਕੀ ਇਸ ਲਈ ਕਲੀਨ ਚਿੱਟ ਦਿੱਤੀ ਗਈ ਕਿ ਉਹ ਇੱਕ ਹਿੰਦੂ ਹੈ,ਉਹ ਇੱਕ ਵੱਡੀ ਪਾਰਟੀ ਦਾ ਵੱਡਾ ਲੀਡਰ ਹੈ? ਜਦ ਸੀ ਬੀ ਆਈ ਨੇ ਕਲੀਨ ਚਿੱਟ ਦਿੱਤੀ ਤਾਂ ਅਦਾਲਤਾਂ ਨੇ ਇਸ ਮਾਮਲੇ ਨੂੰ ਕਿਉਂ ਨਹੀਂ ਵਿਚਾਰਿਆ। ਜੇ ਅਫ਼ਜਲ ਗੁਰੂ ਨੂੰ ਬਿਨਾ ਸਬੂਤਾਂ ਤੋਂ ਫਾਂਸੀ ਦਿੱਤੀ ਜਾ ਸਕਦੀ ਹੈ ਤਾਂ ਸਬੂਤਾਂ ਦੇ ਹੁੰਦਿਆਂ ਜਗਦੀਸ਼ ਟਾਇਟਲਰ ਨੂੰ ਕਿਉਂ ਸਜ਼ਾ ਨਹੀਂ ਸੁਣਾਈ ਗਈ? ਕਾਂਗਰਸੀ ਆਗੂ ਸੱਜਣ ਕੁਮਾਰ ਖਿਲਾਫ਼ ਜਸਟਿਸ ਨਾਨਾਵਤੀ ਕਮਿਸ਼ਨ ਕੋਲ ਦਿੱਲੀ ਵਾਸੀ ਵਿਧਵਾ ਜਗਦੀਸ਼ ਕੌਰ ਨੇ ਸਵੈ ਘੋਸ਼ਣਾ ਪੱਤਰ ਦੇ ਕੇ ਸ਼ਿਕਾਇਤ ਕੀਤੀ ਸੀ ਕਿ ਸੌ ਬੰਦਿਆਂ ਦੀ ਭੀੜ ਸੱਜਣ ਕੁਮਾਰ ਦੀ ਅਗਵਾਈ ਵਿੱਚ ਉਹਨਾਂ ਦੇ ਘਰ ਘੁਸ ਗਈ ਤੇ ਉਸਦੀਆਂ ਅੱਖਾਂ ਦੇ ਸਾਹਮਣੇ ਹੀ ਭੀੜ ਨੇ ਉਸਦੇ ਪਤੀ ਅਤੇ ਪੁੱਤਰ ਨੂੰ ਕਤਲ ਕਰ ਦਿੱਤਾ। ਅਜਿਹਾ ਸਵੈ ਘੋਸ਼ਣਾ ਪੱਤਰ ਉਸਨੇ ਦਿੱਲੀ ਦੀ ਅਦਾਲਤ ਵਿੱਚ ਵੀ ਦਿੱਤਾ ਹੈ ਪਰ ਸੱਜਨ ਕੁਮਾਰ ਪਤਾ ਨਹੀਂ ਕਿਵੇਂ ਇਸ ਸਭ 'ਚੋਂ ਬਚ ਕੇ ਨਿੱਕਲ ਗਿਆ ਹੈ। ਕਮਾਲ ਦੀ ਗੱਲ ਇਹ ਹੈ ਇੱਕ ਟੀ ਵੀ ਰਿਪੋਟਰ ਦੇ ਕੈਮਰੇ 'ਚ ਸੱਜਣ ਕੁਮਾਰ ਭੀੜ ਨੂੰ ਸੰਬੋਧਨ ਕਰਦਿਆਂ ਇਹ ਕਹਿ ਰਿਹਾ ਹੈ ਕਿ ਰਾਜਧਾਨੀ 'ਚ ਇੱਕ ਵੀ ਸਿੱਖ ਨਹੀਂ ਬਚਣਾ ਚਾਹੀਦਾ ਹੈ ਪਰ ਸਾਡੀਆਂ ਜਾਂਚ ਏਜੰਸੀਆਂ ਤੇ ਅਦਾਲਤਾਂ ਨੂੰ ਸੱਜਣ ਕੁਮਾਰ ਖਿਲਾਫ਼ ਕੋਈ ਸਬੂਤ ਨਹੀਂ ਲੱਭ ਰਿਹਾ। ਇੱਕ ਹੋਰ ਕਾਂਗਰਸੀ ਆਗੂ ਐਚ ਕੇ ਐਲ ਭਗਤ ਨੇ ਵੀ ਦਿੱਲੀ ਦੰਗਿਆਂ 'ਚ ਮੋਹਰੀ ਭੂਮਿਕਾ ਨਿਭਾਈ ਸੀ। ਪੂਰਬੀ ਦਿੱਲੀ ਜੋ ਕਿ ਉਸ ਵੇਲੇ ਉਸਦਾ ਹਲਕਾ ਸੀ, ਵਿੱਚ 1086 ਸਿੱਖਾਂ ਦਾ ਕਤਲੇਆਮ ਹੋਇਆ। ਇਸ ਬਦਲੇ ਗਾਂਧੀ ਪਰਿਵਾਰ ਦੀ ਉਸ ਉੱਤੇ ਸਵੱਲੀ ਨਜ਼ਰ ਰਹੀ ਤੇ ਜਾਂਚ ਏਜੰਸੀਆਂ ਤੇ ਅਦਾਲਤਾਂ ਉਸਦਾ ਕੁਝ ਨਾ ਵਿਗਾੜ ਸਕੀਆਂ।

ਭਾਰਤੀ ਸਥਾਪਤੀ ਦੀ ਨਿਆਂ ਪ੍ਰਤੀ ਕੀ ਪਹੁੰਚ ਹੈ ਇਸਦਾ ਪਤਾ ਇਸ ਗੱਲ ਤੋਂ ਲੱਗਦਾ ਹੈ ਕਿ ਜਦੋਂ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਪ੍ਰਧਾਨ ਮੰਤਰੀ ਬਣੇ ਰਾਜੀਵ ਗਾਂਧੀ ਨੂੰ ਸਿੱਖਾਂ ਦੇ ਕਤਲੇਆਮ ਬਾਰੇ ਪੁੱਛਿਆ ਗਿਆ ਤਾਂ ਉਸਦਾ ਜਵਾਬ ਸੀ ਕਿ "ਜਦੋਂ ਵੱਡੇ ਦਰੱਖਤ ਡਿੱਗਦੇ ਹਨ ਤਾਂ ਧਰਤੀ ਕੰਬਦੀ ਹੀ ਹੈ।" ਹਿੰਦੁਸਤਾਨ ਦੀ ਧਰਮ ਨਿਰਪੱਖਤਾ ਅਤੇ ਨਿਆਂਪ੍ਰਣਾਲੀ ਨੂੰ ਸਮਝਣ ਲਈ ਇਹ ਇੱਕੋ ਵਾਕ ਕਾਫੀ ਹੈ। ਦਿੱਲੀ ਦੇ ਸਿੱਖ ਦੰਗਿਆਂ ਬਾਰੇ ਹੁਣ ਤਕ ਸੱਤ ਕਮੇਟੀਆਂ ਤੇ ਤਿੰਨ ਕਮਿਸ਼ਨ ਗਠਿਤ ਕੀਤੇ ਜਾ ਚੁੱਕੇ ਹਨ। ਇੱਕੋ ਮਾਮਲੇ 'ਤੇ ਇੰਨੀਆਂ ਕਮੇਟੀਆਂ ਤੇ ਕਮਿਸ਼ਨ ਗਠਿਤ ਕਰਨ ਦਾ ਹਿੰਦੁਸਤਾਨ ਨੇ ਵਿਸ਼ਵ ਰਿਕਾਰਡ ਬਣਾ ਲਿਆ ਹੈ। 31 ਅਕਤੂਬਰ 1984 ਨੂੰ ਦਿੱਲੀ 'ਚ ਮਾਰਧਾੜ ਸ਼ੁਰੂ ਹੋਈ ਸੀ ਤੇ ਇਸਦੀ ਜਾਂਚ ਲਈ ਪਹਿਲਾ ਕਮਿਸ਼ਨ ਗ੍ਰਹਿ ਮੰਤਰਾਲੇ ਵੱਲੋਂ ਨਵੰਬਰ 1984 ਨੂੰ ਗਠਿਤ ਕੀਤਾ ਗਿਆ। ਆਖਰੀ ਕਮਿਸ਼ਨ 2000 ਵਿੱਚ ਰਾਜ ਸਭਾ ਵਿੱਚ ਸਰਬ ਸੰਮਤੀ ਨਾਲ ਮਤਾ ਪਾਸ ਕਰਕੇ ਸੁਪਰੀਮ ਕੋਰਟ ਦੇ ਰਿਟਾਇਰ ਜੱਜ ਜਸਟਿਸ ਜੀ ਟੀ ਨਾਨਾਵਤੀ ਦੀ ਅਗਵਾਈ ਵਿੱਚ ਨਾਨਾਵਤੀ ਕਮਿਸ਼ਨ ਗਠਿਤ ਕੀਤਾ ਗਿਆ। ਇਸ ਦਰਮਿਆਨ ਸੱਤ ਕਮੇਟੀਆਂ ਤੇ ਇੱਕ ਹੋਰ ਕਮਿਸ਼ਨ ਗਠਿਤ ਕੀਤਾ ਗਿਆ ਪਰ ਨਾ ਤਾਂ ਕਿਸੇ ਕਮਿਸ਼ਨ, ਕਮੇਟੀ ਨੇ ਅਸਲ ਦੋਸ਼ੀਆਂ ਨੂੰ ਸਾਹਮਣੇ ਲਿਆਉਣ ਦੀ ਕੋਸ਼ਿਸ਼ ਕੀਤੀ ਤੇ ਨਾ ਹੀ ਸਰਕਾਰ ਨੇ ਕਿਸੇ ਕਮਿਸ਼ਨ ਜਾਂ ਕਮੇਟੀ ਦੀਆਂ ਸਿਫ਼ਾਰਸ਼ਾਂ 'ਤੇ ਕੋਈ ਧਿਆਨ ਦਿੱਤਾ। ਸੀ ਬੀ ਆਈ ਨੇ ਜਦੋਂ ਮਾਰਚ 2009 ਵਿੱਚ ਜਗਦੀਸ਼ ਟਾਇਟਲਰ ਨੂੰ ਕਲੀਨ ਚਿੱਟ ਦੇ ਦਿੱਤੀ ਤਾਂ ਰੋਹ 'ਚ ਆ ਕੇ ਇੱਕ ਸਿੱਖ ਪੱਤਰਕਾਰ ਨੇ 7 ਅਪ੍ਰੈਲ ਨੂੰ ਭਾਰਤ ਦੇ ਗ੍ਰਹਿ ਮੰਤਰੀ ਪੀ ਚਿਦੰਬਰਮ ਦੇ ਮੂੰਹ 'ਤੇ ਜੁੱਤਾ ਵਗ੍ਹਾ ਮਾਰਿਆ, ਅਸਲ 'ਚ ਇਹ ਜੁੱਤਾ ਭਾਰਤ ਦੀ ਅਖੌਤੀ ਧਰਮਨਿਰਪੱਖਤਾ ਅਤੇ ਨਿਆਂਪ੍ਰਣਾਲੀ ਦੇ ਮੂੰਹ 'ਤੇ ਮਾਰਿਆ ਜੁੱਤਾ ਹੈ।

# ਗੁਜਰਾਤ ਦੰਗਿਆਂ ਦੇ ਦੋਸ਼ੀਆ 'ਤੇ ਕਿਉਂ ਨਹੀਂ ਲਾਗੂ ਹੁੰਦਾ ਕਾਨੂੰਨ

2002 'ਚ ਹੋਏ ਗੁਜਰਾਤ ਦੰਗਿਆਂ ਨੇ ਇੱਕ ਵਾਰ ਫੇਰ ਇਹ ਸਾਬਤ ਕਰ ਦਿੱਤਾ ਕਿ ਜਿਸਦੇ ਹੱਥ ਤਾਕਤ ਹੈ ਸੱਤਾ ਹੈ ਸੰਵਿਧਾਨ ਤੇ ਕਾਨੂੰਨ ਉਸਦੀ ਮੁੱਠੀ ਵਿੱਚ ਹੈ। ਅਸੀਂ ਸਾਰੇ ਜਾਣਦੇ ਹਾਂ ਕਿ ਗੋਧਰਾ ਰੇਲਵੇ ਸਟੇਸ਼ਨ 'ਤੇ ਸਾਬਰਮਤੀ ਐਕਸਪ੍ਰੈਸ 'ਤੇ ਹਮਲਾ ਕਰਨਾ ਇੱਕ ਸੋਚੀ ਸਮਝੀ ਸਾਜਿਸ਼ ਸੀ। ਇਸ ਹਮਲੇ ਵਿੱਚ ਰੇਲ ਨੂੰ ਅੱਗ ਲਾ ਦਿੱਤੀ ਗਈ ਜਿਸ ਵਿੱਚ ਹਰਿਦੁਆਰ ਤੋਂ ਆ ਰਹੇ ਹਿੰਦੂ ਯਾਤਰੀ ਜਿਨ੍ਹਾਂ ਵਿੱਚ 58 ਮਰਦ, 25 ਔਰਤਾਂ ਤੇ 15 ਬੱਚੇ ਸਨ ਸੜ ਕੇ ਸੁਆਹ ਹੋ ਗਏ। ਫਿਰਕੂ ਧਿਰਾਂ ਵੱਲੋਂ ਹਿੰਦੂ ਮੁਸਲਿਮ ਦੰਗੇ ਭੜਕਾਉਣ ਲਈ ਅਜਿਹਾ ਕੀਤਾ ਗਿਆ ਸੀ ਤਾਂ ਜੋ ਸੱਤਾ 'ਤੇ ਉਹਨਾਂ ਦਾ ਕਬਜਾ ਅੰਤਰਰਾਸ਼ਟਰੀ ਭਾਈਚਾਰੇ 'ਚ ਇੱਕ ਵਾਰ ਫੇਰ ਖੁੱਲ ਗਈ ਉੱਥੇ ਨਿਵੇਸ਼ ਦੇ ਨਜ਼ਰੀਏ ਤੋਂ ਵੀ ਦੇਸ਼ ਨੂੰ ਕਾਫ਼ੀ ਨੁਕਸਾਨ ਉਠਾਉਣਾ ਪਿਆ। ਦੰਗਿਆਂ ਦੀ ਖ਼ਬਰ ਵਾਂਗ ਹੀ ਇਹ ਗੱਲ ਵੀ ਨਾਲ ਹੀ ਫੈਲ ਗਈ ਕਿ ਦੰਗਾਕਾਰੀਆਂ ਨੂੰ ਗੁਜਰਾਤ ਸਰਕਾਰ ਵੱਲੋਂ ਸ਼ਹਿ ਸੀ। ਇਸ ਤੱਥ ਦੀ ਪੁਸ਼ਟੀ ਇਸ ਤੋਂ ਵੀ ਹੁੰਦੀ ਹੈ ਕਿ ਜਿਸ ਵੇਲੇ ਗੋਧਰਾ ਰੇਲਵੇ ਸਟੇਸ਼ਨ 'ਤੇ ਰੇਲ ਨੂੰ ਅੱਗ ਲਗਾਈ ਗਈ ਉਸ ਵਕਤ 14 ਪੁਲਿਸ ਕਰਮਚਾਰੀ ਰੇਲਵੇ ਸਟੇਸ਼ਨ 'ਤੇ ਹਾਜ਼ਰ ਸਨ ਤੇ ਘਟਨਾ ਵਾਲੀ ਥਾਂ ਤੋਂ ਥਾਣਾ ਸਿਰਫ਼ 826 ਮੀਟਰ ਦੂਰ ਸੀ ਪਰ ਜਦੋਂ ਮੁਜ਼ਾਹਰਾਕਾਰੀਆਂ ਵੱਲੋਂ ਰੇਲ ਨੂੰ ਅੱਗ ਲਗਾਈ ਗਈ ਤਾਂ ਕਿਸੇ ਵੀ ਪੁਲਿਸ ਕਰਮਚਾਰੀ ਨੇ ਕੋਈ



ਬਣਿਆ ਰਹੇ, ਅਜਿਹਾ ਕਰਨ ਵਿੱਚ ਫਿਰਕੂ ਧਿਰਾਂ ਕਾਮਯਾਬ ਵੀ ਰਹੀਆਂ। ਗੋਧਰਾ ਕਾਂਡ ਤੋਂ ਬਾਅਦ ਬਦਲਾ ਲੈਣ ਲਈ ਹਿੰਦੂਆਂ ਨੇ ਮੁਸਲਮਾਨਾਂ 'ਤੇ ਹੱਲਾ ਬੋਲ ਦਿੱਤਾ ਤੇ ਦੰਗੇ ਭੜਕ ਗਏ। ਇਹਨਾਂ ਦੰਗਿਆਂ ਵਿੱਚ 790 ਮੁਸਲਮਾਨ ਅਤੇ 254 ਹਿੰਦੂ ਮਾਰੇ ਗਏ। 223 ਬੰਦਿਆਂ ਦਾ ਕੋਈ ਖੁਰਾ ਖੋਜ ਨਹੀਂ ਲੱਭਿਆ। ਇਸ ਦਰਮਿਆਨ 500 ਧਾਰਮਿਕ ਸਥਾਨਾਂ ਨੂੰ ਨੁਕਸਾਨ ਪੁੱਜਿਆ ਜਿਨ੍ਹਾਂ 'ਚ ਗਿਰਜਾਘਰ ਵੀ ਸ਼ਾਮਿਲ ਸਨ। ਇਸ ਤੋਂ ਇਲਾਵਾ 61000 ਮੁਸਲਮਾਨ ਤੇ 10000 ਹਿੰਦੂ ਆਪਣੇ ਘਰਾਂ ਨੂੰ ਛੱਡ ਕੇ ਦੌੜ ਗਏ।

ਇਹਨਾਂ ਦੰਗਿਆਂ ਦੀ ਚਰਚਾ ਅੰਤਰਰਾਸ਼ਟਰੀ ਪੱਧਰ 'ਤੇ ਵੀ ਕਾਫ਼ੀ ਹੋਈ ਇਸ ਨਾਲ ਜਿੱਥੇ ਭਾਰਤ ਦੀ ਧਰਮਨਿਰਪੱਖਤਾ ਦੀ ਪੋਲ ਸਰਗਰਮੀ ਨਾ ਦਿਖਾਈ। ਖਾਨਾਪੂਰਤੀ ਲਈ ਕਾਰਵਾਈ ਉਦੋਂ ਕੀਤੀ ਗਈ ਜਦੋਂ ਮੁਜ਼ਾਹਰਾਕਾਰੀ ਆਪਣਾ ਕੰਮ ਕਰ ਚੁੱਕੇ ਸਨ।

ਬਾਅਦ ਵਿੱਚ ਸਰਕਾਰ ਨੇ ਦੰਗਾ ਪੀੜਤਾਂ ਦੀ ਵੀ ਕੋਈ ਸਾਰ ਨਹੀਂ ਲਈ। ਦੰਗਾ ਪੀੜਤਾਂ ਵੱਲੋਂ 4000 ਸ਼ਿਕਾਇਤਾਂ ਦਰਜ ਕਰਵਾਈਆਂ ਗਈਆਂ ਜਿਨ੍ਹਾਂ ਵਿੱਚੋਂ 2000 ਹਜ਼ਾਰ ਸ਼ਿਕਾਇਤਾਂ ਨੂੰ ਇਹ ਕਹਿ ਕੇ ਰੱਦ ਕਰ ਦਿੱਤਾ ਕਿ ਇਹਨਾਂ ਸ਼ਿਕਾਇਤਾਂ ਸਬੰਧੀ ਸਬੰਧੀ ਅਗਲੀ ਕਾਰਵਾਈ ਕਰਨ ਲਈ ਕੋਈ ਸਬੂਤ ਨਹੀਂ ਹਨ। ਬਚੀਆਂ 2000 ਸ਼ਿਕਾਇਤਾਂ ਵਿੱਚੋਂ ਵੀ 1600 ਸਿਕਾਇਤਾਂ ਨੂੰ ਹੀ ਵਿਚਾਰਿਆ ਗਿਆ। ਅੱਗੇ ਇਨਸਾਫ ਕਿੰਨਾ ਕੁ ਮਿਲਿਆ ਇਸ ਬਾਰੇ ਕੋਈ ਨਹੀਂ ਜਾਣਦਾ। ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨ ਵਾਲੀ ਸੰਸਥਾ ਬਾਕੀ ਸਫ਼ਾ 20 'ਤੇ

ਸਫ਼ਾ 19 ਦੀ ਬਾਕੀ . . .ਫਾਂਸੀ ਦਾ ਸੁਆਲ

ਇਨ੍ਹਾਂ ਚਾਰਾਂ ਮੁਲਜ਼ਮਾਂ ਵਿੱਚੋਂ ਪੋ: ਜਿਲਾਨੀ, ਸ਼ੌਕਤ ਗੁਰੂ ਦੀ ਪਤਨੀ ਨਵਜੋਤ ਸੰਧੂ ਖਿਲਾਫ਼ ਕੋਈ ਸਬੂਤ ਨਾ ਹੋਣ ਕਾਰਨ ਹਾਈਕੋਰਟ ਤੇ ਸੁਪਰੀਮ ਕੋਰਟ ਵੱਲੋਂ ਇਨ੍ਹਾਂ ਨੂੰ ਬਰੀ ਕਰ ਦਿੱਤਾ ਗਿਆ । ਸੁਪਰੀਮ ਕੋਰਟ ਨੇ ਸਪੱਸਟ ਸਬੂਤਾਂ ਦੀ ਘਾਟ ਕਰਕੇ ਸ਼ੌਕਤ ਗੁਰੂ ਦੀ ਫਾਂਸੀ ਘਟਾ ਕੇ ਦਸ ਸਾਲ ਸਖ਼ਤ ਕੈਦ ਵਿੱਚ ਬਦਲ ਦਿੱਤੀ ਪਰ ਕੋਈ ਸਪੱਸਟ ਸਬੂਤ ਨਾ ਹੋਣ ਦੇ ਬਾਵਜੂਦ ਸੁਪਰੀਮ ਕੋਰਟ ਵੱਲੋਂ ਮੁਹੰਮਦ ਅਫ਼ਜਲ ਦੀ ਫਾਂਸੀ ਦੀ ਸਜ਼ਾ ਬਰਕਰਾਰ ਰੱਖੀ ਗਈ।

ਇੱਥੇ ਸਵਾਲ ਇਹ ਉੱਠਦਾ ਹੈ ਕਿ ਦੇਸ਼ ਦੀ ਜਿਹੜੀ ਪੁਲਿਸ ਤੇ ਜਾਂਚ ਏਜੰਸੀਆਂ ਕਿੰਨੀਆਂ ਹੀ ਦੇਸ਼ ਵਿਰੋਧੀ ਤੇ ਗੈਰਕਾਨੂੰਨੀ ਘਟਨਾਵਾਂ ਲਈ ਜ਼ਿੰਮੇਵਾਰ ਦੋਸ਼ੀਆਂ ਨੂੰ ਗ੍ਰਿਫਤਾਰ ਕਰਨ ਅਤੇ ਕਈ ਸਾਲਾਂ ਤੋਂ ਉਹਨਾਂ ਨੂੰ ਸਜ਼ਾ ਦਿਵਾਉਣ ਵਿੱਚ ਨਾਕਾਮ ਰਹੀਆਂ ਹੋਣ ਤਾਂ ਉਨ੍ਹਾਂ ਵਿੱਚ ਸੰਸਦ ਉੱਤੇ ਕੀਤੇ ਦਹਿਸ਼ਤੀ ਹਮਲੇ ਜਿਸਦੀ ਸਾਜਿਸ਼ ਵਿਦੇਸ਼ ਵਿੱਚ ਰਚੀ ਗਈ ਹੋਵੇ, ਲਈ ਜ਼ਿੰਮੇਵਾਰ ਦੋਸ਼ੀਆਂ ਨੂੰ ਫਾਂਸੀ ਦੀ ਸਜ਼ਾ ਦਿਵਾਉਣ ਦੀ ਕਾਬਲੀਅਤ, ਸੁਹਿਰਦਤਾ ਅਤੇ ਇਮਾਨਦਾਰੀ ਕਿਵੇਂ ਆ ਗਈ? ਜਿਹੜੀ ਪੁਲਿਸ ਜੈਸਿਕਾ ਲਾਲ ਕਤਲ ਕੇਸ ਵਿੱਚ ਸਬੂਤਾਂ ਨੂੰ ਖੁਰਦ ਬੁਰਦ ਕਰਵਾ ਕੇ ਅਸਲ ਦੋਸ਼ੀ ਮਨੂੰ ਸ਼ਰਮਾ ਨੂੰ ਬਾਇੱਜਤ ਬਰੀ ਕਰਵਾਉਣ ਦੀ ਸਾਜਿਸ਼ ਵਿੱਚ ਸ਼ਰੀਕ ਹੋਏ ਅਤੇ ਮੀਡੀਏ ਦੇ ਦਬਾਅ ਕਾਰਨ ਕੇਸ ਦੀ ਦੁਆਰਾ ਸੁਣਵਾਈ ਤੋਂ ਬਾਅਦ ਉਸੇ ਹੀ ਦੋਸ਼ੀ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੋਵੇ ਤਾਂ ਅਜਿਹੀ ਪੁਲਿਸ ਤੇ ਜਾਂਚ ਏਜੰਸੀਆਂ ਸੰਸਦ ਉੱਤੇ ਦਹਿਸ਼ਤੀ ਹਮਲੇ ਦੀ ਗੁੰਝਲਦਾਰ ਸਾਜਿਸ਼ ਦੇ ਅਸਲ ਦੋਸ਼ੀਆਂ ਨੂੰ ਤੁਰੰਤ ਗ੍ਰਿਫਤਾਰ ਕਰਨ ਤੇ ਇਕਬਾਲੇ ਜ਼ੁਰਮ ਕਰਵਾਉਣ ਵਿੱਚ ਕਿਵੇਂ ਕਾਮਯਾਬ ਹੋ ਸਕਦੀਆ ਹਨ?

ਇਨਸਾਫ ਦੇ ਮਾਮਲੇ ਵਿੱਚ ਸਾਡੀਆਂ ਸਰਕਾਰਾਂ ਤੇ ਸਿਆਸੀ ਪਾਰਟੀਆਂ ਦੋਹਰੇ ਮਾਪਦੰਡ ਆਪਣਾ ਰਹੀਆਂ ਹਨ। ਇੱਕ ਪਾਸੇ ਤਾਂ ਪਾਕਿਸਤਾਨ ਵਿੱਚ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਸਰਬਜੀਤ ਨੂੰ ਬਚਾਉਣ ਲਈ ਕੇਂਦਰ ਸਰਕਾਰ ਅਤੇ ਸਮੂਹ ਸਿਆਸੀ ਪਾਰਟੀਆਂ ਵੱਲੋਂ ਹਰ ਪੱਧਰ 'ਤੇ ਯਤਨ ਕੀਤੇ ਜਾ ਰਹੇ ਹਨ, ਜੋ ਕੁਦਰਤੀ ਨਿਆਂ ਦੇ ਅਧਾਰ 'ਤੇ ਕਰਨੇ ਵੀ ਬਣਦੇ ਹਨ ਪਰ ਇਸਦੇ ਉਲਟ ਦੂਜੇ ਪਾਸੇ ਇਹੀ ਤਾਕਤਾਂ ਅਫ਼ਜਲ ਗੁਰੂ ਦਾ ਪੱਖ ਸੁਣੇ ਬਗੈਰ ਉਸਨੂੰ ਫਾਂਸੀ 'ਤੇ ਲਟਕਾਉਣਾ ਚਹੁੰਦੀਆਂ ਹਨ। ਖ਼ਾਸ ਕਰਕੇ ਅਫ਼ਜਲ ਗੁਰੂ ਨੂੰ ਜਲਦੀ ਫਾਂਸੀ ਦਿੱਤੇ ਜਾਣ 'ਤੇ ਜ਼ੋਰ ਦੇਣ ਵਾਲੀ ਭਾਜਪਾ ਇਸ ਬਹੁਤ ਹੀ ਸੰਵੇਦਨਸ਼ੀਲ ਮਾਮਲੇ ਉੱਤੇ ਆਪਣੀ ਫਿਰਕੂ ਸਿਆਸਤ ਖੇਡ ਰਹੀ ਹੈ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਭਾਰਤੀ ਸੰਸਦ ਉੱਤੇ ਹਮਲਾ ਕਰਕੇ ਦੇਸ਼ ਵਿਰੋਧੀ ਤਾਕਤਾਂ ਨੇ ਭਾਰਤੀ ਜਮਹੂਰੀਅਤ ਅਤੇ ਦੇਸ਼ ਦੀ ਅੰਦਰੂਨੀ ਸੁਰੱਖਿਆ ਨੂੰ ਬੜੀ ਵੱਡੀ ਚੁਣੌਤੀ ਦਿੱਤੀ ਪਰ ਦੇਸ਼ ਦੇ ਖੁਫ਼ੀਆ ਤੰਤਰ, ਪੁਲਿਸ ਤੇ ਜਾਂਚ ਏਜੰਸੀਆਂ ਨੇ ਵੀ ਇਸ ਹਮਲੇ ਦੀ ਪੂਰੀ ਗੰਭੀਰਤਾ ਨਾਲ ਪੜਤਾਲ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਸੁਪਰੀਮ ਕੋਰਟ ਨੇ ਇਸ ਕੇਸ ਦੇ ਫੈਸਲੇ ਸਬੰਧੀ ਟਿੱਪਣੀ ਕਰਦਿਆਂ ਕਿਹਾ "ਕਿਸੇ ਦੇਸ਼ ਦੀ ਸੱਭਿਅਤਾ ਦੇ ਗੁਣਾਂ ਦਾ ਪੈਮਾਨਾ ਉਸ ਦੁਆਰਾ ਫੌਜਦਾਰੀ ਕਾਨੂੰਨ ਨੂੰ ਲਾਗੂ ਕਰਨ ਲਈ ਵਰਤੇ ਗਏ ਢੰਗ ਹੁੰਦੇ ਹਨ। ਫੌਜਦਾਰੀ ਨਿਆਂਪ੍ਰਣਾਲੀ ਦਾ ਪਹਿਲਾ ਫਰਜ਼ ਸਬੂਤਾਂ ਰਾਹੀਂ ਸੱਚਾਈ ਨੂੰ ਲੱਭ ਕੇ ਅਤੇ ਸਾਬਤ ਕਰਕੇ ਨਿਆਂ ਕਰਨਾ ਹੈ। ਇਸ ਲਈ ਸਹੀ ਨਤੀਜੇ ਉੱਤੇ ਅਪੜਣ ਲਈ ਸਹੀ ਤਰੀਕਿਆਂ ਦੀ ਵਰਤੋਂ ਹੋਣੀ ਚਾਹੀਦੀ ਹੈ ਅਤੇ ਵਿਆਕਤੀ ਦੇ ਸਨਮਾਨ ਅਤੇ ਆਜ਼ਾਦੀ ਨੂੰ ਕਿਸੇ ਵੀ ਗ਼ਲਤ ਢੰਗ ਨਾਲ ਭਾਵੇਂ ਨਤੀਜੇ ਕਿੰਨੇ ਵੀ ਚੰਗੇ ਹੋਣ, ਕੁਰਬਾਨ ਨਹੀਂ ਕੀਤਾ ਜਾ ਸਕਦਾ। ਪਰ ਅਫਸੋਸ ਹੈ ਕਿ ਇਸ ਕੇਸ ਦੀ ਸੱਚਾਈ ਨੂੰ ਲੱਭਣ ਦੀ ਬਿਜਾਏ ਇਸ ਉੱਤੇ ਕਾਬੂ ਪਾਇਆ ਗਿਆ ਹੈ।

ਅਸਲੀਅਤ ਇਹ ਹੈ ਕਿ ਦੇਸ਼ ਦੀਆਂ ਕੁਝ ਫਿਰਕੂ ਤਾਕਤਾਂ ਅਤੇ ਮੀਡੀਆ ਦੇ ਇੱਕ ਗੈਰ ਜ਼ਿੰਮੇਵਾਰ ਹਿੱਸੇ ਵੱਲੋਂ ਪੁਲਿਸ ਜਾਂਚ ਏਜੰਸੀਆਂ ਅਤੇ ਵਕੀਲਾਂ ਉੱਤੇ ਪਾਏ ਪੱਖਪਾਤੀ, ਜ਼ਜਬਾਤੀ ਅਤੇ ਦੇਸ਼ ਭਗਤੀ ਦੇ ਦਬਾਅ ਨੇ ਕੇਸ ਦੀ ਸਮੁੱਚੀ ਜਾਂਚ ਪੜਤਾਲ ਨੂੰ ਤਰਕ, ਦਲੀਲਾ, ਤੱਥਾਂ, ਸਬੂਤਾਂ, ਕਾਨੂੰਨ ਅਤੇ ਇਨਸਾਫ ਦੇ ਰਸਤੇ ਤੋਂ ਭਟਕਾਉਣ ਅਤੇ ਨਿਆਂਪਾਲਿਕਾ ਨੂੰ ਸਿੱਧੇ ਤੇ ਅਸਿੱਧੇ ਢੰਗ ਨਾਲ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕੀਤੀ ਹੈ ਅਤੇ ਅਜਿਹਾ ਕਰਕੇ ਦੇਸ਼ ਦੀ ਜਨਤਾ ਨੂੰ ਵੀ ਗੁੰਮਰਾਹ ਕੀਤਾ ਗਿਆ ਹੈ।

ਦਰਅਸਲ ਇਸ ਵਕਤ ਭਾਰਤੀ ਜਮਹੂਰੀਅਤ ਨੂੰ ਇੰਨਾ ਖਤਰਾ ਦਹਿਸ਼ਤਗਰਦੀ ਤੋਂ ਨਹੀਂ ਜਿੰਨਾ ਉਹਨਾਂ ਲੋਕ ਵਿਰੋਧੀ ਸਿਆਸਤਦਾਨਾਂ, ਮੁਨਾਫਾਖੋਰ ਕਾਰਪੋਰੇਟ ਸੈਕਟਰ, ਫਿਰਕੂ ਤਾਕਤਾਂ ਅਤੇ ਇਹਨਾਂ ਦੀ ਸਰਪ੍ਰਸਤੀ ਕਰਨ ਵਾਲੀਆਂ ਸਾਮਰਾਜਪੱਖੀ ਹਾਕਮ ਜਮਾਤਾਂ ਤੋਂ ਹੈ ਜਿਹੜੀਆਂ ਆਪਣੇ ਸਵਾਰਥੀ ਹਿੱਤਾਂ ਲਈ ਦੇਸ਼ ਨੂੰ ਇੱਕ ਵਾਰ ਫਿਰ ਆਰਥਿਕ ਤੇ ਸਮਾਜਿਕ ਤੌਰ 'ਤੇ ਗੁਲਾਮ ਬਣਾਉਣ ਅਤੇ ਫਿਰਕੂ ਹਿੰਸਾ ਤੇ ਨਫ਼ਰਤ ਫੈਲਾਉਣ ਦੇ ਰਸਤੇ ਉੱਤੇ ਲਿਜਾ ਰਹੀਆਂ ਹਨ। ਜਦੋਂ ਦੇਸ਼ ਦਾ ਪ੍ਰਧਾਨ ਮੰਤਰੀ, ਵਿੱਤ ਮੰਤਰੀ, ਖੇਤੀ ਮੰਤਰੀ ਅਤੇ ਯੋਜਨਾ ਕਮਿਸ਼ਨ ਦਾ ਉਪ ਚੇਅਰਮੈਨ ਸਾਰੇ ਹੀ ਬਹੁਕੌਮੀ ਕੰਪਨੀਆਂ ਅਤੇ ਕਾਰਪੋਰੇਟ ਘਰਾਣਿਆਂ ਅੱਗੇ ਗੋਡੇ ਟੇਕ ਕੇ ਦੇਸ਼ ਵਿੱਚ ਮਹਿੰਗਾਈ, ਗਰੀਬੀ, ਭੁੱਖਮਰੀ ਤੇ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਜਾਂ ਰੋਕਣ ਵਿੱਚ ਆਪਣੀ ਨਲਾਇਕੀ ਤੇ ਨਾਕਾਮੀ ਨੂੰ ਸ਼ਰੇਆਮ ਕਬੂਲ ਰਹੇ ਹੋਣ ਅਤੇ ਦੇਸ਼ ਦੇ 80 ਕਰੋੜ ਗਰੀਬ ਤੇ ਦੱਬੇ ਕੁਚਲੇ ਲੋਕਾਂ ਨੂੰ ਭੁੱਖੇ ਮਰਨ ਉੱਤੇ ਮਜ਼ਬੂਰ ਕੀਤਾ ਜਾ ਰਿਹਾ ਹੋਵੇ ਤਾਂ ਫਿਰ ਇਹ ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਦੇਸ਼ ਦੀ ਜਨਤਾ ਦੀ ਸਮੂਹਿਕ ਇੱਛਾ ਅਫ਼ਜਲ ਗੁਰੂ ਨੂੰ ਫਾਂਸੀ ਦੇਣ ਨਾਲ ਸਤੁੰਸ਼ਟ ਨਹੀਂ ਹੋਵੇਗੀ ਬਲਕਿ ਉਹਨਾਂ ਦੇ ਆਰਥਿਕ, ਸਮਾਜਿਕ ਤੇ ਸੰਵਿਧਾਨਕ ਹੱਕਾਂ ਦੀ ਰਾਖੀ ਯਕੀਨੀ ਬਣਾ ਕੇ ਹੀ ਸਤੁੰਸ਼ਟ ਕੀਤੀ ਜਾ ਸਕੇਗੀ।

ਅਫਸੋਸ ਹੈ ਕਿ ਭਾਜਪਾ ਵੱਲੋਂ ਅਫ਼ਜਲ ਗੁਰੂ ਨੂੰ ਫਾਂਸੀ ਦੇਣ ਲਈ ਕੇਂਦਰ ਸਰਕਾਰ ਅਤੇ ਨਿਆਂਪਾਲਿਕਾ 'ਤੇ ਦਬਾਅ ਪਾਇਆ ਜਾ ਰਿਹਾ ਹੈ ਜੋ ਕਿ ਸਿਆਸੀ ਨੈਤਿਕਤਾ ਦੇ ਮਿਆਰਾਂ ਦੀ ਉਲੰਘਣਾ ਹੈ। ਸਾਡੇ ਦੇਸ਼ ਦਾ ਸੰਵਿਧਾਨਕ ਢਾਂਚਾ ਨਿਰਪੱਖ ਹੈ ਇਸ ਲਈ ਅਫ਼ਜਲ ਗੁਰੂ ਦੇ ਮਾਮਲੇ 'ਚ ਸਿਆਸੀ ਪਾਰਟੀਆਂ ਤੇ ਧਾਰਮਿਕ ਸੰਗਠਨਾਂ ਨੂੰ ਉਕਸਾਊ ਬਿਆਨਬਾਜ਼ੀ ਜਾਂ ਫਿਰਕੂ ਰਾਜਨੀਤੀ ਕਰਨ ਤੋਂ ਬਿਲਕੁਲ ਗੁਰੇਜ ਕਰਨਾ ਚਾਹੀਦਾ ਹੈ। ਵਿਸ਼ੇਸ਼ ਕਰਕੇ ਮੀਡੀਏ ਨੂੰ ਇਸ ਸਬੰਧੀ ਪੂਰੀ ਨਿਰਪੱਖਤਾ ਨਾਲ ਆਪਣੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ।

ਇਸ ਤੱਥ ਨੂੰ ਮਹਿਜ ਇੱਕ ਡਰਾਵਾ ਨਾ ਸਮਝ ਕੇ ਗੰਭੀਰਤਾ ਨਾਲ ਵਿਚਾਰ ਕਰਨ ਦੀ ਲੋੜ ਹੈ ਕਿ ਅਫ਼ਜਲ ਗੁਰੂ ਨੂੰ ਫਾਂਸੀ ਦੇਣ ਨਾਲ ਨਾ ਸਿਰਫ਼ ਇੱਕ ਜੰਮੂ ਕਸ਼ਮੀਰ ਵਿੱਚ ਚੱਲ ਰਹੀ ਸਾਂਤੀਵਾਰਤਾ ਨੂੰ ਸੱਟ ਵੱਜੇਗੀ ਸਗੋਂ ਮੁਸਲਿਮ ਜਹਾਦੀ ਗਰੁੱਪਾਂ ਨੂੰ ਇੱਕ ਮੰਚ ਉੱਤੇ ਇਕੱਠੇ ਹੋਣ ਤੇ ਹੋਰ ਅਤੰਕ ਮਚਾਉਣ ਅਤੇ ਮੁਸਲਮਾਨਾਂ ਵਿੱਚ ਭਾਰਤੀ ਜਮਹੂਰੀਅਤ ਵਿਰੁੱਧ ਬਾਗੀ ਸੁਰ ਉਭਾਰਨ ਦਾ ਹੋਰ ਮੌਕਾ ਮਿਲੇਗਾ। ਅਸਲ ਵਿੱਚ ਪਾਕਿਸਤਾਨ ਦੇ ਹੁਕਮਰਾਨ ਵੀ ਇਹੀ ਚਹੁੰਦੇ ਹਨ ਕਿ ਭਾਰਤੀ ਹਕੂਮਤ ਤੇ ਮੁਸਲਮਾਨਾਂ ਵਿੱਚ ਕੁੜੱਤਣ ਵਧਦੀ ਰਹੇ ਤਾਂ ਕਿ ਉਹ ਜੰਮੂ ਕਸ਼ਮੀਰ ਅਤੇ ਹੋਰ ਸੂਬਿਆਂ ਵਿੱਚ ਮੁਸਲਮਾਨਾਂ ਨਾਲ ਹੋ ਰਹੀਆਂ ਵਧੀਕੀਆਂ ਨੂੰ ਕੌਮਾਂਤਰੀ ਮੰਚਾਂ ਉੱਤੇ ਉਛਾਲ ਕੇ ਭਾਰਤ ਨੂੰ ਬਦਨਾਮ ਕਰਨ ਅਤੇ ਪਾਕਿਸਤਾਨ ਦੀ ਜਨਤਾ ਨੂੰ ਗੁੰਮਰਾਹ ਕਰਨ ਦੀ ਸੌੜੀ ਸਿਆਸਤ ਕਰ ਸਕਣ। ਇੱਥੇ ਇਹ ਵੀ ਜ਼ਿਕਰਯੋਗ ਹੈ ਕਿ 1984 ਵਿੱਚ ਵਿੱਚ ਜਦੋਂ ਮਕਬੂਲ ਭੱਟ ਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ ਸੀ, ਉਸ ਤੋਂ ਬਾਅਦ ਹੀ ਜੰਮੂ ਕਸ਼ਮੀਰ ਵਿੱਚ ਵੱਖਵਾਦੀ ਦਹਿਸ਼ਤਗਰਦ ਤਾਕਤਾਂ ਵੱਲੋਂ ਹਥਿਆਰਬੰਦ ਸੰਘਰਸ਼ ਸ਼ੁਰੂ ਕੀਤਾ ਗਿਆ ਸੀ ਅਤੇ ਉਸ ਤੋਂ ਹੁਣ ਤਕ ਕਸ਼ਮੀਰ ਵਿੱਚ ਸਥਾਈ ਅਮਨ ਦਾ ਮਹੌਲ ਸਥਾਪਿਤ ਨਹੀਂ ਹੋ ਸਕਿਆ।

ਵੈਸੇ ਇਹ ਤੱਥ ਵੀ ਇੱਥੇ ਵਰਨਣਯੋਗ ਹੈ ਕਿ ਸਯੁੰਕਤ ਰਾਸ਼ਟਰ ਵੱਲੋਂ 20 ਸਤੰਬਰ 2010 ਨੂੰ ਇੱਕ ਮਤਾ ਪਾਸ ਕਰਕੇ ਦੁਨੀਆਂ ਦੇ ਤਮਾਮ ਮੁਲਕਾਂ ਨੂੰ ਮੌਤ ਦੀ ਸਜ਼ਾ ਦਾ ਕਾਨੂੰਨ ਖਤਮ ਕਰਨ ਲਈ ਕਿਹਾ ਗਿਆ ਹੈ ਅਤੇ ਕਾਨੂੰਨ ਪਾਸ ਹੋਣ ਤਕ ਮੌਤ ਦੀ ਸਜ਼ਾ ਉੱਤੇ ਆਰਜੀ ਰੋਕ ਲਾਉਣ ਦੀ ਤਾਕੀਦ ਕੀਤੀ ਗਈ ਹੈ । ਇਸ ਮਤੇ ਤਹਿਤ ਦੁਨੀਆਂ ਦੇ 140 ਦੇਸ਼ ਮੌਤ ਦੀ ਸਜ਼ਾ ਦਾ ਕਾਨੂੰਨ ਖਤਮ ਕਰ ਚੁੱਕੇ ਹਨ ਅਤੇ 150 ਮੁਲਕਾਂ ਵੱਲੋਂ ਮੌਤ ਦੀ ਸਜ਼ਾ 'ਤੇ ਅਣਐਲਾਨੀ ਪਾਬੰਦੀ ਲਾਈ ਗਈ ਹੈ ।

ਸਫ਼ਾ 19 ਦੀ ਬਾਕੀ...ਗੁਜਰਾਤ ਦੰਗਿਆਂ ਦੇ ਦੋਸ਼ੀ

ਐਮਨੇਸਟੀ ਇੰਟਰਨੈਸ਼ਨਲ ਮੁਤਾਬਿਕ ਪੁਲਿਸ ਨੇ ਦੰਗਾਪੀੜਤਾਂ ਨਾਲ ਬਹੁਤ ਮਾੜਾ ਵਿਵਹਾਰ ਕੀਤਾ ਅਤੇ ਜਿਨ੍ਹਾਂ ਨੇ ਗਵਾਹੀ ਦੇਣੀ ਚਾਹੀ ਉਹਨਾਂ ਨੂੰ ਡਰਾਇਆ ਧਮਕਾਇਆ ਗਿਆ। ਬੈਸਟ ਬੇਕਰੀ ਕਾਂਡ ਇਸਦੀ ਸਭ ਤੋਂ ਵੱਡੀ ਉਦਾਹਰਣ ਹੈ ਜਿਸ ਵਿੱਚ ਗਵਾਹ ਮੁੱਕਰ ਗਏ ਅਤੇ ਦੰਗਾਕਾਰੀ ਬਾਇੱਜਤ ਬਰੀ ਹੋ ਗਏ। ਦੰਗਿਆਂ ਤੋਂ ਇਕਦਮ ਬਾਅਦ ਇਹ ਗੱਲ ਜੱਗ ਜ਼ਾਹਿਰ ਹੋ ਗਈ ਕਿ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਵੱਲੋਂ ਪੁਲਿਸ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਗੁਪਤ ਹਦਾਇਤਾਂ ਦਿੱਤੀਆਂ ਗਈਆਂ ਸਨ ਕਿ ਉਹ ਹਿੰਦੂ ਮੁਜਾਹਰਾਕਰੀਆਂ ਨੂੰ ਨਾ ਰੋਕਣ ਤੇ ਉਹ ਉਹਨਾ ਨੂੰ ਗੁੱਸਾ ਕੱਢਣ ਦਾ ਮੌਕਾ ਦੇਣ। ਅਜਿਹਾ ਕਰਨ ਨਾਲ ਨਰਿੰਦਰ ਮੋਦੀ ਦੀ ਕੁਰਸੀ ਤਾਂ ਕਿੱਥੇ ਖੋਹਣੀ ਸੀ ਸਗੋਂ ਭਾਜਪਾ 'ਚ ਉਹਦਾ ਕੱਦ ਹੋਰ ਵਧ ਗਿਆ ਤੇ ਉਸਨੂੰ ਸੰਭਾਵੀਂ ਪ੍ਰਧਾਨ ਮੰਤਰੀ ਦੇ ਰੂਪ ਵਿੱਚ ਦੇਖਿਆ ਜਾਣ ਲੱਗਾ। ਇਸ ਤੋਂ ਪਤਾ ਲੱਗਦਾ ਹੈ ਕਿ ਮੁੱਖ ਧਾਰਾ ਦੇ ਸਿਆਸੀ ਦਲਾਂ ਦੀ ਨਜ਼ਰ ਵਿੱਚ ਭਾਰਤੀ ਸੰਵਿਧਾਨ ਅਤੇ ਕਾਨੂੰਨ ਦੀ ਕਿੰਨੀ ਕੁ ਮਹੱਤਤਾ ਹੈ।

ਨਰਿੰਦਰ ਮੋਦੀ ਨੇ ਇਸ ਸਾਰੇ ਮਾਮਲੇ ਦੀ ਜਾਂਚ ਕਰਨ ਲਈ ਹਾਈ ਕੋਰਟ ਦੇ ਰਿਟਾਇਰਡ ਜੱਜ ਕੇ ਜੀ ਸ਼ਾਹ ਦੀ ਅਗਵਾਈ ਵਿੱਚ ਸ਼ਾਹ ਨਾਨਾਵਤੀ ਕਮਿਸ਼ਨ ਦਾ ਗਠਨ ਕੀਤਾ ਕਿਉਂਕਿ ਇਹ ਕਮਿਸ਼ਨ ਰਾਜ ਸਰਕਾਰ ਨੇ ਗਠਿਤ ਕੀਤਾ ਸੀ ਇਸ ਲਈ ਇਸ ਕਮਿਸ਼ਨ ਨੇ ਸਿਰਫ਼ ਕਾਗਜ਼ਾਂ ਦਾ ਹੀ ਘਰ ਹੀ ਪੂਰਾ ਕੀਤਾ। ਇੱਕ ਅਪ੍ਰੈਲ 2002 ਨੂੰ ਨੈਸ਼ਨਲ ਹਿਊਮਨ ਰਾਈਟਸ ਕਮਿਸ਼ਨ ਨੇ ਗੁਜਰਾਤ ਦਾ ਦੌਰਾ ਕੀਤਾ 'ਤੇ ਸਿੱਟਾ ਇਹ ਕੱਢਿਆ ਕਿ ਜਾਂਚ ਏਜੰਸੀਆਂ ਅਤੇ ਰਾਜ ਸਰਕਾਰ ਦੀ ਮਸ਼ੀਨਰੀ ਫੇਲ੍ਹ ਹੋਣ ਕਾਰਨ ਗੁਜਰਾਤ 'ਚ ਅਜਿਹਾ ਵਾਪਰਿਆ ਹੈ। ਸਤੰਬਰ 2004ਵਿੱਚ ਕੇਂਦਰੀ ਸਰਕਾਰ ਨੇ ਸੁਪਰੀਮ ਕੋਰਟ ਦੇ ਸਾਬਕਾ ਜੱਜ ਯੂ ਸੀ ਬੈਨਰਜੀ ਦੀ ਅਗਵਾਈ ਵਿੱਚ ਬੈਨਰਜੀ ਕਮੇਟੀ ਦਾ ਗਠਨ ਕੀਤਾ ਜਿਸਨੂੰ ਗੁਜਰਾਤ ਦੀ ਹਾਈਕੋਰਟ ਨੇ ਗੈਰਕਾਨੂੰਨੀ ਪੈਨਲ ਕਰਾਰ ਦੇ ਦਿੱਤਾ । ਇਸ ਤੋਂ ਬਾਅਦ ਕਨਸਰਨਡ ਸਿਟੀਜਨ ਟ੍ਰਿਬਿਊਨਲ ਗਠਿਤ ਕੀਤਾ ਜਿਸਦਾ ਹੈਡ ਸੁਪਰੀਮ ਕੋਰਟ ਦੇ ਸਾਬਕਾ ਜੱਜ ਕ੍ਰਿਸ਼ਨਾ ਅਈਅਰ ਨੂੰ ਨਿਯੁਕਤ ਕੀਤਾ ਗਿਆ। ਉਸਨੇ ਆਪਣੀ ਰਿਪੋਰਟ 'ਚ ਰਾਜ ਸਰਕਾਰ ਅਤੇ ਮੁੱਖ ਮੰਤਰੀ ਨਰਿੰਦਰ ਮੋਦੀ ਨੂੰ ਦੋਸ਼ੀ ਠਹਿਰਾਇਆ। ਪਰ ਉਸਦੀਆਂ ਸਿਫ਼ਾਰਸ਼ਾਂ ਦੇ ਅਧਾਰ 'ਤੇ ਨਰਿੰਦਰ ਮੋਦੀ 'ਤੇ ਕੋਈ ਕਾਰਵਾਈ ਨਹੀਂ ਹੋਈ। ਇਸ ਮਾਮਲੇ 'ਚ ਜੇਕਰ ਅਦਾਲਤਾਂ ਲੋਕਾਂ ਦੀ ਸਮੂਹਿਕ ਇੱਛਾ ਨੂੰ ਦੇਖਦੀਆਂ ਤਾਂ ਨਰਿੰਦਰ ਮੋਦੀ ਨੂੰ ਵੀ ਉਹੀ ਸਜ਼ਾ ਹੁੰਦੀ ਜੋ ਅਫ਼ਜਲ ਗੁਰੂ ਨੂੰ ਹੋਈ ਹੈ।

# ਸਰਕਾਰੀ ਜਹਾਜ਼ ਰਾਹੀਂ ਭਾਰਤ ਤੋਂ ਬਾਹਰ ਭੇਜਿਆ ਐਂਡਰਸਨ ਨੂੰ



ਭੂਪਾਲ ਗੈਸ ਕਾਂਡ ਦੁਨੀਆਂ ਦੇ ਦੋ ਵੱਡੇ ਉਦਯੋਗਿਕ ਦੁਖਾਂਤਾਂ ਵਿੱਚੋਂ ਇੱਕ ਹੈ । ਇਹ ਮਹਾਂਹਾਦਸਾ ਮੱਧ ਪ੍ਰਦੇਸ਼ ਦੇ ਸ਼ਹਿਰ ਭੂਪਾਲ ਵਿੱਚ 2 ਦਸੰਬਰ 1984 ਦੀ ਰਾਤ ਨੂੰ ਯੂਨੀਅਨ ਕਾਰਬਾਈਡ ਇੰਡੀਆ ਲਿਮਟਿਡ ਕੰਪਨੀ ਦੇ ਪੈਸਟੀਸਾਇਡ ਪਲਾਂਟ ਵਿੱਚ ਮਿਥੇਲ ਗੈਸ ਤੇ ਹੋਰ ਕੈਮੀਕਲਾਂ ਦੇ ਰਸਾਅ ਕਾਰਨ ਹੋਇਆ। ਮੱਧ ਪ੍ਰਦੇਸ਼ ਦੀ ਸਰਕਾਰ ਦੇ ਅੰਕੜਿਆਂ ਮੁਤਾਬਿਕ ਇਸ ਹਾਦਸੇ 'ਚ 3787 ਜਾਨਾਂ ਗਈਆਂ। ਗੈਰ ਸਰਕਾਰੀ ਅੰਕੜਿਆਂ ਮੁਤਾਬਿਕ ਗੈਸ ਦੇ ਰਸਾਅ ਕਰਨ ਦੋ ਹਫ਼ਤਿਆਂ ਵਿੱਚ ਹੀ 8000 ਤੋਂ ਵੱਧ ਵਿਆਕਤੀ ਮਾਰੇ ਗਏ। 2006 'ਚ ਜਾਰੀ ਸਰਕਾਰੀ ਅੰਕੜਿਆਂ ਮੁਤਾਬਿਕ ਗੈਸ ਦੇ ਰਸਾਅ ਕਾਰਨ 55812 ਮਨੁੱਖੀ ਸਰੀਰ ਪ੍ਰਭਾਵਿਤ ਹੋਏ, 38478 ਕੁਝ ਸਮੇਂ ਲਈ ਅਪੰਗ ਹੋ ਗਏ ਤੇ ਲਗਭਗ 3900 ਵਿਆਕਤੀ ਉਮਰ ਭਰ ਲਈ ਅਪੰਗ ਹੋ ਗਏ। ਇਹੀ ਨਹੀਂ ਹੁਣ ਵੀ ਭੂਪਾਲ ਦੀ ਧਰਤੀ 'ਤੇ ਜੰਮੇ ਬੱਚੇ 'ਤੇ ਇਸ ਹਾਦਸੇ ਦਾ ਅਸਰ ਨਜ਼ਰ ਆਉਂਦਾ ਹੈ।

ਇਸ ਦੁਖਾਂਤ ਤੋਂ ਬਾਅਦ ਭੂਪਾਲ ਦੇ ਲੋਕਾਂ ਨਾਲ ਦੂਸਰਾ ਦੁਖਾਂਤ ਇਹ ਵਾਪਰਿਆ ਕਿ ਨਾ ਹੀ ਕਿਸੇ ਸਰਕਾਰ ਤੇ ਨਾ ਹੀ ਕੰਪਨੀ ਨੇ ਇਸ ਹਾਦਸੇ ਦੇ ਸ਼ਿਕਾਰ ਲੋਕਾਂ ਦੀ ਸਾਰ ਲਈ ਜਦੋਂਕਿ ਕਾਨੂੰਨ ਮੁਤਾਬਿਕ ਇਹ ਨਿਸਚਿਤ ਕੀਤਾ ਗਿਆ ਸੀ ਕਿ ਜੇਕਰ ਕੰਪਨੀ 'ਚ ਕੋਈ ਹਾਦਸਾ ਵਾਪਰਦਾ ਹੈ ਤਾਂ ਅਜਿਹੀ ਹਾਲਤ ਵਿੱਚ ਹਾਦਸੇ ਦੇ ਸ਼ਿਕਾਰ ਹੋਏ ਵਿਆਕਤੀਆਂ ਨੂੰ ਕੰਪਨੀ ਵੱਲੋਂ ਮੁਆਵਜਾ ਦਿੱਤਾ ਜਾਵੇਗਾ। ਸਰਕਾਰ ਨੇ ਕੰਪਨੀ 'ਤੇ ਦਬਾਅ ਪਾਉਣ ਦੀ ਬਿਜਾਏ ਕੰਪਨੀ ਦੇ ਜ਼ਿੰਮੇਵਾਰ ਅਧਿਕਾਰੀਆਂ ਦੇ ਹਿੱਤਾਂ ਦੀ ਰਾਖੀ ਵੱਲ ਵੱਧ ਧਿਆਨ ਦਿੱਤਾ। 7 ਦਸੰਬਰ 1984 ਨੂੰ ਕੰਪਨੀ ਦੇ ਚੇਅਰਮੈਨ ਅਤੇ ਸੀ ਈ ਓ ਵਾਰਨ ਐਂਡਰਸਨ ਨੂੰ ਸੂਬੇ ਦੀ ਪੁਲਿਸ ਭੂਪਾਲ ਏਅਰਪੋਰਟ ਤੋਂ ਛੇ ਘੰਟਿਆਂ ਲਈ ਗ੍ਰਿਫਤਾਰ ਕਰ ਲੈਂਦੀ ਹੈ ਕਿਉਂਕਿ ਪੁਲਿਸ ਅਤੇ ਰਾਜ ਸਰਕਾਰ ਨੂੰ ਇਸ ਗੱਲ ਦਾ ਖਤਰਾ ਸੀ ਕਿ ਗੁੱਸੇ 'ਚ ਭੜਕੇ ਹੋਏ ਭੂਪਾਲ ਦੇ ਲੋਕ ਕਿਧਰੇ ਐਂਡਰਸਨ 'ਤੇ ਹਮਲਾ ਹੀ ਨਾ ਕਰ ਦੇਣ। ਇਸ ਤੋਂ ਬਾਅਦ ਕੁਝ ਰਸਮੀ ਕਾਰਵਾਈ ਕਰਨ ਪਿੱਛੋਂ ਸਰਕਾਰੀ ਜਹਾਜ਼ ਰਾਹੀਂ ਉਸਨੂੰ ਭਾਰਤ ਤੋਂ ਬਾਹਰ ਭੇਜ ਦਿੱਤਾ ਜਾਂਦਾ ਹੈ, ਦੋਸ਼ੀ ਦੀ ਏਨੀ ਖਾਤਰਦਾਰੀ ਸ਼ਾਇਦ ਹੀ ਕਿਸੇ ਦੂਜੇ ਦੇਸ਼ ਦੀ ਸਰਕਾਰ ਕਰ ਸਕੇ ਉਹ ਵੀ ਇਸ ਹਾਲਤ 'ਚ ਜਦੋਂ ਦੋਸ਼ੀ ਵਿਦੇਸ਼ੀ ਹੋਵੇ। ਉਪਰੋਕਤ ਸਭ ਕੁਝ ਮੁੱਖ ਮੰਤਰੀ ਦੇ ਦਫ਼ਤਰ 'ਚੋਂ ਰਾਜ ਦੇ ਮੁੱਖ ਸਕੱਤਰ ਦੀਆਂ ਹਦਾਇਤਾਂ ਅਨੁਸਾਰ ਹੋਇਆ। ਹੁੰਦਾ ਵੀ ਕਿਉਂ ਨਾ ਆਖਰ ਵਾਰਨ ਐਂਡਰਸਨ ਅਮਰੀਕਾ ਦਾ ਕਰੋੜਪਤੀ ਨਾਗਰਿਕ ਜੋ ਸੀ। ਇਸ ਤੋਂ ਬਾਅਦ ਜਦੋਂ 1987 ਵਿੱਚ ਵਾਰਨ ਐਂਡਰਸਨ ਤੇ ਸੱਤ ਹੋਰ ਉੱਚ ਅਧਿਕਾਰੀਆਂ ਨੂੰ ਅਮਰੀਕਾ 'ਚ ਸੰਮਨ ਭੇਜੇ ਗਏ ਤਾਂ ਉਹਨਾਂ ਦਾ ਜਵਾਬ ਸੀ ਕਿ ਕੰਪਨੀ ਨਾਲ ਸਬੰਧਿਤ ਸੁਣਵਾਈ ਭਾਵੇਂ ਕਿਸੇ ਵੀ ਮਾਮਲੇ 'ਚ ਹੋਵੇ ਉਹ ਭਾਰਤ ਦੀਆਂ ਅਦਾਲਤਾਂ ਦੇ ਅਧਿਕਾਰ ਖੇਤਰ 'ਚ ਨਹੀਂ ਆਉਂਦੀ।

**ਸੁਆਲ ਇਹ ਉਠਦਾ ਹੈ ਕਿ ਜੇਕਰ ਸਰਕਾਰ ਨੇ ਵਾਰਨ ਐਂਡਰਸਨ ਖਿਲਾਫ਼ ਕਾਰਵਾਈ ਕਰਨੀ ਸੀ ਤਾਂ ਉਸਨੂੰ ਸਰਕਾਰੀ ਜਹਾਜ਼ 'ਚ ਚੜ੍ਹਾ ਕੇ ਭਾਰਤ ਤੋਂ ਬਾਹਰ ਕਿਉਂ ਭੇਜਿਆ ਗਿਆ। ਕੀ ਅਮਰੀਕਾ ਵਾਸੀ ਹੋਣ ਦੇ ਨਾਤੇ ਉਹ ਭਾਰਤ ਦੇ ਕਾਨੂੰਨ ਤੋਂ ਵੱਡਾ ਸੀ। ਉਸਦੀ ਥਾਂ ਜੇਕਰ ਕਿਸੇ ਗਰੀਬ ਦੇਸ਼ ਦਾ ਵਾਸੀ ਹੁੰਦਾ ਤਾਂ ਭਾਰਤ ਸਰਕਾਰ ਉਸਨੂੰ ਏਦਾਂ ਜਾਣ ਦਿੰਦੀ? ਇਹ ਸੁਆਲ ਅੱਜ ਵੀ ਜਿਉਂ ਦਾ ਤਿਉਂ ਹੈ।**



Alberta Mortgage Centre
Best Rates, Choice of Lenders, Mortgage for Purchase, Construction, Renewal, Refinance
Rental or Commercial Property Good or Bad credit, New Immigrant or Self Employed
For FREE Consultation, please call
(780)479-2222
# 78, 4003-98 Street, Edmonton, AB www.albertamortgagecentre.com
Anuj Gupta
AMP, B.Com.
Associate Broker
CAAMP ACCHA
empowered by AXIOM MORTGAGE PARTNERS
AMBA
BBB ACCREDITED BUSINESS
think MORTGAGE think AMP™

Krishna(KK)Gupta, AMP
"Experienced, Knowledgeable, Committed"
Serving the Community Since 1999

*Remembering Saheed Bhagat Singh on his 105th Birth Anniversary*

# MAPLE LEAF WRITERS' FOUNDATION EDMONTON

INVITES ONE & ALL

## TO A MULTILINGUAL POETIC SYMPOSIUM

ON

## SUNDAY, OCTOBER 14, 2012

**TIME: 2-00 PM**

**AT**

**MillWoods Cultural Society of Retired & Semi-Retired**

**1508-48 street, Edmonton, Alberta**

**Eminent Poets of Panjabi, Urdu and Hindi will participate**

**Dr. Surinder Dhanjal from Kamloops &**
**Iqbal Ramoowalia from Toronto are participating in the Kavi Sammelan**

**On this Occasion Dr. Surinder Dhanjal`s Anthology of Poems 'KAVITA DI LAAT' would also be released.**

For Info:

DR. P. R. Kalia: (780) 440-2766; Dalbir Sangione (780) 462-8160; Darshan Khaira: (780) 450-3834; Parminder Dhaliwal: (780) 994-1886; Pavittar Dhaliwal: (780) 909-3315; Daljit Rakhra: (780) 989-2977; kirtmeet Kohar: (780) 200-5328 Soni Gill: (780) 497-8801 Gurminder Moom: (780) 450-2075; Joginder Randhawa: (780) 914-6251; Jasvir Deol: (780) 906-4497; Raminder Sandhu: (780) 462- 3685; Navtej Bains: (780) 200-2872; Baksh Sangha: (780) 461-7520

**'ਸ਼ਹੀਦ ਭਗਤ ਸਿੰਘ ਦੇ ਜਨਮ ਦਿਹਾੜੇ ਨੂੰ ਸਮਰਿਪਤ'**

# 'ਮੇਪਲ ਲੀਫ਼ ਰਾਈਟਰਜ਼ ਫ਼ਾਊਂਡੇਸ਼ਨ, ਐਡਮਿੰਟਨ'

**ਵੱਲੋਂ**

**ਮਿਤੀ 14 ਅਕਤੂਬਰ 2012, ਦਿਨ ਐਤਵਾਰ**
**ਸਮਾਂ 2 ਵਜੇ ਬਾਅਦ ਦੁਪਹਿਰ**
**ਮਿਲਵੂਡਜ਼ ਕਲਚਰਲ ਸੋਸਾਇਟੀ ਆਫ ਰਿਟਾਇਰਡ ਐਂਡ ਸੈਮੀ ਰਿਟਾਇਰਡ,**
**1508-48 ਸਟਰੀਟ, ਐਡਮਿੰਟਨ ਵਿਖੇ**

**'ਕਵੀ ਸੰਮੇਲਨ'** ਆਯੋਜਿਤ ਕੀਤਾ ਜਾ ਰਿਹਾ ਹੈ।

**ਜਿਸ ਵਿੱਚ ਭਾਗ ਲੈਣ ਲਈ ਕੈਮਲੂਪਸ ਤੋਂ ਡਾ. ਸੁਰਿੰਦਰ ਧੰਜਲ ਅਤੇ**
**ਟੋਰਾਂਟੋ ਤੋਂ ਇਕਬਾਲ ਰਾਮੂਵਾਲੀਆ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ**

**ਡਾ. ਸੁਰਿੰਦਰ ਧੰਜਲ ਦਾ ਨਵ-ਪ੍ਰਕਾਸ਼ਿਤ ਕਾਵਿ-ਸੰਗ੍ਰਹਿ 'ਕਵਿਤਾ ਦੀ ਲਾਟ' ਲੋਕ ਅਰਪਣ ਕੀਤਾ ਜਾਵੇਗਾ**

**ਹੋਰ ਜਾਣਕਾਰੀ ਲਈ ਸੰਪਰਕ ਕਰੋ:**

ਡਾ. ਪੀ.ਆਰ. ਕਾਲੀਆ: (780) 440-2766; ਦਲਬੀਰ ਸਾਂਗਿਆਣ: (780) 462-8160; ਪਰਮਿੰਦਰ ਸੰਧੂ: (780) 462-3685; ਦਲਜੀਤ ਰੱਖੜਾ: (780) 989-2977; ਪਰਮਿੰਦਰ ਧਾਲੀਵਾਲ: (780) 994-1886; ਪਵਿੱਤਰ ਧਾਲੀਵਾਲ: (780) 909-3315; ਗੁਰਮਿੰਦਰ ਮੂਮ: (780) 667-5555; ਜੋਗਿੰਦਰ ਰੰਧਾਵਾ: (780) 914-6251; ਦਰਸ਼ਨ ਖਹਿਰਾ: (780) 450-3834; ਬਖਸ਼ ਸੰਘਾ: (780) 461-7528; ਜਸਵੀਰ ਦਿਉਲ: (780) 906-4497; ਨਵਤੇਜ ਬੈਂਸ: (780) 200-2872 ਕਿਰਤਮੀਤ ਕੁਹਾੜ: (780) 200-5328; ਸੋਨੀ ਗਿੱਲ: (780) 497-8801

## ਲੋਕ ਗੀਤਾਂ ਦੇ ਨਾਲ ਨਾਲ

ਲੜੀ ਨੰ: 34

# ਜੇ ਤੂੰ ਪੰਜ ਸੱਤ ਹੋਰ ਵਿਆਹ ਲਏਂਗਾ



ਡਾ. ਕਰਮਜੀਤ ਸਿੰਘ
+91-99927 32006
kjskurukshetra@yahoo.com

ਲੋਕ ਗੀਤਾਂ ਵਿਚ ਸੌਂਕਣ ਦਾ ਪਾਤਰ ਖ਼ਲਨਾਇਕ ਪਾਤਰ ਵਾਂਗ ਪੇਸ਼ ਹੁੰਦਾ ਹੈ। ਸੌਂਕਣਾਂ ਦੋਨੋਂ ਹੀ ਔਰਤਾਂ ਹਨ। ਅਜਿਹੀਆਂ ਪ੍ਰਸਥਿਤੀਆਂ ਵਿਚ ਵਿਚਰਦੀਆਂ ਔਰਤਾਂ ਨੂੰ ਵੇਖ ਕੇ ਹੀ ਕਈ ਵਾਰ 'ਔਰਤ, ਔਰਤ ਦੀ ਦੁਸ਼ਮਣ' ਦੀ ਗੱਲ ਬਾਰ-ਬਾਰ ਦੁਹਰਾਈ ਜਾਂਦੀ ਹੈ। ਔਰਤ ਬੇਟੀ ਪੈਦਾ ਹੋਣ 'ਤੇ ਦੁਖੀ ਹੁੰਦੀ ਹੈ। ਨੂੰਹ ਨਾਲ ਉਸ ਦਾ ਰਿਸ਼ਤਾ ਬਹੁਤੀ ਵਾਰੀ 'ਦੁਸ਼ਮਣ' ਵਾਲਾ ਹੁੰਦਾ ਹੈ। ਇਨ੍ਹਾਂ ਕਾਰਨਾਂ ਕਰਕੇ ਝੱਟ ਕਹਿ ਦਿੱਤਾ ਜਾਂਦਾ ਹੈ 'ਔਰਤ, ਔਰਤ ਦੀ ਦੁਸ਼ਮਣ ਹੈ।' ਪ੍ਰਗਤੀਸ਼ੀਲ ਲੋਕਾਂ ਤੋਂ ਵੀ ਅਜਿਹੀਆਂ ਗੱਲਾਂ ਸੁਣੀਆਂ ਜਾ ਸਕਦੀਆਂ ਹਨ। 'ਕੰਡੀਸ਼ੰਡ' ਸਥਿਤੀ ਕਾਰਨ ਬਹੁਤ ਕੁਝ ਵਾਪਰਦਾ ਹੈ, ਜਿਸ ਨੂੰ ਪ੍ਰਗਤੀਸ਼ੀਲ ਮਹਿਸੂਸ ਕਰਦੇ ਹਨ, ਪਰੰਤੂ ਉਪਰੋਕਤ ਪ੍ਰਸਥਿਤੀਆਂ ਦੀ ਵਿਆਖਿਆ ਕਈ ਵਾਰ ਇਸ ਵਿਚਾਰ ਅਨੁਸਾਰ ਸੰਭਵ ਨਹੀਂ ਹੁੰਦੀ। ਅਸੀਂ ਇਹ ਭੁੱਲ ਜਾਂਦੇ ਹਾਂ ਕਿ 'ਔਰਤ ਜੇ ਮਾਨਵ' ਹੈ ਤਾਂ ਉਸ ਵਿਚ ਵੀ ਗਲਬਾ ਪਾਉਣ, ਈਰਖਾ, ਇਨਫੀਰੀਅਰ-ਸੁਪੀਅਰ ਕੰਪਲੈਕਸ ਆਦਿ ਪ੍ਰਵਿਰਤੀਆਂ ਉਸੇ ਤਰ੍ਹਾਂ ਹੁੰਦੀਆਂ ਹਨ, ਜਿਵੇਂ ਆਦਮੀ ਵਿਚ। ਜੇ ਇਹ ਗੱਲ ਸਮਝ ਆ ਜਾਏ ਤਾਂ 'ਔਰਤ, ਔਰਤ ਦੀ ਦੁਸ਼ਮਣ' ਦਾ ਵਿਚਾਰ ਬੇਤੁਕਾ ਪ੍ਰਤੀਤ ਹੁੰਦਾ ਹੈ। ਵੈਸੇ ਵੀ ਇਹ ਵਿਚਾਰ ਮਰਦ ਵੱਲੋਂ ਮਿਹਣੇ ਦੇ ਤੌਰ 'ਤੇ ਵਰਤਿਆ ਜਾਂਦਾ ਹੈ।

'ਸੌਂਕਣ' ਦੇ ਆਉਣ 'ਤੇ ਔਰਤ ਵੱਲੋਂ ਵਿਰੋਧ ਦੇ ਪ੍ਰਗਟਾਅ ਪਿੱਛੇ ਵੀ ਕੁਝ ਮਾਨਵੀ ਪ੍ਰਵਿਰਤੀਆਂ ਦਾ ਦਖ਼ਲ ਹੈ। ਇਕ ਮਰਦ ਉੱਪਰ ਆਪਣਾ ਅਧਿਕਾਰ ਕਰਨ ਦੀ ਇੱਛਾ ਸੌਂਕਣ ਪ੍ਰਤਿ ਔਰਤ ਦੇ ਵਿਹਾਰ ਨੂੰ ਨਿਸ਼ਚਿਤ ਕਰਦੀ ਹੈ। ਅਜਿਹੇ ਅਧਿਕਾਰ ਲਈ ਵਿਰੋਧੀ ਧਿਰ ਨੂੰ ਮਾਰ ਮੁਕਾਉਣ ਤੱਕ ਵੀ ਔਰਤ ਜਾ ਸਕਦੀ ਹੈ ਜਿਸ ਦਾ ਪ੍ਰਗਟਾਅ ਲੋਕ ਗੀਤਾਂ ਵਿਚ ਆਮ ਹੁੰਦਾ ਹੈ। ਮਰਦ ਤੋਂ ਬਗ਼ੈਰ ਔਰਤ ਸਾਡੇ ਸਮਾਜ ਵਿਚ ਅਸੁਰੱਖਿਅਤ ਹੈ, ਇਸ ਲਈ 'ਤਲਾਕ' ਦੀ ਗੱਲ ਉਹ ਸੋਚ ਵੀ ਨਹੀਂ ਸਕਦੀ। ਇਸੇ ਤਰ੍ਹਾਂ ਉਹ ਮਰਦ ਸਾਹਮਣੇ 'ਵਿਚਾਰੀ' ਬਣ ਕੇ ਰਹਿ ਜਾਂਦੀ ਹੈ ਜਦੋਂ ਉਹ ਹੋਰ ਵਿਆਹ ਕਰਵਾਉਣ ਦਾ ਡਰਾਵਾ ਦਿੰਦਾ ਹੈ। ਲੋਕ ਗੀਤਾਂ ਵਿਚ ਅਜਿਹੇ ਡਰਾਵੇ ਕਾਰਨ ਔਰਤ ਆਪਣੇ ਬਾਕੀ ਸਾਰੇ ਅਧਿਕਾਰ ਤਿਆਗ ਕੇ ਹਾਰ ਮੰਨ ਲੈਂਦੀ ਹੈ। ਹੱਥਲਾ ਗੀਤ ਇਨ੍ਹਾਂ ਵਿਚਾਰਾਂ ਦਾ ਹੀ ਪ੍ਰਗਟਾਵਾ ਹੈ।

ਵੇ ਨਾ ਪੀਆ ਕਰ ਚਿਲਮ ਤਮਾਖੂਏ ਦੀ, ਵੇ ਨਾ ਪੀਆ ਕਰ
ਜੇ ਤੂੰ ਪਿੱਤਲ ਹੁੱਕਾ ਪੀਣਾ ਆਂ, ਵੇ ਮੈਂ ਚੁਲ੍ਹੇ ਵਿਚੋਂ
ਵੇ ਮੈਂ ਚੁਲ੍ਹੇ ਵਿਚੋਂ ਅੱਗ ਬੁਝਾ ਦੇਊਂਗੀ, ਬੈਠਾ ਰੋਇਆ ਕਰ।
ਬੈਠਾ ਰੋਇਆ ਕਰ ਵਖਤ ਰੰਜਾਣਿਆਂ ਨੂੰ, ਬੈਠਾ ਰੋਇਆ ਕਰ।

ਔਰਤ ਮਰਦ ਨੂੰ ਉਸ ਗੱਲੋਂ ਹਟਕ ਰਹੀ ਹੈ ਜੋ ਉਸ ਨੂੰ ਪਸੰਦ ਨਹੀਂ। ਤਮਾਕੂ ਦੀ ਵਰਤੋਂ, ਸਿਹਤ ਲਈ ਹਾਨੀਕਾਰਕ ਹੋਣ ਦੇ ਬਾਵਜੂਦ ਮਰਦ ਆਕੜ ਕਾਰਨ ਇਸ ਨੂੰ ਵੀ ਮੰਨਣ ਲਈ ਤਿਆਰ ਨਹੀਂ। ਇੱਥੋਂ ਹੀ ਇਕ ਸੰਗਲੀਬੱਧ ਸਵਾਲਾਂ ਜਵਾਬਾਂ ਦਾ ਸਿਲਸਿਲਾ ਸ਼ੁਰੂ ਹੁੰਦਾ ਹੈ, ਜੋ ਮਨੋਰੰਜਕ ਵੀ ਹੈ ਤੇ ਜਿਸ ਵਿਚ ਕਲਪਨਾਸ਼ੀਲਤਾ ਦੀਆਂ ਉਡਾਰੀਆਂ ਵੀ ਹਨ।

ਜੇ ਤੂੰ ਚੁਲ੍ਹੇ ਵਿਚੋਂ ਅੱਗ ਨੀ ਬੁੱਝਾ ਦਏਂਗੀ, ਨੀ ਮੈਂ ਜੰਗਲੀਂ
ਨੀ ਮੈਂ ਜੰਗਲੀ ਧੂਆਂ ਲਾ ਲਊਂਗਾ, ਬੈਠੀ ਰੋਇਆ ਕਰ।
ਬੈਠੀ ਰੋਇਆ ਕਰ ਵਖਤ ਰੰਜਾਣਿਆਂ ਨੂੰ, ਬੈਠੀ ਰੋਇਆ ਕਰ।

ਗੀਤ ਆਰੰਭ ਤੋਂ ਹੀ ਇਹ ਸੂਚਨਾ ਦਿੰਦਾ ਹੈ ਕਿ ਇਸ ਦਾ ਬਿਰਤਾਂਤ ਪ੍ਰਸ਼ਨੋਤਰੀ ਵਿਚ ਜਾਂ ਵਾਰਤਾਲਾਪ ਰਾਹੀਂ ਸਿਰੇ ਚੜ੍ਹੇਗਾ। ਸਾਰੀ ਵਾਰਤਾਲਾਪ ਦਾ ਮੁੱਖ ਧੁਰਾ ਹੈ ਕਿ 'ਜੇ ਤੂੰ ਇਹ ਕਰੇਂਗੀ ਤਾਂ ਮੈਂ ਇਹ ਕਰਾਂਗਾ' 'ਤੂੰ ਇਹ ਕਰੇਂਗਾ ਤਾਂ ਮੈਂ ਇਹ ਕਰਾਂਗੀ' ਜੋ ਕੁਝ ਉਹ ਕਰਨਗੇ ਉਹ ਕਾਰਜ ਯਥਾਰਥ ਤੋਂ ਕਲਪਨਾ ਤੱਕ ਹੀ ਯਾਤਰਾ ਕਰਦੇ ਹਨ। ਚੁੱਲ੍ਹੇ ਦੀ ਅੱਗ ਜੇ ਬੁੱਝ ਜਾਂਦੀ ਹੈ ਤਾਂ ਮਰਦ ਦਾ ਹੁੱਕਾ ਠੰਢਾ ਪੈ ਜਾਵੇਗਾ। ਉਂਜ ਉਹ ਪਿੰਡ ਦੇ ਹੋਰ ਚੁੱਲ੍ਹਿਆਂ ਵਿਚੋਂ ਵੀ ਅੱਗ ਲੈ ਸਕਦਾ ਹੈ, ਪਰ ਨਹੀਂ ਉਹ ਜੰਗਲਾਂ ਵਿਚ 'ਧੂਆਂ' ਲਾਉਣ ਦੀ ਧਮਕੀ ਦਿੰਦਾ ਹੈ। ਇਹ ਧਮਕੀ ਪਰਿਵਾਰ ਤੋਂ ਨਿਖੜ ਕੇ ਸਾਧੂ ਬਣਨ ਵੱਲ ਵੀ ਸੰਕੇਤ ਕਰਦੀ ਹੈ, ਇਸੇ ਲਈ 'ਧੂਆਂ' ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਇੱਥੋਂ ਕਲਪਨਾ ਆਪਣੇ ਰੰਗ ਵਿਚ ਆਉਂਦੀ ਹੈ।

ਜੇ ਤੂੰ ਜੰਗਲੀਂ ਧੂਆਂ ਲਾ ਲਏਂਗਾ, ਮੈਂ ਵੀ ਬਦਲੀ
ਮੈਂ ਵੀ ਬਦਲੀ ਬਣ ਬਣ ਬਰਸੂੰਗੀ, ਬੈਠਾ ਰੋਇਆ ਕਰ,
ਬੈਠਾ ਰੋਇਆ ਕਰ ਵਖਤ ਰੰਜਾਣਿਆਂ ਨੂੰ, ਬੈਠਾ ਰੋਇਆ ਕਰ।

ਇੱਥੇ ਇਕੋ ਵੇਲੇ ਕਈ ਕੁਝ ਵਾਪਰਦਾ ਵਿਖਾਈ ਦਿੰਦਾ ਹੈ। ਲੋਕ ਮਨ ਰੂਪ ਪਰਿਵਰਤਨ ਵਿਚ ਵਿਸ਼ਵਾਸ ਰੱਖਦਾ ਹੈ ਤੇ ਇਸ ਨੂੰ ਲੋਕਾਂ ਵੱਲੋਂ ਇਕ ਰੂੜ੍ਹੀ ਵਾਂਗ ਵਰਤਿਆ ਜਾਂਦਾ ਹੈ। ਜੰਗਲ ਦੇ ਧੂਏਂ ਨੂੰ ਬਦਲੀ ਬਣ ਕੇ ਬੁਝਾਉਣ ਦੀ ਕਲਪਨਾ ਇਸ ਵਿਸ਼ਵਾਸ ਦਾ ਵਿਸਥਾਰ ਹੈ। ਅੱਜ ਵੀ ਜੰਗਲ ਦੀ ਅੱਗ ਨੂੰ ਬੁਝਾਉਣ ਲਈ ਹੈਲੀ-ਕਾਪਟਰਾਂ ਰਾਹੀਂ ਛਿੜਕਾ ਕਰਨਾ ਪੈਂਦਾ ਹੈ ਤੇ ਜਾਂ ਫਿਰ ਬਰਸਾਤ ਹੋਣ ਦਾ ਇੰਤਜ਼ਾਰ ਕਰਨਾ ਪੈਂਦਾ ਹੈ। ਔਰਤ ਮਰਦ ਦਾ ਹਰ ਪੜਾਅ 'ਤੇ ਪਿੱਛਾ ਕਰਨ ਦੇ ਰੌਂਅ ਵਿਚ ਹੈ।

ਜੇ ਤੂੰ ਬਦਲੀ ਬਣ ਬਣ ਬਰਸੂੰਗੀ, ਮੈਂ ਵੀ ਕੱਖਾਂ ਦੀ,
ਮੈਂ ਵੀ ਕੱਖਾਂ ਦੀ ਕੁੱਲੀ ਬਣਾ ਲਊਂਗਾ, ਬੈਠੀ ਰੋਇਆ ਕਰ,
ਬੈਠੀ ਰੋਇਆ ਕਰ, ਵਖਤ ਰੰਜਾਣਿਆਂ ਨੂੰ, ਬੈਠੀ ਰੋਇਆ ਕਰ।

ਦੋਨੋਂ ਧਿਰਾਂ ਇਕ ਦੂਸਰੇ ਨੂੰ ਇਸ ਸਥਿਤੀ ਵਿਚ ਲਿਆਉਣਾ ਚਾਹੁੰਦੀਆਂ ਹਨ ਕਿ ਦੂਸਰੀ 'ਭੈੜੇ ਵਖਤ ਨੂੰ ਰੋਂਦੀ ਫਿਰੇ' ਇਸੇ ਲਈ ਗੱਲ ਅਗਾਂਹ-ਅਗਾਂਹ ਤੁਰੀ ਜਾਂਦੀ ਹੈ। ਅਖੀਰ ਰੋਏਗਾ ਕੌਣ? ਇਹ ਸਸਪੈਂਸ ਬਣਿਆ ਰਹਿੰਦਾ ਹੈ। ਮੀਂਹ ਤੋਂ ਬਚਣ ਲਈ ਕੱਖਾਂ ਦੀ ਕੁੱਲੀ ਬਣਾਉਣ ਦੀ ਲੋੜ ਪੈ ਗਈ। ਸ਼ਾਇਦ ਇਹੀ ਯਥਾਰਥਕ ਵਿਧੀ ਹੈ।

ਜੇ ਤੂੰ ਕੱਖਾਂ ਦੀ ਕੁੱਲੀ ਬਣਾ ਲਏਂਗਾ, ਮੈਂ ਵੀ ਸੱਪਣੀ,
ਮੈਂ ਵੀ ਸੱਪਣੀ, ਬਣ ਬਣ ਲੜ ਜਾਊਂਗੀ, ਬੈਠਾ ਰੋਇਆ ਕਰ,
ਬੈਠਾ ਰੋਇਆ ਕਰ ਵਖਤ ਰੰਜਾਣਿਆਂ ਨੂੰ, ਬੈਠਾ ਰੋਇਆ ਕਰ।

ਗੀਤ ਯਥਾਰਥ ਦੇ ਨੇੜੇ ਵੀ ਰਹਿਣ ਦੀ ਕੋਸ਼ਿਸ਼ ਕਰਦਾ ਹੈ, ਪਰ ਨਾਲ ਹੀ ਪ੍ਰਸਥਿਤੀਆਂ ਦੀ ਬੇਵਸੀ ਉਸ ਨੂੰ ਕਲਪਨਾ ਰਾਹੀਂ ਕੁਝ ਨਵਾਂ ਸਿਰਜਣ ਦੀ ਪ੍ਰੇਰਣਾ ਵੀ ਦਿੰਦੀਆਂ ਹਨ। ਜੰਗਲ ਵਿਚ ਕੁੱਲੀ ਪਾ ਕੇ ਬੈਠਾ ਮਰਦ, ਸਰੀਰਕ ਤੌਰ 'ਤੇ ਔਰਤ ਤੋਂ ਤਕੜਾ ਹੈ। ਉਸ ਤੋਂ ਉਹ ਨਾ ਡਰਦਾ ਹੈ ਤੇ ਨਾ ਉਸ ਦੀ ਪ੍ਰਵਾਹ ਕਰਦਾ ਹੈ। ਇਸੇ ਲਈ ਔਰਤ ਨੂੰ ਸੱਪਣੀ ਬਣ ਕੇ ਲੜਨ ਦੀ ਕਲਪਨਾ ਕਰਨੀ ਪੈਂਦੀ ਹੈ। ਸੱਪ ਲੜੇ ਦਾ ਜੰਗਲ ਵਿਚ ਸ਼ਾਇਦ ਕੋਈ ਇਲਾਜ ਵੀ ਸੰਭਵ ਨਹੀਂ। ਪਰ ਮਰਦ ਵੀ ਕੁਝ ਨਾ ਕੁਝ ਤਾਂ ਕਰੇਗਾ ਹੀ।

ਜੇ ਤੂੰ ਸੱਪਣੀ ਬਣ ਬਣ ਲੜ ਜਾਊਂਗੀ, ਨੀ ਮੈਂ ਪੰਜ ਸੱਤ,
ਨੀ ਮੈਂ ਪੰਜ ਸੱਤ ਹੋਰ ਵਿਆਹ ਲਊਂਗਾ, ਬੈਠੀ ਰੋਇਆ ਕਰ,
ਬੈਠੀ ਰੋਇਆ ਕਰ ਵਖਤ ਰਜਾਣਿਆਂ ਨੂੰ, ਬੈਠੀ ਰੋਇਆ ਕਰ।

ਮਰਦ ਨੂੰ ਇਹ ਅਹਿਸਾਸ ਹੋ ਜਾਂਦਾ ਹੈ ਕਿ ਉਹ ਜੋ ਵੀ ਰਸਤਾ ਕੱਢੇਗਾ, ਉਸ ਦਾ ਕਲਪਿਤ ਤੋੜ ਔਰਤ ਲੱਭ ਲਏਗੀ। ਇਸ ਲਈ ਆਸਮਾਨ ਤੋਂ ਧਰਤੀ 'ਤੇ ਲਿਆਉਣ ਲਈ (ਕਹਿਣਾ ਚਾਹੀਦਾ ਹੈ) ਪਟਕਾਉਣ ਲਈ, ਮਰਦ ਅਜਿਹਾ ਹਥਿਆਰ ਵਰਤਦਾ ਹੈ ਜਿਸ ਨੂੰ 'ਔਰਤ' ਦੇ ਤੌਰ 'ਤੇ ਸਹਿ ਸਕਣਾ ਔਰਤ ਲਈ ਸੰਭਵ ਨਹੀਂ। ਘੱਟੋ ਘੱਟ ਜਾਗੀਰਦਾਰੀ ਸਿਸਟਮ ਵਿਚ ਤਾਂ ਅਜਿਹਾ ਸੰਭਵ ਨਹੀਂ ਹੈ। ਇਸ ਲਈ ਔਰਤ ਆਪਣੀ ਸਹੀ ਗੱਲ ਨੂੰ ਛੱਡ ਦਿੰਦੀ ਹੈ ਤੇ ਮਰਦ ਦੇ ਪੈਰ ਵਿਚ ਪੈਰ ਮਿਲਾ ਕੇ ਹੀ ਤੁਰਨ ਲਈ ਤਿਆਰ ਨਹੀਂ, ਸਗੋਂ ਉਸ ਤੋਂ ਵੀ ਕਈ ਗੁਣਾਂ ਅਗਾਂਹ ਪਹੁੰਚ ਜਾਂਦੀ ਹੈ।

ਜੇ ਤੂੰ ਪੰਜ ਸੱਤ ਹੋਰ ਵਿਆਹ ਲਏਂਗਾ, ਵੇ ਮੈਂ ਸੋਨੇ ਦੀ,
ਵੇ ਮੈਂ ਸੋਨੇ
ਦੀ ਟੋਪੀ ਬਣਾ
ਦਊਂਗੀ, ਵਿਚ
ਚਾਂਦੀ ਦਾ,
ਵਿਚ ਚਾਂਦੀ
ਦਾ ਰੋੜ ਪੁਆ
ਦਊਂਗੀ, ਬੈਠਾ
ਪੀਆ ਕਰ,
ਬੈਠਾ ਪੀਆ ਕਰੀਂ ਚਿਲਮ ਤਮਾਖੂਏ ਦੀ, ਬੈਠਾ ਪੀਆ ਕਰੀਂ।

ਵੇ ਨਾ ਪੀਆ ਕਰ ਚਿਲਮ ਤੰਮਾਖੂਏ ਦੀ, ਤੋਂ 'ਵੇ ਤੂੰ ਬੈਠਾ ਪੀਆ ਕਰੀਂ' ਤੱਕ ਦਾ ਸਫ਼ਰ ਏਨਾ ਕੁਝ ਕਹਿ ਜਾਂਦਾ ਹੈ ਕਿ ਜਿਸਦਾ ਸ਼ਾਇਦ ਗਾਇਕਾਵਾਂ ਨੂੰ ਵੀ ਅਹਿਸਾਸ ਨਹੀਂ ਹੁੰਦਾ। ਸਮੁੱਚੇ ਸਮਾਜ ਵਿਚ ਔਰਤ ਦੀ ਸਥਿਤੀ, ਵਿਸ਼ੇਸ਼ ਤੌਰ 'ਤੇ ਸੌਂਕਣ ਦੇ ਆਉਣ 'ਤੇ ਕੀ ਹੁੰਦੀ ਹੈ। ਇਸ ਦਾ ਅਕਸ ਹੈ ਇਸ ਗੀਤ ਵਿਚ। ਅੰਤ 'ਤੇ ਉਸ ਨੂੰ ਹਾਰਨਾ ਪੈਂਦਾ ਹੈ। 'ਝੂਠ ਬੋਲੇ ਕਊਆ ਕਾਟੇ' ਵਾਲਾ ਗੀਤ ਇਸੇ ਲੋਕ ਗੀਤ ਦਾ ਫ਼ਿਲਮੀ ਪਾਸਾਰ ਹੈ। ਫ਼ਿਲਮ ਵਿਚ ਜਾ ਕੇ ਇਹ ਗੀਤ ਕਿਸੇ ਨਵੇਂ ਸੰਦਰਭ ਨਾਲ ਜੁੜ ਕੇ ਪੇਸ਼ ਨਹੀਂ ਹੁੰਦਾ ਸਗੋਂ ਮਰਦ ਲੇਖਕ ਦੀ ਮੁਦਾਖਲਤ ਤੇ ਮਰਦ ਡਾਇਰੈਕਟਰ ਦੀ ਕਠੋਰਤਾ ਨੇ ਉਸ ਗੀਤ ਵਿਚ 'ਮੈਂ ਮਾਇਕੇ ਨਹੀਂ ਜਾਊਂਗੀ' ਦੀ ਤਰਸਯੋਗ ਸਥਿਤੀ ਪੈਦਾ ਕਰ ਦਿੱਤੀ ਹੈ। ਇਸ ਤੋਂ ਇਕ ਗੱਲ ਸਾਫ਼ ਹੈ ਕਿ ਲੋਕ ਗੀਤਾਂ ਦਾ ਪ੍ਰਯੋਗ ਅੱਜ ਕੱਲ੍ਹ ਦੀਆਂ ਦਲਾਵਾਂ ਵਿਚ ਕਿਵੇਂ ਹੋ ਰਿਹਾ ਹੈ। ਕਲਾਤਮਕ ਫ਼ਿਲਮਾਂ ਵਿਚ ਸਥਿਤੀ ਥੋੜ੍ਹੀ ਜਿਹੀ ਭਿੰਨ ਹੈ। ਨਹੀਂ ਤਾਂ ਲੋਕ ਗੀਤਾਂ ਨੂੰ ਮੰਡੀ ਦਾ ਮਾਲ ਬਣਾਇਆ ਜਾ ਰਿਹਾ ਹੈ। ਮੂਲ ਗੀਤਾਂ ਨੂੰ ਕਿਉਂਕਿ ਔਰਤਾਂ ਨੇ ਸਿਰਜਿਆ ਹੈ, ਇਸ ਲਈ ਉਨ੍ਹਾਂ ਦੀ 'ਕੰਡੀਸ਼ੰਡ' ਮਾਨਸਿਕਤਾ ਦਾ ਅੰਦਾਜ਼ਾ ਵੀ ਸਹਿਜੇ ਹੀ ਲਾਇਆ ਜਾ ਸਕਦਾ ਹੈ।

ਧਾਰਮਿਕ ਮਨਾਹੀ ਕਾਰਨ ਇਹ ਗੀਤ ਸਿੱਖ ਘਰਾਂ ਵਿਚੋਂ ਖਾਰਜ ਹੈ, ਭਾਵੇਂ ਉਨ੍ਹਾਂ ਘਰਾਂ ਵਿਚ ਇਸ ਗੀਤ ਦੀ ਜਾਣਕਾਰੀ ਹੈ। ਧਾਰਮਿਕ ਬੰਧਨ ਨੇ ਇਸ ਗੀਤ ਨੂੰ 'ਤੰਮਾਕੂ-ਪੀਣਿਆਂ' ਤੱਕ ਸੀਮਤ ਕਰ ਦਿੱਤਾ ਹੈ।

ਇਹ ਗੀਤ ਮੈਂ ਪਿੰਡ 'ਤਿਹਾੜਾ' ਵਿਚ ਔਰਤਾਂ ਦੇ ਸਮੂਹ ਤੋਂ ਸੁਣਿਆ। ਉਸ ਸਮੂਹ ਵਿਚ ਜਾਂ ਉਸ ਪਿੰਡ ਵਿਚ ਕੋਈ 'ਸੌਂਕਣ' ਨਹੀਂ ਸੀ। ਇਸ ਲਈ ਬੋਹੜ ਦੀ ਛਾਵੇਂ ਬੈਠੀਆਂ ਔਰਤਾਂ/ਕੁੜੀਆਂ/ਬੁੜ੍ਹੀਆਂ ਸਾਰੀਆਂ ਇਸ ਗੀਤ ਦੀ ਸਥਿਤੀ ਤੋਂ ਮਨੋਰੰਜਨ ਕਰ ਰਹੀਆਂ ਸਨ। ਉਨ੍ਹਾਂ ਦਾ ਹਾਸ ਵਿਨੋਦ ਅੱਜ ਵੀ ਮੇਰੀ ਕਲਪਨਾ ਵਿਚ ਵੱਸਿਆ ਹੋਇਆ ਹੈ।

---

# ਮਨ ਪਰਦੇਸੀ ਜੇ ਥੀਐ



ਸੁਰਿੰਦਰ ਅਤੈ ਸਿੰਘ
+91-98781-09063

ਕਾਲਜ ਪੜ੍ਹਦਿਆਂ ਇਕ ਕੁੜੀ ਨੇ ਮੇਰਾ ਹੱਥ ਵੇਖ ਕੇ ਹੋਰ ਦੋ ਚਾਰ ਗੱਲਾਂ ਨਾਲ ਇਕ ਇਕੱਲਿਆਂ ਬਹਿ ਕੇ ਰੋਣ ਵਾਲੀ ਬਿਰਤੀ ਦੀ ਗੱਲ ਕੀਤੀ ਸੀ। ਮੈਨੂੰ ਬੜੀ ਉਤਸੁਕਤਾ ਹੋਈ ਕਿ ਇਹ ਗੱਲ ਹੱਥ 'ਤੇ ਕਿੱਥੇ ਲਿਖੀ ਹੈ? ਮੈਂ ਜੋਤਿਸ਼ ਦੀਆਂ ਦੋ ਕਿਤਾਬਾਂ ਖਰੀਦ ਲਈਆਂ। ਥੋੜ੍ਹੇ ਚਿਰ ਬਾਦ ਹੀ ਮੈਨੂੰ ਏਨਾ ਕੁ ਹੱਥ ਵੇਖਣਾ ਆ ਗਿਆ ਸੀ ਕਿ ਕਿਸੇ ਨੂੰ ਕਹਿ ਦੇਂਦਾ, ਤੂੰ ਨਾਸਤਿਕ ਹੈਂ, ਇਕੱਲਿਆਂ ਬਹਿ ਕੇ ਰੋਣਾ ਚੰਗਾ ਲਗਦਾ ਜਾਂ ਰੱਬ 'ਚ ਬਹੁਤ ਵਿਸ਼ਵਾਸ ਹੈ ਆਦਿ। ਇਹ ਸਾਰੀਆਂ ਸ਼ੁਗਲ ਦੀਆਂ ਗੱਲਾਂ ਸਨ। ਅੱਜ ਮੈਨੂੰ ਇਹ ਸਾਰਾ ਕੁਝ ਹਾਸੋ-ਹੀਣਾ ਲੱਗਦਾ ਹੈ। ਇਹ ਕੁਝ ਧੁਰੋਂ ਲਿਖਿਆ ਨਹੀਂ ਹੁੰਦਾ। ਸਿਰਫ ਹਾਲਾਤ ਹੀ ਅਜਿਹੀਆਂ ਸਥਿਤੀਆਂ ਪੈਦਾ ਕਰ ਦਿੰਦੇ ਹਨ। ਜਿਉਂਦੇ ਜੀ ਬੰਦੇ 'ਤੇ ਬੜੇ ਰੰਗ ਆਉਂਦੇ ਨੇ। ਚੰਗੇ ਮਾੜੇ ਵੇਲੇ ਬੰਦੇ ਨੂੰ ਪਰਖਦੇ ਨੇ। ਕਦੀ ਉਹਦੀ ਹੋਂਦ ਫੈਲ ਕੇ ਸਾਰੇ ਬ੍ਰਹਿਮੰਡ ਨੂੰ ਆਪਣੇ ਕਲਾਵੇ ਵਿਚ ਲੈਣਾ ਲੋਚਦੀ ਹੈ। ਕਦੇ ਉਹਨੂੰ ਰੋਣ ਲਈ ਕੋਈ ਇਕੱਲਾ ਕੋਨਾ, ਕੋਈ ਖੂੰਜਾ ਵੀ ਨਹੀਂ ਲਭਦਾ ਤੇ ਉਹ ਮੜ੍ਹੀਆਂ 'ਚ ਜਾ ਕੇ ਲੇਰਾਂ ਮਾਰਦਾ ਹੈ। ਕੋਈ ਨਹਿਰੋਂ ਪਾਰ ਚਲਿਆ ਜਾਂਦਾ। ਔਰਤਾਂ ਭਰੀਆਂ-ਪੀਤੀਆਂ ਮੜ੍ਹੀਆਂ ਵੱਲ ਉਠ ਜਾਂਦੀਆਂ ਤੇ ਸਿਰ ਦੇ ਸਾਈਂ ਜਾਂ ਜੁਆਨ ਪੁੱਤ ਦੀ ਮੜ੍ਹੀ 'ਤੇ ਲਿਟਦੀਆਂ ਆਪਣਾ ਮਨ ਹੌਲਾ ਕਰਦੀਆਂ। ਪਿੰਡ ਦਾ ਜਾਂ ਕੋਈ ਪਰਿਵਾਰ ਦਾ ਜੀਅ ਮਸਾਂ ਫੜ ਕੇ ਘਰ ਲਿਆਉਣਾ। ਆਦਮੀ ਦੂਰ ਖੇਤਾਂ ਵੱਲ ਨਿਕਲ ਜਾਂਦੇ ਹਨ। ਬੰਦੇ ਕਿਤੇ ਵੀ ਬਹਿ ਖਲੋ ਜਾਂਦੇ ਨੇ।

ਔਰਤਾਂ ਲਈ ਇਹੋ ਜਿਹੀ ਖੁੱਲ੍ਹ ਲੈਣੀ ਹੋਰ ਵੀ ਔਖੀ ਹੁੰਦੀ ਹੈ। ਕਈ ਵਾਰ ਹਾਲਾਤ ਇਹੋ ਜਿਹੇ ਵੀ ਹੋ ਜਾਂਦੇ ਹਨ ਕਿ ਚੁੱਪ ਕਰਾਉਣ ਵਾਲਾ ਜਾਂ ਗਲ 'ਚ ਲੈ ਕੇ ਵਰਾਉਣ ਵਾਲਾ ਵੀ ਕੋਈ ਨਹੀਂ ਹੁੰਦਾ। (ਉਂਜ ਹਰ ਰੋਂਦਾ ਹੋਇਆ ਬਸ਼ਰ ਚਾਹੁੰਦਾ ਹੈ ਕਿ ਕੋਈ ਉਸ ਨੂੰ ਚੁੱਪ ਕਰਾਵੇ।) ਕਦੇ ਜਾਪਦਾ ਹੈ ਕਿ ਉਸ ਦੀ ਮਾਪਿਆਂ, ਭੈਣ ਭਰਾਵਾਂ ਤੇ ਬੀਵੀ ਬੱਚਿਆਂ ਸਾਰਿਆਂ ਨੂੰ ਬੜੀ ਲੋੜ ਹੈ। ਨਗਰ ਖੇੜੇ 'ਚ ਵੀ ਸਾਰੇ ਉਸ ਨੂੰ ਪੁੱਛਦੇ ਨੇ, ਸਲਾਹ ਲੈਂਦੇ ਨੇ। ਕਦੇ ਉਸ ਨੂੰ ਆਪਣਾ ਆਪ ਏਨਾ ਬੇਲੋੜਾ ਜਾਪਣ ਲੱਗ ਜਾਂਦਾ ਹੈ ਕਿ ਉਹ ਆਪਣੇ ਆਪ ਨੂੰ ਬਹੁਤ ਇਕੱਲਾ ਮਹਿਸੂਸ ਕਰਦਾ ਹੈ। ਸੋਚਦਾ, ਸਾਰੀ ਦੁਨੀਆ ਮਤਲਬ ਦੀ ਹੈ। ਕੋਈ ਕਿਸੇ ਦਾ ਨਹੀਂ। ਕੋਈ ਮਿੱਤਰ ਬੇਲੀ ਨਹੀ, ਧੀਆਂ ਪੁੱਤਰ ਵੀ ਸਪ ਮਤਲਬੀ ਜਾਪਦੇ ਹਨ। ਉਹ ਘਰ, ਜਿਥੇ ਕਦੇ ਰੌਣਕਾਂ ਸਨ, ਖੁਸ਼ੀਆਂ ਖੇੜੇ ਸਨ, ਮੋਹ ਮੁਹੱਬਤ ਸੀ, ਭਰਿਆ ਭਰਿਆ ਜਾਪਦਾ ਸੀ। ਜਦੋਂ ਭਰਾਵਾਂ ਜਾਂ ਪੁੱਤਰਾਂ ਨੇ ਵੰਡ ਵੰਡਾਰਾ ਕਰਕੇ ਖੇਰੂੰ ਖੇਰੂੰ ਕਰ ਦਿੱਤਾ ਤਾਂ ਉਕੇ ਖਲੋਣ ਨੂੰ ਜੀਅ ਨਹੀਂ ਕਰਦਾ। ਸਾਰੀ ਉਮਰ ਲੇਖੇ ਲਾਈ ਸੀ, ਉਸ ਨੂੰ ਘਰ ਬਣਾਉਂਦਿਆਂ। ਘਰ ਦੇ ਜੀਆਂ ਦੀ ਜੂਨ ਸੰਵਾਰਦਿਆਂ। ਇਹੋ ਜਿਹਾ ਹਸ਼ਰ ਤਾਂ ਚਿੱਤ ਚੇਤੇ ਵੀ ਨਹੀਂ ਸੀ। ਕਦੇ ਹੋਰ ਤਰ੍ਹਾਂ ਦਾ ਵਾਪਰਦਾ। ਮਨੁੱਖ ਜੀਆਂ ਨਾਲ ਭਰਿਆ ਭਕੁੰਨਾ ਘਰ ਛੱਡ ਕੇ ਪਰਦੇਸ ਚਲਾ ਜਾਂਦਾ। ਇਸ ਆਸ ਨਾਲ ਕਿ ਉਹ ਆਪਣੇ ਘਰ ਨੂੰ ਉਪਰ ਚੁੱਕੇਗਾ। ਪਰ ਮਗਰੋਂ ਘਰ ਨੂੰ ਜੀਆਂ ਵੱਲੋਂ ਅਜਿਹੀ ਢਾਅ ਲੱਗਦੀ ਹੈ ਕਿ ਬੰਦਾ ਵੇਖ ਕੇ ਅਸਲੋਂ ਉਖੜ ਜਾਦਾ। ਕੁਦਰਤ ਦੀ ਇਹ ਦਹਿਸ਼ਤ ਬੰਦੇ ਨੂੰ ਏਨਾ ਡਰਾ ਦਿੰਦੀ ਹੈ ਕਿ ਸਾਰਾ ਕੁਝ ਨਾਸ਼ਵਾਨ ਹੈ, ਦੀ ਧਾਰਨਾ ਉਹਨੂੰ ਬੜਾ ਅਸੁਰੱਖਿਅਤ ਕਰ ਦਿੰਦੀ ਹੈ। ਉਹ ਮੌਤ ਦਾ ਸਹਿਮ ਮਨ 'ਚ ਵਸਾ ਲੈਂਦਾ ਹੈ। ਕਈ ਵਾਰੀ ਕਿਸੇ ਕਾਰਨ ਪਿੰਡ ਨਾਲੋਂ ਨਾਤਾ ਟੁੱਟ ਜਾਦਾ ਹੈ, ਘਰ ਜ਼ਮੀਨ ਵਿਕ ਜਾਂਦੇ ਹਨ, ਫਿਰ ਉਹ ਪਿੰਡ ਉਜੜਿਆ-ਪੁਜੜਿਆ ਜਾਪਣ ਲੱਗ ਜਾਂਦਾ ਹੈ। ਆਰਿਥਕ ਤੰਗੀਆਂ ਵੀ ਬੰਦੇ ਨੂੰ ਇਕੱਲਿਆਂ ਤੇ ਨਿਤਾਣਾ ਕਰਦੀਆਂ ਹਨ। ਚੰਗਿਆਂ ਦਿਨਾਂ ਦੇ ਸਾਥੀ ਔਖੇ ਵੇਲਿਆਂ 'ਚ ਸਾਥ ਛੱਡ ਜਾਂਦੇ ਹਨ। ਉਂਝ ਵੀ ਚੜ੍ਹਦੇ ਸੂਰਜ ਨੂੰ ਸਲਾਮ ਕਰਦੇ ਨੇ ਸਾਰੇ। ਸਰੀਰਕ ਤਾਣ ਜਦੋਂ ਘਟਦਾ ਹੈ ਉਹ ਵੀ ਕਈ ਪ੍ਰਾਣੀਆਂ ਤੋਂ ਸਹਿਜ ਨਾਲ ਪਰਵਾਨ ਨਹੀਂ ਹੁੰਦਾ। ਉਹ ਬੇਵਸੀ 'ਤੇ ਝੂਰਨ ਲੱਗ ਜਾਂਦੇ ਨੇ। ਝੂਰਦਾ ਉਦਾਸ ਬੰਦਾ ਛੇਤੀ ਹੀ ਇਕੱਲਾ ਪੈ ਜਾਂਦਾ ਹੈ। ਸਬੰਧੀ ਕੋਲ ਬਹਿਣੋਂ ਹਟ ਜਾਂਦੇ ਹਨ।

ਔਰਤਾਂ ਲਈ ਪੇਕਿਆਂ ਦਾ ਪਿੰਡ ਮੱਕੇ ਦੀ ਨਿਆਈਂ ਹੁੰਦਾ ਹੈ। ਪਹਿਲਾਂ ਤਾਂ ਸਖੀਆਂ-ਸਹੇਲੀਆਂ ਵਿਆਹੀਆਂ ਜਾਂਦੀਆਂ, ਵਾਰੀ-ਵਾਰੀ ਉਨ੍ਹਾਂ ਦੇ ਘਰੀਂ ਜਾਣਾ ਵੀ ਚੰਗਾ ਨਹੀਂ ਲਗਦਾ। ਸਖੀਆਂ ਦੇ ਘਰਾਂ ਨਾਲ ਕਈ ਗਲੀਆਂ ਛੁੱਟ ਜਾਂਦੀਆਂ। ਫਿਰ ਮਾਪੇ ਹੌਲੀ-ਹੌਲੀ ਕਿਰਨੇ ਸ਼ੁਰੂ ਹੋ ਜਾਂਦੇ। ਮਾਂ ਤੋਂ ਬਿਨਾਂ ਤਾਂ ਪਿੰਡ ਖਾਣ ਨੂੰ ਪੈਂਦਾ। ਉਥੇ ਫੇਰਾ ਪਾਉਣ ਨੂੰ ਜੀਅ ਨਹੀਂ ਕਰਦਾ। ਕਦੇ ਮਾੜੀ ਕਿਸਮਤ ਨੂੰ ਪੇਕਿਆਂ ਦੇ ਪਿੰਡ ਨਾਲ ਸਾਝ ਮੁੱਕਦੀ ਜਿਹੀ ਜਾਪੇ ਤਾਂ ਧੀਆਂ ਦੇ ਕੀਰਨੇ ਪੱਥਰਾਂ 'ਚ ਵੀ ਛੇਕ ਪਾਉਂਦੇ ਨੇ। 'ਤੇ ਜਦੋਂ ਸਿਰ 'ਤੇ ਭੀੜਾਂ ਪੈਂਦੀਆਂ ਹਨ, ਤਾਂ ਉਦੋਂ ਮਰਦ ਔਰਤ ਦਾ ਵਿਤਕਰਾ ਨਹੀਂ ਰਹਿ ਜਾਂਦਾ। ਮਨ 'ਤੇ ਐਹੋ ਜਿਹਾ ਆਲਮ ਭਾਰੂ ਹੋ ਜਾਂਦਾ ਹੈ ਕਿ ਕਿਧਰੇ ਵੀ ਦਿਲ ਨਹੀਂ ਲਗਦਾ। ਦਿਨ ਮੁੱਕਦਾ ਨਹੀਂ, ਰਾਤ ਪੈਂਦੀ ਨਹੀਂ। ਰਾਤ ਆ ਜਾਵੇ ਤਾਂ ਦਿਲ ਨਹੀਂ ਚੜ੍ਹਦਾ। ਬੰਦਾ ਪਾਸੇ ਮਾਰ-ਮਾਰ ਥੱਕ ਜਾਂਦਾ ਹੈ। ਇਹੋ ਜਿਹੀ ਅਵਸਥਾ ਦੇ ਕਈ ਕਾਰਨ ਹੁੰਦੇ ਹਨ। ਰਾਜਨੀਤਕ, ਸਮਾਜਕ, ਪਰਿਵਾਰਕ ਜਾਂ ਵਪਾਰਕ।

ਕਈ ਵਾਰ ਸਭ ਕੁਝ ਹੁੰਦਿਆਂ-ਸੁੰਦਿਆਂ ਵੀ ਬੰਦਾ ਓਦਰਿਆ-ਓਦਰਿਆ ਰਹਿੰਦਾ, ਓਪਰਿਆ ਵਾਂਗ ਵਿਚਰਦਾ। ਜੋ ਮਿਲੇ ਖਾ ਲੈਂਦਾ ਹੈ। ਲੂਣ ਵੱਧ ਕੀ ਤੇ ਖੰਡ ਘੱਟ ਕੀ। ਕੋਈ ਸ਼ਿਕਾਇਤ ਵੀ ਨਹੀਂ ਕਰਦਾ। ਕੁਝ ਦੁਖਦਾ ਵੀ ਨਹੀਂ। ਵੈਦ ਹਕੀਮ ਨੇ ਨਬਜ਼ ਵੇਖੀ। ਮਹਿੰਗੇ ਹਸਪਤਾਲ 'ਚੋਂ ਇਲਾਜ ਕਰਵਾਇਆ। ਰਿਪੋਰਟਾਂ ਸਭ ਨਾਰਮਲ ਨੇ। ਡਾਕਟਰ ਕਹਿੰਦੇ ਗੱਲ ਵੀ ਕੋਈ ਨਹੀਂ। ਕੋਈ ਦੁਆ ਨਾ ਦਵਾਈ ਕਾਟ ਕਰਦੀ ਹੈ। ਉਦੋਂ ਅਹਿਸਾਸ ਹੁੰਦਾ ਹੈ ਕਿ ਬੜਾ ਕੁਝ ਅਜਿਹਾ ਹੈ, ਜੋ ਅਜੇ ਵੀ ਬੰਦੇ ਦੇ ਵਸੋਂ ਬਾਹਰਾ ਹੈ। ਇਹੋ ਜਿਹੇ ਵੇਲਿਆਂ 'ਤੇ ਇਹੋ ਜਿਹੇ ਸ਼ਬਦਾਂ ਦੇ ਅਰਥ ਸਮਝਣ ਨੂੰ ਜੀਅ ਕਰਦਾ ਹੈ ਅਤੇ ਅਰਥ ਸਮਝ ਵੀ ਆਉਣ ਲੱਗ ਜਾਂਦੇ ਹਨ, ਆਪਣੇ-ਆਪ :

ਮਨ ਪਰਦੇਸੀ ਜੇ ਥੀਐ
ਸਭ ਦੇਸ ਪਰਾਇਆ।

**Vehicle Unlock Specialist**
**Boost Your Car Call 24/7**

**Gurpreet Sohal**
**Tel: 780.935.2990**
gssohal72@yahoo.co.in

If your car is locked or need a boost please call **780.935.2990**





ਮਨਜਿੰਦਰ ਧਨੋਆ
+91-98776100161

ਪੰਜਾਬੀ ਕਵਿਤਾ ਦੀ ਸਭ ਤੋਂ ਮਕਬੂਲ ਵਿਧਾ ਗ਼ਜ਼ਲ ਵਿਚ ਕੁਝ ਅਜਿਹੇ ਹਸਤਾਖ਼ਰ ਦਸਤਕ ਦੇ ਰਹੇ ਹਨ ਜਿਹੜੇ ਬਿਲਕੁਲ ਨਵਿਆਂ ਰਾਹਾਂ ਦੇ ਰਾਹੀ ਹਨ। ਮਨਜਿੰਦਰ ਧਨੋਆ ਇਸ ਕਾਫ਼ਲੇ ਦਾ ਮੋਹਰੀ ਸ਼ਾਇਰ ਹੈ। ਬੜੇ ਥੋੜ੍ਹੇ ਜਿਹੇ ਸਮੇਂ ਵਿਚ ਹੀ ਉਹਨੇ ਗ਼ਜ਼ਲ ਅਤੇ ਆਪਣੇ ਆਪ ਨੂੰ ਇਕਮਿਕ ਕਰ ਲਿਆ ਹੈ। ਮਨਜਿੰਦਰ ਦੇ ਸ਼ਿਅਰਾਂ ਵਿਚਲੀ ਤਾਜ਼ਗੀ ਜ਼ਿੰਦਗੀ ਨੂੰ ਭਰਪੂਰਤਾ ਵਿਚ ਜਿਉਣ ਦਾ ਬਲ ਬਖਸ਼ਦੀ ਹੈ। ਉਹ ਧੀਮੀ ਸੁਰ ਅਤੇ ਸਹਿਜ ਚਾਲ ਵਾਲਾ ਬੁਲੰਦ ਸ਼ਾਇਰ ਹੈ। ਸ਼ਬਦਾਂ ਦੇ ਨਾਲ ਨਾਲ ਮਨਜਿੰਦਰ ਨੂੰ ਸੁਰ ਦੀ ਵੀ ਸਮਝ ਹੈ। ਮਨਜਿੰਦਰ ਦੀ ਗ਼ਜ਼ਲ ਵਿਚਲੀ ਪੁਖ਼ਤਗੀ ਉਸ ਨੂੰ ਭਵਿੱਖ ਦਾ ਵੱਡਾ ਸ਼ਾਇਰ ਬਣਾਉਣ ਵੱਲ ਸੰਕੇਤ ਕਰ ਰਹੀ ਹੈ। 'ਨਵੀਂ ਦੁਨੀਆ' ਦੇ ਪਾਠਕਾਂ ਲਈ ਪੇਸ਼ ਹਨ ਮਨਜਿੰਦਰ ਧਨੋਆ ਦੀਆਂ ਅੱਠ ਗ਼ਜ਼ਲਾਂ।



ਸੁਲੱਖਣ ਸਰਹੱਦੀ
+91-94174-84337
sarhadisulkhan@yahoo.com

ਆਪਣੀ ਹੀ ਕਹਿ ਰਹੇ ਨੇ ਸੁਣ ਰਿਹਾ ਕੋਈ ਨਹੀਂ ।
ਜਾਪਦਾ ਏ ਕਾਫ਼ਲੇ ਦਾ ਰਾਹਨੁਮਾ ਕੋਈ ਨਹੀਂ ।

ਕਿਸ ਤਰ੍ਹਾਂ ਦੀ ਲਾਲਸਾ ਹੈ ਸ਼ਹਿਰ ਸਾਰਾ ਹਫ਼ ਰਿਹਾ,
ਇਕ ਦੂਜੇ ਦੇ ਬਰਾਬਰ ਤੁਰ ਰਿਹਾ ਕੋਈ ਨਹੀਂ ।

ਮੌਸਮਾਂ ਦਾ ਕਹਿਰ ਹੈ ਜਾਂ ਬਦ ਦੁਆ ਹੈ ਧਰਤ ਦੀ,
ਟਾਹਣੀਆਂ 'ਤੇ ਝੂਮਦਾ ਪੱਤਾ ਹਰਾ ਕੋਈ ਨਹੀਂ ।

ਉਮਰ ਸਾਰੀ ਸਫ਼ਰ ਦੇ ਵਿਚ ਲੰਘ ਗਈ ਹੈ ਸੋਚਦੇ,
ਇਕ ਕਦਮ ਇਹ ਹੋਰ ਬਸ ਅਗਲਾ ਪੜਾਅ ਕੋਈ ਨਹੀਂ ।

ਦੂਰ ਪਰਦੇਸਾਂ 'ਚ ਵੱਸਦੇ ਮਾਪਿਆਂ ਨੂੰ ਪੁੱਤ ਦਾ,
ਆਸਰਾ ਵੀ ਇੰਜ ਹੈ ਜਿਉਂ ਆਸਰਾ ਕੋਈ ਨਹੀਂ ।

ਇਸ ਨਸਲ ਦੇ ਖ਼ੂਨ ਵਿੱਚ ਜਜ਼ਬਾ ਤਾਂ ਹਾਜ਼ਿਰ ਹੈ ਜਨਾਬ,
ਮੋਹ ਮੁਹਬਤ ਹੈ ਮਸ਼ੀਨੀ ਦਿਲ ਵਫ਼ਾ ਕੋਈ ਨਹੀਂ ।

ਕਿਉ 'ਧਨੋਆ' ਲਿਖ ਰਿਹੈ ਗ਼ਜ਼ਲਾਂ 'ਚ ਦਿਲ ਦੀ ਵਾਰਤਾ ,
ਐਸੀਆਂ ਬਹਿਰਾਂ ਨੂੰ ਏਥੇ ਮਾਣਦਾ ਕੋਈ ਨਹੀਂ ।

---

ਰਹਿੰਦੇ ਨੇ ਦੂਰ ਅਕਸਰ ਆਖਣ ਨੂੰ ਹਮਸਫ਼ਰ ਨੇ।
ਆਏ ਜੋ ਇਸ ਨਗਰ ਵਿੱਚ ਇਹ ਕੌਣ ਪੇਸ਼ਾਵਰ ਨੇ ।

ਕਾਗਜ਼ ਦੀ ਕਿਸ਼ਤੀ ਲੈ ਕੇ ਉੱਤਰੇ ਸਮੁੰਦਰਾਂ ਵਿੱਚ,
ਇਹ ਕੈਸੇ ਨਾਖੁਦਾ ਜੋ ਲਹਿਰਾਂ ਤੋਂ ਬੇਖ਼ਬਰ ਨੇ ।

ਫੁੱਲਾਂ ਜਹੇ ਨਾਜੁਕ ਮੈਂ ਬੱਚਿਆਂ ਦਾ ਬਾਬਲਾ ਹਾਂ,
ਦਿਲੇ ਸੌ ਤਰ੍ਹਾਂ ਦੇ ਸੰਸੇ ਤੇ ਸੈਂਕੜੇ ਹੀ ਡਰ ਨੇ ।

ਰੀਝਾਂ ਦੀ ਧਰਤ ਉੱਤੇ ਸ਼ਾਹਾਂ ਦੀ ਹਕੂਮਤ ਹੈ,
ਖਾਬਾਂ ਦੇ ਅੰਬਰ 'ਤੇ ਚੰਨ ਤਾਰਿਆਂ ਦੇ ਘਰ ਨੇ ।

ਵੇਖੀਂ ਕਰੀਂ ਨਾ ਝੋਰਾ ਜੇ ਸਿਰਫਰੋਸ਼ ਥੋੜੇ,
ਤਾਰੀਖ ਦੇ ਲਿਖਾਰੀ ਹੁੰਦੇ ਹੀ ਮੁੱਠੀ ਭਰ ਨੇ ।

----

ਰਾਗ ਅੰਨ੍ਹੇ ਸ਼ਬਦ ਕਾਣੇ ਹੋ ਗਏ।
ਕਿਸ ਤਰ੍ਹਾਂ ਦੇ ਗੀਤ ਗਾਣੇ ਹੋ ਗਏ।

ਸ਼ਹਿਰ ਦਾ ਮੂੰਹ ਧੋ ਦਿਓ ਚਮਕਾ ਦਿਓ,
ਰੰਗ ਕੰਧਾਂ ਦੇ ਪੁਰਾਣੇ ਹੋ ਗਏ।

ਕਿੱਲ ਕਾਂਟੇ ਚੁੱਗਣ ਬੱਚੇ ਪੇਟ ਲਈ,
ਬਿਨ ਸਕੂਲਾਂ ਤੋਂ ਸਿਆਣੇ ਹੋ ਗਏ।

ਸੋਚ ਓਨ੍ਹਾਂ ਦੀ ਸਿਮਟਕੇ ਰਹਿ ਗਈ,
ਜਦ ਘਰਾਂ ਤੋਂ ਓਹ ਘਰਾਣੇ ਹੋ ਗਏ।

ਸ਼ੁਕਰੀਆਂ ਬਰਸਾਤ ਤੇਰਾ ਸ਼ੁਕਰੀਆਂ,
ਖਾਣ ਜੋਗੇ ਚਾਰ ਦਾਣੇ ਹੋ ਗਏ।

ਦੋ ਪੁੜਾਂ ਵਿਚਕਾਰ ਫਿਰ ਨਾ ਬੋਲਦੇ,
ਲੋਕ ਕਿਉਂ ਇੰਨੇ ਨਿਤਾਣੇ ਹੋ ਗਏ।

ਬਣ ਗਏ ਪੱਥਰ ਦਿਲੇ ਨੇ ਆਦਮੀ,
ਸ਼ੀਸ਼ਿਆਂ ਵਰਗੇ ਨੇ ਬਾਣੇ ਹੋ ਗਏ।

---

ਪੈਰ ਵਿਹੜੇ 'ਚ ਪੱਤਝੜ ਨੇ ਕੀ ਧਰੇ ਅਪਣੇ ।
ਟੁੱਟ ਗਏ ਮੇਰੇ ਨਾਲੋਂ ਫਿਰ ਮੇਰੇ ਅਪਣੇ ।

ਤਪਦੀ ਰੇਤ ਨੇ ਪੀ ਜਾਣਾ ਏ ਹੁਸਨ ਤੇਰਾ,
ਐ ਹੰਝੂ ਪਰਤ ਜਾ ਮੁੜ ਜਾ ਤੂੰ ਘਰੇ ਅਪਣੇ ।

ਖਿੜੇ ਰਹਿਣਾ ਨਿਸ਼ਾਨੀ ਹੈ ਜਿੰਦਾ ਦਿਲੀ ਦੀ,
ਰੱਖੇ ਨੇ ਇਸ ਲਈ ਮੈਂ ਪੱਤ ਹਰੇ ਅਪਣੇ ।

ਦਿਲ ਦੀ ਪੀੜ ਨੂੰ ਬੇਦਰਦ ਭਲਾ ਕੀ ਸਮਝੇ,
ਤੂੰ ਜੇਬ ਅਪਣੀ 'ਚ ਰੱਖ ਇਹ ਮਸਵਰੇ ਅਪਣੇ ।

ਇਸ ਕਤਲਾਮ 'ਚ 'ਧਨੋਆ' ਕਹੀਏ ਕਿਸ ਨੂੰ,
ਹੱਥ ਅਪਣੇ, ਗਲੇ ਅਪਣੇ, ਉਸਤਰੇ ਅਪਣੇ।

ਜਿਸ ਦਿਨ ਤੋਂ ਤੇਰੇ ਸ਼ਹਿਰ ਦਾ ਸੁਪਨਾ ਸਜਾ ਲਿਆ ।
ਕਿਣਕਾ ਬਾਰੀਕ ਰੇਤ ਦਾ ਅੱਖਾਂ 'ਚ ਪਾ ਲਿਆ ।

ਚਾਹ ਕੇ ਵੀ ਹੁਣ ਇਸ ਭੀੜ 'ਚੋ ਨਿਕਲ ਨਹੀਂ ਸਕਦਾ,
ਰੰਗਾਂ ਦੇ ਸ਼ਹਿਰ ਵਿਚ ਮੈਂ ਰੰਗ ਅਪਨਾ ਗਵਾ ਲਿਆ ।

ਫ਼ਰਜਾਂ ਤੋਂ ਹੋਇਆ ਨਾ ਕਦੇ ਅੱਜ ਤੀਕ ਸੁਰਖਰੂ,
ਸੌ ਵਾਰ ਹੱਜ ਵੀ ਕਰ ਲਿਆ ਗੰਗਾ ਨਹਾ ਲਿਆ ।

ਬੰਦੇ ਨੇ ਹਰ ਅਸੂਲ ਨੂੰ ਜੰਮ ਕੇ ਸਰਾਲ ਵਾਂਗ,
ਅਪਨੀ ਇਸ ਭੁੱਖ ਵਿਚ ਹੈ ਆਪੇ ਹੀ ਖਾ ਲਿਆ ।

ਇਹ ਕਿਸ ਤਰ੍ਹਾਂ ਦਾ ਜੀਣ ਹੈ ਚਾਹਤ ਦੇ ਨਾਮ ਤੇ,
ਬੁੱਲਾਂ ਨੂੰ ਸੀਂ ਕੇ ਬਹਿ ਗਏ ਦੁੱਖੜਾ ਛੁਪਾ ਲਿਆ ।

ਅਪਨੀ ਤਰ੍ਹਾਂ ਦਾ ਜੀ ਸਕੇਂ ਇੰਨ੍ਹਾਂ ਸਮਾਂ ਨਹੀਂ,
ਕੀ ਹੈ 'ਧਨੋਆ' ਜੇ ਟਕਾ ਤੂੰ ਲੱਖ ਕਮਾ ਲਿਆ ।

---

ਘਰ ਪੁਰਾਣਾ ਸਹੀ ਦਿਲ ਨੂੰ ਇਹ ਤਸੱਲੀ ਤਾਂ ਹੈ।
ਬਿਰਧ ਮਾਂ ਬਾਪ ਦੇ ਚਿਹਰੇ ਤੇ ਇੱਕ ਖੁਸ਼ੀ ਤਾਂ ਹੈ।

ਇਸ ਬਦੋਲਤ ਹੈ ਮੇਰੀ ਇੱਜ਼ਤ ਸਵੈਮਾਨ ਮੇਰਾ,
ਹੈ ਕੱਚੀ ਪਰ ਇਹ ਸਿਰ ਤੇ ਛੱਤ ਮੇਰੀ ਤਾਂ ਹੈ।

ਮੈਂ ਆਪਣੀ ਅੱਗ ਵਿਚ ਹੁਣ ਤੀਕ ਭਸਮ ਹੋਣਾ ਸੀ,
ਸੁਕਰ ਹੈ ਰੱਬ ਦਾ ਘਰ ਮੇਰੇ ਮੋਲਸਰੀ ਤਾਂ ਹੈ।

ਐ ਗੁਰਬਤ ਮੈਂ ਤੇਰੀ ਸਾਫ਼ਗੋਈ ਦਾ ਕਾਇਲ ਹਾਂ,
ਕਿ ਤੇਰਾ ਚਿਹਰਾ,ਤੇਰਾ ਅੱਥਰੂ ਅਸਲੀ ਤਾਂ ਹੈ।

ਮੈਂ ਅਪਣੇ ਆਪ ਨੂੰ ਅਕਸਰ ਹੀ ਟੋਲਦਾ ਰਹਿੰਨਾ,
ਖੁਦ ਨੂੰ ਪਛਾਨਣ ਲਈ ਸ਼ੀਸ਼ਾ ਜਰੂਰੀ ਤਾਂ ਹੈ।

ਚਲੋ ਮੰਨਿਆਂ ਮੇਰੇ ਬੋਲਾਂ 'ਚ ਹੈ ਕੰਪਣ ਅਜੇ,
ਸਰਾਪੇ ਪੱਥਰਾਂ 'ਚੋਂ ਕੋਈ ਲਗਰ ਫੁੱਟੀ ਤਾਂ ਹੈ।

ਚਿਹਰੇ ਉੱਤੇ ਰੰਗ ਲਗਾ ਕੇ।
ਜੀ ਲੈਨਾਂ ਖੁਦ ਨੂੰ ਭਰਮਾ ਕੇ।

ਵੇਖੀਂ ਸਿਰ ਦਾ ਤਾਜ਼ ਬਣਾਉਂਦਾ,
ਬਹਿ ਜਾਵੀਂ ਨਾ ਹੱਥ ਕਟਾ ਕੇ।

ਜਿੱਦਾਂ ਪਰਦੇ ਵਿਚ ਮੈਂ ਜੀਨਾ,
ਇਕ ਦਿਨ ਮਰ ਜਾਣਾ ਘਬਰਾ ਕੇ।

ਹੋਰ ਕਈ ਦਰਵਾਜ਼ੇ ਤੱਕੇ,
ਵੱਡੇ ਦਰ ਦੇ ਅੰਦਰ ਜਾ ਕੇ।

ਨਿੱਕੇ ਬੱਚੇ ਘਰ ਘਰ ਖੇਡਣ,
ਵੱਡੇ ਖੁਸ਼ ਨੇ ਵੰਡੀਆਂ ਪਾ ਕੇ।

ਖੁਦ ਵੀ ਟੁੱਕੜੇ ਹੋ ਚੱਲਿਆਂ ਹਾਂ,
ਘਰ ਦੇ ਵਿਚ ਮੈਂ ਲੀਕਾਂ ਵਾਹ ਕੇ।

ਨਾਗ ਨਾਗਣੀ ਨੱਚਦੇ ਕਿੱਦਾਂ,
ਵੇਖ ਜ਼ਰਾ ਤੂੰ ਬੀਨ ਵਜਾ ਕੇ।

ਯਾਰ ਧਨੋਆ ਚੁੱਪ ਤੋੜ ਦੇ,
ਨਾ ਰੱਖ ਰੂਹ ਨੂੰ ਜਿੰਦਰੇ ਲਾ ਕੇ।

---

ਉਦਾਸੇ ਇਸ ਘਰ ਵਿਚ ਵੀ ਗੁਲਾਬੀ ਫੁੱਲ ਖਿਲ ਜਾਦੇ।
ਜੇ ਹੱਥਾਂ ਵਾਂਗ ਇਹ ਕਿਧਰੇ ਅਸਾਡੇ ਦਿਲ ਵੀ ਮਿਲ ਜਾਦੇ।

ਨਦੀ ਬਣ ਤੁਰ ਹੀ ਪੈਣੇ ਸੀ ਖਲੋਤੇ ਨੀਰ ਝੀਲਾਂ ਦੇ,
ਜੋ ਪੱਥਰ ਪਾਣੀਆਂ ਦੀ ਤਹਿ 'ਚ ਬੈਠੇ ਕੁਝ ਕੁ ਹਿਲ ਜਾਦੇ।

ਪਿਆਸੇ ਭਟਕਦੇ ਨੇ ਉਮਰ ਭਰ ਹੀ ਰੇਤਲੇ ਟਿੱਬੇ,
ਉਨ੍ਹਾਂ ਇਤਿਹਾਸ ਕੀ ਲਿਖਣਾ ਜੋ 'ਵਾਵਾਂ ਨਾਲ ਠਿਲ ਜਾਦੇ।

ਤੁਸੀ ਤਾਂ ਪੱਥਰਾਂ ਨੂੰ ਰਗੜ ਕੇ ਸ਼ੀਸ਼ਾ ਬਣਾ ਦਿੱਤਾ,
ਤੁਹਾਡੀ ਬੇਬਸੀ ਤੇ ਲਬ ਇਨ੍ਹਾਂ ਦੇ ਕਿੰਝ ਸਿਲ ਜਾਦੇ।

'ਧਨੋਆ' ਧਰਤ ਅਪਣੀ ਤੇ ਹਰੀ ਛੱਤਰੀ ਸਜਾ ਰੱਖੀ,
ਹਵਾਵਾਂ ਨਾਲ ਨੰਗੇ ਪਰਬਤਾਂ ਦੇ ਜਿਸਮ ਛਿਲ ਜਾਦੇ।

BLITZ AUTO CANADA
3207-97 Street, Edmonton, Alberta, T6N 1B7, Canada
Full Maintenance Service
❖ Breaks
❖ Muffler
❖ Suspension
❖ Lube & Oil
❖ Tires
❖ Batteries
Umesh Amin
email: unamin@gmail.com
Phone:780 463 2886

WE CARE YOUR CAR BETTER

C.J. Auto
& Transmission Repair Ltd.
& Body Shop
Specialize in Propane Repair & Body Shop
Nindy Rao (Manager)

Tel.: 780-434-9912 Fax: 780-434-6706
9504-62 Avenue Edmonton, AB. T6E 0C9
* Import & Domestic Repairs * Insurance Claims

BeLL
STUCCO & RENOVATION
Residential
Commertial
ਰੇਨੋਵੇਸਨ ਦੇ ਕੰਮ ਲਈ ਵਰਕਰ ਦੀ ਲੋੜ ਹੈ ।
• ਹਰੇਕ ਕਿਸਮ ਦੀ ਰੈਨੋਵੇਸ਼ਨ
• ਸਾਇਡਿੰਗ ਸੌਫਟ, ਫੇਸਿਆ
• ਕਿਸੇ ਵੀ ਕਿਸਮ ਦੀ ਨਵੀਂ ਸੱਟਕੋ ਕਰਵਾਉਣ ਲਈ
FACIA
SOCKET
RENOVATION
Call: ਅਮਰ (AMAR)
780 271 2266
Fax: 780 463 7363

# ਜ਼ਿੰਦਗੀ ਬੜੀ ਬੇਵਫ਼ਾ ਹੈ, ਇਸਦਾ ਇਕ ਪਲ ਦਾ ਵੀ ਭਰੋਸਾ ਨਾ ਕਰੋ।




ਸਾਡੇ ਨਾਲ ਕੰਮ ਕਰਨ ਲਈ ਜਾਂ ਆਪਣੇ ਸ਼ਹਿਰ ਵਿੱਚ ਦਫ਼ਤਰ ਖੋਲ੍ਹਣ ਲਈ ਸੰਪਰਕ ਕਰੋ

## ਜ਼ਰਾ ਸੋਚੋ!!

| Age ਉਮਰ | Per Month Rate / ਪ੍ਰਤੀ ਮਹੀਨਾ ਰੇਟ* | | | |
|---|---|---|---|---|
| | 100,000 | 250,000 | 500,000 | 1,000,000 |
| 25 | 11.34 | 18.23 | 29.70 | 52.65 |
| 35 | 11.70 | 19.70 | 31.50 | 56.65 |
| 45 | 16.20 | 30.38 | 54.00 | 101.25 |
| 55 | 30.60 | 66.38 | 126.00 | 245.25 |
| 65 | 67.68 | 159.08 | 311.40 | 616.05 |

* Rates may change without notice

ਕੀ ਤੁਸੀਂ ਉਕਤ ਲਿਖੇ ਰੇਟਾਂ ਨਾਲੋਂ ਜ਼ਿਆਦਾ ਪੇਮੈਂਟ ਦੇ ਰਹੇ ਹੋ ?

- ✦ ਕੀ ਤੁਸੀਂ ਹਾਲ ਹੀ ਵਿਚ ਘਰ ਖ਼ਰੀਦਿਆ ਹੈ ? ✦ ਕੀ ਤੁਹਾਡੇ ਘਰ ਉੱਪਰ ਮੌਰਗੇਜ਼ ਹੈ ?
- ✦ ਕੀ ਤੁਸੀਂ ਬੈਂਕ ਤੋਂ ਮੌਰਗੇਜ਼ ਇੰਸ਼ੋਰੈਂਸ ਲਈ ਹੈ ਅਤੇ ਬੈਂਕ ਨਾਲੋਂ ਸਸਤੀ ਮੌਰਗੇਜ਼ ਇੰਸ਼ੋਰੈਂਸ ਲੈਣੀ ਚਾਹੁੰਦੇ ਹੋ?
- ✦ ਕੀ ਤੁਸੀਂ ਘਰ ਦੇ ਮੁਖੀ ਹੋ ?
- ✦ ਕੀ ਤੁਹਾਡੇ ਬੱਚੇ ਅਜੇ ਛੋਟੇ ਹਨ ਅਤੇ ਉਨ੍ਹਾਂ ਦੀ ਦੇਖ-ਭਾਲ ਦੀ ਜ਼ਿੰਮੇਵਾਰੀ ਤੁਹਾਡੇ ਉੱਪਰ ਹੈ ?
- ✦ ਕੀ ਤੁਹਾਡੀ ਲਾਈਫ਼ ਇੰਸ਼ੋਰੈਂਸ ਵੀ ਰਿਨਿਊ ਹੋਣ ਵਾਲੀ ਹੈ ?

ਜੇਕਰ, ਉੱਪਰ ਲਿਖੇ ਕਿਸੇ ਵੀ ਸਵਾਲ ਦਾ ਜਵਾਬ ਹਾਂ ਵਿੱਚ ਹੈ ਤਾਂ ਤੁਹਾਨੂੰ ਦੇਰ ਨਹੀਂ ਕਰਨੀ ਚਾਹੀਦੀ। ਮੁਫ਼ਤ ਸਲਾਹ ਅਤੇ ਵਧੀਆ ਰੇਟ ਲਈ ਅੱਜ ਹੀ ਜੀਵਨ ਬੀਮਾ ਇੰਕ. ਦੇ ਨੇੜਲੇ ਦਫ਼ਤਰ ਨਾਲ ਸੰਪਰਕ ਕਰੋ।

ਅਸੀਂ ਹਾਰਟ ਅਟੈਕ, ਕੈਂਸਰ, ਸਟ੍ਰੋਕ ਵਰਗੀਆਂ 20 ਤੋਂ ਵੱਧ ਨਾ-ਮੁਰਾਦ ਬੀਮਾਰੀਆਂ ਲਈ ਇੰਸ਼ੋਰੈਂਸ ਵੀ ਕਰਦੇ ਹਾਂ । ਜੇ ਤੁਹਾਨੂੰ ਇਨ੍ਹਾਂ ਬੀਮਾਰੀਆਂ ਵਿੱਚੋਂ ਕੋਈ ਬੀਮਾਰੀ ਨਾ ਹੋਵੇ ਤਾਂ ਅਖ਼ੀਰ ਵਿਚ ਤੁਹਾਡੇ ਪੈਸੇ ਵਾਪਿਸ ਮਿਲ ਸਕਦੇ ਹਨ ।



**Jessie Singh**
(C.A.I.B)

- ✦ Life Insurance
- ✦ Mortgage Insurance
- ✦ Disability Insurance
- ✦ Critical Illness Insurance
- ✦ Longterm Care Insurance
- ✦ Travel Insurance
- ✦ Health Plans



**Jasvir Deol**
(C.A.I.B)

*For All Insurance Needs Book Appointment Today.*

## Calgary

Bus: (403) 717 - 0666
Cell: (403) 830 - 7007

## Edmonton

Bus: (780) 465 - 6900
Cell: (780) 906 - 4497

MILLBOURNE ROAD
MEDICAL CLINIC
WALK-INS WELCOME FAMILY PHYSICIANS

Dr. V.K. Thapar (M.D., CCFP)* By Appointments Only
Dr. B.S. Jassar (M.D. , Ph.D, CCFP)* Cell: 780 918 0516
Dr. S. Bananda (M.D.)
Dr. Farhat Siddiqui (M.D.)

ਤੁਹਾਡੀ ਸਹਾਇਤਾ ਲਈ ਮਾਹਿਰ ਡਾਕਟਰਾਂ ਦੀ ਟੀਮ ਹਾਜ਼ਰ ਹੈ।
ਹੁਣ ਤੁਸੀ ਸਲਾਹ ਮਸ਼ਵਰੇ ਲਈ ਲੇਡੀ ਡਾਕਟਰ ਸਦੀਕੀ ਨੂੰ ਵੀ ਮਿਲ ਸਕਦੇ ਹੋ।
Ph: 780 462 4229 Fax: 780 462 3315
131 Millbourne Road East, Lee Ridge Plaza Edmonton, AB T6K 1P6
* Professional Corporation

WESTFORK Interiors
Specializing in Cabinets & Counter tops
Kitchen & Vanities, Custom Cabinets, Staining & Spraying Doors

Endless Options
- On site full custom designing and manufacturing.
- Consultation for Kitchens, Bathrooms, Offices, Dens, Storage etc.
- Quality installation and delivery.
- One Location - Multiple Considerations
- Complete Range of Counter tops including laminate.

Custom Cabinetry
Exceptional Quality Customised Solutions
Premium Construction at Competitive Price.

ਕੈਬਨਿਟ ਅਤੇ ਕਾਊਂਟਰ ਟੌਪ ਬਨਾਉਣ ਦੇ ਮਾਹਿਰ
ਆਪਣੇ ਦਫ਼ਤਰ, ਘਰ, ਰਸੋਈ ਦੀ ਵਧੀਆ ਦਿੱਖ, ਉੱਤਮ ਕੁਆਲਟੀ, ਚੰਗੀ ਕਾਰੀਗਰੀ
ਅਤੇ ਵਾਜਬ ਮੁੱਲ ਦੇ ਸੁਮੇਲ ਵਾਸਤੇ ਹਮੇਸ਼ਾ ਯਾਦ ਰੱਖੋ ਵੈਸਟਫੋਰਕ ਇੰਟੀਰੀਅਰਜ਼

Westfork Interiors, 8307 Argyll Road, Edmonton T6C 4B2
Tel: 780-490-4983
Fax: 780-490-4982
www.westforkinteriors.com
info@westforkinteriors.com
Gurmail Matharu : 780-990-9349
Ranjit Matharu : 780-907-9889

Passport Photos by: Kanwal Lyall
All types of Immigration, Passport, PIO, Citizenship Photos
Phone: 780-952-8017 lyallstudio@gmail.com

Auto Shine
Interior Shampooing ✦ Power Polishing ✦ Engine Cleaning ✦ Fabric Guard ✦ Tar Ramoval
DAVE VIRK
Ph: 780 485 1253
Cell: 780 902 3727
Fax: 780 485 1353
autoshinedetailing@gmail.com
5424-36 Street, Edmonton, Alberta T6B 3P3

Fancy DOORS & MOULDINGS LTD.
JELD-WEN WINDOWS & DOORS · ALEXANDRIA Moulding · Masonite
FALL SHOWCASE
CHECK OUT OUR QUALITY SELECTION

Interior Doors
Cheyenne — Smooth, H/C, Pre-Hung 18" x 36" MDF Jamb, 3 Hinges
Bostonian — 6-Panel, Pre-Hung 18" x 36" MDF Jamb, 3 Hinges

Exterior Doors
Fibreglass "Parliament" Pre-Hung (32" or 36" x80") with 4.5" Jamb
6-Panel Steel Door with Brick Moulding Pre-Hung (32" or 36") with 4.5" Jamb

French Doors
A. 3-Panel Mission Shaker, Fir
B. 3-Panel Equal Shaker, MDF
C. 5-Panel Shaker, MDF
Single or Double "Paris" Doors
Pantry Slab
Square Ring with Band

Exterior Wood Doors
Prefinished 32" x 32" x 96"

SAVE ON DOOR KNOBS AND HANDLES!
BOSTAT Clearance Locks
Keyed Lever $15.00
Deadbolt $15.00
Privacy Lever $12.00
Passage Lever $12.00
*Please Note - All Sales of these locks are final and carry no warranty!
2 Piece Deadbolt $15.00
Passage Knob $10.99

MOULDING & MILLWORK HIGHLAND PARK SERIES ~ CLEAN, MODERN & ELEGANT!
#546 Casing 1¼" x 5½" SPERO™
#8039 Casing ¾" x 3½" MDF Primed
#8237 Baseboard ⅝" x 5½" MDF Primed
#8081 Casing ⅝" x 3¼" MDF Primed
#8281 Baseboard ½" x 6" MDF Primed

ALEXANDRIA Moulding MOULDING SPECIALS!
#5010 1 3/16" x 4 3/16" MDF Primed
#412 Baseboard ⅝" x 4¼" MDF Primed
#411 Casing 11/16" x 3" MDF Primed
#3140 ⅜" x 3¼" MDF Primed
#356 2 ¼" x 3/8" MDF Primed

SAVE ON BATHROOM FIXTURES!
Infinity 4 Piece Bath Set — Robe Hook, Towel Bar, Towel Ring, Paper Holder
Sunglow 4 Piece Bath Set — Towel Bar, Robe Hook, Paper Holder, Towel Ring

Interior & Exterior, Prehung Units, Locks & Hardware, French Doors, Bi-Folds, Mouldings & Accessories
Commercial Doors & Hardware, Custom Railing Supplied & Installed
Alberta Location: 9129 - 35 Avenue, Edmonton, AB, T6E 5Y1
Ph: 780-432-7700
Fax: 780-432-7710 www.fancy-doors.com
Limited time offer. Expires November 31, 2012

# ਫ਼ੋਟੋ ਗੈਲਰੀ




'ਫ਼ਾਈਵ ਰਿਵਰ ਯੂਥ' ਵੱਲੋਂ ਪਿਛਲੇ ਦਿਨੀ ਕਰਵਾਏ ਗਏ 'ਬਾਲ ਹਾਕੀ ਟੂਰਨਾਮੈਂਟ' ਦੌਰਾਨ ਭਾਗ ਲੈਣ ਵੇਲੇ ਟੀਮਾਂ ਯਾਦਗਰੀ ਪਲ ਕੈਮਰੇ 'ਚ ਕੈਦ ਕਰਦੀਆਂ ਹੋਈਆਂ। ਤਸਵੀਰਾਂ: ਸਮੀਰ ਬੈਂਸ



ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਦੀ ਐਡਮਿੰਟਨ ਫੇਰੀ ਮੌਕੇ ਕੀਤੀ ਗਈ ਪ੍ਰੈਸ ਮਿਲਣੀ ਉਪਰੰਤ ਸੰਤ ਸੀਚੇਵਾਲ ਪੰਜਾਬੀ ਮੀਡੀਆ ਐਸ. ਆਫ਼ ਐਡਮਿੰਟਨ ਦੇ ਨੁਮਾਇਦਿਆਂ ਨਾਲ ਦਿਖਾਈ ਦੇ ਰਹੇ ਹਨ।




'ਲਿਲੀਡੇਲ ਫੂਡਜ਼' ਪਲਾਂਟ ਦੇ ਵਰਕਰ ਚਲ ਰਹੀ ਹੜਤਾਲ ਦੌਰਾਨ।




'ਨੈਸ਼ਨਲ ਫਰੈਂਚਾਈਜ਼ੀ ਸ਼ੋ 2012' ਦੌਰਾਨ ਬੈਂਕ ਆਫ਼ ਕਨੇਡਾ ਅਤੇ ਪੀਜ਼ਾ ਡੀਪੂ ਦੇ ਨੁੰਮਾਇਦੇ



ਪੰਜਾਬੀ ਲੇਖਕ ਤੇ ਚਿੰਤਕ ਸਾਧੂ ਬਿਨਿੰਗ ਦੀ ਪੁਸਤਕ 'ਨਾਸਤਿਕਬਾਣੀ' ਨੌਰਥ ਡੈਲਟਾ, ਰੀਕਰੀਏਸ਼ਨ ਸੈਂਟਰ ਸਰੀ ਵਿਖੇ ਵਤਨ ਮੈਗਜ਼ੀਨ ਅਤੇ ਪੰਜਾਬੀ ਆਰਟਿਸਟ ਅਸੋਸੀਏਸ਼ਨ ਆਫ਼ ਰਿਚਮੰਡ (ਪਾਰ) ਵੱਲੋਂ ਲੋਕ ਅਰਪਣ ਕਰਨ ਮੌਕੇ ਇੱਕਤਰਤ ਹਾਜ਼ਰੀਨ।


# Asian Western Grocery Store
## 8324 - 160 Ave. Edmonton, AB. T5Z 3P1

**NOW OPEN**

*All indian, Fijian, South African Grocery*

## ਏਸ਼ੀਅਨ ਵੈਸਟ੍ਰਨ ਗਰ੍ਰੋਸਰੀ ਐਂਡ ਮੂਵੀ ਸਟੋਰ

ਸਾਫ ਸੁਥਰੀ ਅਤੇ ਵਧੀਆ ਗਰ੍ਰੋਸਰੀ,ਵਧੀਆ ਸਬਜ਼ੀਆਂ, ਮੀਟ, ਹਰ ਤਰਾਂ ਦੇ ਭਾਂਡੇ, ਇੰਡੀਆ ਕਾਲ ਕਰਨ ਲਈ ਕਾਰਡ, ਨਵੀਆਂ ਮੂਵੀਆਂ - ਡਰਾਮੇ ਅਤੇ ਸੀਡੀਆਂ ਆਦਿ ਵਾਜਬ ਕੀਮਤ ਤੇ ਲੈਣ ਲਈ ਸਾਡੇ ਸਟੋਰ ਤੇ ਇੱਕ ਗੇੜਾ ਜ਼ਰੂਰ ਮਾਰੋ।











For more information call
Balraj @
**780-756-2225**
**780-660-2061**


6TH Anniversary Special
NIRVANA
NIRVANA ENTERTAINMENT INC.
NIRVANA
Lunch & Dinner Buffet
7 Days a Week
(Veg. & Non-Veg.)
$9.99
KHOYA MITHAI $6.99/LB
JALEBI $1.99
LADDO $2.99
SAMOSAS 3 for $1
Catering $10/head
Book Any Banquet Party
$ 20.00
per person
NIRVANA
1009 - 5075 Falconridge Blvd, N.E.
403-590-9797
www.nirvanacalgary.com / nirvanaentertainmentinc.com

# ਗ਼ਦਰ ਲਹਿਰ ਦੀ ਕਵਿਤਾ ਵਿਚ ਪੂਰੇ ਰਾਸ਼ਟਰ ਦੀ ਆਜ਼ਾਦੀ ਦਾ ਤਸੱਵੁਰ : ਡਾ. ਤੇਜਵੰਤ ਸਿੰਘ ਗਿੱਲ



ਸਾਲ 2013 ਵਿਚ ਗ਼ਦਰ ਪਾਰਟੀ ਦੀ ਵਰ੍ਹੇਗੰਢ ਪੈਂਦੀ ਹੈ। ਗ਼ਦਰ ਲਹਿਰ ਭਾਰਤ ਦੇ ਸੁਤੰਤਰਤਾ ਸੰਗਰਾਮ ਦੀ ਵੱਡੀ ਰਾਜਸੀ ਘਟਨਾ ਸੀ। 'ਨਵੀਂ ਦੁਨੀਆ' ਦੇ ਆਉਂਦੇ ਅੰਕਾਂ ਵਿਚ ਅਸੀਂ ਇਸ ਲਹਿਰ ਦੇ ਵੱਖ-ਵੱਖ ਪੱਖਾਂ ਉਪਰ ਨਾਮਵਰ ਵਿਦਵਾਨਾਂ ਦੇ ਵਿਚਾਰ ਪੇਸ਼ ਕਰਾਂਗੇ, ਗ਼ਦਰੀ ਦੇਸ਼ ਭਗਤਾਂ ਦੀਆਂ ਸੰਖੇਪ ਜੀਵਨੀਆਂ ਪ੍ਰਕਾਸ਼ਿਤ ਕਰਾਂਗੇ ਤੇ ਗ਼ਦਰ ਲਹਿਰ ਦੀਆਂ ਅਹਿਮ ਘਟਨਾਵਾਂ ਦਾ ਉਲੇਖ ਵੀ ਕਰਾਂਗੇ। ਇਸ ਵਾਰ ਅਸੀਂ ਗ਼ਦਰ ਲਹਿਰ ਦੀ ਕਵਿਤਾ ਬਾਰੇ ਇੰਟਰਵਿਊ ਦੀ ਸ਼ਕਲ ਵਿਚ ਡਾ. ਤੇਜਵੰਤ ਸਿੰਘ ਗਿੱਲ ਦੇ ਵਿਚਾਰ ਪੇਸ਼ ਕਰ ਰਹੇ ਹਾਂ, ਨਾਲ ਹੀ ਗ਼ਦਰੀ ਕਵੀਆਂ ਦੀਆਂ ਕੁਝ ਕਵਿਤਾਵਾਂ ਵੀ ਪਾਠਕਾਂ ਦੀ ਨਜ਼ਰ ਕੀਤੀਆਂ ਜਾ ਰਹੀਆਂ ਹਨ

– ਸੰਪਾਦਕ



ਮੁਲਾਕਾਤੀ : ਪ੍ਰੋ. ਰਾਕੇਸ਼ ਰਮਨ

? : ਡਾ. ਸਾਹਿਬ, ਗ਼ਦਰ ਲਹਿਰ ਦੀ ਕਵਿਤਾ ਨੂੰ ਪੰਜਾਬੀ ਸਾਹਿਤ ਇਤਿਹਾਸ ਵਿਚ ਜੋ ਸਥਾਨ ਹਾਸਲ ਹੈ, ਕੀ ਉਹ ਕਾਫੀ ਹੈ?

ਡਾ. ਗਿੱਲ : ਮੇਰੀ ਸਮਝ ਅਨੁਸਾਰ ਇਸ ਲਹਿਰ ਦੀ ਕਵਿਤਾ ਨੂੰ ਜੋ ਸਥਾਨ ਹਾਸਲ ਹੈ, ਉਸ ਤੋਂ ਜ਼ਿਆਦਾ ਦੀ ਇਹ ਹੱਕਦਾਰ ਹੈ। ਦਰਅਸਲ, ਇਸ ਕਵਿਤਾ ਦੀ ਭਾਵੁਕ ਪ੍ਰਸੰਸਾ ਨੇ ਵੀ ਇਸ ਦੇ ਕਈ ਪੱਖਾਂ ਬਾਰੇ ਮਿਆਰੀ ਰਾਇ ਨਹੀਂ ਬਣਨ ਦਿੱਤੀ। ਗ਼ਦਰ ਲਹਿਰ ਦੀ ਕਵਿਤਾ ਨੂੰ ਸਹੀ ਸਥਾਨ ਤਦ ਹੀ ਹਾਸਲ ਹੋ ਸਕਦਾ ਹੈ ਜੇਕਰ ਇਸ ਦਾ ਸਰਬਪੱਖੀ ਵਿਸ਼ਲੇਸ਼ਣ ਅਤੇ ਮੁਲੰਕਣ ਹੋਵੇ। ਇਸ ਦਿਸ਼ਾ ਵਿਚ ਮੈਂ ਕੁਝ ਯਤਨ ਆਰੰਭ ਵੀ ਕਰ ਰਿਹਾ ਹਾਂ।

? ਗ਼ਦਰ ਲਹਿਰ ਦੀ ਕਵਿਤਾ ਨੂੰ ਤੁਸੀਂ ਪ੍ਰਮੁੱਖ ਤੌਰ 'ਤੇ ਕਿਹੜਿਆਂ ਨੁਕਤਿਆਂ ਉਪਰ ਕੇਂਦਰਿਤ ਕਰਦੇ ਹੋ?

ਡਾ. ਗਿੱਲ : ਇਸ ਕਵਿਤਾ ਦੇ ਬੁਨਿਆਦੀ ਨੁਕਤੇ ਉਹ ਹਨ, ਜਿਨ੍ਹਾਂ ਦੀ ਸਿੱਧੀ ਸਾਂਝ ਗ਼ਦਰ ਲਹਿਰ ਦੀ ਆਤਮਾ ਨਾਲ ਬਣਦੀ ਹੈ। ਇਸ ਕਵਿਤਾ ਦਾ ਵਕਤਾ ਵੀ ਸਰੋਤਾ ਵੀ ਦੋਵੇਂ ਹੀ ਸਮੂਹ ਹਨ। ਬਾਕੀ ਦੀ ਪੰਜਾਬੀ ਕਵਿਤਾ ਨਾਲੋਂ ਇਸ ਦਾ ਨਿਖੇੜਾ ਆਮ ਕਰਕੇ ਸਮੂਹਿਕਤਾ ਦੇ ਆਧਾਰ ਉਤੇ ਹੁੰਦਾ ਨਜ਼ਰ ਆਉਂਦਾ ਹੈ। ਦੂਸਰੀ ਪੰਜਾਬੀ ਕਵਿਤਾ ਵਿਚ 'ਮੈਂ' ਦੀ ਕਾਫ਼ੀ ਪ੍ਰਧਾਨਤਾ ਹੈ। ਇਸ ਕਵਿਤਾ ਦੇ ਮਹੱਤਵ ਨੂੰ ਸਥਾਪਤ ਕਰਨ ਵਾਲਾ ਦੂਜਾ ਨੁਕਤਾ ਇਸ ਦੇ ਉਦੇਸ਼ ਨਾਲ ਸਬੰਧ ਰੱਖਦਾ ਹੈ। ਇਸ ਕਵਿਤਾ ਦਾ ਇਕ ਨਿਸ਼ਚਿਤ ਰਾਜਸੀ ਮੰਤਵ ਹੈ ਤੇ ਉਹ ਹੈ ਦੇਸ਼ ਦੀ ਆਜ਼ਾਦੀ।

? ਗ਼ਦਰ ਲਹਿਰ ਦੀ ਕਵਿਤਾ ਵਿਚ ਦੇਸ਼ ਦੀ ਆਜ਼ਾਦੀ ਦਾ ਸੰਕਲਪ ਕੀ ਹੈ?

ਡਾ. ਗਿੱਲ : ਮੁਢਲੇ ਰੂਪ ਵਿਚ ਇਹ ਦੇਸ਼ ਦੀ ਰਾਜਸੀ ਆਜ਼ਾਦੀ ਦਾ ਹੀ ਉਦੇਸ਼ ਹੈ। ਇਸ ਆਜ਼ਾਦੀ ਵਿਚ ਕਿਰਤੀ ਵਰਗ ਦੀ ਮੁਕਤੀ ਦਾ ਪ੍ਰਤੀਬਿੰਬ ਵੀ ਦੇਖਿਆ ਜਾ ਸਕਦਾ ਹੈ। ਪੰਜਾਬ ਦੀ ਭੂਮਿਕਾ ਆਜ਼ਾਦੀ ਦੀ ਲਹਿਰ ਨੂੰ ਆਰੰਭ ਕਰਨ ਵਾਲੀ ਹੈ, ਇਸ ਆਜ਼ਾਦੀ ਨੇ ਪੂਰੇ ਦੇਸ਼ ਦੀ ਆਜ਼ਾਦੀ ਦੇ ਰੂਪ ਵਿਚ ਮੁਕੰਮਲ ਹੋਣਾ ਹੈ। ਤੁਸੀਂ ਵੇਖਿਆ ਹੀ ਹੈ ਕਿ ਇਸ ਕਵਿਤਾ ਵਿਚ 'ਹਿੰਦ ਵਾਸੀਓ' ਸੰਬੋਧਨ ਆਉਂਦਾ ਹੈ ਤੇ ਇਹ ਵਾਰ-ਵਾਰ ਆਉਂਦਾ ਹੈ, ਇਸ ਤੋਂ ਪ੍ਰਮਾਣਿਤ ਹੁੰਦਾ ਹੈ ਕਿ ਗ਼ਦਰ ਲਹਿਰ ਦੀ ਕਵਿਤਾ ਵਿਚ ਪੂਰੇ ਰਾਸ਼ਟਰ ਦੀ ਆਜ਼ਾਦੀ ਦਾ ਤਸੱਵੁਰ ਹੈ।

? : ਗ਼ਦਰ ਲਹਿਰ ਦੀ ਕਵਿਤਾ ਵਿਚ ਗ਼ਦਰੀਆਂ ਦੀ ਭੂਮਿਕਾ ਨੂੰ ਕਿਵੇਂ ਦੇਖਿਆ ਗਿਆ ਹੈ?

ਡਾ. ਗਿੱਲ : ਇਹ ਸਵਾਲ ਬਹੁਤ ਮਹੱਤਵਪੂਰਨ ਹੈ, ਗ਼ਦਰੀ ਕਵੀ ਆਪਣੇ ਫਿਰਕੇ ਤੋਂ ਬਾਹਰਲੇ ਲੋਕਾਂ ਨੂੰ ਵਡਿਆਉਣ ਦੀ ਦਰਿਆਦਿਲੀ ਦਿਖਾਉਂਦੇ ਹਨ।

? : ਤੁਹਾਡਾ ਮਤਲਬ, ਉਹ ਗ਼ੈਰ ਸੰਪ੍ਰਦਾਇਕ ਦ੍ਰਿਸ਼ਟੀ ਰੱਖਦੇ ਸਨ?

ਡਾ. ਗਿੱਲ : ਨਹੀਂ, ਉਹ ਤਾਂ ਗ਼ੈਰ ਸੰਪ੍ਰਦਾਇਕਤਾ ਤੋਂ ਵੀ ਅੱਗੇ ਲੰਘ ਗਏ ਸਨ। ਦਰਅਸਲ, ਉਨ੍ਹਾਂ ਲਈ ਸੰਪ੍ਰਦਾਇ ਕੋਈ ਮਹੱਤਵ ਹੀ ਨਹੀਂ ਸੀ ਰੱਖਦਾ, ਉਹ ਲਹਿਰ ਵਿਚ ਯੋਗਦਾਨ ਦੇਣ ਵਾਲਿਆਂ ਨੂੰ ਵਡਿਆਉਂਦੇ ਸਨ ਤੇ ਜੇ ਕੋਈ ਲਹਿਰ ਤੋਂ ਵੱਖ ਵੀ ਹੋ ਜਾਂਦਾ ਸੀ ਤਾਂ ਉਸ ਨੂੰ ਵੀ ਛੁਟਿਆਉਂਦੇ ਨਹੀਂ ਸਨ, ਇਸ ਪ੍ਰਸੰਗ ਵਿਚ ਡਾ. ਹਰਦਿਆਲ ਦਾ ਹਵਾਲਾ ਦਿੱਤਾ ਜਾ ਸਕਦਾ ਹੈ, ਜੋ ਗ਼ਦਰ ਲਹਿਰ ਤੋਂ ਪਾਸੇ ਹਟ ਗਿਆ ਸੀ, ਪਰ ਗ਼ਦਰ ਲਹਿਰ ਦੀ ਕਵਿਤਾ ਵਿਚ ਉਸ ਦੀ ਸ਼ਾਨ ਦੇ ਖਿਲਾਫ਼ ਕਦੇ ਇਕ ਲਫ਼ਜ਼ ਵੀ ਨਹੀਂ ਕਿਹਾ ਗਿਆ। ਇਹ ਉਨ੍ਹਾਂ ਲੋਕਾਂ ਦੀ, ਜਿਨ੍ਹਾਂ ਨੂੰ ਪੜ੍ਹਨ-ਲਿਖਣ ਦਾ ਮੌਕਾ ਨਹੀਂ ਮਿਲਿਆ ਜਾਂ ਬਹੁਤ ਘੱਟ ਮੌਕਾ ਮਿਲਿਆ, ਬੇਮਿਸਾਲ ਦਰਿਆਦਿਲੀ ਦੀ ਕਵਿਤਾ ਹੈ।

? : ਇਸ ਕਵਿਤਾ ਦੇ ਕੋਈ ਹੋਰ ਲੱਛਣ ਜੋ ਇਸ ਨੂੰ ਲੋਕ ਸਮੂਹ ਦੀ ਕਵਿਤਾ ਦਾ ਕਿਰਦਾਰ ਬਖ਼ਸ਼ਦੇ ਹੋਣ?

ਡਾ. ਗਿੱਲ : ਗ਼ਦਰ ਲਹਿਰ ਦੀ ਕਵਿਤਾ ਬਹੁਪਰਤੀ ਨਹੀਂ ਹੈ, ਇਸ ਕਰਕੇ ਇਹ ਇਕਾਂਤ ਵਿਚ ਬੈਠ ਕੇ ਪੜ੍ਹਨ ਵਾਲੀ ਕਵਿਤਾ ਨਹੀਂ, ਹਿਹ ਸਰੋਤਾ ਮੁਖੀ ਕਵਿਤਾ ਹੈ। ਇਹ ਇਕੱਠ ਵਿਚ ਬੈਠ ਕੇ ਸੁਣਨ ਵਾਲੀ ਕਵਿਤਾ ਹੈ। ਇਸ ਕਵਿਤਾ ਦਾ ਪਾਠਕ ਮੁਖੀ ਹੋਣ ਦੀ ਬਜਾਏ ਸਰੋਤਾਮੁਖੀ ਇਸ ਨੂੰ ਸਮੂਹਿਕਤਾ ਦਾ ਚਰਿੱਤਰ ਪ੍ਰਦਾਨ ਤਾਂ ਕਰਦਾ ਹੀ ਹੈ, ਨਾਲ ਹੀ ਸਮੂਹ ਦੇ ਆਪਣੇ ਸੁਹਜ ਸੁਆਦ ਵੀ ਇਸ ਕਵਿਤਾ ਵਿਚ ਆ ਰਲਦੇ ਹਨ। ਮਸਲਨ, ਇਸ ਕਵਿਤਾ ਵਿਚ ਹਰਮਨ ਪਿਆਰੇ ਲੋਕਧਾਰਾਈ ਛੰਦਾਂ ਦੀ ਵਰਤੋਂ ਕੀਤੀ ਗਈ ਹੈ। ਬੈਂਤ, ਕੋਰੜਾ ਆਦਿ ਛੰਦ ਇਸ ਦੀ ਲੋਕਮੁਖੀ ਬਿਰਤੀ ਦੇ ਹੀ ਸੂਚਕ ਹਨ।

? : ਕੋਈ ਹੋਰ ਗੱਲ ਜੋ ਗ਼ਦਰ ਪਾਰਟੀ ਲਹਿਰ ਦੀ ਕਵਿਤਾ ਬਾਰੇ ਕਹਿਣੀ ਬਣਦੀ ਹੋਵੇ।

ਡਾ. ਗਿੱਲ : ਇਹ ਇਸਦੇ ਸਰੂਪ ਬਾਰੇ ਹੈ, ਜਿਵੇਂ ਕਿ ਮੈਂ ਪਹਿਲਾਂ ਹੀ ਕਿਹਾ ਹੈ ਕਿ ਇਹ ਕਵਿਤਾ ਸਰੋਤਾਮੁਖੀ ਹੈ, ਇਸ ਲਈ ਇਹ ਕਿਸੇ ਨਿਸ਼ਚਿਤ ਪਾਠ ਵਿਚ ਨਹੀਂ ਢਲਦੀ, ਇਹ ਇਕ ਪ੍ਰਵਚਨ ਦੇ ਰੂਪ ਵਿਚ ਹੈ, ਆਪਣੇ ਸਮੇਂ ਦੇ ਹਿਸਾਬ ਨਾਲ ਇਹ ਪ੍ਰਵਚਨ ਦੇ ਰੂਪ ਵਿਚ ਹੀ ਵਧੇਰੇ ਪ੍ਰਸੰਗਿਕ ਅਤੇ ਪ੍ਰਵਾਨਿਤ ਹੋ ਸਕਦੀ ਸੀ।

? : ਪੰਜਾਬੀ ਦੀ ਉਚੇਰੀ ਕਵਿਤਾ ਵਿਚ ਵਧੇਰੇ ਸਵੀਕਾਰੇ ਗਏ ਗ਼ਦਰੀਆਂ ਦੇ ਸਮਕਾਲੀ ਕਵੀਆਂ, ਭਾਈ ਵੀਰ ਸਿੰਘ ਅਤੇ ਪ੍ਰੋ. ਪੂਰਨ ਸਿੰਘ ਤੋਂ ਗ਼ਦਰੀ ਕਵੀਆਂ ਦੀ ਵੱਖਰਤਾ ਕੀ ਸੀ?

ਡਾ. ਗਿੱਲ : ਇਹ ਵੱਖਰਤਾ ਬੜੀ ਅਰਥ ਭਰਪੂਰ ਹੈ, ਇਹ ਸਿੱਖ ਇਤਿਹਾਸ ਪ੍ਰਤੀ ਦੋ ਵੱਖੋ ਵੱਖਰੇ ਦ੍ਰਿਸ਼ਟੀਕੋਣਾਂ ਵਿਚ ਦੇਖੀ ਜਾ ਸਕਦੀ ਹੈ, ਜਿਥੇ ਭਾਈ ਵੀਰ ਸਿੰਘ ਤੇ ਪ੍ਰੋ. ਪੂਰਨ ਸਿੰਘ ਸਿੱਖ ਗੁਰੂ ਸਾਹਿਬਾਨ ਨੂੰ ਦੈਵੀ ਪੁਰਸ਼ਾਂ ਵਜੋਂ ਆਪਣੀ ਕਵਿਤਾ ਵਿਚ ਵਡਿਆਉਂਦੇ ਹਨ, ਉਥੇ ਗ਼ਦਰੀ ਕਵੀ ਉਨ੍ਹਾਂ ਨੂੰ ਯੁੱਗ ਪਲਟਾਊ ਸੰਸਾਰਕ ਵਿਅਕਤੀਆਂ ਵਜੋਂ ਪੇਸ਼ ਕਰਦੇ ਹਨ। ਇਹ ਰੁਝਾਨ ਪੰਜਾਬੀ ਕਵਿਤਾ ਲਈ ਨਾ ਕੇਵਲ ਨਵਾਂ ਸੀ, ਸਗੋਂ ਵਧੇਰੇ ਪ੍ਰਸੰਗਿਕ ਵੀ ਸੀ, ਮਗਰੋਂ ਤੀਹਵਿਆਂ ਵਿਚ ਪ੍ਰਗਤੀਵਾਦੀ ਸਾਹਿਤਧਾਰਾ ਵਿਚ ਇਹ ਰੁਝਾਨ ਹੋਰ ਵੀ ਜ਼ੋਰ ਫੜ ਗਿਆ ਤੇ ਸਿੱਖ ਇਤਿਹਾਸ ਦੀ ਪੁਨਰ-ਵਿਆਖਿਆ ਦੀ ਸੰਭਾਵਨਾ ਬਣ ਗਈ, ਜਿਸ ਦੇ ਤਹਿਤ ਸਿੱਖ ਇਤਿਹਾਸ ਨੂੰ ਕਿਸਾਨੀ ਦੇ ਅੰਦੋਲਨ ਵਜੋਂ ਪਰਿਭਾਸ਼ਿਤ ਕੀਤਾ ਗਿਆ। ਸੋ, ਦੱਬੇ-ਕੁਚਲੇ ਲੋਕਾਂ ਦੀ ਸਮਾਜਿਕ ਮੁਕਤੀ ਦੇ ਮਾਡਲ ਵਜੋਂ ਸਿੱਖ ਇਤਿਹਾਸ ਨੂੰ ਉਭਾਰਨ ਵਾਲੀ ਪਹਿਲੀ ਪੰਜਾਬੀ ਕਵਿਤਾ ਗ਼ਦਰ ਲਹਿਰ ਦੀ ਕਵਿਤਾ ਹੀ ਸੀ।

? : ਕਈ ਚਿੰਤਕਾਂ ਦਾ ਵਿਚਾਰ ਹੈ ਕਿ ਲਹਿਰ ਦੀ ਕਵਿਤਾ ਭਵਿੱਖ ਵਿਚ ਤਾਂ ਹੀ ਪ੍ਰਵਾਨ ਚੜ੍ਹਦੀ ਹੈ ਜਦੋਂ ਇਨ੍ਹਾਂ ਲਹਿਰਾਂ ਦੀਆਂ ਸਮਰਥਕ ਜਥੇਬੰਦੀਆਂ ਅਤੇ ਵਿਅਕਤੀ ਮਜ਼ਬੂਤੀ ਨਾਲ ਲਹਿਰ ਦੇ ਕਵੀਆਂ/ਕਵਿਤਾ ਦਾ ਪ੍ਰਚਾਰ ਕਰਦੇ ਰਹਿਣ। ਗੁਰਮਤਿ ਕਾਵਿ ਧਾਰਾ (ਭਾਈ ਵੀਰ ਸਿੰਘ) ਤੋਂ ਮਗਰੋਂ ਨਕਸਲਵਾਦੀ ਲਹਿਰ ਦੀ ਕਵਿਤਾ (ਪਾਸ਼, ਦਿਲ) ਦਾ ਹਵਾਲਾ ਵੀ ਉਹ ਇਸ ਪ੍ਰਸੰਗ ਵਿਚ ਦਿੰਦੇ ਹਨ।

ਡਾ. ਗਿੱਲ : ਮੈਂ ਇਸ ਧਾਰਨਾ ਨਾਲ ਸਹਿਮਤ ਨਹੀਂ ਹਾਂ। ਦਰਅਸਲ, ਗ਼ਦਰੀ ਰਾਜਸੀ ਆਗੂ ਤੇ ਕਾਰਕੁੰਨ ਸਨ, ਭਾਵ ਪਹਿਲਾਂ ਉਹ ਰਾਜਸੀ ਵਿਅਕਤੀ ਸਨ ਤੇ ਬਾਅਦ ਵਿਚ ਕਵੀ। ਉਨ੍ਹਾਂ ਨੇ ਕਵਿਤਾ ਨੂੰ ਆਪਣੇ ਰਾਜਸੀ ਮੰਤਵ ਦੀ ਸਿੱਧੀ ਦਾ ਹਥਿਆਰ ਬਣਾਇਆ, ਦੂਜੇ ਪਾਸੇ ਪਾਸ਼ ਅਤੇ ਦਿਲ ਪਹਿਲਾਂ ਕਵੀ ਸਨ ਤੇ ਬਾਅਦ ਵਿਚ ਰਾਜਸੀ ਵਿਅਕਤੀ, ਰਾਜਸੀ ਵਿਅਕਤੀ ਤਾਂ ਉਹ ਸਗੋਂ ਬਹੁਤ ਘੱਟ ਸਨ। ਇਸ ਲਈ ਉਨ੍ਹਾਂ ਦੀ ਕਵਿਤਾ ਵਧੇਰੇ ਮਹੱਤਵ ਗ੍ਰਹਿਣ ਕਰ ਗਈ। ਕਈ ਨਕਸਲਵਾੜੀ ਕਵੀ ਲਹਿਰ ਵਿਚ ਵੱਡੇ ਰਾਜਸੀ ਆਗੂਆਂ ਦੀ ਹੈਸੀਅਤ ਰੱਖਦੇ ਸਨ, ਪਰ ਉਨ੍ਹਾਂ ਦੀ ਕਵਿਤਾ ਜ਼ਿਆਦਾ ਪ੍ਰਭਾਵਿਤ ਨਹੀਂ ਕਰਦੀ ਜਿਵੇਂ ਕਿ ਦਰਸ਼ਨ ਖਟਕੜ ਦੀ ਕਵਿਤਾ।

? : ਗ਼ਦਰ ਲਹਿਰ ਦੀ ਕਵਿਤਾ ਵਿਚ ਤੁਹਾਡੀ ਜਾਚੇ ਪੜਾਅਵਾਰ ਪਰਿਵਰਤਨ ਕਿਹੜੇ ਆਏ।

ਡਾ. ਗਿੱਲ : ਗ਼ਦਰ ਲਹਿਰ ਦੇ ਦੋ ਪੜਾਅ ਹਨ, ਪਹਿਲੇ ਪੜਾਅ 'ਤੇ ਗ਼ਦਰੀ ਜੋਸ਼ ਨਾਲ ਭਰਪੂਰ ਹਨ, ਉਨ੍ਹਾਂ ਨੂੰ ਭਰੋਸਾ ਹੈ ਕਿ ਉਹ ਹਥਿਆਰਬੰਦ ਘੋਲ ਰਾਹੀਂ ਨਿਸ਼ਚਿਤ ਰੂਪ ਵਿਚ ਆਪਣਾ ਨਿਸ਼ਾਨਾ ਸਰ ਕਰ ਲੈਣਗੇ। ਇਸ ਪੜਾਅ ਤੱਕ ਦੀ ਸਾਰੀ ਗ਼ਦਰੀ ਕਵਿਤਾ ਵਿਚ ਜਜ਼ਬੇ ਦਾ ਵੇਗ ਬਹੁਤ ਤੀਬਰ ਹੈ ਤੇ ਇਹ ਸਾਮਰਾਜੀ ਰਣਨੀਤੀ ਤੋਂ ਕਾਫੀ ਬੇਖ਼ਬਰ ਹੈ।

ਦੂਜੇ ਪੜਾਅ 'ਤੇ, ਜਦੋਂ ਗ਼ਦਰ ਲਹਿਰ ਆਪਣਾ ਨਿਸ਼ਾਨਾ ਹਾਸਲ ਕਰਨ ਵਿਚ ਸਫ਼ਲ ਨਹੀਂ ਹੁੰਦੀ, ਗ਼ਦਰੀ ਕਵਿਤਾ ਵਿਚ ਜੋਸ਼ ਅੰਦਰ ਹੋਸ਼ ਦਾ ਸਮਾਵੇਸ਼ ਹੁੰਦਾ ਹੈ। ਲਹਿਰ ਦੀ ਅਸਫ਼ਲਤਾ ਦੇ ਕਾਰਨਾਂ ਵੱਲ ਧਿਆਨ ਮੁੜਦਾ ਹੈ। ਇਸ ਪੜਾਅ 'ਤੇ ਗ਼ਦਰੀ ਪੰਜਾਬ ਦਾ ਸਮਾਜਿਕ ਅਧਿਐਨ ਕਰਦੇ ਹਨ ਤੇ ਪਾਉਂਦੇ ਹਨ ਕਿ ਅੰਗਰੇਜ਼ ਹਕੂਮਤ ਨੇ ਪੰਜਾਬ ਵਿਚ ਲੋਕ ਰੋਹ ਅਥਵਾ ਵਿਦਰੋਹ ਨਾਲ ਨਜਿੱਠਣ ਲਈ ਇਕ ਪਿੱਠੂ ਸ਼੍ਰੇਣੀ ਮਜ਼ਬੂਤ ਕਰ ਲਈ ਸੀ, ਲੰਬੜਦਾਰ, ਜ਼ੈਲਦਾਰ ਆਦਿ ਟੁੱਕੜਬੋਚ ਗ਼ਦਰੀ ਕਵਿਤਾ ਵਿਚ ਸਾਮਰਾਜ ਦੀ ਰਣਨੀਤੀ ਨੂੰ ਦਰਸਾਉਂਦੇ ਹਨ। ਗ਼ਦਰੀ ਲਹਿਰ ਦੀ ਕਵਿਤਾ ਵਿਚ ਸਮਾਜ ਦਾ ਇਹ ਵਿਸ਼ਲੇਸ਼ਣ ਹਾਲਾਂਕਿ ਕਾਫ਼ੀ ਸੀਮਤ ਹੈ, ਫਿਰ ਵੀ ਹੋਸ਼ ਦੀ ਦ੍ਰਿਸ਼ਟੀ ਤੋਂ ਮਹੱਤਵਪੂਰਨ ਹੈ। ਗ਼ਦਰੀ ਵਿਸ਼ਵ ਸਿਆਸਤ ਬਾਰੇ ਅਜੇ ਵੀ ਭਾਵ ਇਸ ਪੜਾਅ 'ਤੇ ਵੀ ਕੋਈ ਪਰਿਪੱਕ ਸਮਝ ਬਣਾਉਣ ਵਿਚ ਅਸਫ਼ਲ ਰਹਿੰਦੇ ਹਨ।

? : ਦੇਸ਼ ਦੀ ਸੁਤੰਤਰਤਾ ਲਈ ਕੀ ਜਰਮਨ ਸਹਿਯੋਗ 'ਤੇ ਟੇਕ ਰੱਖਣੀ ਵਾਜਬ ਨਹੀਂ ਸੀ।

ਡਾ. ਗਿੱਲ : ਗ਼ਦਰੀ ਇਸ ਤੱਥ ਨੂੰ ਸ਼ਾਇਦ ਨਜ਼ਰ ਅੰਦਾਜ਼ ਕਰ ਗਏ ਕਿ ਉਦੋਂ ਜਰਮਨੀ ਵੀ ਬਰਤਾਨੀਆ ਵਾਂਗ ਇਕ ਸਾਮਰਾਜੀ ਮੁਲਕ ਸੀ, ਉਹ ਇਕ ਹੋਰ ਤੱਥ ਨੂੰ ਵੀ ਅਣਡਿੱਠ ਕਰ ਗਏ ਕਿ ਉਸ ਵੇਲੇ ਦੀ ਜਰਮਨ ਸਰਕਾਰ ਖ਼ੁਦ ਵੀ ਆਪਣੇ ਦੇਸ਼ ਦੀਆਂ ਲੋਕ ਲਹਿਰਾਂ ਨੂੰ ਸਖ਼ਤੀ ਨਾਲ ਕੁਚਲ ਰਹੀ ਸੀ ਤੇ ਰੋਜ਼ਾ ਲਕਜ਼ਮਬਰਗ ਵਰਗੀਆਂ ਨੇਤਾਵਾਂ 'ਤੇ ਬੇਇੰਤਹਾ ਤਸ਼ੱਦਤ ਢਾਹਿਆ ਜਾ ਰਿਹਾ ਸੀ। ਦਰਅਸਲ, ਇਹੀ ਉਹ ਧਿਰਾਂ ਸਨ ਜਿਹੜੀਆਂ ਗ਼ਦਰੀਆਂ ਦੀ ਭਾਵਨਾ ਅਤੇ ਮੰਤਵ ਨਾਲ ਮੇਲ ਖਾਂਦੀਆਂ ਸਨ, ਪਰ ਗ਼ਦਰੀਆਂ ਦੀ ਕਵਿਤਾ ਵਿਚ ਵੀ ਇਨ੍ਹਾਂ ਦਾ ਕੋਈ ਇਸ਼ਾਰਾ ਨਹੀਂ ਮਿਲਦਾ। ਹਰਦਿਆਲ ਵਰਗਾ ਬੁੱਧੀਜੀਵੀ ਵੀ ਇਨ੍ਹਾਂ ਦਾ ਜ਼ਿਕਰ ਨਹੀਂ ਕਰਦਾ। ਇਸ ਤਰ੍ਹਾਂ ਦੀਆਂ ਹਾਲਤਾਂ ਵਿਚ ਰਣਨੀਤਕ ਅਤੇ ਨੈਤਿਕ ਦੋਹਾਂ ਪੱਖੋਂ ਤੋਂ ਹੀ ਗ਼ਦਰੀਆਂ ਦਾ ਉਸ ਸਮੇਂ ਦੀ ਜਰਮਨ ਸਰਕਾਰ ਦੇ ਸਹਿਯੋਗ 'ਤੇ ਟੇਕ ਰੱਖਣਾ ਉਚਿਤ ਨਹੀਂ ਸੀ।

? : ਦੂਜੇ ਪੜਾਅ 'ਤੇ ਗ਼ਦਰੀਆਂ ਵਿਚ ਕੋਈ ਨਵੀਂ ਸਮਝ ਵੀ ਉਭਰ ਰਹੀ ਸੀ।

ਡਾ. ਗਿੱਲ : ਇਸ ਪੜਾਅ 'ਤੇ ਵਿਆਪਕ ਨਿਰਾਸ਼ਤਾ ਦੀ ਸੰਭਾਵਨਾ ਵੀ ਸੀ ਪਰ ਗ਼ਦਰੀਆਂ ਵਿਚ ਆਸ ਦੀ ਕਿਰਨ ਨੇ ਆਪਣੀ ਹੋਂਦ ਬਣਾਈ ਰੱਖੀ। ਗ਼ਦਰੀ ਭਾਵੇਂ ਆਪਣੇ ਵੇਲੇ ਦੇ ਸਮਾਜ ਦਾ ਕੋਈ ਗਹਿਰਾ ਤੇ ਪ੍ਰਮਾਣਿਕ ਵਿਸ਼ਲੇਸ਼ਣ ਤਾਂ ਨਹੀਂ ਕਰ ਸਕੇ, ਪਰ ਉਨ੍ਹਾਂ ਦੀ ਇਹ ਬਾਕਮਾਲ ਸਮਝ ਬਣੀ ਕਿ ਅਜੇ ਵੀ ਪੰਜਾਬ ਦੇ ਕਿਸਾਨਾਂ ਨੂੰ ਸਾਮਰਾਜ ਵਿਰੁੱਧ

### ਗੀਤ

ਹਿੰਦ ਦੇ ਬਹਾਦਰੋ ਕਿਉਂ ਬੈਠੇ ਚੁੱਪ ਜੀ,
ਅੱਗ ਲੱਗੀ ਦੇਸ ਨ ਸਹਾਰੋ ਦੁਖ ਜੀ।
ਬੁਝਣੀ ਇਹ ਤਾਂ ਹੈ ਸਰੀਰ ਤੱਜ ਕੇ,
ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ।

ਸਿਰ ਦਿੱਤੇ ਬਾਝ ਨਹੀਂ ਕੰਮ ਸਰਨਾ,
ਯੁੱਧ ਵਿਚ ਪਵੇਗਾ ਜ਼ਰੂਰ ਮਰਨਾ।
ਪਾਵੋ ਲਲਕਾਰ ਸ਼ੇਰਾਂ ਵਾਂਗ ਗੱਜ ਕੇ,
ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ।

ਮਾਰ ਲਈਏ ਵੈਰੀ, ਮਰ ਜਾਈਏ ਆਪ ਜਾਂ,
ਕਾਇਰਤਾ ਗਰੀਬੀ ਮਿਟ ਜਾਏ ਤਾਪ ਜਾਂ।
ਪਾ ਲਈਏ ਸ਼ਹੀਦੀ ਸਿੰਘ ਸ਼ੇਰ ਸੱਜ ਕੇ,
ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ।

ਰੱਖੋ ਨਾ ਫਿਕਰ ਵੀਰੋ ਮਰਨ ਜੀਣ ਦੀ,
ਧਾਰੋ ਨੀਤ ਵੈਰੀਆਂ ਦਾ ਲਹੂ ਪੀਣ ਦੀ।
'ਜਾਨ ਨਾ ਪਿਆਰੀ' ਮੂੰਹੋਂ ਬੋਲੋ ਗੱਜ ਕੇ,
ਬਣੀ ਸਿਰ ਸ਼ੇਰਾਂ ਦੇ ਕੀ ਜਾਣਾ ਭੱਜ ਕੇ।

### ਗ਼ਦਰ ਪ੍ਰੇਮ

ਨਾਲ ਦਿਲੀ ਪ੍ਰੇਮ ਦੇ 'ਗ਼ਦਰ' ਪੜ੍ਹਣਾ,
ਇਹਦੇ ਨਾਲ ਹੀ ਬਚੇਗੀ ਜਾਨ ਸਾਡੀ।

ਠੀਕ 'ਗ਼ਦਰ' ਨੂੰ ਪੀੜ ਮਲੂਮ ਸਾਡੀ,
ਹੋਰ ਕਿਸੇ ਨੂੰ ਲਾਭ ਨਾ ਹਾਣ ਸਾਡੀ।

ਬੇੜੀ ਜਾਂਵਦੀ ਸੀ ਰੁੜੀ ਵਿਚ ਸ਼ਹੁ ਦੇ,
ਫੜੀ 'ਗ਼ਦਰ ਮਲਾਹ ਨੇ ਆਣ ਸਾਡੀ।

ਸਾਨੂੰ 'ਗ਼ਦਰ' ਨੇ ਆਣ ਕੇ ਖ਼ਬਰ ਦਿੱਤੀ,
ਖੇਤੀ ਖਾਂਵਦੀ ਜਾਂਵਦੀ ਬਾੜ ਸਾਡੀ।

ਏਸ 'ਗ਼ਦਰ' ਦਾ ਕੋਈ ਨਾ ਮੁੱਲ ਯਾਰੋ,
ਦਿੱਲੀ 'ਗ਼ਦਰ' ਨੇ ਅੱਖ ਉਘਾੜ ਸਾਡੀ।

ਪਿਆ ਜਾਪਦਾ ਕਰੇਗਾ ਤੁਰਤ ਰਾਜ਼ੀ,
ਫੜੀ 'ਗ਼ਦਰ' ਹਕੀਮ ਨੇ ਨਾੜ ਸਾਡੀ।








## ਲੜਾਈ ਦਾ ਬਿਗਲ

ਡੇਰਾ ਆਣ ਅਮਰੀਕਾ ਦੇ ਵਿਚ ਲਾਇਆ,
ਹਰਦਿਆਲ ਹੋਰੀਂ ਮਿਹਰਬਾਨ ਹੋਏ।
ਪਾਜ ਖੋਲਿਆ ਕੁੱਲ ਫਰੰਗੀਆਂ ਦਾ,
ਦਰਸ਼ਨ 'ਗ਼ਦਰ' ਅਖ਼ਬਾਰ ਦੇ ਆਣ ਹੋਏ।
ਅਸੀਂ ਦੇਸ਼ ਦਾ ਛੱਡ ਖਿਆਲ ਦਿੱਤਾ,
ਤਾਹੀਉਂ ਦੋਸਤੋ ਕੰਮ ਵੈਰਾਨ ਹੋਏ।
ਚਲੋ ਦੇਸ਼ ਨੂੰ ਚਲੀਏ ਜੁਧ ਕਰਨੇ,
ਇਹੋ ਆਖਰ ਬਚਨ ਫਰਮਾਨ ਹੋਏ।

## ਕਬਿੱਤ

ਮਕੜੀ ਦਾ ਜਾਲ ਜੋ ਵਛਾਇਆ ਇਹਨਾਂ ਜਾਲਮਾਂ ਨੇ,
ਕੀਤਾ ਹੈ ਗੁਲਾਮ ਵਾਰ ਚਲਿਆ ਦੁਰੰਗੀ ਦਾ।
ਕਦੋਂ ਤੱਕ ਨਿਭੇਗੀ ਦੀਵਾਨਿਆਂ ਦੇ ਹਾਲ ਯਾਰੋ,
ਕਹੋਗੇ ਇਲਾਜ ਕਦੋਂ ਏਸ ਬਦਰੰਗੀ ਦਾ।
ਕਗੰਲੇ ਕਮੀਨੇ ਬਦਮੁਆਸ਼ਾ ਨਾਲ ਪਾਲਾ ਪਿਆ,
ਸੁੱਖ ਤੇ ਆਰਾਮ ਹੋਇਆ ਸੁਪਨਾ ਮਲੰਗੀ ਦਾ।
ਵੇਲਾ ਜੇ ਸੰਭਾਲੋ ਉਠ ਆਪਨਾ ਮੁਲਕ ਯਾਰੋ,
ਕਰੋ ਬੀਜ ਨਾਸ ਏਸ ਜਾਲਮ ਫਰੰਗੀ ਦਾ।

## ਕਾਮਾ ਗਾਟ ਜਹਾਜ਼ ਦੀ ਪੁਕਾਰ

ਮੁੱਦਤ ਗੁਜ਼ਰ ਚੁਕੀ ਦੁਖ ਸੈਹੰਦਿਆਂ ਨੂੰ,
ਮਿਲਿਆ ਅੱਜ ਜ਼ਮਾਨੇ ਦਾ ਯਾਰ ਸਾਨੂੰ।
ਚਲੋ ਹਿੰਦੀਓ ਚਲੋ ਕਨੇਡੜੇ ਨੂੰ,
ਕਿਹਾ ਸਿੰਘ ਗੁਰਦਿੱਤ ਸਰਦਾਰ ਸਾਨੂੰ।
ਆਖਰ ਰਵਾਂ ਹੋਇਆ ਬੇੜਾ ਖਾਲਸੇ ਦਾ,
ਖੜਕਨ ਲੱਗ ਪਈ ਤਾਰ ਪਰ ਤਾਰ ਸਾਨੂੰ।
ਲਖਾਂ ਕਟ ਮੁਸੀਬਤਾਂ ਅਸੀਂ ਆਏ,
ਅੱਗੇ ਦੁੱਖ ਤੇ ਦੁੱਖ ਹਜ਼ਾਰ ਸਾਨੂੰ।
ਕੀ ਸੀ ਤਾਕਤ ਕਨੇਡਾ ਦੀ ਬੋਲਨੇ ਦੀ,
ਜੇ ਫਰੰਗੀ ਨਾ ਕਰਦਾ ਖੁਆਰ ਸਾਨੂੰ।
ਚਲੋ ਗਦਰ ਕਰੀਏ ਚੱਲ ਮੁਲਕ ਅੰਦਰ,
ਲੱਗੀ ਅੱਜ ਪੰਜਾਬੀਓ ਸਾਰ ਸਾਨੂੰ।
ਆਓ ਹਿੰਦੀਓ ਹੁਣ ਰਲ ਕੇ ਗ਼ਦਰ ਕਰੀਏ,
ਗ਼ਦਰ ਬਿਨਾਂ ਨਹੀਂ ਛੁਟਕਾਰ ਸਾਨੂੰ।

## ਬੈਂਤ : ਗ਼ਦਰ ਕਰਨਾ ਕਠਨ

ਗ਼ਦਰ ਗ਼ਦਰ ਕਰਦਾ ਐਵੇਂ ਜੱਗ ਸਾਰਾ,
ਐਪਰ ਗ਼ਦਰ ਮਚਾਵਣਾ ਖਰਾ ਔਖਾ।
ਲੀਡਰ ਬਣਨ ਖਾਤਰ ਚਿੱਤ ਲੋਚਦਾ ਹੈ,
ਐਪਰ ਜੇਲ੍ਹ ਵਿਚ ਜਾਵਣਾ ਬੜਾ ਔਖਾ।
ਪਹਿਲੋਂ ਗ਼ਦਰ ਦੀ ਕਠਨਤਾ ਸਮਝ ਲੈਣੀ,
ਪਿਛੋਂ ਫੇਰ ਪਛਤਾਵਣਾ ਖਰਾ ਔਖਾ।
ਸੂਰਜ ਗ਼ਦਰ ਦਾ ਚਿੱਤ ਜੋ ਚਮਕ ਜਾਵੇ,
ਹੇਠਾਂ ਬਦਲੀਆਂ ਆਵਨਾ ਖਰਾ ਔਖਾ।
ਪੈਹਲੇ ਮੌਤ ਆਜ਼ਾਦੀ ਦਾ ਨਾਮ ਪਿਛੋਂ,
ਲੈਣਾ ਸ਼ਰਮਾਵਨਾ ਖਰਾ ਔਖਾ।
ਚਿੱਤ ਰਹੇ ਅਡੋਲ ਨਾ ਡੋਲ ਜਾਵੇ,
ਇਧਰ ਉਧਰ ਭਟਕਾਵਨਾ ਖਰਾ ਔਖਾ।

## ਗ਼ਦਰ ਪ੍ਰੇਮੀਆਂ ਨੂੰ ਚੇਤਾਵਨੀ

ਸੁਣੋ ਗ਼ਦਰ ਪ੍ਰੇਮੀਓ ਕੰਨ ਧਰ ਕੇ,
ਸੁਣ ਕੇ ਗੱਲ ਨੂੰ ਦਿਲੋਂ ਭੁਲਾਵਣਾ ਨਾ।
ਮਾਤਾ ਗੁਜ਼ਰੀ ਕਿਹਾ ਗੁਬਿੰਦ ਸਿੰਘ ਨੂੰ,
ਸਿੰਘਾਂ ਭੁਖਿਆਂ ਯੁੱਧ ਮਚਾਵਣਾ ਨਾ।
ਗੁਰੂ ਬੋਲਿਆ ਮਾਤਾ ਨਾ ਖਬਰ ਤੈਨੂੰ,
ਪੂਜਾ ਧਨ ਮੈਂ ਸਿੰਘਾਂ ਖੁਲਾਵਨਾ ਨਾ।
ਚੇਤੇ ਰਖਨੇ ਬਚਨ ਹੈਨ ਗੁਰੂ ਵਾਲੇ,
ਪੇਟ ਪਾਲੂਆਂ ਦਾ ਧੋਖਾ ਖਾਵਨਾ ਨਾ।
ਹਿੰਦੋਸਤਾਨ ਦੇ ਖੁਦ ਮੁਖਤਾਰ ਬਣਨਾ,
ਕੁਲੀ ਕੁਲੀ ਦਾ ਲਫਜ਼ ਕਹਾਵਨਾ ਨਾ।

## ਸ਼ਹੀਦਾਂ ਦਾ ਸੰਦੇਸ਼

ਹਿੰਦੋਸਤਾਨੀਓ ਰਖਨਾ ਯਾਦ ਸਾਨੂੰ,
ਕਿਤੇ ਦਿਲ ਤੋਂ ਨਹੀਂ ਭੁਲਾ ਜਾਣਾ।
ਖਾਤਰ ਵਤਨ ਦੀ ਚੜ੍ਹੇ ਹਾਂ ਫਾਸੀਆਂ 'ਤੇ,
ਦੇਖ ਅਸਾਂ ਨੂੰ ਨਹੀਂ ਘਬਰਾ ਜਾਣਾ।
ਮੌਤ ਅਸਾਂ ਦੀ ਜ਼ਿੰਦਗੀ ਕੌਮ ਦੀ ਹੈ,
ਫਰਜ਼ ਆਪਣਾ ਅਸਾਂ ਨਿਭਾ ਜਾਣਾ।
ਕਦੇ ਦੇਖ ਸ਼ਹੀਦਾਂ ਦੀ ਕਬਰ ਵਲੇ
ਦੋ ਦੋ ਫੁੱਲ ਪ੍ਰੇਮ ਦੇ ਪਾ ਜਾਣਾ।

## ਚਰਚਾ

ਹਿੰਦੂਆਂ ਦੇ ਉਨਤੀ ਨਾ ਕਾਈ ਸੀ,
ਆਪੋ ਵਿਚ ਖ਼ੂਨ ਦੀ ਨਦੀ ਵਗਾਈ ਸੀ।
ਰਾਜ ਮੁਸਲਮਾਨਾਂ ਦੇ ਮਚਾਈ ਅੱਤ ਸੀ,
ਹਿੰਦੂ ਭਲੇਮਾਣਸਾਂ ਦੀ ਲਾਹੀ ਪੱਤ ਸੀ।
ਸਿਖਾ ਸ਼ਾਹੀ ਦੇਖ ਦਿਲ ਫੇਰ ਡਰੇਗਾ,
ਰਾਜ ਅੰਗਰੇਜ਼ਾਂ ਪਿਛੋਂ ਕੌਣ ਕਰੇਗਾ?

ਕਮਰਾਂ ਨੂੰ ਕਸੋ ਹਿੰਮਤਾਂ ਨੂੰ ਹਾਰੋ ਨਾ,
ਵਤਨ ਆਜ਼ਾਦੀ ਨੂੰ ਮਨੋਂ ਵਸਾਰੋ ਨਾ।
ਗ਼ਦਰੀ ਦੇ ਅੱਗੇ ਔਕੜਾਂ ਨਾ ਠੈਹਰੀਆਂ,
ਲੈਨਿਨ ਕਮਾਲ ਵਾਂਗ ਮਾਰੋ ਵੈਰੀਆਂ।
ਪ੍ਰੀਤਮ ਜੀ ਦੁੱਖ ਛਾਤੀ ਡਾਹ ਕੇ ਜਰਾਂਗੇ,
ਰਾਜ ਅੰਗਰੇਜ਼ਾਂ ਪਿਛੋਂ ਆਪ ਕਰਾਂਗੇ।

## ਕਿਰਤੀ ਦੀ ਆਜ਼ਾਦੀ

ਪੂਰੀ ਆਜ਼ਾਦੀ ਤੋੜ ਨਸ਼ਾਨਾ ਥਲੇ
ਕਿਸੇ ਨਾ ਰਹਿਣਾ, ਜ਼ਿੱਲਤ ਸਹਿਣਾ।
ਕਿਰਤੀ ਆਜ਼ਾਦੀ ਭਾਵ ਏਸ ਦਾ,
ਸਮਝ ਹੋਰ ਨਾ ਲੈਣਾ, ਇਸ ਦਾ ਮੈਨੂੰ।
ਇਹ ਲੈਣੀ ਹੈ ਖ਼ੂਨ ਡੋਲ ਕੇ,
ਨਾਲ ਦੁਸ਼ਮਣਾਂ ਖਹਿਣਾ, ਸਭ ਕੁਝ ਸਹਿਣਾ।
ਗ਼ਦਰ ਪਾਰਟੀ ਦਾ ਗੁਰਮੰਤਰ,
ਘੋਲ ਜ਼ਰੂਰੀ ਡਹਿਣਾ, ਢੌਣਾ ਢੈਣਾ।

## ਨਿਰਣਾ

ਸੀਸ ਬੰਨ ਕਫ਼ਨ ਰੱਖ ਤਲੀ ਉਤੇ,
ਫੇਰਾ ਯਾਰ ਦੀ ਗਲੀ ਵਿਚ ਪਾ ਦਿਆਂਗੇ।
ਹੁਸਨ ਹੀਰ ਲਈ ਬਹੁਤ ਅਧੀਰ ਹੋ ਕੇ,
ਵਾਂਗ ਜੋਗੀਆਂ ਅਲਖ ਜਗਾ ਦਿਆਂਗੇ।
ਲਬੇ ਸ਼ੀਰੀਂ ਦੇ ਬੋਸੇ ਦੀ ਆਸ ਅੰਦਰ,
ਕੋਹ ਨੂੰ ਚੀਰ ਕੇ ਨੈਹਰ ਵਗਾ ਦਿਆਂਗੇ।
ਸੋਹਲੇ ਕੈਹਰ ਦੇ ਛੱਡ ਕੇ ਅੱਖੀਆਂ 'ਚੋਂ,
ਦਰਦੀ ਦਿਲਾਂ ਦੀ ਅੱਗ ਭੜਕਾ ਦਿਆਂਗੇ।
ਉਤਾਂਹ ਫੇਰ ਪੁਤਲੀ ਅੱਖ ਦੇ ਫੇਰ ਅੰਦਰ,
ਅਸੀਂ ਅੱਗ ਅਸਮਾਨ ਨੂੰ ਲਾ ਦਿਆਂਗੇ।

ਘੋਲ ਲਈ ਲਾਮਬੰਦ ਕੀਤਾ ਜਾ ਸਕਦਾ ਹੈ। ਇਸ ਮਨੋਰਥ ਲਈ ਕਿਸਾਨਾਂ ਨੂੰ ਜਾਗਰੂਕ ਕਰਨ ਉਪਰ ਵਧੇਰੇ ਜ਼ੋਰ ਦੇਣ ਦੀ ਲੋੜ ਮਹਿਸੂਸ ਕੀਤੀ ਗਈ। ਦਰਅਸਲ, ਗ਼ਦਰੀਆਂ ਦੀ ਇਹੋ ਬੀਜ ਰੂਪ ਸਮਝ ਸੀ, ਜਿਹੜੀ ਬਾਅਦ ਦੀਆਂ ਸਾਮਰਾਜ ਵਿਰੋਧੀ ਲਹਿਰਾਂ ਵਿਚ ਜ਼ੋਰਦਾਰ ਤਰੀਕੇ ਨਾਲ ਪ੍ਰਗਟ ਹੋਈ।

? : ਗ਼ਦਰੀ ਕਵਿਤਾ ਕਿਸ ਕਾਵਿ ਧਾਰਾ ਦੇ ਜ਼ਿਆਦਾ ਨੇੜੇ ਹੈ, ਪ੍ਰਗਤੀਵਾਦੀ ਕਵਿਤਾ ਦੇ ਜਾਂ ਨਕਸਲੀ ਕਵਿਤਾ ਦੇ।

ਡਾ. ਗਿੱਲ : ਗਹੁ ਨਾਲ ਦੇਖਿਆ ਜਾਵੇ ਤਾਂ ਇਹ ਦੋਹਾਂ ਲਈ ਹੀ ਜ਼ਮੀਨ ਤਿਆਰ ਕਰਦੀ ਹੈ। ਜਦੋਂ ਇਹ ਕਵਿਤਾ ਪੰਜਾਬੀ ਸਮਾਜ ਬਾਰੇ ਪੁਨਰ ਵਿਚਾਰ ਕਰਦਿਆਂ ਇਹ ਸਿੱਟੇ ਕੱਢਦੀ ਹੈ ਕਿ ਇਥੇ ਪਹਿਲਾਂ ਸਥਾਪਿਤ ਰਹੀਆਂ ਹਕੂਮਤਾਂ, ਹਿੰਦੂ ਰਾਜ ਦੀ ਐਸ਼ਪ੍ਰਸਤੀ, ਇਸਲਾਮੀ ਰਾਜ ਦਾ ਜ਼ੋਰ ਜ਼ੁਲਮ ਤੇ ਸਿੱਖ ਰਾਜ ਦੀ ਸਿੱਖਾ ਸਾਹੀ ਦੀ ਰਹਿੰਦ-ਖੂੰਹਦ ਅਜੇ ਮੌਜੂਦ ਹੈ, ਜਿਸ ਤੋਂ ਲੋਕਾਂ ਨੂੰ ਮੁਕਤ ਕਰਨ ਦੀ ਲੋੜ ਹੈ ਤਾਂ ਇਹ ਕਵਿਤਾ ਪ੍ਰਗਤੀਵਾਦੀ ਕਵਿਤਾ ਦਾ ਆਧਾਰ ਬਣਦੀ ਹੈ। ਇਸੇ ਤਰ੍ਹਾਂ ਸਿੱਖ ਗੁਰੂ ਸਾਹਿਬਾਨ ਨੂੰ ਵੀ ਦੈਵੀ ਪੁਰਖ ਦੀ ਥਾਂ ਪਰਮ ਪੁਰਖ ਵਜੋਂ ਦੇਖਣ ਦੀ ਪ੍ਰਵਿਰਤੀ ਵਜੋਂ ਵੀ ਇਹ ਕਵਿਤਾ ਪ੍ਰਗਤੀਵਾਦੀ ਕਵਿਤਾ ਦੇ ਨਜ਼ਦੀਕ ਹੈ। ਇਸ ਕਵਿਤਾ ਵਿਚ ਮੱਧਕਾਲੀਨ ਪ੍ਰੇਮ ਕਹਾਣੀਆਂ/ ਲੋਕ ਕਹਾਣੀਆਂ ਨੂੰ ਇਨਕਲਾਬ ਦੇ ਸ੍ਰੋਤਾਂ ਵਜੋਂ ਲੈਣ ਦੀ ਰੁਚੀ ਵੀ, ਜਿਵੇਂ ਕਿ ਗ਼ਦਰੀਆਂ ਦੇ ਪੰਜਾਬ ਜਾ ਕੇ ਵਿਦਰੋਹ ਕਰਨ ਨੂੰ ਰਾਂਝੇ ਦੇ ਰੰਗਪੁਰ ਜਾ ਕੇ ਅਲਖ਼ ਜਗਾਉਣ ਨਾਲ ਤੁਲਨਾਇਆ ਗਿਆ ਹੈ ਤੇ ਉਨ੍ਹਾਂ ਦੀ ਹਿੰਮਤ ਅਤੇ ਸਿਦਕ ਦੀ ਤੁਲਨਾ ਫਰਹਾਦ ਨਾਲ ਕੀਤੀ ਗਈ ਹੈ। ਇਸ ਰੁਚੀ ਦਾ ਸਬੰਧ ਵੀ ਪ੍ਰਗਤੀਵਾਦੀ ਕਵਿਤਾ ਨਾਲ ਹੀ ਬਣਦਾ ਹੈ, ਨਕਸਲੀ ਕਵਿਤਾ ਵਿਚ ਇਹ ਪ੍ਰਵਿਰਤੀ ਦਿਖਾਈ ਨਹੀਂ ਦਿੰਦੀ।



ਜਿਥੇ ਆ ਕੇ ਗੱਲ ਯੁੱਧ ਦੇ ਸਰੂਪ ਬਾਰੇ ਹੁੰਦੀ ਹੈ, ਇਹ ਕਵਿਤਾ ਨਕਸਲੀ ਕਵਿਤਾ ਨਾਲ ਮੇਲ ਖਾਣ ਲਗਦੀ ਹੈ। ਇਸ ਨੂੰ ਯੁੱਧ ਮੈਦਾਨ ਪੂਰੀ ਤਰ੍ਹਾਂ ਤਿਆਰ ਵਿਖਾਈ ਦਿੰਦਾ ਹੈ, ਇਸ ਵਿਚ 'ਗੋਰੀਆਂ ਰੰਡੀਆਂ ਕਰਨ' ਦੀ ਗੱਲ ਵੀ ਆਉਂਦੀ ਹੈ। ਪਹਿਲੇ ਪੜਾਅ ਦੀ ਕਵਿਤਾ ਵਿਚ ਉਤਸ਼ਾਹ ਇੰਨਾ ਭਾਰੂ ਹੈ ਕਿ ਗ਼ਦਰ ਸ਼ੁਰੂ ਕਰਦਿਆਂ ਹੀ ਪੰਜਾਬ ਅੰਗਰੇਜ਼ਾਂ ਦੇ ਕਬਜ਼ੇ ਤੋਂ ਮੁਕਤ ਕਰਵਾ ਲਿਆ ਜਾਵੇਗਾ।

? : ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੇ ਉਹ ਕਿਹੜੇ ਨਾਇਕ ਸਨ ਜਿਨ੍ਹਾਂ ਤੋਂ ਗ਼ਦਰ ਦੇ ਕਵੀ ਵਿਸ਼ੇਸ਼ ਤੌਰ 'ਤੇ ਪ੍ਰਭਾਵਿਤ ਹੋਏ?

ਡਾ. ਗਿੱਲ : ਰਾਸ਼ਟਰੀ ਪੱਧਰ 'ਤੇ 1857 ਦੀ ਬਗ਼ਾਵਤ ਦੇ ਆਗੂਆਂ ਨੂੰ ਗ਼ਦਰੀ ਨਾਇਕਾਂ ਵਜੋਂ ਵੇਖਦੇ ਸਨ, ਆਇਰਲੈਂਡ ਦੀ ਆਜ਼ਾਦੀ ਦੀ ਲਹਿਰ ਤੋਂ ਵੀ ਉਹ ਪ੍ਰਭਾਵਿਤ ਸਨ। ਅੰਤਰਰਾਸ਼ਟਰੀ ਪੱਧਰ 'ਤੇ ਕਈ ਲਹਿਰਾਂ ਤੋਂ ਇਲਾਵਾ ਉਹ ਬਾਲਸ਼ਵਿਕ ਕ੍ਰਾਂਤੀ ਦੇ ਆਗੂ ਲੈਨਿਨ ਅਤੇ ਤੁਰਕੀ ਦੇ ਕਮਾਲ ਪਾਸ਼ਾ ਤੋਂ ਪ੍ਰਭਾਵਿਤ ਸਨ। ਇਨ੍ਹਾਂ ਨਾਇਕਾਂ ਦਾ ਜ਼ਿਕਰ ਗ਼ਦਰੀਆਂ ਦੀ ਕਵਿਤਾ ਵਿਚ ਕਾਫੀ ਆਇਆ ਹੈ।

? : ਕਿਸ ਕਵੀ ਦਾ ਗ਼ਦਰ ਲਹਿਰ ਦੀ ਕਵਿਤਾ ਨੂੰ ਵਧੇਰੇ ਯੋਗਦਾਨ ਰਿਹਾ।

ਡਾ. ਗਿੱਲ : ਗ਼ਦਰੀ ਕਵੀਆਂ ਦੀਆਂ 'ਗ਼ਦਰ' ਵਿਚ ਪ੍ਰਕਾਸ਼ਿਤ ਕਵਿਤਾਵਾਂ ਤੋਂ ਇਲਾਵਾ 'ਗ਼ਦਰ ਦੀ ਗੂੰਜ' ਟਾਈਟਲ ਹੇਠ 7 ਲੜੀਆਂ ਪ੍ਰਕਾਸ਼ਿਤ ਹੋਈਆਂ। ਇਨ੍ਹਾਂ ਵਿਚੋਂ 5 ਉਪਲਬਧ ਹਨ। ਇਸ ਕਵਿਤਾ ਵਿਚ ਸਭ ਤੋਂ ਵੱਧ ਯੋਗਦਾਨ ਪਾਉਣ ਵਾਲਾ ਅਤੇ ਵਧੇਰੇ ਪ੍ਰਭਾਵਸ਼ਾਲੀ ਭਗਵਾਨ ਸਿੰਘ ਪ੍ਰੀਤਮ ਹੈ। ਬਹੁਤ ਸਾਰੀ ਕਵਿਤਾ ਉਪਰ ਉਨ੍ਹਾਂ ਦੇ ਕਰਤਾ ਦਾ ਨਾਂ ਦਰਜ ਨਹੀਂ ਹੈ। ਕਿਤੇ ਕੋਈ ਅਧੂਰਾ ਜਿਹਾ ਨਾਂ ਦਰਜ ਹੈ, ਜਿਵੇਂ ਕਿ 'ਦੁਖੀ', ਜਿਸ ਤੋਂ ਅੰਦਾਜ਼ਾ ਲਗਾ ਲਿਆ ਜਾਂਦਾ ਹੈ ਕਿ ਇਹ ਕਵਿਤਾ ਮੁਨਸ਼ਾ ਸਿੰਘ ਦੁਖੀ ਦੀ ਹੋਵੇਗੀ। ਇਸੇ ਤਰ੍ਹਾਂ ਕਰਤਾਰ ਸਿੰਘ ਸਰਾਭਾ, ਹਰਨਾਮ ਸਿੰਘ ਟੁੰਡੀਲਾਟ ਦੀ ਕਵਿਤਾ ਬਾਰੇ ਅਨੁਮਾਨ ਲਗਾਏ ਗਏ ਹਨ, ਪਰ ਪ੍ਰਮੁੱਖ ਕਵੀ ਅਤੇ ਗ਼ਦਰੀ ਲਹਿਰ ਦੀ ਕਵਿਤਾ ਦਾ ਰੁਝਾਨ ਨਿਸ਼ਚਿਤ ਕਰਨ ਵਾਲਾ ਕਵੀ ਭਗਵਾਨ ਸਿੰਘ ਪ੍ਰੀਤਮ ਹੀ ਹੈ। ਇਥੇ ਇਕ ਗੱਲ ਫਿਰ ਦੁਹਰਾਉਣੀ ਚਾਹਾਂਗਾ ਕਿ ਪ੍ਰਗਤੀਵਾਦੀ ਲਹਿਰ ਤੇ ਨਕਸਲਵਾੜੀ ਲਹਿਰ ਦੀ ਕਵਿਤਾ 'ਪਾਠ' ਵਿਚ ਢਲੀ ਹੋਈ ਕਵਿਤਾ ਹੈ, ਜਦ ਕਿ ਗ਼ਦਰ ਲਹਿਰ ਦੀ ਕਵਿਤਾ ਪ੍ਰਵਚਨ ਦੀ ਸ਼ਕਲ ਵਿਚ ਹੈ।

? : ਕਲਾ ਪੱਖੋਂ ਗ਼ਦਰੀ ਕਵਿਤਾ ਦੀ ਤੁਲਨਾ ਭਾਈ ਵੀਰ ਸਿੰਘ ਜਾਂ ਪ੍ਰੋ. ਪੂਰਨ ਸਿੰਘ ਨਾਲ ਕਰਨੀ ਕਿੰਨੀ ਕੁ ਉਚਿਤ ਹੈ।

ਡਾ. ਗਿੱਲ : ਮੇਰਾ ਖਿਆਲ ਹੈ ਕਿ ਇਹ ਤੁਲਨਾ ਉਚਿਤ ਨਹੀਂ ਹੈ। ਇਸ ਪੱਖੋਂ, ਭਾਵ ਕਲਾ ਪੱਖੋਂ ਗ਼ਦਰੀ ਕਵਿਤਾ ਕਵੀਸ਼ਰੀ ਪਰੰਪਰਾ ਦੇ ਵਧੇਰੇ ਨਜ਼ਦੀਕ ਹੈ। ਉਚਿਤ ਇਹੋ ਹੋਵੇਗਾ ਕਿ ਅਸੀਂ ਇਸ ਕਵਿਤਾ ਦੇ ਨਿਭਾਅ ਦੀ ਤੁਲਨਾ ਬਾਬੂ ਰਜਬ ਅਲੀ, ਅਮਰ ਸਿੰਘ ਸ਼ੌਂਕੀ ਆਦਿ ਕਵੀਸ਼ਰਾਂ ਦੀ ਕਵੀਸ਼ਰੀ ਨਾਲ ਹੀ ਕਰੀਏ।

ਗਲਪਕਲਾ

# ਮੁਲਖ਼ ਰਾਜ ਆਨੰਦ

## ਮੇਰੇ ਨਾਵਲ ਇੱਕ ਹੜ੍ਹ ਵਿਚ ਆਏ ਸਨ



ਇਸ ਇੰਟਰਵਿਊ ਦੀ ਕਹਾਣੀ ਵੀ ਅਜੀਬ ਹੈ। ਇਸ ਦੀ ਸਿਰਜਣਾ ਕੇਵਲ ਆਨੰਦ ਦੇ ਉੱਦਮ ਨਾਲ ਹੋਈ ਸੀ। ਮੁਲਖ਼ ਰਾਜ ਆਨੰਦ ਸਮੇਂ-ਸਮੇਂ ਜੋ ਖ਼ਤ ਆਪਣੇ ਮਿੱਤਰ ਸਾਰੋਸ ਕੋਵਾਸਕੀ ਨੂੰ ਲਿਖਦਾ ਰਿਹਾ ਸੀ, ਉਹਨਾਂ ਖ਼ਿਆਲਾਂ ਨੂੰ ਇੱਕ ਲੜੀ ਵਿਚ ਪਰੋ ਕੇ, ਇਸਨੂੰ ਇੰਟਰਵਿਊ ਦਾ ਰੂਪ ਦਿੱਤਾ ਗਿਆ ਹੈ। ਕੋਵਾਸਕੀ ਕੈਨੇਡਾ ਦੀ ਰੀਜੀਨਾ ਯੂਨੀਵਰਸਿਟੀ ਵਿਚ ਪ੍ਰੋਫੈਸਰ ਐਮਰੀਟਸ ਹਨ। ਇਹ ਇੰਟਰਵਿਊ ਅੰਗਰੇਜ਼ੀ ਟ੍ਰਿਬਿਊਨ ਵਿਚ ਮਿਤੀ 20-11-08 ਨੂੰ ਛਪਿਆ ਸੀ। ਜਿਥੋਂ ਧੰਨਵਾਦ ਸਹਿਤ ਲੈ ਕੇ ਪੰਜਾਬੀ ਅਨੁਵਾਦ ਪੇਸ਼ ਕੀਤਾ ਜਾ ਰਿਹਾ ਹੈ।

? : ਤੁਸਾਂ ਆਪਣੇ ਨਿਰਵਿਵਾਦ ਵਿਰੋਧੀ ਨਾਵਲਕਾਰਾਂ ਆਰ. ਕੇ. ਨਾਰਾਇਣ ਅਤੇ ਰਾਜਾ ਰਾਓ ਨਾਲੋਂ ਵੱਧ ਗਿਣਤੀ ਵਿਚ ਨਾਵਲ ਲਿਖੇ ਹਨ। ਤੁਸੀਂ ਆਪਣੇ ਕਿਹੜੇ ਨਾਵਲ ਨੂੰ ਸਭ ਤੋਂ ਵਧੀਆ ਸਮਝਦੇ ਹੋ?

– : ਮੈਨੂੰ ਕੋਈ ਹੱਕ ਨਹੀਂ ਕਿ ਕਹਾਂ, ਮੇਰਾ ਕਿਹੜਾ ਨਾਵਲ ਸਭ ਤੋਂ ਵਧੀਆ ਹੈ। ਕੁਝ ਕਿਤਾਬਾਂ ਸਫ਼ਲ ਹਨ, ਇਸ ਕਾਰਨ ਨਹੀਂ ਕਿ ਉਹ ਅਸਲ ਵਿਚ ਚੰਗੀਆਂ ਹੁੰਦੀਆਂ ਹਨ, ਸਗੋਂ ਇਸ ਕਾਰਨ ਕਿ ਉਹ ਆਲੋਚਕਾਂ ਦੇ ਇੱਕ ਗਰੁੱਪ ਦੀਆਂ ਜਾਣੀਆਂ-ਪਛਾਣੀਆਂ ਭਾਵਨਾਵਾਂ ਦੀ ਤਸਦੀਕ ਕਰਦੀਆਂ ਹਨ, ਜਿਹੜੇ ਆਲੋਚਕ ਕਿ ਪੱਖਪਾਤੀ ਭਾਵਨਾਵਾਂ ਦੇ ਵਹਿਣ ਵਿਚ ਵਹਿ ਜਾਂਦੇ ਹਨ। ਅਸਲ ਵਿਚ ਹਰ ਪੁਸਤਕ ਇੱਕ ਪ੍ਰਕਿਰਿਆ ਹੈ, ਜਿਸ ਵਿਚ ਕਾਫੀ ਕੁਝ ਚੰਗਾ ਤੇ ਮਾੜਾ ਹੁੰਦਾ ਹੈ। ਨਾਵਲ ਇੱਕ ਅਜਿਹਾ ਬੇਤਰਤੀਬਾ ਸਾਹਿਤ-ਰੂਪ ਹੈ, ਜਿਸ ਨੂੰ ਸੰਖੇਪ ਰੂਪ ਵਿਚ ਕਾਬੂ ਕਰਨਾ ਹੁੰਦਾ ਹੈ। ਕਿਸੇ ਕਿਤਾਬ ਦੇ ਸਾਪੇਖਕ ਗੁਣ, ਲੇਖਕ ਦੇ ਦ੍ਰਿਸ਼ਟੀਕੋਣ ਤੋਂ, ਉਸ ਦੀਆਂ ਉਹਨਾਂ ਭਾਵਨਾਵਾਂ ਵਿਚ ਹੁੰਦੇ ਹਨ, ਜੋ ਉਹ ਆਪਣੀ ਰੂਹ ਦੇ ਨਾਟਕ ਬਾਰੇ ਪ੍ਰਗਟ ਕਰਨ ਵਿਚ ਸਫਲ ਹੁੰਦਾ ਹੈ ਅਤੇ ਇਹ ਵੀ ਕਿ ਉਸਨੂੰ ਕਿਹੜੇ ਪੱਧਰਾਂ ਉੱਤੇ ਪ੍ਰਗਟ ਕਰਦਾ ਹੈ। ਸ਼ਾਇਦ ਇਸ ਪੱਖ ਤੋਂ ਮੈਂ ''ਅਛੂਤ'' ਨਾਵਲ ਨੂੰ ਦੂਸਰੀਆਂ ਲਿਖਤਾਂ ਨਾਲੋਂ ਵਧੇਰੇ ਤੀਬਰ ਲਿਖਤ ਸਮਝਦਾ ਹਾਂ।

? : ਅਜੇ ਵੀ ਇਸ ਗੱਲ ਬਾਰੇ ਕਾਫੀ ਭਰਮ-ਭੁਲੇਕਾ ਹੈ ਕਿ ਪਹਿਲਾਂ ਜਦੋਂ ਤੁਸੀਂ 'ਅਛੂਤ' ਨਾਵਲ ਲਿਖਿਆ ਸੀ ਤੇ ਜਦੋਂ ਇਹ ਮਹਾਤਮਾ ਗਾਂਧੀ ਨੂੰ ਵਿਖਾਇਆ ਸੀ?

– : ਮੈਂ ਪਹਿਲੀ ਵਾਰ ਮਹਾਤਮਾ ਗਾਂਧੀ ਜੀ ਨੂੰ ਸਾਬਰਮਤੀ ਆਸ਼ਰਮ ਵਿਚ 1927 ਵਿਚ ਮਿਲਿਆ ਸੀ, ਜਦੋਂ ਮੈਂ ਜੋਇਸੀਨੇ ਅੰਗਰੇਜ਼ੀ ਵਿਚ ਉਸ ਨੂੰ ਇਕ ਅੱਲੜ ਖਰੜਾ ਵਿਖਾਇਆ ਸੀ। ਮੈਂ 1930 ਵਿਚ ਇਹ ਕਿਤਾਬ ਨਹੀਂ ਸੀ ਲਿਖੀ, ਸਗੋਂ ਇਹ 1925 ਵਿਚ ਸ਼ੁਰੂ ਕੀਤੀ ਸੀ। ਇਹ ਇੱਕ ਇਕਬਾਲੀਆ ਬਿਆਨ ਦਾ ਹਿੱਸਾ ਸੀ। ਮੈਂ ਇਰਾਨੀ ਨੂੰ ਮਿਲਣ ਡਬਲਿਨ ਵਿਚ ਗਰਮੀਆਂ ਦੀ ਰੁੱਤ ਵਿਚ 1926 ਵਿਚ ਗਿਆ ਸੀ ਤੇ ਜਾਰਜ ਰੱਸਲ ਨੂੰ ਮਿਲਿਆ ਸੀ। ਮੈਨੂੰ ਦਿਨ ਤੇ ਮਹੀਨਾ ਚੇਤੇ ਨਹੀਂ ਪਰ ਮੈਂ (ਬੱਬਲ) ਵਿਚ ਜੋ ਲਿਖਿਆ ਹੈ, ਉਹ ਤੱਥਮਈ ਹਵਾਲੇ ਹਨ।

? : 1930 ਵਿਆਂ ਦੇ ਲੇਖਕ ਹੋਣ ਦੇ ਨਾਤੇ ਤੁਸਾਂ ਕੀ ਸਿੱਖਿਆ ਸੀ ਤੇ ਉਸ ਸਮੇਂ ਨੇ ਤੁਹਾਨੂੰ ਕੀ ਸਿਖਾਇਆ?

– : ਮੈਂ ਇਹ ਸਿੱਖਿਆ ਕਿ ਸ਼ਬਦ ਤੇ ਕਾਰਜ ਆਪੋ ਵਿਚ ਘੁਲੇ-ਮਿਲੇ ਹੋਣੇ ਚਾਹੀਦੇ ਹਨ, ਜੇ ਲੇਖਕ ਨੇ ਮਹੱਤਵਪੂਰਨ ਸਥਾਨ ਦੀ ਪ੍ਰਾਪਤੀ ਕਰਨੀ ਹੈ। ਗੋਰਕੀ ਨੇ ਪਹਿਲਾਂ ਹੀ ਇਹ ਕੰਮ ਰੂਸ ਵਿਚ ਕਰ ਦਿੱਤਾ ਸੀ ਤੇ ਜ਼ੋਲਾ ਨੇ ਫਰਾਂਸ ਵਿਚ ਅਤੇ ਡਿਕਨਜ਼ ਨੇ ਇੰਗਲੈਂਡ ਵਿਚ। ਭਾਰਤ ਵਿਚ ਇਹ ਕੰਮ ਨਹੀਂ ਸੀ ਹੋਇਆ। ਜੇ ਤੁਸੀਂ ਬੁਰੇ ਪੱਖ ਬਾਰੇ ਲਿਖਣਾ ਹੈ ਤਾਂ ਉਹ ਇਹ ਹੈ ਤੇ ਇਸਨੂੰ ਨੰਗਾ ਕਰਨਾ ਚਾਹੀਦਾ ਹੈ। ਇਹੀ ਕੁਝ ਸੀ ਜੋ ਮੈਂ 'ਅਛੂਤ' ਤੇ 'ਕੁੱਲੀ' ਵਿਚ ਕੀਤਾ ਸੀ। ਮੈਂ 'ਕੁੱਲੀ' ਨਾਵਲ ਵਿਚ ਇੱਕ ਅਜਿਹੇ ਮੁੰਡੇ ਦੀ ਸਿਰਜਣਾ ਕਰਨਾ ਚਾਹੁੰਦਾ ਸੀ, ਜੋ ਫਜ਼ੂਲ ਭਾਂਤ ਦੇ ਕਿਮ (ਿੰ9ੰ) ਦੀ ਥਾਂ ਮਨੁੱਖੀ ਗੁਣਾਂ ਵਾਲਾ ਹੋਵੇ।

**ਮੁਲਾਕਾਤੀ- ਸਾਰੋਸ ਕੋਵਾਸਕੀ**



? : ਜੀਵਨ ਦੇ ਬੁਰੇ ਪੱਖ ਨੂੰ ਚਿਤਰਨ ਦੀ ਇੱਛਾ ਅਧੀਨ ਕੀ ਤੁਸੀਂ ਦਸਤਾਵੇਜ਼ੀ ਨਹੀਂ ਸੀ ਹੋ ਗਏ?

– : ਕੇਵਲ ਉਦੋਂ ਹੀ, ਜਦ ਇੱਕ ਕਲਾਕਾਰ ਵਜੋਂ ਅਸਫਲ ਹੋ ਜਾਂਦਾ ਹੈ ਤਾਂ ਸਵਾਲ ਉੱਠਦਾ ਹੈ ਕਿ ਕੀ ਲਿਖਤ ਦਸਤਾਵੇਜ਼ੀ ਹੈ ਜਾਂ ਕਿ ਪ੍ਰਚਾਰ। ਖੁਸ਼ਕਿਸਮਤੀ ਨੂੰ ਨਾਵਲ ਦਾ ਰੂਪ ਐਨਾ ਢਿੱਲਾ ਹੈ ਕਿ ਇਸ ਵਿਚ 'ਅੰਨਾ ਕਰੇਨੀਆ' ਦਾ ਸਕੈਂਡਲ ਅਤੇ 'ਜੰਗ ਤੇ ਅਮਨ' ਵਿਚ ਨੈਪੋਲੀਅਨ ਵੇਲੇ ਦੀਆਂ ਆਵਾਜ਼ਾਂ ਦੋਵੇਂ ਹੀ ਸ਼ਾਮਿਲ ਹੋ ਸਕਦੀਆਂ ਹਨ, ਸ਼ਰਤ ਇਹ ਹੈ ਕਿ ਨਾਵਲਕਾਰ ਪੁਤਲੀਆਂ ਦੇ ਅਰਥਾਂ ਵਿਚ ਨਹੀਂ, ਸਗੋਂ ਮਨੁੱਖੀ ਜੀਵਾਂ ਦੇ ਅਰਥਾਂ ਵਿਚ ਗੱਲ ਕਰੇ।

? : ਕੀ ਕਲਾਤਮਕ ਨਿਭਾ ਅਤੇ ਰੂਪ, ਜੋ ਕਲਾ ਦੀ ਬੁਨਿਆਦ ਹਨ, ਨਾਵਲ ਦੀ ਵਸਤੂ ਨਾਲੋਂ ਵਧੇਰੇ ਮਹੱਤਵ ਵਾਲੇ ਹਨ?

– : ਇਹ ਸਭ ਕੁਝ ਰਲਿਆ-ਮਿਲਿਆ ਹੁੰਦਾ ਹੈ। ਨਾਵਲ ਵਿਚ ਕੀ ਇਹ ਜਲਣਾ ਤੇ ਪਿਘਲਣਾ ਹੈ? ਜਾਂ ਕੀ ਇਹ ਵੇਦਾਂਤ, ਸਾਮਵਾਦ ਜਾਂ ਕਮਿਊਨਿਸਟ ਵਿਰੋਧਾਂ ਦੇ ਸਿਧਾਂਤਾਂ ਦਾ ਪ੍ਰਚਾਰ ਹੈ? ਮੈਂ ਹਮੇਸ਼ਾ ਹੀ ਇਹ ਸੋਚਿਆ ਹੈ ਕਿ ਨਾਵਲ ਇੱਕ ਭਾਂਤ ਦੀ ਕਵਿਤਾ ਹੈ, ਵੀਹਵੀਂ ਸਦੀ ਦੀ ਬੀਰ-ਗਾਥਾ, ਨਵੀਆਂ ਸ਼੍ਰੇਣੀਆਂ ਦੀ ਲੋਕ-ਐਪਿਕ। ਇਹ ਕੁਝ ਰੂਪ-ਰਹਿਤ ਹੈ। ਜੀਵਨ ਦੀ ਰਫਤਾਰ ਦੀ ਤੁਰੰਤ ਪ੍ਰਵਾਨਗੀ ਵਾਲੀ (ਜਦ ਇਹ ਚੰਗੀ ਹੋਵੇ ਤਾਂ) ਛੁੱਟੜ ਇਸਤਰੀਆਂ, ਬੁੱਢੇ ਸਿਪਾਹੀਆਂ ਤੇ ਜੋਸ਼ੀਲੇ ਨੌਜਵਾਨ ਲੋਕਾਂ ਦੇ ਨਿੱਕੇ ਚੂਚੇ ਜੇਹੀ।

? : ਤੁਸਾਂ ਨਾਵਲ ਲਿਖਣ ਦੀ ਕਲਾ ਬਾਰੇ ਕਾਫੀ ਕੁਝ ਲਿਖਿਆ ਹੈ। ਕੀ ਨਾਵਲ ਦੀ ਤਕਨੀਕ ਬਾਰੇ ਕੋਈ ਪੁਸਤਕ ਹੈ, ਜਿਨ੍ਹਾਂ ਦੀ ਤੁਸੀਂ ਸਿਫਾਰਿਸ਼ ਕਰਦੇ ਹੋ?

– : ਪਰਸੀ ਲੂਬਾਕ ਦੀ 'ਨਾਵਲ ਦੀ ਸ਼ਿਲਪ' ਮੇਰੇ ਖ਼ਿਆਲ ਵਿਚ ਇਸ ਵਿਸ਼ੇ ਬਾਰੇ ਸਭ ਤੋਂ ਵਧੀਆ ਪੁਸਤਕਾਂ ਵਿਚੋਂ ਹੈ। ਈ. ਐਮ. ਫੋਰਸਟਰ ਦੀ 'ਨਾਵਲ ਦੇ ਪੱਖ' ਨਾਲੋਂ ਵੀ ਚੰਗੇਰੀ। ਦੋਵਾਂ ਪੁਸਤਕਾਂ ਨੇ ਮੇਰੀ ਲਿਖਤ ਨੂੰ ਬੜਾ ਪ੍ਰਭਾਵਿਤ ਕੀਤਾ ਸੀ, ਭਾਵੇਂ ਮੈਂ ਦੋਵਾਂ ਦੇ ਦ੍ਰਿਸ਼ਕੋਣਾਂ ਤੇ ਪਹੁੰਚਾਂ ਨਾਲ ਸਹਿਮਤ ਨਹੀਂ ਸੀ ਹੋ ਸਕਿਆ।

? : ਤੁਹਾਡੇ ਪ੍ਰਸ਼ੰਸਕ ਵੀ ਮੰਨਦੇ ਹਨ ਕਿ ਆਮ ਕਰਕੇ ਤੁਸੀਂ ਅੱਖਰ ਤੇ ਅੱਖਰ (+ਡਕਗਮਗਜਵਕ) ਲਿਖੀ ਜਾਂਦੇ ਹੋ। ਕੀ ਤੁਸੀਂ ਇੰਝ ਕਰਦੇ ਹੋ?

– : ਨਾਵਲ ਦਾ ਪਹਿਲਾ ਖਰੜਾ ਹੜ੍ਹ ਵਾਂਗ ਆਉਂਦਾ ਹੈ । ਇਸ ਨੂੰ ਦੁਬਾਰਾ ਸੋਧ ਕੇ ਲਿਖਣ ਵੇਲੇ ਲੇਖਕ ਆਪ ਮੁਹਾਰੇ ਬੋਲ ਦਾ ਕੁਦਰਤੀ ਸੱਚ ਅਨੁਭਵ ਕਰਦਾ ਹੈ। ਮੈਂ ਹਰ ਚੀਜ਼ ਨੂੰ ਚੱਲਣ ਦਿੰਦਾ ਹਾਂ। ਨਿਰਸੰਦੇਹ ਹਰ ਗੱਲ ਨੂੰ, ਮਨੁੱਖੀ ਅਰਥਾਂ ਵਿਚ ਆਪਣੇ ਆਦਰਸ਼ਾਂ ਨੂੰ ਜੋੜਨ ਦੀ ਕੋਸ਼ਿਸ਼ ਵਿਚ, ਲੋੜ ਤੋਂ ਵੱਧ ਆਖ ਜਾਣ ਦਾ ਖ਼ਤਰਾ ਤਾਂ ਹੁੰਦਾ ਹੈ। ਮੈਂ ਇਹ ਪ੍ਰਵਾਨ ਕਰਦਾ ਹਾਂ ਕਿ ਸ਼ਿਲਪਕਾਰੀ ਦਾ ਬੜਾ ਮਹੱਤਵ ਹੈ। ਮੈਂ ਅਕਸਰ ਹੀ ਆਪਣੇ ਆਪ ਨੂੰ ਕਿਹਾ ਹੈ ''ਕੱਟ ਦਿਉ। ਹੋਰ ਕੱਟੋ, ਹੋਰ''

? : ਕੀ ਤੁਸੀਂ ਕਦੇ ਆਪਣੇ ਉਬਾਲਾਂ ਨੂੰ ਸੋਧਣ ਬਾਰੇ ਸੋਚਿਆ ਹੈ?

– : ਮੈਨੂੰ ਨਹੀਂ ਪਤਾ ਕਿ ਪਹਿਲੀ ਕੁਦਰਤੀ ਲਿਖਤ ਨੂੰ ਮੁੱਢੋਂ ਸੁੱਢੋਂ ਸੋਧਿਆ ਜਾ ਸਕਦਾ ਹੈ। ਮੇਰੇ ਨਾਵਲ ਹੜ੍ਹ ਵਾਂਗ ਆਉਂਦੇ ਨ ਅਤੇ ਭਾਵੇਂ ਮੈਂ ਪਹਿਲੇ ਬਰਫ ਦੇ ਤੋਦੇ ਨੂੰ ਕਾਬੂ ਕਰਨ ਦਾ ਯਤਨ ਕਰਦਾ ਹਾਂ, ਪਰ ਮੈਂ ਵੇਖਦਾ ਹਾਂ ਕਿ ਕੁਝ ਟੁਕੜਿਆਂ ਨੂੰ ਕੱਟਣ ਤੋਂ ਬਿਨਾਂ, ਭਾਵੇਂ ਕੱਚਾ ਖਰੜਾ ਹੀ ਸਹੀ, ਪਰ ਸਾਰੀ ਬੀਰ-ਗਾਥਾ ਦੇ ਤਾਲਮਈ ਵਹਾਓ ਨੂੰ ਢਹਿ-ਢੇਰੀ ਕਰਨਾ ਸੰਭਵ ਨਹੀਂ ਹੁੰਦਾ।

? : ਕੀ ਤੁਸੀਂ ਕਹੋਗੇ ਕਿ ਤੁਹਾਡੀ ਜ਼ਿੰਦਗੀ ਦੀ ਸਭ ਤੋਂ ਅਭਿਲਾਸ਼ੀ ਉੱਦਮ, ਤੁਹਾਡੀਆਂ ਇਹ ਸਵੈ-ਜੀਵਨੀਆਂ ਬਾਰੇ ਵੀ ਇਹ ਗੱਲ ਸੱਚ ਹੈ?

– : ਮੈਂ ਸਵੈ-ਜੀਵਨੀਆਂ ਨਹੀਂ ਲਿਖ ਰਿਹਾ, ਸਗੋਂ ਸਵੈ-ਜੀਵਨੀ ਮੂਲਕ ਨਾਵਲ ਲਿਖ ਰਿਹਾ ਹਾਂ। ਇਹ ਫ਼ਰਕ ਕਰਨਾ ਜ਼ਰੂਰੀ ਹੈ। ਮੈਂ ਇਕਬਾਲੀਆ ਨਾਵਲ ਵਿਚ ਵਿਸ਼ਵਾਸ ਕਰਦਾ ਹਾਂ। ਉੱਤਮ ਪੁਰਖ ਵਿਚ ਤੇ ਇੱਕ ਵਿਚ ਲੇਖਕ ਇਮਾਨਦਾਰ ਹੋ ਸਕਦਾ ਹੈ। ਉਹ ਗੰਢੇ ਦੀ ਛਿੱਲ ਦੀ ਤਹਿ-ਦਰ-ਤਹਿ ਉਤਾਰ ਸਕਦਾ ਹੈ ਤੇ ਆਪਣੀ ਆਤਮਾ ਤੀਕ ਪਹੁੰਚ ਸਕਦਾ ਹੈ।

? : ਤੁਸੀਂ ਨੌਜਵਾਨ ਲੇਖਕ ਨੂੰ ਕੀ ਸਲਾਹ ਦੇ ਸਕਦੇ ਹੋ? ਜਿਸਨੇ ਅਜੇ ਲਿਖਣਾ ਆਰੰਭ ਕੀਤਾ ਹੋਵੇ?

– : ਇਮਾਨਦਾਰ ਰਹੋ, ਡਰੋ ਮੱਤ, ਆਪਣੇ ਰਾਹ ਤੇ ਤੁਰੋ ਤੇ ਮੇਰੇ ਵਰਗੇ ਬੁੱਢਿਆਂ ਕੋਲੋਂ ਸਲਾਹ ਮੱਤ ਲਵੋ। ਹਰ ਪੁਰਾਣੀ ਚੀਜ਼ ਜੀਵਨ ਉੱਤੇ ਭੁੱਖੀ ਪਕੜ ਰੱਖਦੀ ਹੈ। ਇਹ ਗੱਲ ਜੌਹਨ ਕਾਰਨਫੋਰਡ ਨੇ ਆਖੀ ਸੀ। ਨੌਜਵਾਨਾਂ ਨੂੰ ਚਾਹੀਦਾ ਹੈ ਬੰਧਨ ਤੋੜ ਕੇ ਮੁਕਤ ਹੋਣ।

South Common
Farmers' Market
Now Open Saturday & Sunday from 10-4pm
19th ave & Parsons Rd. , Go to
www.southcommonmarket.ca for more infromation
Bring this ad to the Kettle Corn booth for a dollar off a reg. size bag of great tasting Kettle corn.

# ਵਸਣਾ ਸ਼ਹਿਰ ਭਾਵੇਂ ਹੋਵੇ ਕਹਿਰ



ਅਮਰਪਾਲ ਸਿੰਘ ਬੈਂਸ
+91-98156-21244
bainsa44@gmail.com

ਸ਼ਹਿਰਾਂ ਦੀ ਚਕਾਚੌਂਧ ਨੇ ਬਹੁਗਿਣਤੀ ਲੋਕਾਂ ਨੂੰ ਆਪਣੇ ਵੱਲ ਆਕਰਸ਼ਿਤ ਕੀਤਾ ਹੈ ਅਤੇ ਪਿੰਡਾਂ ਤੋਂ ਸ਼ਹਿਰਾਂ ਵਲ ਨੂੰ ਪ੍ਰਵਾਸ ਦੀ ਰਫਤਾਰ ਨਿੱਤ ਦਿਨ ਤੇਜ਼ ਹੁੰਦੀ ਜਾ ਰਹੀ ਹੈ। ਸਮੁੱਚੀ ਦੁਨੀਆ ਵਿੱਚ ਲੋਕਾਂ ਦੇ ਵਸੇਰੇ ਦੇ ਦੋ ਹੀ ਸਥਾਨ ਹਨ ਪਿੰਡ ਤੇ ਸ਼ਹਿਰ। ਸ਼ਹਿਰਾਂ ਨੂੰ ਹਮੇਸ਼ਾ ਪਿੰਡਾਂ ਨਾਲੋਂ ਵਧੇਰੇ ਵਿਕਸਿਤ ਮੰਨਿਆ ਜਾਂਦਾ ਰਿਹਾ ਹੈ ਭਾਵੇਂ ਕਿ ਮਨੁੱਖੀ ਲੋੜਾ ਦੀਆ ਮੁੱਢਲੀਆ ਵਸਤਾਂ ਪਿੰਡਾਂ ਵਿੱਚ ਹੀ ਪੈਦਾ ਹੁੰਦੀਆਂ ਹਨ ਪਰ ਫੇਰ ਵੀ ਪਿੰਡਾਂ ਤੋਂ ਸ਼ਹਿਰਾਂ ਵੱਲ ਨੂੰ ਪ੍ਰਵਾਸ ਕਰਨ ਦੀ ਦਰ ਵਿੱਚ ਨਿਰੰਤਰ ਵਾਧਾ ਹੋ ਰਿਹਾ ਹੈ। ਚੰਡੀਗੜ੍ਹ ਸ਼ਹਿਰ ਦੀ ਸਥਾਪਤੀ ਸਮੇਂ ਮੇਰੇ ਦਾਦਾ ਜੀ ਦੀ ਡਿਊਟੀ ਬਤੌਰ ਕਾਨੂੰਗੋ ਉਥੇ ਲੱਗੀ ਹੋਈ ਸੀ ਉਹ ਸਾਨੂੰ ਦੱਸਿਆ ਕਰਦੇ ਕਿ ਉਸ ਸਮੇਂ ਸਰਕਾਰੀ ਮੁਲਾਜ਼ਮਾਂ ਨੂੰ ਵਾਜਬ ਕਿਸ਼ਤਾਂ ਇੱਥੇ ਪਲਾਟ ਲੈਣ ਲਈ ਉਤਸ਼ਾਹਿਤ ਕੀਤਾ ਜਾਂਦਾ ਸੀ ਅਤੇ ਰੇਟ ਵੀ ਬਹੁਤ ਨਿਗੂਣੇ ਸਨ। ਪਰ ਉਸ ਸਮੇਂ ਪਿੰਡਾਂ ਵਿੱਚੋਂ ਜਾਣ ਵਾਲੇ ਬਹੁਤੇ ਕਰਮਚਾਰੀ ਪਿੰਡਾਂ ਦੀ ਖੁਲ੍ਹੀ ਡੁਲ੍ਹੀ ਜ਼ਿੰਦਗੀ ਨੂੰ ਛੱਡ ਕੇ ਸ਼ਹਿਰ ਜਾਣ ਲਈ ਤਿਆਰ ਨਹੀਂ ਹੁੰਦੇ ਸਨ। ਇਸ ਤੋਂ ਬਾਦ ਪੰਜਾਬ ਵਿੱਚ ਆਈ ਹਰੀ ਕ੍ਰਾਂਤੀ ਨੇ ਪਿੰਡਾਂ ਦੇ ਲੋਕਾਂ ਦੀ ਆਮਦਨ ਵਿੱਚ ਅਜਿਹਾ ਵਾਧਾ ਕੀਤਾ ਕਿ ਪਿੰਡਾਂ ਦੀ ਨੁਹਾਰ ਬਦਲਨ ਲੱਗੀ। ਪਰ ਹੌਲੀ-ਹੌਲੀ ਇਸ ਆਮਦਨ ਵਿੱਚ ਆਈ ਖੜੋਤ ਕਾਰਨ ਪਿੰਡਾਂ ਵਿੱਚ ਵਿੱਚ ਆ ਰਹੀਆ ਸਮੱਸਿਆਵਾਂ ਕਾਰਨ ਸ਼ਹਿਰਾਂ ਦੇ ਮੁਕਾਬਲੇ ਪਿੰਡ ਹਰ ਪੱਖੋਂ ਪਛੜਨ ਲੱਗੇ ਹਨ। ਸਮਾਜ ਦੇ ਕਾਜ ਖੇਤਰ ਵਿੱਚ ਆ ਰਹੇ ਬਦਲਾਅ ਕਾਰਨ ਪੇਸ਼ੇਵਰ ਤੌਰ ਤੇ ਦਿਨ ਤੇ ਰਾਤਾਂ ਦੇ ਫਰਕ ਮਿਟਣ ਲੱਗੇ ਹਨ ਅਤੇ ਅਜਿਹੇ ਵਿੱਚ ਜ਼ਿੰਦਗੀ ਦੀ ਪਹੁੰਚ ਨੂੰ ਸੁਖਾਲੀ ਬਨਾਉਣ ਵਿੱਚ ਸ਼ਹਿਰ ਹੀ ਸਹਾਈ ਹੋ ਰਹੇ ਹਨ। ਕਿਉਂਕਿ ਆਮ ਤੌਰ ਤੇ ਇਹ ਮੰਨਿਆ ਜਾਂਦਾ ਹੈ ਕਿ ਸ਼ਹਿਰਾਂ ਵਿੱਚ ਜ਼ਿੰਦਗੀ ਘੜੀ ਦੀਆ ਸੂਈਆ ਦੇ ਨਾਲ ਚਲਦੀ ਹੈ ਅਤੇ ਪਿੰਡਾਂ ਵਿੱਚ ਸ਼ਾਮ ਪੈਂਦਿਆ ਜ਼ਿੰਦਗੀ ਵਿੱਚ ਠਹਿਰਾਅ ਆ ਜਾਂਦਾ ਹੈ ।

ਕੁਝ ਦਹਾਕਿਆਂ ਤੋਂ ਬੱਚਿਆਂ ਨੂੰ ਚੰਗੀ ਸਿੱਖਿਆ ਦੇਣ ਦੇ ਮਕਸਦ ਨੂੰ ਲੈਕੇ ਪਿੰਡਾਂ ਤੋਂ ਸ਼ਹਿਰਾਂ ਵੱਲ ਨੂੰ ਜਾਣ ਵਾਲੀਆ ਗਿਣਤੀ ਵਧਣ ਲੱਗੀ ਹੈ ਕਿਉਂਕਿ ਸਿੱਖਿਆ ਦੇ ਖੇਤਰ ਵਿੱਚ ਜੋ ਸਹੂਲਤਾਂ ਸ਼ਹਿਰਾਂ ਵਿੱਚ ਉਹ ਪਿੰਡਾਂ ਵਿੱਚ ਮਿਲਣੀਆ ਨਾਮੁਮਕਿਨ ਹਨ।ਪਿਛਲੇ ਸਮੇਂ ਦੌਰਾਨ ਪੰਜਾਬੀ ਯੂਨੀਵਰਸਿਟੀ ਦੁਆਰਾ ਕਰਵਾਏ ਗਏ ਸਰਵੇ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਉਚੇਰੀ ਸਿੱਖਿਆ ਹਾਸਲ ਕਰਨ ਵਾਲੇ ਵਿਦਿਆਰਥੀਆ ਵਿੱਚ ਪੇਂਡੂ ਵਿਦਿਆਰਥੀਆ ਦੀ ਗਿਣਤੀ ਲਗਾਤਾਰ ਘਟ ਰਹੀ ਹੈ। ਪਿੰਡ ਛੱਡ ਕੇ ਜਿਹੜਾ ਇੱਕ ਵਾਰ ਸ਼ਹਿਰ ਚਲਾ ਗਿਆ ਉਹ ਭਾਵੇਂ ਪਿੰਡਾਂ ਦੇ ਖੁਲ੍ਹੇ ਡੁਲ੍ਹੇ ਵਾਤਾਵਰਣ ਦੀਆ ਲੱਖ ਗੱਲਾਂ ਕਰੀ ਲੇਕਿਨ ਫੇਰ ਪਿੰਡ ਵੱਲ ਨੂੰ ਮੂੰਹ ਨਹੀਂ ਕਰਦਾ। ਸਿੱਖਿਆ ਦੇ ਖੇਤਰ ਵਿੱਚ ਆ ਰਹੀ ਪੇਸ਼ੇਵਰ ਪਹੁੰਚ ਨੇ ਤਾਂ ਪੜ੍ਹਾਕੂਆ ਲਈ ਰੋਜ਼ਗਾਰ ਦੇ ਸਾਧਨ ਵੀ ਅਜਿਹੇ ਬਣਾ ਦਿੱਤੇ ਹਨ ਜਿਹੜੇ ਸ਼ਹਿਰਾਂ ਦੀ ਚਮਕ ਦਮਕ ਵਿੱਚ ਹੀ ਮਿਲ ਸਕਦੇ ਹਨ।ਮੁਕਾਬਲੇਬਾਜ਼ੀ ਦੇ ਮੌਜੂਦਾ ਦੌਰ ਵਿੱਚ ਵੀ ਸ਼ਹਿਰੀ ਵਿਦਿਆਰਥੀ ਬਾਜ਼ੀ ਮਾਰਨ ਲੱਗੇ ਹਨ। ਅਜਿਹੇ ਵਿੱਚ ਫੇਰ ਉਹ ਭਲਾ ਪਿੰਡਾਂ ਵੱਲ ਕਿਉਂ ਆਉਣਗੇ। ਸਾਡੇ ਰੀਤੀ ਰਿਵਾਜ ਅਤੇ ਹੋਰ ਸਮਾਗਮ ਵੀ



ਸ਼ਹਿਰਾ ਵਿੱਚ ਹੋਣ ਵਾਲੇ ਸਮਾਗਮਾਂ ਤੋਂ ਪ੍ਰਭਾਵਿਤ ਹੋ ਰਹੇ ਹਨ ਅਤੇ ਅਜਿਹੇ ਵਿੱਚ ਪੇਂਡੂ ਦਿੱਖ ਬਿਲਕੁੱਲ ਹੀ ਅਲੋਪ ਹੋ ਰਹੀ ਹੈ। ਕੁਝ ਲੋਕ ਤਾਂ ਇੱਥੋਂ ਤੱਕ ਵੀ ਆਖਦੇ ਹਨ ਪਿੰਡਾਂ ਵਿੱਚੋਂ ਪੜ੍ਹੇ ਲਿਖੇ ਲੋਕਾਂ ਦੇ ਸ਼ਹਿਰਾਂ ਵਿੱਚ ਚਲੇ ਜਾਣ ਕਾਰਨ ਪਿੰਡਾਂ ਵਿਕਾਸ ਪੱਖੋਂ ਵੀ ਪਛੜਨ ਲੱਗੇ ਹਨ ਅਤੇ ਕਈ ਜਗ੍ਹਾ ਪਿੰਡਾਂ ਦੇ ਮੁੱਖੀ ਅਜਿਹੇ ਬਣਨ ਬਣਨ ਲੱਗੇ ਹਨ ਜਿਹੜੇ ਕਿ ਪਿੰਡਾਂ ਦੀ ਵਿਵਸਥਾ ਚਲਉਣ ਤੋਂ ਉਕਾ ਹੀ ਕੋਰੇ ਹਨ। ਪਿੰਡਾਂ ਵਿੱਚ ਖੇਤੀ,ਸਹਾਇਕ ਧੰਦਿਆ ਅਤੇ ਹੋਰਨਾਂ ਖੇਤਰਾਂ ਵਿੱਚ ਲਗਾਤਾਰ ਘੱਟ ਹੋ ਰਹੇ ਰੋਜ਼ਗਾਰ ਨੇ ਵੀ ਜ਼ਮੀਨ ਵਿਹੂਣੇ ਲੋਕਾ ਨੂੰ ਰੋਜ਼ਗਾਰ ਲਈ ਸ਼ਹਿਰਾਂ ਵੱਲ ਨੂੰ ਜਾਣ ਲਈ ਮਜ਼ਬੂਰ ਕਰ ਦਿੱਤਾ ਹੈ। ਇਸ ਤੋਂ ਇਲਾਵਾ ਅਜੋਕੀ ਨੌਜਵਾਨ ਪੀੜ੍ਹੀ ਆਪਣੇ ਪੁਸ਼ਤੈਨੀ ਧੰਦਿਆ ਵਿੱਚ ਰੁਚੀ ਨਹੀਂ ਲੈ ਰਹੀ ਹੈ। ਕਿਸਾਨ ਦਾ ਪੁੱਤਰ ਹੁਣ ਮਿੱਟੀ ਨਾਲ ਮਿੱਟੀ ਨਹੀਂ ਹੋਣਾ ਚਾਹੁੰਦਾ ਅਤੇ ਉਸ ਨੂੰ ਹੁਣ ਚਿੱਟਕੱਪੜੀ ਲਿਬਾਸ ਚੰਗਾ ਲੱਗਦਾ ਹੈ। ਬਹੁਗਿਣਤੀ ਲੋਕ ਖੇਤੀ ਸਮੇਤ ਆਣੇ ਸਹਾਇਕ ਧੰਦਿਆ ਨੂੰ ਮਾਡਰਨ ਬਨਾਉਣ ਵਿੱਚ ਨਾਕਾਮ ਹਨ। ਵਿਹਲੜ ਪੁੱਤ ਹੁਣ ਨਸ਼ਿਆ ਵਿੱਚ ਗਲਤਾਨ ਹੋ ਰਿਹਾ ਹੈ। ਖਰਚੇ ਤੇ ਸੁੱਖ ਸਹੂਲਤਾਂ ਤੇ ਵਧੇਰੇ ਧਨ ਖਰਚਿਆ ਜਾਣ ਲੱਗਿਆ ਹੈ ਅਤੇ ਆਮਦਨ ਦੇ ਸਰੋਤ ਸੀਮਤ ਹਨ। ਅਜਿਹੀ ਦਲਦਲ ਵਿੱਚ ਫਸਿਆ ਨੂੰ ਸ਼ਹਿਰ ਹੀ ਰੁਜ਼ਗਾਰਮੁੱਖੀ ਦਿਖਣ ਲੱਗੇ ਹਨ।ਸਮੇਂ-ਸਮੇਂ ਸਰਕਾਰਾਂ ਦੁਆਰਾ ਵੀ ਪਿੰਡਾਂ ਨੂੰ ਸ਼ਹਿਰਾਂ ਵਰਗੀਆਂ ਸਹੂਲਤਾਂ ਦੇਣ ਦੀਆ ਗੱਲਾਂ ਕੀਤੀਆ ਜਾਂਦੀਆ ਰਹੀਆ ਹਨ ਪਰ ਸਰਕਾਰ ਦੁਆਰਾ ਪਿੰਡਾਂ ਵਿੱਚ ਸ਼ੁਰੂ ਕੀਤੇ ਜਾਂਦੇ ਬਹੁਤੇ ਪ੍ਰਾਜੈਕਟ ਥੋੜ੍ਹੇ ਸਮੇਂ ਬਾਅਦ ਹੀ ਦਮ ਤੋੜ ਜਾਂਦੇ ਹਨ। ਪੰਚਾਇਤਾ ਨੂੰ ਦਿੱਤੇ ਗਏ ਅਧਿਕਾਰ ਵੀ ਬਹੁਤੇ ਕਾਰਗਰ ਸਿੱਧ ਨਹੀਂ ਹੋ ਰਹੇ।

ਗੱਲ ਸ਼ਹਿਰਾਂ ਦੀ ਕਰ ਰਹੇ ਹਾਂ ਵਿਉਂਤਬੰਦੀ ਨਾਲ ਸ਼ਹਿਰਾਂ ਦੇ ਹੋ ਰਹੇ ਵਿਕਾਸ ਨੇ ਲੋਕਾਂ ਨੂੰ ਇਸ ਪਾਸੇ ਵੱਲ ਆਕਰਸ਼ਿਤ ਕੀਤਾ ਹੈ। ਦਿਨ ਪ੍ਰਤੀ ਦਿਨ ਅਬਾਦੀ ਦੇ ਬੋਝ ਕਾਰਨ ਸ਼ਹਿਰਾਂ ਨੂੰ ਵੀ ਵੱਡੀਆ ਸਮੱਸਿਆਵਾਂ ਨਾਲ ਜੂਝਣਾ ਪੈ ਰਿਹਾ ਹੈ । ਲੇਕਿਨ ਇਸ ਦੇ ਬਾਵਜੂਦ ਵੀ ਸ਼ਹਿਰੀ ਵਸੇਰੇ ਨੂੰ ਪਿੰਡਾਂ ਦੇ ਮੁਕਾਬਲੇ ਉਤਮ ਮੰਨਿਆ ਜਾਣ ਲੱਗਿਆ ਹੈ। ਸਾਡੇ ਲੋਕ ਗੀਤਾਂ ਵਿੱਚ ਵੀ ਕਈ ਥਾਈ ਸ਼ਹਿਰਾਂ ਨੂੰ ਮਹੱਤਵ ਦਿੰਦੇ ਸ਼ਹਿਰ ਵੱਲ ਜਾਣ ਦੀ ਤਾਂਘ ਦਾ ਜ਼ਿਕਰ ਮਿਲਦਾ ਹੈ। ਪਿੰਡ ਛੱਡਕੇ ਸ਼ਹਿਰ ਵਿੱਚ ਰਹਿਣ ਵਾਲਿਆ ਨੂੰ ਪਿੰਡ ਦੇ ਨਿਵਾਸੀਆ ਵਲੋਂ ਵੀ ਸਨਮਾਨ ਦੀ ਨਿਗ੍ਹਾ ਨਾਲ ਦੇਖਿਆ ਜਾਂਦਾ ਹੈ।ਸਾਲ 2011 ਦੀ ਮਰਦਮ ਸੁਮਾਰੀ ਦੇ ਪੰਜਾਬ ਦੇ ਅੰਕੜਿਆ ਤੇ ਵੀ ਜੇਕਰ ਝਾਤ ਮਾਰੀ ਜਾਵੇ ਤਾਂ ਇਹ ਸਪੱਸ਼ਟ ਨਜ਼ਰ ਆ ਰਿਹਾ ਹੈ ਕਿ ਪਿੰਡਾਂ ਦੇ ਮੁਕਾਬਲੇ ਸ਼ਹਿਰਾਂ ਦੀ ਆਬਾਦੀ ਵਿੱਚ ਵਾਧੇ ਦਰ ਜ਼ਿਆਦਾ ਹੈ।ਪੰਜਾਬ ਵਿੱਚ ਪਿਛਲੇ ਦਹਾਕੇ ਦੌਰਾਨ ਪੇਂਡੂ ਵਸੋਂ ਵਿੱਚ 7.58 ਫੀਸਦੀ ਵਾਧਾ ਹੋਇਆ ਜਦਕਿ ਸ਼ਹਿਰੀ ਵਸੋਂ ਵਿੱਚ ਇਹ ਰਿਕਾਰਡਤੋੜ ਵਾਧਾ 25.72 ਫੀਸਦੀ ਹੋਇਆ ਹੈ ਜੋ ਕਿ ਪੇਂਡੂ ਵਸੋਂ ਦੇ ਵਾਧੇ ਤੋਂ ਤਿਗੁਣੇ ਤੋਂ ਵੀ ਜ਼ਿਆਦਾ ਹੈ। ਪੰਜਾਬ ਦੇ ਚਾਰ ਜ਼ਿਲ੍ਹਿਆ ਵਿੱਚ ਤਾਂ ਅੱਧੇ ਤੋਂ ਵੀ ਵੱਧ ਜਨਸੰਖਿਆ ਸ਼ਹਿਰਾਂ ਵਿੱਚ ਹੈ। ਛੋਟੇ-ਵੱਡੇ ਸ਼ਹਿਰਾਂ ਨੇ ਬਹੁਤ ਸਾਰੇ ਪਿੰਡਾਂ ਨੂੰ ਆਪਣੇ ਕਲਾਵੇ ਵਿੱਚ ਲੈ ਕੇ ਉਨ੍ਹਾ ਪਿੰਡਾ ਦਾ ਵਜੂਦ ਹੀ ਖਤਮ ਕਰ ਦਿੱਤਾ ਹੈ। ਸ਼ਹਿਰਾਂ ਵਿੱਚ ਨਵੀਆ ਵਸ ਰਹੀਆ ਕਾਲੋਨੀਆ ਬਾਰੇ ਇਹ ਵੀ ਕਿਹਾ ਜਾਂਦਾ ਹੈ ਕਿ ਗੁਆਂਢੀ-ਗੁਆਂਢੀ ਵੀ ਇੱਕ ਦੂਜੇ ਨੂੰ ਘੱਟ ਹੀ ਜਾਣਦੇ ਹਨ ਅਤੇ ਇਹ ਹੋਂਦ ਸਿਰਫ ਪੱਥਰਾਂ ਦੀ ਹੀ ਹੋ ਕੇ ਰਹਿ ਗਈ ਹੈ। ਅਜਿਹੇ ਮਾਹੌਲ ਵਿੱਚ ਆਪਸੀ ਭਾਈਚਾਰੇ ਤੇ ਸਬੰਧਾ ਦੀਆ ਗੱਲਾਂ ਤਾਂ ਧੁਰ ਵਿੱਚ ਗੁਆਚ ਗਈਆ ਹਨ। ਪਰ ਫੇਰ ਵੀ ਸਵਰਗਾਂ ਵਰਗੇ ਪਿੰਡਾਂ ਤੋਂ ਸ਼ਹਿਰਾਂ ਵੱਲ ਨੂੰ ਪ੍ਰਵਾਸ ਬਾਦਸਤੂਰ ਜਾਰੀ ਹੈ।

# ਸਿੱਖਿਆ ਦਾ ਅਸਲ ਮੰਤਵ ਮਿਥਣਾ ਜਰੂਰੀ



ਪਾਵੇਲ ਪਾਸਲਾ
+91-94639-32580
pavel_pasla26@yahoo.com

ਦੇਸ਼ ਨੂੰ ਬਾਹਰੋਂ ਸੁਰੱਖਿਆ ਪ੍ਰਦਾਨ ਕਰਦੀ ਹੈ ਸਾਡੀ ਸੈਨਾ ਤੇ ਅੰਦਰੋਂ ਸੁਰੱਖਿਆ ਪ੍ਰਦਾਨ ਕਰਦੀ ਹੈ ਸਾਡੀ ਸਿੱਖਿਆ। ਸਾਡੀ ਸਿੱਖਿਆ ਨੀਤੀ ਤਾਂ ਬਹੁਤ ਕਮਜ਼ੋਰ ਹੈ। ਸਰਕਾਰ ਭਾਵੇਂ ਲੱਖ ਦਾਅਵੇ ਕਰਦੀ ਹੈ ਕਿ ਉਹ ਲੋਕਾਂ ਦੀ ਭਲਾਈ ਲਈ ਸਿੱਖਿਆ ਨੀਤੀਆਂ ਨਾਲ ਉਨ੍ਹਾਂ ਦੀ ਸੇਵਾ ਕਰ ਰਹੀ ਹੈ। ਪ੍ਰੰਤੂ ਇਹ ਸਾਰੇ ਦਾਅਵੇ ਖੋਖਲੇ ਹਨ। ਕਿਉਂਕਿ ਸਾਡੇ ਸਾਰਿਆਂ ਸਾਹਮਣੇ ਇਹ ਕਿਆ ਨਹੀਂ ਹੈ ਕਿ ਦੇਸ਼ ਦੀ ਸਿੱਖਿਆ ਪ੍ਰਣਾਲੀ ਕਿੰਨੇ ਕੁ ਪਾਣੀ ਵਿਚ ਹੈ। ਸਿੱਖਿਆ ਨੂੰ ਇਕ ਵਪਾਰ ਬਣਾਕੇ ਰੱਖ ਦਿੱਤਾ ਗਿਆ ਹੈ। ਸਰਕਾਰ ਸਿੱਖਿਆ ਦੇ ਨਾਂਅ ਉਤੇ ਖਜ਼ਾਨੇ ਭਰ ਰਹੀ ਹੈ।

ਅੱਜਕੱਲ ਸਿੱਖਿਆ ਦਾ ਹਾਲ ਬੇਹਾਲ ਹੋ ਚੁੱਕਾ ਹੈ, ਹਰ ਗਲੀ ਮੁਹੱਲੇ ਵਿਚ ਵੱਡੀ ਮਾਤਰਾ ਵਿਚ ਪ੍ਰਾਈਵੇਟ ਸਕੂਲ ਮਿਲਦੇ ਹਨ। ਉਹ ਚਾਹੇ ਸਕੂਲ ਖੋਲਣ ਦੀ ਸ਼ਰਤ ਪੂਰੀ ਕਰਦੇ ਹੋਣ ਜਾਂ ਨਾ, ਪਰ ਉਨ੍ਹਾਂ ਨੂੰ ਪੈਸੇ ਦੀ ਆੜ ਵਿਚ ਸਕੂਲ ਖੋਲਣ ਦੀ ਆਗਿਆ ਦੇ ਦਿੱਤੀ ਜਾਂਦੀ ਹੈ। ਜਿਹੜੇ ਲੋਕ ਪੈਸਾ ਦੇ ਕੇ ਸਕੂਲ ਖੋਲਦੇ ਹਨ ਉਨ੍ਹਾਂ ਤੋਂ ਤੁਸੀਂ ਕੋਈ ਭਲਾਈ ਦੀ ਆਸ ਨਹੀਂ ਰੱਖ ਸਕਦੇ। ਦਾਖਲੇ ਦੇ ਨਾਂਅ ਉਤੇ ਵੱਧ ਤੋਂ ਵੱਧ ਪੈਸੇ ਇਕੱਠੇ ਕੀਤੇ ਜਾਂਦੇ ਹਨ। ਇਸ ਤੋਂ ਬਾਅਦ ਟਿਊਸ਼ਨ ਫੀਸ, ਕਿਤਾਬਾਂ ਦੇ ਖਰਚੇ, ਵਰਦੀ ਤੇ ਹੋਰ ਪਤਾ ਨਹੀਂ ਕਿੰਨੇ ਖਰਚਿਆਂ ਦਾ ਬੋਝ ਬੱਚਿਆਂ ਦੇ ਮਾਪਿਆਂ ਨੂੰ ਝੱਲਣਾ ਪੈਂਦਾ ਹੈ।

ਪੈਸੇ ਦੇ ਜ਼ੋਰ ਕਾਰਨ ਅੱਜ ਦੇ ਵਿਦਿਆਰਥੀਆਂ ਵਿਚ ਵੀ ਅਨੁਸ਼ਾਸਨ ਦੀ ਬੜੀ ਕਮੀ ਪਾਈ ਜਾ ਰਹੀ ਹੈ, ਉਹ ਪੈਸੇ ਦੇ ਕੇ ਸਮਝਦੇ ਹਨ ਕਿ ਉਨ੍ਹਾਂ ਨੇ ਸਿੱਖਿਆ ਦੇ ਸਾਰੇ ਸਾਧਨ ਖਰੀਦ ਲਏ ਹਨ ਤੇ ਉਹ ਗੁਰੂ-ਚੇਲੇ ਦੀ ਕਦਰ ਤੱਕ ਭੁੱਲ ਜਾਂਦੇ ਹਨ। ਦੂਜੇ ਪਾਸੇ ਉਹ ਬੱਚੇ ਜੋ ਪੜ੍ਹਾਈ ਦੇ ਕਦਰਦਾਨ ਹਨ ਪ੍ਰੰਤੂ ਪੈਸਾ ਨਾ ਹੋਣ ਕਰਕੇ ਉਹ ਪੜ੍ਹ ਨਹੀਂ ਪਾਉਂਦੇ। ਜੇ ਉਹਨਾਂ ਦੇ ਮਾਪੇ ਮਿਹਨਤ ਕਰਕੇ ਆਪਣੇ ਬੱਚਿਆਂ ਨੂੰ ਦਾਖਲਾ ਲੈ ਵੀ ਦਿੰਦੇ ਹਨ ਪਰ ਉਨ੍ਹਾਂ ਨੂੰ ਉਚ ਸਿੱਖਿਆ ਦੀ ਪੜ੍ਹਾਈ ਤੱਕ ਪਹੁੰਚਾ ਨਹੀਂ ਪਾਉਂਦੇ।

ਸਿੱਖਿਆ ਦੀ ਇਸ ਨੀਤੀ ਦੀ ਮਾਰ ਹੇਠ ਜਿੱਥੇ ਵਿਦਿਆਰਥੀ ਇਹ ਸਭ ਕੁੱਝ ਝੱਲ ਰਹੇ ਹਨ ਉਥੇ ਇਨ੍ਹਾਂ ਨੀਤੀਆਂ ਦੀ ਮਾਰ ਅਧਿਆਪਕ ਵੀ ਝੱਲ ਰਹੇ ਹਨ। ਨਿੱਜੀਕਰਨ ਹੋਣ ਕਾਰਨ ਅਧਿਆਪਕਾਂ ਨੂੰ ਘੱਟ ਤੋਂ ਘੱਟ ਤਨਖਾਹ ਦੇ ਕੇ ਵੱਧ ਤੋਂ ਵੱਧ ਕੰਮ ਲਿਆ ਜਾਂਦਾ ਹੈ। ਅੱਗੇ ਅਧਿਆਪਕ ਵੀ ਉਸੀ ਤਰਜ਼ੀਹ 'ਤੇ ਕੰਮ ਕਰਦੇ ਹਨ ਕਿ ਜਿੰਨੀ ਤਨਖਾਹ ਉਨਾ ਕੰਮ। ਪ੍ਰੰਤੂ ਇਨ੍ਹਾਂ ਸਾਰਿਆਂ ਵਿਚ ਬੱਚਿਆਂ ਦਾ ਭਵਿੱਖ ਅਟਕ ਜਾਂਦਾ ਹੈ। ਕੋਈ ਵੀ ਸਮਾਜ ਬਿਨਾਂ ਸਿੱਖਿਆ ਦੇ ਤਰੱਕੀ ਨਹੀਂ ਕਰ ਸਕਦਾ, ਸਿੱਖਿਆ ਹੀ ਇਕ ਅਜਿਹਾ ਹਥਿਆਰ ਹੈ ਜਿਸ ਨਾਲ ਅਸੀਂ ਲੋਕਾਂ ਦਾ ਜੀਵਨ ਪੱਧਰ ਉਚਾ ਚੁੱਕ ਸਕਦੇ ਹਾਂ।

ਜੇ ਅੰਕੜਿਆਂ ਵੱਲ ਝਾਤ ਮਾਰੀਏ ਤਾਂ ਸਰਕਾਰ ਵਲੋਂ ਕੀਤੇ ਜਾ ਰਹੇ ਵਾਅਦੇ ਖੋਖਲੇ ਜਾਪਦੇ ਹਨ। ਕੇਵਲ 4 ਫੀਸਦੀ ਪੇਂਡੂ ਬੱਚੇ ਹੀ ਉਚ ਸਿੱਖਿਆ ਪ੍ਰਾਪਤ ਕਰ ਰਹੇ ਹਨ। ਇਸ ਸਰਕਾਰ ਦੇ ਆਪਣੇ ਅੰਕੜੇ ਹਨ ਕਿ 4.2 ਕਰੋੜ ਬੱਚੇ ਅਜਿਹੇ ਹਨ ਜਿਨ੍ਹਾਂ ਨੇ ਕਦੇ ਸਕੂਲ ਦੇਖਿਆ ਵੀ ਨਹੀਂ। ਅਧਿਆਪਕ ਜਿਨ੍ਹਾਂ ਨੂੰ ਸਰਕਾਰੀ ਤੌਰ 'ਤੇ ਭਰਤੀ ਹੀ ਨਹੀਂ ਕੀਤਾ ਜਾ ਰਿਹਾ ਤੇ ਜੇ ਰੱਖਿਆ ਵੀ ਜਾਂਦਾ ਹੈ ਤਾਂ ਠੇਕੇ 'ਤੇ ਹੀ ਰੱਖਿਆ ਜਾਂਦਾ ਹੈ। ਬਹੁਤੇ ਅਧਿਆਪਕ 12-12 ਸਾਲਾਂ ਤੋਂ ਪੰਜ ਹਜ਼ਾਰ ਰੁਪਏ ਮਹੀਨਾ ਉਤੇ ਇਸ ਆਸ ਨਾਲ ਕੰਮ ਕਰ ਰਹੇ ਹਨ ਕਿ ਉਨ੍ਹਾਂ ਨੂੰ ਪੱਕੇ ਕੀਤਾ ਜਾਵੇਗਾ। ਪਰ ਉਨ੍ਹਾਂ ਦਾ ਇਹ ਇੰਤਜ਼ਾਰ ਹੋਰ ਵਧੀ ਜਾ ਰਿਹਾ ਹੈ। ਜਿਹੜੇ ਪੰਜ ਹਜ਼ਾਰ ਮਿਲਦੇ ਵੀ ਹਨ ਉਹ ਕੋਈ 8 ਕੁ ਮਹੀਨੇ ਲਈ ਹੀ ਮਿਲਦੇ ਹਨ ਤੇ ਸਕੂਲਾਂ ਦੀਆਂ ਛੁੱਟੀਆਂ ਵਿਚ ਇਹ ਅਧਿਆਪਕ ਫਿਰ ਬੇਰੁਜ਼ਗਾਰ ਹੋ ਜਾਂਦੇ ਹਨ। ਜੇ ਉਹ ਆਪਣੇ ਹੱਕ ਲੈਣ ਲਈ ਸਰਕਾਰ ਵਿਰੁੱਧ ਆਪਣੀ ਆਵਾਜ਼ ਵੀ ਉਠਾਉਂਦੇ ਹਨ ਤਾਂ ਉਨ੍ਹਾਂ ਉਤੇ ਡੰਡੇ ਬਰਸਾਏ ਜਾਂਦੇ ਹਨ। ਅਸੀਂ ਆਮ ਤੌਰ 'ਤੇ ਹੀ ਰੋਜ਼ ਅਖਬਾਰਾਂ ਵਿਚ ਪੜ੍ਹਦੇ ਹਾਂ ਕਿ ਅਧਿਆਪਕਾਂ ਨੂੰ ਨੌਕਰੀ ਦੀ ਥਾਂ ਕੁੱਟ ਹੀ ਪੈਂਦੀ ਹੈ ਕਦੀ ਕਿਤੇ ਤੇ ਕਦੇ ਕਿਤੇ।

ਸਰਕਾਰੀ ਸਕੂਲਾਂ ਵਿਚ ਪੜ੍ਹਾਈ ਤਾਂ ਸਸਤੀ ਹੈ ਪ੍ਰੰਤੂ ਪੜ੍ਹਾਈ ਦਾ ਉਹ ਪੱਧਰ ਨਹੀਂ ਹੈ ਜੋ ਪ੍ਰਾਈਵੇਟ ਸਕੂਲਾਂ ਵਿਚ ਪਾਇਆ ਜਾਂਦਾ ਹੈ। ਇਸ ਕਰਕੇ ਵਧੇਰੇ ਮਾਪੇ ਆਪਣੇ ਬੱਚਿਆਂ ਦੇ ਉਜਵਲ ਭਵਿੱਖ ਲਈ ਉਨ੍ਹਾਂ ਨੂੰ ਪ੍ਰਾਈਵੇਟ ਸਕੂਲਾਂ ਵਿਚ ਦਾਖਲ ਕਰਵਾ ਦਿੰਦੇ ਹਨ। ਭਾਵੇਂ ਉਨ੍ਹਾਂ ਦੀਆਂ ਫੀਸਾਂ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਹੁੰਦੀਆਂ ਹਨ। ਸਰਕਾਰੀ ਸਕੂਲਾਂ ਵਿਚ ਬੁਨਿਆਦੀ ਸਹੂਲਤਾਂ ਦੀ ਘਾਟ ਵੀ ਆਮ ਪਾਈ ਜਾਂਦੀ ਹੈ, ਇਨ੍ਹਾਂ ਸਕੂਲਾਂ ਵਿਚ ਨਾ ਤਾਂ ਸਾਫ ਪਾਣੀ ਪੀਣ ਨੂੰ ਮਿਲਦਾ ਹੈ ਤੇ ਨਾ ਪ੍ਰਯੋਗਸ਼ਾਲਾ ਵਿਚ ਸਮਾਨ, ਇਸ ਤੋਂ ਇਲਾਵਾ ਫਰਨੀਚਰ ਦੀ ਘਾਟ ਵੀ ਆਮ ਪਾਈ ਜਾਂਦੀ ਹੈ। ਕੰਪਿਊਟਰ ਦੀ ਤਾਂ ਗੱਲ ਹੀ ਨਾ ਕਰੋ। ਜੇ ਕਦੇ ਇਕ ਦੋ ਕੰਪਿਊਟਰ ਹੁੰਦੇ ਵੀ ਹਨ ਤਾਂ ਉਹ ਵੀ ਬੱਚਿਆਂ ਨੂੰ ਦੂਰੋਂ ਦਰਸ਼ਨ ਕਰਵਾਉਣ ਲਈ। ਪੱਛੜੇ ਪਿੰਡਾਂ ਵਿਚ ਤਾਂ ਦਰੱਖਤਾਂ ਥੱਲੇ ਅਜੇ ਵੀ ਬੱਚਿਆਂ ਨੂੰ ਪੜ੍ਹਾਇਆ ਜਾਂਦਾ ਹੈ। ਅਸੀਂ ਇਹ ਆਮ ਦੇਖਿਆ ਹੈ ਕਿ ਸਰਕਾਰੀ ਸਕੂਲਾਂ ਦੇ ਅਧਿਆਪਕਾਂ ਦੇ ਬੱਚੇ ਵਧੀਆ ਪ੍ਰਾਈਵੇਟ ਸਕੂਲਾਂ ਵਿਚ ਪੜ੍ਹਦੇ ਹਨ। ਸਰਕਾਰੀ ਸਕੂਲਾਂ ਵਿਚ ਪੜ੍ਹਾਈ ਦੀ ਅਜਿਹੀ ਘਾਟ ਕਾਰਨ ਪ੍ਰਾਈਵੇਟ ਅਦਾਰੇ ਇਸ ਦਾ ਪੂਰਾ-ਪੂਰਾ ਫਾਇਦਾ ਉਠਾਉਂਦੇ ਹੋਏ ਮਨਮਰਜ਼ੀ ਦੀਆਂ ਫੀਸਾਂ ਲੈਂਦੇ ਹਨ। ਭਾਵੇਂ ਸਰਵ ਸਿੱਖਿਆ ਅਭਿਆਨ, ਸਿੱਖਿਆ ਨੂੰ ਉਚਾ ਚੁੱਕਣ ਲਈ ਵਧੀਆ ਕਦਮ ਹੈ। ਪ੍ਰੰਤੂ ਕੰਮ ਇੰਨਾ ਹੌਲੀ ਹੋ ਰਿਹਾ ਹੈ ਕਿ ਇਸਦਾ 30 ਫੀਸਦੀ ਪੈਸਾ ਵੀ ਅਜੇ ਖਰਚਿਆ ਨਹੀਂ ਗਿਆ।

ਜਿੱਥੇ ਪ੍ਰਾਈਵੇਟ ਅਦਾਰੇ ਬੱਚਿਆਂ ਤੋਂ ਮਨਮਰਜ਼ੀ ਦੀਆਂ ਫੀਸਾਂ ਲੈਂਦੇ ਹਨ ਪ੍ਰੰਤੂ ਅਧਿਆਪਕਾਂ ਨੂੰ ਇਨ੍ਹਾਂ ਦੀ ਯੋਗਤਾ ਦੇ ਹਿਸਾਬ ਨਾਲ ਤਨਖਾਹ ਨਹੀਂ ਦਿੱਤੀ ਜਾਂਦੀ। ਕਿਉਂਕਿ ਬੇਰੁਜ਼ਗਾਰ ਅਧਿਆਪਕਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ। ਜਿਸ ਨਾਲ ਇਹ ਸਿੱਖਿਆ ਵਪਾਰੀ ਅਧਿਆਪਕਾਂ ਤੋਂ ਲੋੜੋਂ ਵੱਧ ਕੰਮ ਲੈਂਦੇ ਹਨ। ਜਦੋਂ ਸਿੱਖਿਆ ਦਾ ਵਪਾਰੀਕਰਨ ਹੋ ਜਾਵੇ ਤਾਂ ਤੁਸੀਂ ਉਨ੍ਹਾਂ ਤੋਂ ਭਲਾਈ ਦੀ ਆਸ ਨਹੀਂ ਰੱਖ ਸਕਦੇ, ਕਿਉਂਕਿ ਵਪਾਰੀ ਨੇ ਤਾਂ ਸਾਰਾ ਕੰਮ ਪੈਸੇ ਲਈ ਹੀ ਕਰਨਾ ਹੁੰਦਾ ਹੈ। ਭਲਾਈ ਨਾਂਅ ਦੀ ਤਾਂ ਉਸ ਕੋਲ ਕੋਈ ਚੀਜ਼ ਹੀ ਨਹੀਂ ਹੁੰਦੀ। ਜੇ ਇਹ ਪ੍ਰਾਈਵੇਟ ਅਦਾਰੇ ਕੋਈ ਭਲਾਈ ਦੀ ਗੱਲ ਕਰਦੇ ਵੀ ਹਨ ਜਿਵੇਂ ਵਜ਼ੀਫੇ ਦੀ ਜਾਂ ਹੁਸ਼ਿਆਰ ਬੱਚਿਆਂ ਨੂੰ ਕਿਤਾਬਾਂ ਆਦਿ ਦੇਣ ਦੀ ਤਾਂ ਉਸ ਅੰਦਰ ਵੀ ਉਨ੍ਹਾਂ ਦੀ ਵਪਾਰਕ ਨੀਤੀ ਜੁੜੀ ਹੁੰਦੀ ਹੈ। ਅਜਿਹੇ ਪੈਂਤੜੇ ਅਪਨਾ ਕੇ ਉਹ ਆਪਣੇ ਇਸ ਬਿਜ਼ਨਿਸ ਨੂੰ ਮਸ਼ਹੂਰ ਕਰ ਰਹੇ ਹੁੰਦੇ ਹਨ। ਸਿੱਖਿਆ ਦੇ ਨਾਂਅ 'ਤੇ ਦੁਕਾਨਾਂ ਸਜਾਈਆਂ ਜਾ ਰਹੀਆਂ ਹਨ ਤੇ ਪੈਸੇ ਦੇ ਜ਼ੋਰ ਉਤੇ ਦਾਖਲੇ ਦਿੱਤੇ ਜਾ ਰਹੇ ਹਨ।

ਸਰਕਾਰ ਦਾ ਮਕਸਦ ਪੈਸੇ ਕਮਾਉਣਾ ਹੀ ਨਹੀਂ ਹੁੰਦਾ, ਉਸ ਦਾ ਮੁੱਖ ਕੰਮ ਲੋਕਾਂ ਲਈ ਭਲਾਈ ਦੇ ਕੰਮ ਕਰਨਾ। ਜਿਵੇਂ ਸਿਹਤ ਸੇਵਾਵਾਂ ਦੇਣਾ, ਲੋਕਾਂ ਦੇ ਜੀਵਨ ਪੱਧਰ ਨੂੰ ਉਚਾ ਚੁੱਕਣਾ, ਰੋਜ਼ਗਾਰ ਦੇਣਾ, ਸਿੱਖਿਆ ਦੇਣਾ ਅਤੇ ਹੋਰ ਅਜਿਹੇ ਕਈ ਕੰਮ ਕਰਨੇ ਜੋ ਲੋਕਾਂ ਦੀ ਭਲਾਈ ਨਾਲ ਜੁੜੇ ਹੋਣ ਨਾ ਕਿ ਪੈਸਾ ਇਕੱਠਾ ਕਰਨ ਨਾਲ। ਇਸ ਵਿਚ ਭਾਵੇਂ ਸਰਕਾਰ ਨੂੰ ਕਾਫੀ ਘਾਟਾ ਵੀ ਸਹਿਣਾ ਪਵੇ ਤਾਂ ਵੀ ਉਸ ਨੂੰ ਇਨ੍ਹਾਂ ਕੰਮਾਂ ਵਿਚ ਪਿੱਛੇ ਨਹੀਂ ਹਟਣਾ ਚਾਹੀਦਾ। ਜੇ ਕਿਸੇ ਰਾਜ ਦੇ ਲੋਕਾਂ ਦਾ ਜੀਵਨ ਪੱਧਰ ਉਚਾ ਹੋਵੇਗਾ ਤਾਂ ਹੀ ਉਸ ਰਾਜ ਦੀ ਹੋਂਦ ਕਾਇਮ ਰਹਿ ਸਕਦੀ ਹੈ। ਸਰਕਾਰ ਨੂੰ ਸਰਕਾਰੀ ਸਕੂਲਾਂ ਵਿਚ ਬੁਨਿਆਦੀ ਸਹੂਲਤਾਂ ਦਾ ਪ੍ਰਬੰਧ ਕਰਨਾ ਚਾਹੀਦਾ ਹੈ ਤੇ ਯੋਗ ਅਧਿਆਪਕਾਂ ਦੀ ਭਰਤੀ ਸਮੇਂ ਸਮੇਂ ਉਤੇ ਕਰਦੇ ਰਹਿਣੀ ਚਾਹੀਦੀ ਹੈ ਤਾਂ ਜੋ ਸਕੂਲਾਂ ਵਿਚ ਅਧਿਆਪਕਾਂ ਦੀ ਕਮੀ ਨਾ ਆਵੇ। ਸਿੱਖਿਆ ਦਾ ਵਪਾਰੀਕਰਨ ਤਾਂ ਬਿਲਕੁਲ ਬੰਦ ਕੀਤਾ ਜਾਣਾ ਚਾਹੀਦਾ ਹੈ। ਪ੍ਰਾਈਵੇਟ ਖੇਤਰ ਵਿਚ ਆਉਣ ਵਾਲੇ ਸਕੂਲਾਂ ਤੇ ਕਾਲਜਾਂ ਲਈ ਸਖਤੀ ਨਾਲ ਕਾਨੂੰਨ ਬਣਾਏ ਜਾਣੇ ਚਾਹੀਦੇ ਹਨ। ਤਾਂ ਜੋ ਉਹ ਲੁੱਟ ਖਸੁੱਟ ਨਾ ਕਰ ਸਕਣ। ਇਸ ਤੋਂ ਇਲਾਵਾ ਪ੍ਰਾਈਵੇਟ ਅਦਾਰਿਆਂ ਉਤੇ ਨਕੇਲ ਪਾਉਣੀ ਵੀ ਬੇਹੱਦ ਜ਼ਰੂਰੀ ਹੈ। ਜੇ ਸੱਖਿਆ ਲਈ ਅਜਿਹੇ ਕਦਮ ਨਾ ਪੁੱਟੇ ਗਏ ਤਾਂ ਗਿਆਨ ਦਾ ਇਹ ਸੋਮਾ ਚੁਣਵੇਂ ਲੋਕਾਂ ਲਈ ਸੀਮਤ ਹੋ ਜਾਵੇਗਾ। ਜਿਸ ਨਾਲ ਦੇਸ਼ ਅਗਿਆਨਤਾ ਦੇ ਹਨੇਰੇ ਅੰਦਰ ਡੁੱਬ ਕੇ ਰਹਿ ਜਾਵੇਗਾ।

# ਲੁੱਟ-ਸੋਸ਼ਣ ਖਿਲਾਫ ਬੋਲੋਗੇ ਤਾਂ ਮਾਰੇ ਜਾਓਗੇ

ਸੁਨੀਲ

ਤੁਹਾਡੇ ਘਰ ’ਚ ਲੁਟੇਰੇ ਆਉਂਦੇ ਹਨ, ਤੁਹਾਨੂੰ ਬੰਨ੍ਹ ਕੇ ਮਾਰਿਆ-ਕੁਟਿਆ ਜਾਂਦਾ ਹੈ, ਜੇਕਰ ਤੁਸੀਂ ਇਸ ਦਾ ਜਵਾਬ ਦੇਣ ਦੀ ਕੋਸ਼ਿਸ਼ ਕਰਦੇ ਹੋ ਤਾਂ ਗੋਲੀ ਵੀ ਮਾਰ ਦਿੱਤੀ ਜਾਂਦੀ ਹੈ। ਲੁਟੇਰਿਆਂ ਦਾ ਮਕਸਦ ਹੁੰਦਾ ਹੈ, ਕਿਸੇ ਵੀ ਤਰੀਕੇ ਨਾਲ ਤੁਹਾਨੂੰ ਡਰਾ ਧਮਕਾ ਕੇ ਜਾਂ ਕੁੱਟਮਾਰ ਕਰਕੇ ਤੁਹਾਡੇ ਘਰ ਦੀ ਲੁੱਟ ਕਰਨਾ, ਪਰ ਉਨ੍ਹਾਂ ਨਾਲ ਭਾਰਤ ਦੀ ਸੱਤਾ ਧਿਰ ਨਹੀਂ ਹੁੰਦੀ, ਕਿਉਂਕਿ ਉਹ ‘ਲੁਟੇਰੇ’ ਉਨ੍ਹਾਂ ਨੂੰ ਕੋਈ ਹਿੱਸਾ ਨਹੀਂ ਦਿੰਦੇ।

ਜਦੋਂ ਵੱਡੇ ਲੁਟੇਰੇ ਦੇਸ਼ ਨੂੰ ਲੁੱਟਣ ਲਈ ਆਉਂਦੇ ਹਨ ਤਾਂ ਉਨ੍ਹਾਂ ਦੀ ਸੁਰਖਿਆ ’ਚ ਭਾਰਤ ਦੀ ਸੱਤਾਧਿਰ ਖੁਦ ਖੜ੍ਹੀ ਹੋ ਜਾਂਦੀ ਹੈ। ਇਸ ਤਾਕਤ ਦੀ ਨੁਮਾਇਸ਼ ਉਹ ਹਰ ਸਾਲ 26 ਜਨਵਰੀ ਨੂੰ ਕਰਦੀ ਹੈ। ਸੱਤਾਧਾਰੀ ਵਰਗ ਤਾਕਤ ਦੀ ਨੁਮਾਇਸ਼ ਕਰਕੇ ਦੇਸੀ-ਵਿਦੇਸ਼ੀ ਲੁਟੇਰਿਆਂ (ਕਾਰਪੋਰੇਟ ਘਰਾਣਿਆਂ) ਨੂੰ ਵਿਖਾਉਣਾ ਚਾਹੁੰਦਾ ਹੈ ਕਿ ਤੁਸੀਂ ਭਾਰਤ ਵਿਚ ਕਿੰਨੇ ਸੁਰੱਖਿਅਤ ਹੋ। ਇਸੇ ਤਾਕਤ ਦੇ ਜ਼ੋਰ ’ਤੇ ਇਹ ਲੁਟੇਰੇ ਤੁਹਾਡੇ ਦੇਸ਼ ’ਚ ਲੁੱਟਣ ਲਈ ਆਉਂਦੇ ਹਨ। ਫਿਰ ਇਹ ਤੁਹਾਡੇ ਜਿਉਣ ਦੇ ਸਾਧਨ, ਜਲ, ਜੰਗਲ, ਜ਼ਮੀਨ ਨੂੰ ਲੁਟਦੇ ਹਨ, ਧਰਤੀ ਦੇ ਗਰਭ ਨੂੰ ਲੁਟਦੇ ਹਨ ਤੇ ਤੁਹਾਡੀਆਂ ਖੁਸ਼ੀਆਂ ਵੀ ਲੁੱਟਦੇ ਹਨ। ਇਥੋਂ ਤੱਕ ਕਿ ਤੁਹਾਡੀ ਇੱਜ਼ਤ ਨੂੰ ਲੁੱਟਦੇ ਹਨ।

‘ਆਜ਼ਾਦ ਭਾਰਤ’ ’ਚ ਜੁਲਾਈ 2012 ਤਕ ਦੋ ਵੱਡੀਆਂ ਘਟਨਾਵਾਂ ਹੋਈਆਂ। ਪਹਿਲੀ ਘਟਨਾ 28 ਜੂਨ 2012 ਨੂੰ ਬੀਜਾਪੁਰ ਜ਼ਿਲੇ ਦੇ ਸਾਰਕੇਗੁੜਾ ਰਾਜਪੇਟਾ ਅਤੇ ਕੋਟਾਗੁੜ ’ਚ ਹੋਈ। ਜਿੱਥੇ 17 ਆਦੀਵਾਸੀ ਰਾਤ ਨੂੰ 10 ਵਜੇ ਮਾਰ ਦਿੱਤੇ ਗਏ। ਇਸ ਕਤਲੇਆਮ ’ਚ 6 ਨਬਾਲਗ ਬੱਚਿਆਂ ਨੂੰ ਵੀ ਸ਼ਿਕਾਰ ਬਣਾਇਆ ਗਿਆ। ਭਾਰਤ ਦੀ ਸੱਤਾਧਿਰ ਇਸ ਸ਼ਰਮਨਾਕ ਕਾਰੇ ਨੂੰ ਸਫਲਤਾ ਦੇ ਜਸ਼ਨ ਵਜੋਂ ਮਨਾ ਰਹੀ ਸੀ। ਰਾਏਪੁਰ ਤੋਂ ਦਿੱਲੀ ਤਕ ਪ੍ਰੈਸ ਕਾਨਫਰੰਸ ਕਰਕੇ ਇੱਕ ਵੱਡੀ ਉਪਲਬਧੀ ਵਜੋਂ ਇਸ ਨੂੰ ਪੇਸ਼ ਕੀਤਾ ਜਾ ਰਿਹਾ ਸੀ। ਪਰ 24 ਘੰਟੇ ਬੀਤਦੇ-ਬੀਤਦੇ ਇਹ ਸਾਫ ਹੋ ਗਿਆ ਕਿ ਬੀਜਾਪੁਰ ’ਚ 17 ਨਿਰਦੋਸ਼ ਆਦੀਵਾਸੀਆਂ ਦਾ ਕਤਲੇਆਮ ਕੀਤਾ ਗਿਆ। ਇਨ੍ਹਾਂ ਆਦੀਵਾਸੀਆਂ ਦਾ ਕਸੂਰ ਸਿਰਫ ਐਨਾ ਸੀ ਕਿ ਉਹ ਆਪਣੇ ਤਰੀਕੇ ਨਾਲ ਜਿੰਦਾ ਰਹਿਣਾ ਚਾਹੁੰਦੇ ਸਨ, ਪਰ ਜੇ ਇਹ ਆਦੀਵਾਸੀ ਕਿਸੇ ਕੈਂਪ ’ਚ ਰਹਿਣ ਤੋਂ ਮਨ੍ਹਾਂ ਕਰਦੇ ਹਨ ਤਾਂ ਉਹ ਮਾਓਵਾਦੀ ਐਲਾਨ ਦਿੱਤੇ ਜਾਂਦੇ ਹਨ। ਇਹ ਆਦੀਵਾਸੀ ਆਪਣੀ ਖੇਤੀ, ਕਿਸਾਨੀ ਬਾਰੇ ਗੱਲਬਾਤ ਕਰਨ ਲਈ ਪਿੰਡ ’ਚ ਇਕੱਠੇ ਹੋਏ ਸੀ, ਕਿ ਖੇਤੀ ਕਦੋਂ ਸ਼ੁਰੂ ਕਰਨੀ ਹੈ। ਇਸ ਤੋਂ ਤੁਰੰਤ ਬਾਅਦ ਉਹ ਸਭਿਆਚਾਰਕ ਸਮਾਗਮ ਦੀ ਤਿਆਰੀ ਕਰ ਰਹੇ ਸੀ, ਤਾਂ ਭਾਰਤ ਦੇ ‘ਬਹਾਦਰ ਜਵਾਨਾਂ’ ਨੇ ਆਪਣੇ ਮਾਲਕਾਂ ਦੇ ਹੁਕਮ ’ਤੇ ਇਨ੍ਹਾਂ ਦਾ ਕਤਲੇਆਮ ਕਰ ਦਿੱਤਾ। ਜੋ ਕਿ ਇਨ੍ਹਾਂ ਦੇ ਮਾਲਕਾਂ ਦੀ ਸੋਚੀ ਸਮਝੀ ਚਾਲ ਸੀ ਕਿ ਆਦੀਵਾਸੀਆਂ ਨੂੰ ਜੰਗਲ ਤੋਂ ਭਜਾਉਣਾ ਹੈ, ਪਰ ਇਨ੍ਹਾਂ ਜਵਾਨਾਂ ਨੂੰ ਆਪਣੇ ਮਾਲਕਾਂ ਦੇ ਮਨਸੂਬਿਆਂ ਦਾ ਪਤਾ ਨਹੀਂ ਸੀ। ਇਹ ਛੱਤੀਸਗੜ੍ਹ ਦੀ ਕੋਈ ਪਹਿਲੀ ਘਟਨਾ ਨਹੀਂ ਸੀ। ਇਸ ਤੋਂ ਪਹਿਲਾਂ ਵੀ ਕਈ ਵਾਰ ਛੋਟੇ ਪੱਧਰ ’ਤੇ ਕਤਲੇਆਮ ਕੀਤਾ ਗਿਆ। 2005 ’ਚ ਸਲਵਾ ਜੁਡੂਮ ਚਲਾ ਕੇ ਲਗਭਗ 650 ਪਿੰਡਾਂ ਨੂੰ ਸਾੜ ਦਿੱਤਾ ਗਿਆ। ਸੁਪਰੀਮ ਕੋਰਟ ਦੇ ਉਸ ਫੈਸਲੇ ਨੂੰ ਅਣਦੇਖਿਆ ਕਰ ਦਿੱਤਾ ਗਿਆ, ਜਿਸ ’ਚ ਸਲਵਾ ਜੁਡੂਮ ਨੂੰ ਬੰਦ ਕਰਨ ਦੀ ਗੱਲ ਆਖੀ ਗਈ ਸੀ।

ਇਸੇ ਤਰ੍ਹਾਂ ਦੂਜੀ ਘਟਨਾ 18 ਜੁਲਾਈ 2012 ਨੂੰ ਗੁੜਗਾਂਓ ਦੇ ਮਾਨੇਸਰ ਮਾਰੂਤੀ ਪਲਾਂਟ ’ਚ ਵਾਪਰੀ ਜਿੱਥੇ ਆਪਣੇ ਇਕ ਸਾਥੀ ਨੂੰ ਕੱਢੇ ਜਾਣ ਨੂੰ ਲੈ ਕੇ ਮਜ਼ਦੂਰ ਮਾਰੂਤੀ ਪ੍ਰਬੰਧਕਾਂ ਨਾਲ ਗੱਲਬਾਤ ਕਰ ਰਹੇ ਸਨ। ਪ੍ਰਬੰਧਕਾਂ ਨੇ ਇਨ੍ਹਾਂ ਦੀ ਮੰਗ ਨੂੰ ਨਕਾਰਦੇ ਹੋਏ ਮਜ਼ਦੂਰਾਂ ਨੂੰ ਡਰਾਉਣ ਧਮਕਾਉਣ ਲਈ ਬਾਂਉਂਸਰਾਂ (ਗੁੰਡਿਆਂ) ਨੂੰ ਬੁਲਾ ਲਿਆ। ਜਦੋਂ ਮਜਦੂਰਾਂ ਨੇ ਇਸ ਦਾ ਵਿਰੋਧ ਕੀਤਾ ਤਾਂ ਮਾਰੂਤੀ ਦੇ ਪ੍ਰਬੰਧਕਾਂ ਅਤੇ ਗੁੰਡੇ ਬਾਉਂਸਰਾਂ ਨਾਲ ਮਜ਼ਦੂਰਾਂ ਦੀ ਝੜਪ ਹੋ ਗਈ, ਜਿਸ ’ਚ ਇਕ ਐਚ.ਆਰ ਮੈਨੇਜਰ ਦੀ ਮੌਤ ਹੋ ਗਈ। ਕੰਪਨੀ ਵੱਲੋਂ 3 ਹਜ਼ਾਰ ਮਜ਼ਦੂਰਾਂ ਨੂੰ ਇਸ ਕਤਲ ਦਾ ਦੋਸ਼ੀ ਬਣਾ ਦਿੱਤਾ ਗਿਆ। ਮਜ਼ਦੂਰਾਂ ਨੂੰ ਫੜਨ ਤੋਂ ਬਾਅਦ ਉਨ੍ਹਾਂ ਦਾ ਪੁਲਿਸ ਰਿਮਾਂਡ ਲਿਆ ਗਿਆ। ਇਥੋਂ ਤੱਕ ਕਿ ਇਕ ਮਜ਼ਦੂਰ ਨੂੰ ਤਾਂ ਰਿਮਾਂਡ ਤੋਂ ਬਾਅਦ ਸਟ੍ਰੈਚਰ ’ਤੇ ਅਦਾਲਤ ’ਚ ਲਿਆਉਣਾ ਪਿਆ, ਜੱਜ ਸਾਹਿਬ ਨੂੰ ਦੱਸਿਆ ਗਿਆ ਕਿ ਇਹ 18 ਜੁਲਾਈ ਦੀ ਘਟਨਾ ਵਾਲੇ ਦਿਨ ਕੰਧ ਟੱਪ ਰਿਹਾ ਸੀ ਤਾਂ ਪੈਰ ਟੁੱਟ ਗਿਆ, ਜਦਕਿ ਸੱਚਾਈ ਇਹ ਹੈ ਕਿ ਘਟਨਾ ਦੇ ਅਸਲ ਜਿੰਮੇਵਾਰ ਪ੍ਰਬੰਧਕ ਅਤੇ ਸਰਕਾਰੀ ਤੰਤਰ ਹੈ।

ਜਦੋਂ ਵੱਡੇ ਲੁਟੇਰੇ ਦੇਸ਼ ਨੂੰ ਲੁੱਟਣ ਲਈ ਆਉਂਦੇ ਹਨ ਤਾਂ ਉਨ੍ਹਾਂ ਦੀ ਸੁਰਖਿਆ ’ਚ ਭਾਰਤ ਦੀ ਸੱਤਾਧਿਰ ਖੁਦ ਖੜ੍ਹੀ ਹੋ ਜਾਂਦੀ ਹੈ। ਇਸ ਤਾਕਤ ਦੀ ਨੁਮਾਇਸ਼ ਉਹ ਹਰ ਸਾਲ 26 ਜਨਵਰੀ ਨੂੰ ਕਰਦੀ ਹੈ। ਸੱਤਾਧਾਰੀ ਵਰਗ ਤਾਕਤ ਦੀ ਨੁਮਾਇਸ਼ ਕਰਕੇ ਦੇਸੀ-ਵਿਦੇਸ਼ੀ ਲੁਟੇਰਿਆਂ (ਕਾਰਪੋਰੇਟ ਘਰਾਣਿਆਂ) ਨੂੰ ਵਿਖਾਉਣਾ ਚਾਹੁੰਦਾ ਹੈ ਕਿ ਤੁਸੀਂ ਭਾਰਤ ਵਿਚ ਕਿੰਨੇ ਸੁਰੱਖਿਅਤ ਹੋ। ਇਸੇ ਤਾਕਤ ਦੇ ਜ਼ੋਰ ’ਤੇ ਇਹ ਲੁਟੇਰੇ ਤੁਹਾਡੇ ਦੇਸ਼ ’ਚ ਲੁੱਟਣ ਲਈ ਆਉਂਦੇ ਹਨ। ਫਿਰ ਇਹ ਤੁਹਾਡੇ ਜਿਉਣ ਦੇ ਸਾਧਨ, ਜਲ, ਜੰਗਲ, ਜ਼ਮੀਨ ਨੂੰ ਲੁਟਦੇ ਹਨ, ਧਰਤੀ ਦੇ ਗਰਭ ਨੂੰ ਲੁਟਦੇ ਹਨ ਤੇ ਤੁਹਾਡੀਆਂ ਖੁਸ਼ੀਆਂ ਵੀ ਲੁੱਟਦੇ ਹਨ। ਇਥੋਂ ਤੱਕ ਕਿ ਤੁਹਾਡੀ ਇੱਜ਼ਤ ਨੂੰ ਲੁੱਟਦੇ ਹਨ।

ਮਾਰੂਤੀ ਨੇ ਮਜ਼ਦੂਰਾਂ ਨੂੰ ਕਾਤਲ ਬਣਾ ਦਿੱਤਾ ਅਤੇ 500 ਮਜਦੂਰਾਂ ਨੂੰ ਨੌਕਰੀ ਤੋਂ ਕੱਢ ਦਿੱਤਾ। ਮਜ਼ਦੂਰਾਂ ਨਾਲ ਹੋਏ ਇਸ ਧੱਕੇ ਖਿਲਾਫ ਦਿੱਲੀ ’ਚ 21 ਮਜ਼ਦੂਰ ਜਥੇਬੰਦੀਆਂ, ਮਨੁੱਖੀ ਅਧਿਕਾਰ ਸੰਗਠਨਾਂ ਅਤੇ ਇਨਸਾਫ ਪਸੰਦ ਲੋਕਾਂ ਨੇ ਲੇਬਰ ਮੰਤਰੀ ਦੇ ਭਵਨ ਅੱਗੇ ਰੋਸ ਪ੍ਰਦਰਸ਼ਨ ਕੀਤਾ। ਜਿਸ ਦੌਰਾਨ ਪ੍ਰਦਰਸ਼ਨਕਾਰੀਆਂ ਨੇ ਲੇਬਰ ਮੰਤਰੀ ਨੂੰ ਆਪਣਾ ਮੰਗ ਪੱਤਰ ਦੇਣਾ ਚਾਹਿਆ, ਪਰ ਸੰਵਿਧਾਨ ਦੀ ਉਲੰਘਣਾ ਕਰਦੇ ਹੋਏ, ਆਪਣੇ ਆਪ ਨੂੰ ਜਨਤਾ ਦਾ ਸਾਥ ਦੇਣ ਵਾਲਾ ਅਖਵਾਉਣ ਵਾਲੀ ਦਿੱਲੀ ਪੁਲਿਸ ਲੁਟੇਰਿਆਂ ਵੱਲ ਜਾ ਖੜੀ ਹੋਈ ਅਤੇ ਸੰਸਦ ਮਾਰਗ ਦੇ ਐਸ.ਐਚ.ਓ ਅਨਿਲ ਕੁਮਾਰ ਦੀ ਅਗਵਾਈ ’ਚ ਪੁਲਿਸ ਨੇ ਪ੍ਰਦਰਸ਼ਨਕਾਰੀਆਂ ਨੂੰ ਗਾਲਾਂ ਕੱਢਦੇ ਹੋਏ ਬੱਸਾਂ ’ਚ ਘਸੀਟ-ਘਸੀਟ ਲਿਜਾਣਾ ਸ਼ੁਰੂ ਕਰ ਦਿੱਤਾ। ਐਸ.ਐਚ.ਓ ਅਨਿਲ ਕੁਮਾਰ ਜਦੋਂ ਪ੍ਰਦਰਸ਼ਨਕਾਰੀਆਂ ਨਾਲ ਬਦਸਲੂਕੀ ਕਰ ਰਿਹਾ ਸੀ ਤਾਂ ਇਕ ਪੁਲਿਸ ਮੁਲਾਜ਼ਮ ਨੇ ਪ੍ਰਦਰਸ਼ਨਕਰੀਆਂ ਨਾਲ ਐਸ.ਐਚ.ਓ ਜਿਹੀ ਬਦਸਲੂਕੀ ਕਰਨ ਤੋਂ ਇਨਕਾਰ ਕਰ ਦਿੱਤਾ, ਇਸ ’ਤੇ ਭੜਕੇ ਐਸ.ਐਚ.ਓ ਨੇ ਆਪਣੇ ਤੋਂ ਵੱਡੀ ਉਮਰ ਦੇ ਇਸ ਪੁਲਿਸ ਮੁਲਾਜ਼ਮ ਨੂੰ ਦੋਸ਼ੀ ਮੰਨਦੇ ਹੋਏ ਥੱਪੜ ਮਾਰ ਦਿੱਤਾ। ਜਦੋਂ ਮੌਕੇ ’ਤੇ ਮੌਜੂਦ ਮੀਡੀਆ ਨੇ ਐਸ.ਐਚ.ਓ. ਨੂੰ ਇਸ ਬਦਸਲੂਕੀ ਤੋਂ ਰੋਕਣਾ ਚਾਹਿਆ ਤਾਂ ਮੀਡੀਆ ਵਾਲੇ ਵੀ ਐਸ.ਐਚ.ਓ ਦੀ ਨਜ਼ਰ ’ਚ ਦੋਸ਼ੀ ਹੋ ਗਏ ਤੇ ਐਸ.ਐਚ.ਓ ਨੇ ਉਨ੍ਹਾਂ ਨੂੰ ਵੀ ਧਮਕਾਉਣਾ ਸ਼ੁਰੂ ਕਰ ਦਿੱਤਾ। ਇਹ ਘਟਨਾ ਸੰਸਦ ਮਾਰਗ ’ਤੇ ਹੋ ਰਹੀ ਸੀ, ਜਿਥੇ ਕੁੱਝ ਹੀ ਦੂਰੀ ’ਤੇ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਬੈਠਦੇ ਹਨ। ਪਰ ਇਸ ’ਤੇ ਕੋਈ ਵੀ ਪਾਰਟੀ, ਮੰਤਰੀ ਤੋਂ ਸੰਤਰੀ ਤੱਕ ਨੇ ਕਿਸੇ ਤਰ੍ਹਾਂ ਦੀ ਪ੍ਰਤੀਕਿਰਿਆ ਨਹੀਂ ਦਿੱਤੀ।

ਮਜ਼ਦੂਰਾਂ ਦੇ ਨਾਲ-ਨਾਲ ਮਿਹਨਤਕਸ਼ ਜਨਤਾ, ਕਿਸਾਨ, ਦਲਿਤ, ਘੱਟ-ਗਿਣਤੀ ਸਮੇਤ ਆਦੀਵਾਸੀਆਂ ਦਾ ਇਹੋ ਹਾਲ ਹੈ। ਜਦੋਂ ਕਿਸਾਨ ਗੰਗਾ ਐਸਕਪ੍ਰੈਸ ਵੇਅ, ਯਮੁਨਾ ਐਕਸਪ੍ਰੈਸ ਵੇਅ ਜਾਂ ਆਰਥਕ ਜ਼ੋਨ੍ਹ ਖਿਲਾਫ ਲੜਦੇ ਹਨ ਤਾਂ ਉਨ੍ਹਾਂ ’ਤੇ ਹਰ ਤਰ੍ਹਾਂ ਦਾ ਤਸ਼ੱਦਦ ਕੀਤਾ ਜਾਂਦਾ ਹੈ, ਝੂਠੇ ਕੇਸਾਂ ’ਚ ਫਸਾ ਕੇ ਜੇਲ੍ਹਾਂ ’ਚ ਸੁਟਿਆ ਜਾਂਦਾ ਹੈ, ਗੋਲੀਆਂ ਦਾ ਸ਼ਿਕਾਰ ਬਣਾਇਆ ਜਾਂਦਾ ਹੈ। ਇਹ ਨੰਦੀਗ੍ਰਾਮ, ਸ਼ਿੰਗੂਰ, ਕਲਿੰਗਾਨਗਰ, ਕਾਸ਼ੀਪੁਰ, ਉਤਰ ਪ੍ਰਦੇਸ਼ ਹੋਵੇ ਜਾਂ ਫਿਰ ਪੰਜਾਬ ਹੋਵੇ, ਦੂਜਿਆਂ ਨੂੰ ਕਾਨੂੰਨ ਦਾ ਪਾਠ ਪੜਾਉਣ ਵਾਲੇ ਖੁਦ ਕਾਨੂੰਨ ਨੂੰ ਟਿੱਚ ਜਾਣਦੇ ਹਨ।

ਜਿਸ ਤਰ੍ਹਾਂ ਮਾਰੂਤੀ ਦੇ ਮਜ਼ਦੂਰਾਂ ਨੂੰ ਕਾਤਲ ਬਣਾਏ ਜਾਣ ਦਾ ਵਿਰੋਧ ਕਰ ਰਹੇ ਸੰਗਠਨਾਂ ਨੂੰ ਦਿੱਲੀ ਵਿਚ ਥਾਣੇ ਲਿਜਾਇਆ ਗਿਆ, ਉਸੇ ਤਰ੍ਹਾਂ 19 ਜੁਲਾਈ ਨੂੰ ਪਟਿਆਲਾ ’ਚ ਵੀ ਕੁੱਝ ਅਜਿਹਾ ਹੀ ਹੋਇਆ। ਪਟਿਆਲਾ ਜ਼ਿਲ੍ਹੇ ਦੇ ਚਰਸੋਂ, ਬਲਬੇੜਾ ਪਿੰਡ ’ਚ ਕਿਸਾਨਾਂ ਨੂੰ ਸੋਟੀਆਂ ਨਾਲ ਕੁੱਟਿਆ ਗਿਆ। ਪੁਲਿਸ ਵੱਲੋਂ ਚਲਾਈਆਂ ਗੋਲੀਆਂ ’ਚ ਕਰੀਬ 2 ਦਰਜਨ ਕਿਸਾਨ ਜ਼ਖਮੀ ਹੋ ਗਏ, ਜਦੋਂ ਇਨ੍ਹਾਂ ਕਿਸਾਨਾਂ ਨੂੰ ਮਿਲਣ ਲਈ ਪਟਿਆਲਾ ਦੇ ਹਸਪਤਾਲ ’ਚ ਬੀ.ਕੇ.ਯੂ ਡਕੋਂਦਾ ਦੇ ਕਿਸਾਨ ਆਗੂ ਗਏ ਤਾਂ ਪੁਲਿਸ ਨੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ। ਜਦੋਂ ਬੀਜਾਪੁਰ ਦੇ ਕਤਲੇਆਮ ’ਚ ਮਾਰੇ ਗਏ ਪਰਿਵਾਰ ਦੇ ਲੋਕ ਹੈਦਰਾਬਾਦ ਜਾ ਕੇ ਆਪਣੀ ਗੱਲ ਸੁਣਾਉਣਾ ਚਾਹੁੰਦੇ ਸਨ ਤਾਂ ਉਨ੍ਹਾਂ ਪਰਿਵਾਰ ਵਾਲਿਆਂ ਦੇ ਨਾਲ-ਨਾਲ ਆਂਧਰਾ ਪ੍ਰਦੇਸ਼ ਮਨੁੱਖੀ ਅਧਿਕਾਰ ਸੰਗਠਨ ਦੇ ਦੋ ਲੋਕਾਂ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ। ਇਸ ਤਰ੍ਹਾਂ ਅਜਿਹੀਆਂ ਘਟਨਾਵਾਂ ਦੇਸ਼ ਵਿਚ ਹਰ ਰੋਜ਼ ਵਾਪਰ ਰਹੀਆਂ ਹਨ, ਭਾਵ ਲੁੱਟ-ਸ਼ੋਸ਼ਣ ਖਿਲਾਫ ਬੋਲੋਗੇ ਤਾਂ ਮਾਰੇ ਜਾਓਗੇ।

ਇਹ ਚਿੱਟੇ ਦਿਨ ਵਾਂਗ ਸਾਫ਼ ਹੈ ਕਿ ਦੇਸੀ/ਵਿਦੇਸ਼ੀ ਲੁਟੇਰਿਆਂ (ਕਾਰਪੋਰੇਟ ਘਰਾਣਿਆਂ) ਦੀ ਲੁੱਟ ਨੂੰ ਦਿਨ ਦੁਗਣਾ, ਰਾਤ ਚੌਗਣਾ ਵਧਾਉਣ ਲਈ ਭਾਰਤੀ ਸ਼ਾਸਕ ਵਰਗ ਦੀ ਅਗਵਾਈ ਵਿਚ ਇਹ ਕੀਤਾ ਜਾ ਰਿਹਾ ਹੈ। ਇਸ ਲੁੱਟ ਨੂੰ ਬਣਾਈ ਰੱਖਣ ਲਈ ਹਰ ਤਰ੍ਹਾਂ ਦੇ ਸ਼ੋਸ਼ਣ ਦਾ ਸਹਾਰਾ ਲਿਆ ਜਾ ਰਿਹਾ ਹੈ। ਮਿਹਨਤ ਕਰਨ ਵਾਲੀ ਜਨਤਾ ਦੀ ਆਵਾਜ਼ ਨੂੰ ਦਬਾਇਆ ਜਾ ਰਿਹਾ ਹੈ।

ਇਸ ਦਮਨ ਸ਼ੋਸ਼ਣ ਕਾਰਨ ਜਨਤਾ ਦਾ ਭਰੋਸਾ ਇਸ ਵਿਵਸਥਾ ਤੋਂ ਉਠ ਚੁੱਕਾ ਹੈ। ਆਮ ਜਨਤਾ ਹੀ ਨਹੀਂ ਮਜ਼ਦੂਰਾਂ-ਕਿਸਾਨਾਂ ਦੇ ਘਰ ਤੋਂ ਆਏ ਫੌਜ, ਪੈਰਾਮਿਲਟਰੀ ਜਾਂ ਪੁਲਿਸ ਵਿਚ ਜਿਹੜੇ ਜਵਾਨ ਹਨ ਉਨ੍ਹਾਂ ਦਾ ਵੀ ਵਿਸ਼ਵਾਸ ਅਫਸਰਸ਼ਾਹੀ ਲੋਕਤੰਤਰ ਤੋਂ ਡਿੱਗਣ ਲੱਗਿਆ ਹੈ, ਉਨ੍ਹਾਂ ਅੰਦਰ ਵੀ ਬੇਚੈਨੀ ਵਧਣ ਲੱਗੀ ਹੈ ਕਿਉਂਕਿ ਇਨ੍ਹਾਂ ਜਵਾਨਾਂ ਅਤੇ ਅਫਸਰਾਂ ਵਿਚਾਲੇ ਵੀ ਅੰਤਰ ਹੈ। ਜਵਾਨ ਮਿਹਨਤਕਸ਼ ਜਨਤਾ ਦੇ ਘਰ ਤੋਂ ਆਏ ਹਨ, ਜਦੋਂ ਕਿ ਜ਼ਿਆਦਾਤਰ ਅਫਸਰ ਵੱਡੇ ਘਰਾਂ ਤੋਂ ਹਨ ਜੋ ਕਿ ਦੂਸਰਿਆਂ ਦੀ ਮਿਹਨਤ ’ਤੇ ਜਿਉਂਦੇ ਰਹਿੰਦੇ ਹਨ। ਇਸ ਬੇਚੈਨੀ ਦਾ ਇਕ ਰੂਪ ਹੈ ਦਿੱਲੀ ਵਿਚ ਕਿਰਤ ਸ਼ਕਤੀ ਭਵਨ ’ਤੇ ਸਿਪਾਹੀ ਵੱਲੋਂ ਪ੍ਰਦਰਸ਼ਨਕਾਰੀਆਂ ’ਤੇ ਗੈਰ-ਮਨੁੱਖੀ ਵਿਹਾਰ ਨਾ ਕਰਨਾ ਅਤੇ ਐਸ.ਐਚ.ਓ ਦੀ ਦ੍ਰਿਸ਼ਟੀ ਵਿਚ ਉਹ ਗੁਨਹਾਗਾਰ ਹੋ ਗਿਆ। ਫੌਜ ’ਚ ਵੀ ਅਫਸਰਾਂ ਤੇ ਸੈਨਿਕਾਂ ਵਿਚਾਲੇ ਟਕਰਾਅ ਵਧ ਰਿਹਾ ਹੈ। ਲੱਦਾਖ ਦੇ ਓਯੋਮਾ ਵਿਚ ਮਈ ਮਹੀਨੇ ਵਿਚ ਸੈਨਿਕਾਂ ਅਤੇ ਅਫਸਰਾਂ ਵਿਚਾਲੇ ਕੁਟਮਾਰ, ਉਸ ਤੋਂ ਬਾਅਦ ਜੰਮੂ-ਕਸ਼ਮੀਰ ਦੇ ਸਾਂਬਾ ਕੈਂਪ ਵਿਚ ਇਕ ਸੈਨਿਕ ਦੇ ਆਤਮ ਹੱਤਿਆ ਤੋਂ ਬਾਅਦ ਬਖ਼ਤਰਬੰਦ ਜਵਾਨਾਂ ਅਤੇ ਅਫਸਰਾਂ ਵਿਚ ਟਕਰਾਅ। ਜਿਸ ਦਿਨ ਇਹ ਟਕਰਾਅ ਵਿਚਾਰਕ ਰੂਪ ਨਾਲ ਆਪਣੇ ਆਪ ਨੂੰ ਜੋੜ ਲਵੇਗਾ ਅਤੇ ਆਪਣੇ ਆਪ ਨੂੰ ਇਹ ਪੀੜ੍ਹਤ ਜਨਤਾ ਨਾਲ ਖੜ੍ਹਾ ਕਰ ਲੈਣਗੇ, ਉਸੇ ਦਿਨ ਇਨ੍ਹਾਂ ਲੁਟੇਰਿਆਂ ਦਾ ਆਖਰੀ ਦਿਨ ਨੇੜੇ ਆ ਜਾਵੇਗਾ।


Elite Driving School

Learn to drive with experienced,
caring & friendly instructor
Lessons available in English, Hindi, Punjabi & Urdu

19 ਸਾਲਾਂ ਦਾ ਤਜ਼ਰਬਾ, ਭਰੋਸੇਯੋਗ ਤੇ ਵਧੀਆ ਸੇਵਾਵਾਂ ਲਈ, ਟੈਸਟ ਲਈ ਕਾਰ ਉਪਲਬਧ ਹੈ।

ਐਡਵਾਂਸ ਤੇ ਬੇਸਿਕ ਟਰੇਨਿੰਗ ਤਸੱਲੀਬਖ਼ਸ਼ ਸੇਵਾਵਾਂ ਲਈ ਸੰਪਰਕ ਕਰੋ।

19 Years Road Experience
15 Hours in Class Room & 10 Hours in Car Package Available







- Reasonable Rates
- Free Home Pick up and Drop off
- Weekday and weekend appointments available
- Fully insured, banded and licensed
- class Room Service available
- Help Available in Learner.
- Professional Service with Full Respect.

Gurmail Dhaliwal (Garry)
780-265-6990



2019 61st St NW, Edmonton, AB, T6L 1M5
Tel: 780-265-6990 Fax: 780-461-6990
Email: elitedriving@hotmail.com, www.elitedrivingschoolltd.ca

# ਸੁਰਿੰਦਰ ਧੰਜਲ ਅਤੇ ਉਸਦੀ ਕਵਿਤਾ

ਇਕਬਾਲ ਖ਼ਾਨ, ਕੈਲਗਰੀ

ਸੁਰਿੰਦਰ ਧੰਜਲ ਬਹੁਤ ਪਿਆਰਾ ਦੋਸਤ ਅਤੇ ਬਹੁਤ ਹੀ ਵਧੀਆ ਇਨਸਾਨ ਹੈ। ਦੋਸਤਾਂ ਨੂੰ ਉਤਸ਼ਾਹ ਦੇਣ ਵਾਲਾ ਅਤੇ ਦੋਸਤਾਂ ਤੋਂ ਉਤਸ਼ਾਹ ਗ੍ਰਹਿਣ ਕਰਨ ਵਾਲ਼ਾ। ਇਹ ਗੱਲ ਮੈਂ ਆਪਣੇ ਨਿੱਜੀ ਤਜਰਬੇ ਦੇ ਅਧਾਰ 'ਤੇ ਕਹਿ ਰਿਹਾ ਹਾਂ। ਹਿੰਦੋਸਤਾਨ ਛੱਡਣ ਤੋਂ ਬਾਅਦ ਧਰਤੀ ਦੁਆਲ਼ੇ ਭੱਜ-ਨੱਸ ਤੋਂ ਬਾਅਦ, ਜਦੋਂ ਮੈਂ ਕੈਨੇਡਾ ਆਣ ਪਹੁੰਚਿਆ, ਮੈਟਰੋਪੋਲਿਟਨ ਲਾਇਬ੍ਰੇਰੀ ਟਰਾਂਟੋ ਵਿਚ 'ਤਿੰਨ ਕੋਣ' ਦੇ ਲੇਖਕਾਂ ਵਲੋਂ ਕਵਿਤਾ ਪਾਠ ਸੀ। ਇਸ ਬਹਾਨੇ ਸੁਰਿੰਦਰ ਨਾਲ਼ ਪਹਿਲੀ ਮੁਲਾਕਾਤ ਹੋਈ। ਹਾਲ-ਚਾਲ ਪੁੱਛਣ ਤੋਂ ਬਾਅਦ ਸੁਰਿੰਦਰ ਦਾ ਸਵਾਲ ਸੀ, ਉਖਾਨ, ਕਵਿਤਾ ਦਾ ਕੀ ਹਾਲ ਹੈ?" ਮੇਰੀ ਕਵਿਤਾ ਤਾਂ ਇਸ ਭੱਜ-ਦੌੜ ਵਿਚ ਗਵਾਚ ਗਈ ਸੀ। ਮੈਂ ਸਿਰ ਫੇਰ ਦਿਤਾ, ਕਿ ਕਵਿਤਾ ਵਲੋਂ ਤਾਂ ਰਾਮਸੱਤ ਹੀ ਹੈ। ਸੁਰਿੰਦਰ ਨੇ ਕਿਹਾ,ਉਮਾਤੀ ਗੱਲ ਹੈ, ਅਗਰ ਚੰਗੇ ਖ਼ਿਆਲਾਂ ਵਾਲ਼ੇ ਚੁੱਪ ਬੈਠ ਜਾਣਗੇ, ਤਾਂ ਗੰਦ ਪਾਉਣ ਵਾਲਿਆਂ ਨੂੰ ਤਾਂ ਖੁੱਲ੍ਹਾ ਮੈਦਾਨ ਮਿਲ ਜਾਵੇਗਾ।" ਰਤਾ-ਕੁ ਰੁਕ ਕੇ ਉਹਨੇ ਕਿਹਾ,ਉਲਿਖਿਆ ਕਰ।" ਸੁਰਿੰਦਰ ਦੇ ਇਸ ਹਲੂਣੇ ਨੇ ਮੈਨੂੰ ਮੁੜ ਕਵਿਤਾ ਵੱਲ ਰੁਚਿਤ ਕਰ ਦਿਤਾ। ਇਸੇ ਲਈ ਮੈਂ ਆਪਣੀ ਕਿਤਾਬ 'ਨਾਗ ਦੀ ਮੌਤ ਤੱਕ' ਸੁਰਿੰਦਰ ਧੰਜਲ, ਇਕਬਾਲ ਰਾਮੂਵਾਲੀਆ, ਸੁਖਿੰਦਰ ਅਤੇ ਇਕਬਾਲ ਅਰਪਨ ਨੂੰ ਸਮਰਪਿਤ ਕੀਤੀ ਹੈ। ਇਹਨਾਂ ਸਾਰੇ ਦੋਸਤਾਂ ਤੋਂ ਮੈਨੂੰ ਸਮੇਂ-ਸਮੇਂ ਉਤਸ਼ਾਹ ਮਿਲਿਆ, ਸੁਰਿੰਦਰ ਧੰਜਲ ਇਹਨਾਂ 'ਚ ਪਹਿਲੇ ਨੰਬਰ 'ਤੇ ਹੈ।

ਹੁਣ ਆਈਏ 'ਕਵਿਤਾ ਦੀ ਲਾਟ' ਵੱਲ। ਇਸ ਕਿਤਾਬ ਦੇ ਸਤਾਰਵੇਂ ਪੰਨੇ ਉੱਤੇ ਛਪੀ ਕਵਿਤਾ 'ਫ਼ਾਸ਼ੀਵਾਦ' ਦੇ ਅੰਤ 'ਤੇ ਸੁਰਿੰਦਰ ਦਾ ਸਵਾਲਾਂ ਸਿਰ ਸਵਾਲ ਹੈ: ਉਕੀ ਮੈਂ ਜਿਉਂਦਾ ਹਾਂ?" ਦੋਹਰਾ ਸਵਾਲੀਆ ਨਿਸ਼ਾਨ ਲਗਾਇਆ ਹੈ, ਸੁਰਿੰਦਰ ਨੇ। ਜਵਾਬ ਦੇਣਾ ਹੀ ਪਊ। ਜਵਾਬ ਹੈ,ਉਬਿਨਾਂ ਸ਼ੱਕ ਸੁਰਿੰਦਰ ਤੂੰ ਜਿਉਂਦਾ ਹੈਂ। ਇਹ ਮੈਂ ਨਹੀਂ, ਸਗੋਂ ਤੇਰੀ 'ਕਵਿਤਾ ਦੀ ਲਾਟ' ਕਹਿੰਦੀ ਹੈ। ਇਸ ਤੋਂ ਅੱਗੇ, ਅੱਜ ਦਾ ਇਹ ਬੁਧੀਜੀਵੀਆਂ ਅਤੇ ਸੰਵੇਦਨਸ਼ੀਲ ਦੋਸਤਾਂ ਦਾ ਇਕੱਠ ਕਹਿ ਰਿਹਾ ਹੈ ਕਿ, 'ਅਸੀਂ ਵੀ ਤੇਰੇ ਨਾਲ਼ ਜ਼ਿੰਦਾ ਹਾਂ।' ਇਸ ਤੋਂ ਵੀ ਅੱਗੇ ਫ਼ਾਸ਼ੀ ਹਨੇਰੀ ਅੱਗੇ ਹਿਮਾਲਾ ਪਰਬਤ ਵਾਂਗ ਅੜਨ ਵਾਲ਼ੇ ਸਾਡੇ ਪਾਸ਼, ਰਵੀ ਅਤੇ ਹੋਰ ਸਾਰੇ ਸ਼ਹੀਦ ਸਾਥੀ, ਜਿਨ੍ਹਾਂ ਸਿਰ ਕਟਾ ਲਏ ਪਰ ਝੁਕਾਏ ਨਹੀਂ, ਉਹ ਵੀ ਕਹਿੰਦੇ ਹਨ, 'ਸੁਰਿੰਦਰ ਆਪਾਂ ਜਿਊਂਦੇ ਹਾਂ।' ਕਵਿਤਾ 'ਬੰਦੂਕ, ਮੌਤ ਅਤੇ ਜ਼ਿੰਦਗੀ' ਵਿਚ ਦਰਜ ਹੈ:

ਅੱਖਾਂ 'ਚੋਂ ਵਗੇ ਸੁਰਮਈ ਨੀਰ ਦੇ ਤੁਪਕੇ
ਬੱਚਿਆਂ ਦੀਆਂ ਅੱਖਾਂ 'ਚ ਪਾ ਦੇਵੀਂ
ਕਵਿਤਾ ਦੇਖਣ ਦੇ ਸਮਰੱਥ ਹੋ ਜਾਣਗੇ
ਕੁਝ ਕੁ ਤੁਪਕੇ
ਪੌਦਿਆਂ ਦੀਆਂ ਜੜ੍ਹਾਂ 'ਚ ਛਿੜਕ ਦੇਵੀਂ
ਕਵਿਤਾ ਦੇ ਫੁੱਲ ਖਿੜ ਪੈਣਗੇ।"

ਅਗਲੀਆਂ ਪੰਗਤੀਆਂ ਖ਼ਾਸ ਧਿਆਨ ਮੰਗਦੀਆਂ ਹਨ, ਜੋ ਇਸ ਤਰਾਂ ਹਨ:

ਉਕੁਝ ਕੁ ਆਪਣੀ ਬੰਦੂਕ ਨੂੰ ਪਿਆ ਦੇਵੀਂ
ਤਾਂ ਜੋ ਮੌਤ ਦੇ ਭੁਲੇਖੇ
ਜ਼ਿੰਦਗੀ ਨਾ ਮਾਰ ਦੇਵੇ।"
(ਪੰਨਾ:26,'ਕਵਿਤਾ ਦੀ ਲਾਟ')

ਹੁਣ ਮੇਰਾ ਦਾਅਵਾ ਏ ਕਿ ਤੂੰ ਜ਼ਿੰਦਾ ਏਂ, ਕਿਉਂਕਿ ਬੰਦੂਕਾਂ ਨੂੰ ਵੀ ਜ਼ਿੰਦਗੀ ਦੀ ਗੁੜਤੀ ਦੇਣ ਵਾਲ਼ੇ ਕਦੇ ਮਰਦੇ ਨਹੀਂ ਹੁੰਦੇ।"

ਕਵਿਤਾ 'ਹਰਾਮਜ਼ਾਦਾ' ਵਿਚ ਸੁਰਿੰਦਰ ਨੇ ਜਿਹੜੇ ਇਸ ਸ਼ਬਦ ਨੂੰ ਨਵੇਂ ਅਰਥ ਦਿਤੇ ਹਨ, ਉਹ ਸ਼ਬਦ ਹਰਾਮਜ਼ਾਦਾ ਦੇ ਰਵਾਇਤੀ ਅਰਥਾਂ ਅੱਗੇ ਪ੍ਰਸ਼ਨ ਚਿੰਨ ਲਗਾ ਦਿੰਦੇ ਹਨ। 'ਦੁਲਹਨ' (ਪੰਨਾ:59, 'ਕਵਿਤਾ ਦੀ ਲਾਟ') ਬਹੁਤ ਹੀ ਪਿਆਰੀ ਅਤੇ ਖ਼ੂਬਸੂਰਤ ਕਵਿਤਾ ਹੈ। ਇਸ ਦਾ ਅੰਦਾਜ਼ਾ ਅਗਲੇ ਸ਼ਿਅਰ ਤੋਂ ਤੁਸੀਂ ਖ਼ੁਦ ਲਗਾ ਸਕਦੇ ਹੋ:

ਅੱਧਖੁਲ੍ਹੇ ਘੁੰਗਟ ਵਿਚ ਉਸ ਦਾ ਕਵਿਤਾ ਵਰਗਾ ਮੁਖੜਾ।
ਜਿਉਂ ਪਰਬਤ ਦੀ ਚੋਟੀ 'ਤੇ ਕੋਈ ਚਮਕੇ ਧੁੱਪ ਦਾ ਟੁਕੜਾ।
(ਪੰਨਾ:59,'ਕਵਿਤਾ ਦੀ ਲਾਟ')

'ਔਰਤ' ਬਹੁਤ ਖ਼ੂਬਸੂਰਤ, ਮਨ ਨੂੰ ਮੋਹ ਲੈਣ ਵਾਲ਼ੀ, ਇਸ ਸੰਗ੍ਰਿਹ ਦੀ ਸਿਖਰਲੀ ਕਵਿਤਾ ਹੈ, ਟੀਸੀ ਦੇ ਬੇਰ ਵਾਂਗ। ਇਸ ਕਵਿਤਾ ਵਿਚ ਸੁਰਿੰਦਰ ਨੇ ਆਪਣੇ ਖ਼ਾਸ ਅੰਦਾਜ਼ ਵਿਚ ਔਰਤ ਦੇ ਪੰਜ ਰੂਪ ਪੇਸ਼ ਕੀਤੇ ਹਨ: ਮਾਂ, ਭੈਣ, ਮਹਿਬੂਬਾ, ਪਤਨੀ ਅਤੇ ਧੀ। ਔਰਤ ਦਾ ਇਕ ਛੇਵਾਂ ਰੂਪ ਵੀ ਹੁੰਦਾ ਹੈ, ਚੰਡੀ ਦਾ ਰੂਪ। ਉਸਦਾ ਜ਼ਿਕਰ ਨਹੀਂ ਆਇਆ। ਇਹ ਗੱਲ ਥੋੜ੍ਹੀ ਰੜਕਦੀ ਹੈ। ਸ਼ਾਇਦ ਸੁਰਿੰਦਰ ਦਾ ਔਰਤ ਦੇ ਇਸ ਰੂਪ ਨਾਲ਼ ਕਦੇ ਵਾਹ ਨਹੀਂ ਪਿਆ। ਇਸ ਨਿੱਕੀ ਜਹੀ ਕਮਜ਼ੋਰੀ ਦੇ ਬਾਵਜੂਦ ਇਹ ਕਵਿਤਾ ਮਨ ਨੂੰ ਮੋਹ ਲੈਂਦੀ ਹੈ। ਇਸ ਕਵਿਤਾ ਦਾ ਇਕ-ਇਕ ਸ਼ਿਅਰ ਲੱਖ-ਲੱਖ ਦਾ ਹੈ, ਮਸਾਲ ਹਾਜ਼ਰ ਹੈ:

ਉਜਨਮ ਧੀ ਦਾ ਧਰਤ 'ਤੇ ਅਸਮਾਨ ਜਿੱਡੀ ਦਾਤ ਹੈ
ਕੁੱਖ, ਕੁੱਖੋਂ ਜੰਮੀ, ਕੁੱਖ ਦੀ ਦਾਤ ਵਰਗਾ ਖ਼ਤ ਲਿਖੀ।"
(ਪੰਨਾ:63,'ਕਵਿਤਾ ਦੀ ਲਾਟ')

ਕਿਹਾ ਜਾਂਦਾ ਹੈ ਕਿ ਗੁਰਬਾਣੀ ਜੀਵਨ ਜਾਚ ਹੈ। ਐਵੇਂ ਨਹੀਂ ਕਿਹਾ ਜਾਂਦਾ, ਇਹ ਇਕ ਬਹੁਤ ਵੱਡੀ ਹਕੀਕਤ ਹੈ। ਸੁਰਿੰਦਰ ਨੇ ਸਮੁੱਚੀ ਕਵਿਤਾ ਨੂੰ ਇਸ ਸਚਾਈ ਦੇ ਹਵਾਲੇ ਕਰ ਦਿਤਾ ਹੈ। ਕਵਿਤਾ ਸਿਰਫ ਮਨੋਰੰਜਨ ਦਾ ਸਾਧਨ ਨਹੀ, ਸਗੋਂ ਇਹ ਜਿਊਣ ਦਾ ਤਰੀਕਾ ਵੀ ਦੱਸਦੀ ਹੈ ਅਤੇ ਸਲੀਕਾ ਵੀ। ਇਸ ਖਿਆਲ ਨੂੰ ਸੁਰਿੰਦਰ ਅਗਲੇ ਸ਼ਿਅਰ ਵਿਚ ਇਵੇਂ ਪੇਸ਼ ਕਰਦਾ ਹੈ:

ਉਨਾ ਤਾਂ ਕਵਿਤਾ ਕੋਈ ਚੁਟਕਲਾ,
ਨਾ ਅਖ਼ਬਾਰੀ ਸੁਰਖੀ
ਕਵਿਤਾ ਹੁੰਦੀ ਰੋਟੀ ਵਰਗੀ,
ਜਿਉਂਦੀ ਏਂ ਬੁਰਕੀ ਬੁਰਕੀ।"
(ਪੰਨਾ:72,'ਕਵਿਤਾ ਦੀ ਲਾਟ')

-----

ਸਤਲੁਜ ਦੇ ਪਾਣੀ ਦੀਆਂ ਲਾਲ ਲਹਿਰਾਂ ਜਾਣਦੀਆਂ ਹਨ,
ਉਹਨਾਂ ਕਿਨਾਰੇ ਹੋਇਆ 'ਪੁਲਿਸ ਮੁਕਾਬਲਾ' ਜੇ ਅਸਲੀ ਹੁੰਦਾ,
ਝੌਂਪੜੀਆਂ 'ਚ ਕੋਈ ਟਾਵਾਂ-ਟਾਵਾਂ ਵੈਣ ਨਹੀਂ ਸੀ ਪੈਣਾ,
ਸ਼ੀਸ਼-ਮਹਿਲਾਂ 'ਚੋਂ ਸੈਂਕੜੇ ਮਾਤਮੀ ਬੈਂਡ ਕੂਕਣੇ ਸਨ।"
(ਪੰਨਾ:94,'ਕਵਿਤਾ ਦੀ ਲਾਟ')

ਉਪਰੋਕਤ ਪੰਗਤੀਆਂ ਬਿਆਨ ਕਰਦੀਆਂ ਹਨ ਕਿ ਸੁਰਿੰਦਰ ਝੂਠ ਦਾ ਪਰਦਾ ਫਾੜਕੇ ਸੱਚ ਨੂੰ ਉਜਾਗਰ ਕਰਨ ਦੀ ਹਿੰਮਤ ਰੱਖਦਾ ਹੈ। ਇਹ ਵੀ ਉਸਦੇ ਜ਼ਿੰਦਾ ਹੋਣ ਦੀ ਨਿਸ਼ਾਨੀ ਹੈ। ਅਗਲਾ ਸ਼ਿਅਰ ਇਸ ਗੱਲ 'ਤੇ ਰੋਸ਼ਨੀ ਪਾਉਂਦਾ ਹੈ ਕਿ ਸੁਰਿੰਦਰ ਕੋਲ ਮੌਤ ਦੀ ਤਸਵੀਰ 'ਚੋਂ ਵੀ ਜ਼ਿੰਦਗੀ ਦੀ ਪਰਿਭਾਸ਼ਾ ਭਾਲਣ ਦੀ ਸੂਝ ਹੈ। ਕੁਝ ਇਸ ਤਰਾਂ:

ਮੌਤ ਦੀਆਂ ਤਸਵੀਰਾਂ ਦਾ ਜਦ, ਪਲਟਾਂ ਦੂਜਾ ਪਾਸਾ,
ਮੈਂ ਸੁਪਨੇ ਚੋਂ ਲੱਭਣ ਲਗਦਾ, ਜੀਵਨ ਦੀ ਪਰਿਭਾਸ਼ਾ।"
(ਪੰਨਾ:95, 'ਕਵਿਤਾ ਦੀ ਲਾਟ')

ਸੁਰਿੰਦਰ ਨਕਸਲਵਾੜੀ ਲਹਿਰ ਦੀ ਉਪਜ ਹੈ। ਲਹਿਰ ਭਾਵੇਂ ਕਿਸੇ ਤਣ-ਪੱਤਣ ਨਹੀਂ ਲੱਗੀ, ਬਹੁਤ ਸਾਰੀਆਂ ਮਿਸਲਾਂ ਵਿਚ ਵੰਡੀ ਗਈ ਹੈ। ਪਰ ਕਿਸੇ-ਨਾ-ਕਿਸੇ ਰੂਪ ਵਿਚ ਚੱਲੀ ਜਾ ਰਹੀ ਹੈ, ਸੋ ਹੌਸਲੇ ਬੁਲੰਦ ਹਨ। ਇਸ ਸਥਿਤੀ ਨੂੰ ਬਾਖ਼ੂਬੀ ਪੇਸ਼ ਕਰਦਾ ਹੈ, ਸੁਰਿੰਦਰ ਦਾ ਅਗਲਾ ਇਹ ਸ਼ਿਅਰ:

ਪਾਪੀ ਪਿੰਜਰਾ ਤੋੜਨ ਖ਼ਾਤਰ,
ਦਾਈਆ ਬੰਨ੍ਹ ਕੇ ਤੁਰ ਪਏ ਸਾਂ,
ਖੰਭ ਗਏ ਨੇ ਕੱਟੇ ਪਰ ਨਾ,
ਹੋਈਆਂ ਖ਼ਤਮ ਉਡਾਰਾਂ ਨੇ।"
(ਪੰਨਾ:118, 'ਕਵਿਤਾ ਦੀ ਲਾਟ')

-----

ਹੌਕੇ-ਹਾਵੇ ਟੰਗਾਂ ਬਰਛੀ ਨੋਕੇ ਮੈਂ,
ਆਸ਼ਕ ਹਾਂ ਮੈਂ ਹਾਸੇ ਦੀ ਛਣਕਾਰ ਦਾ।"
(ਪੰਨਾ:120,'ਕਵਿਤਾ ਦੀ ਲਾਟ')

ਸਮੇਂ ਦੀਆਂ ਸਰਕਾਰਾਂ ਹਮੇਸ਼ਾਂ ਇਨਕਲਾਬੀਆਂ 'ਤੇ ਅੱਤਵਾਦੀ ਹੋਣ ਦਾ ਇਲਜ਼ਾਮ ਲਗਾਉਂਦੀਆਂ ਹਨ, ਜਦੋਂ ਕਿ ਅਸਲੀਅਤ ਇਹ ਨਹੀਂ ਹੁੰਦੀ, ਇਹ ਤਾਂ ਨਿਰਾ-ਪੁਰਾ ਕੁਫ਼ਰ ਹੁੰਦਾ ਹੈ। ਅਸਲੀਅਤ ਕੀ ਹੁੰਦੀ ਹੈ, ਇਸਦਾ ਬਹੁਤ ਹੀ ਖ਼ੂਬਸੂਰਤ ਬਿਆਨ ਕਰਦਾ ਹੈ, ਸੁਰਿੰਦਰ ਦਾ ਉਪਰੋਕਤ ਸ਼ਿਅਰ। ਹਾਸੇ ਦੀ ਛਣਕਾਰ ਦੇ ਆਸ਼ਕ, ਲੋਕਾਂ ਦੇ ਹੌਕਿਆਂ-ਹਾਵਿਆਂ ਨੂੰ ਬਰਛੇ ਦੀ ਨੋਕ 'ਤੇ ਟੰਗਣ ਵਾਲ਼ੇ, ਭਲਾ ਅੱਤਵਾਦੀ ਕਿਵੇਂ ਹੋ ਸਕਦੇ ਹਨ?

'ਇਹ ਆਖਰੀ ਚਿੱਠੀ ਨਹੀਂ' ਬਹੁਤ ਖ਼ੂਬਸੂਰਤ ਕਵਿਤਾ ਹੈ, ਪਰ ਇਸ ਵਿਚ ਕੁੱਝ ਅੰਸ਼ ਇਸ ਤੋਂ ਪਹਿਲਾਂ ਛਪੀ ਕਵਿਤਾ 'ਤੋਤਾ,ਦਿਓ ਅਤੇ ਬਾਜ਼' ਦੇ ਆ ਰਲ਼ੇ ਹਨ, ਜਿਸ ਨਾਲ ਇਸ ਕਵਿਤਾ ਦੀ ਸੁਤੰਤਰ ਹੋਂਦ ਧੁਆਂਖੀ ਗਈ ਹੈ।

'ਕਵਿਤਾ ਦੀ ਲਾਟ' ਵਿਚ ਢੇਰ ਸਾਰੀਆਂ ਬਹੁਤ ਹੀ ਪਿਆਰੀਆਂ, ਖ਼ੂਬਸੂਰਤ ਅਤੇ ਸਿੱਖਿਆਦਾਇਕ ਕਵਿਤਾਵਾਂ ਹਨ, ਜਿਵੇਂ ਕਿ 'ਕੀ ਤੂੰ ?', 'ਬੰਦੂਕ, ਮੌਤ ਅਤੇ ਜ਼ਿੰਦਗੀ', 'ਇਹ ਆਖਰੀ ਚਿੱਠੀ ਨਹੀਂ', 'ਦੁਲਹਨ', 'ਕਾਗ਼ਜ਼ ਦੀ ਕਿਸ਼ਤੀ', 'ਭਾਬੀ ਅਤੇ ਗੁਆਂਢੀ ਮੁੰਡਾ', 'ਮਿੱਤਰ', 'ਪਰਿਭਾਸ਼ਾ', 'ਬੇਅੰਤ ਖ਼ੂਨ', 'ਮੋਹ ਅਤੇ ਰੋਹ', 'ਜੋਸ਼ ਅਤੇ ਹੋਸ਼', ਪਰ ਕਵਿਤਾ 'ਔਰਤ' ਦੀ ਕੋਈ ਰੀਸ ਨਹੀਂ, ਇਹ ਕਵਿਤਾ ਐਵਰੈਸਟ-ਚੋਟੀ ਵਾਂਗ ਹੈ। ਸੁਰਿੰਦਰ ਧੰਜਲ ਕੋਲੋਂ ਇਸ ਤੋਂ ਵੀ ਵਧੀਆ ਕਵਿਤਾਵਾਂ ਦੀ ਆਸ ਹੈ।




## ਸੁਰਿੰਦਰ ਧੰਜਲ ਦੀਆਂ ਕਵਿਤਾਵਾਂ

### ਮਿੱਤਰ

(ਪਾਸ਼ ਅਤੇ ਉਦਾਸੀ ਦੇ ਨਾਂ)
ਮਹਿਕ ਤੇਰੀ ਕਵਿਤਾ ਦੀ ਜਿਸ
ਦਿਨ,
ਤਲੀ ਧਰਨਗੇ ਮਿੱਤਰ
ਫੁੱਲ ਅਤੇ ਕੰਡੇ ਦੀ 'ਕੱਠੀ,
ਪੀੜ ਜਰਨਗੇ ਮਿੱਤਰ

ਬਰਫ਼ਾਨੀ ਚੋਟੀ 'ਤੇ ਤੇਰੇ,
ਜ਼ਖ਼ਮਾਂ ਲਿਖੀ ਇਬਾਰਤ
ਜਦ ਦਰਿਆ ਬਣ ਹੇਠਾਂ ਪਹੁੰਚੀ,
ਯਾਦ ਕਰਨਗੇ ਮਿੱਤਰ

ਤੂੰ ਖੇਤਾਂ ਵਿੱਚ ਬੀਜਿਆ ਆਪਣੇ,
ਸ਼ਬਦਾਂ ਦਾ ਗੁਲਦਸਤਾ
ਅਰਥਾਂ ਦਾ ਨਿੱਘ ਮਾਣ ਲੈਣਗੇ,
ਜਦੋਂ ਠਰਨਗੇ ਮਿੱਤਰ

ਤੂੰ ਕਵਿਤਾ ਦੇ ਹਰ ਅੱਖਰ ਨੂੰ,
ਨਦੀਆਂ ਤਰਨ ਸਿਖਾਇਆ
ਖੂਹਾਂ, ਟੋਭਿਆਂ, ਢਾਬਾਂ ਵਿੱਚ ਇਹ,
ਨਹੀਂ ਖਰਨਗੇ ਮਿੱਤਰ

ਤੂੰ ਸਮਿਆਂ ਦੇ ਸੱਚ ਦਾ ਸੂਰਮਾ,
ਕਵਿਤਾ ਦੀ ਅੱਖ ਪਾਇਆ
ਹਰ ਇੱਕ ਜਗਦੀ ਅੱਖ ਨੂੰ
ਤੇਰੇ ਨਾਮ ਕਰਨਗੇ ਮਿੱਤਰ

ਤੇਰੀ ਅਰਥੀ ਵਾਲ਼ੇ ਦਿਨ ਵੀ,
ਤੇਰਾ ਚਿੱਤਰ ਅਧੂਰਾ
ਤੇਰੇ ਵਾਂਗੂੰ ਉਸ ਵਿੱਚ
ਤੇਰੇ ਰੰਗ ਭਰਨਗੇ ਮਿੱਤਰ

### ਭਾਬੀ ਅਤੇ ਗੁਆਂਢੀ ਮੁੰਡਾ

ਹਸਪਤਾਲ 'ਚੋਂ ਪਰਤੀ ਗਰਭਵਤੀ ਭਾਬੀ
ਕੀ ਦਾ ਕੀ ਬਣ ਗਈ ਹੈ:
ਅਣਜੰਮੀ ਬੱਚੀ ਦੇ ਕਤਲ ਨਾਲ਼ ਭਰੀ ਲਹੂ ਦੀ ਨਦੀ -
ਆਲ੍ਹਣੇ ਚੋਂ ਡਿੱਗੇ ਬੋਟ ਦੀ ਦਿਲ ਚੀਰਵੀਂ ਚੀਕ -
ਸੱਸ ਦੇ ਮਗਰਮੱਛੀ ਜਬਾੜ੍ਹਿਆਂ 'ਚ ਤੜਫਦੀ ਮਮਤਾ -
ਖ਼ੁਦਕੁਸ਼ੀ ਕਰ ਚੁੱਕੇ ਕਿਸਾਨ ਦੇ
ਬੰਜਰ ਖੇਤਾਂ 'ਚ ਉੱਗਿਆ ਨੂੰਹ ਦਾ ਵਿਰਲਾਪ -

ਉਹਦੀਆਂ ਅੱਖਾਂ 'ਚੋਂ ਹੁਣ ਦਿਨ ਰਾਤ ਸਿੰਮਦਾ ਰਹਿੰਦਾ ਹੈ
ਅਣਜੰਮੀਆਂ ਲੋਰੀਆਂ ਦਾ ਦਰਦ
ਉਹਦੇ ਪੇਟ 'ਚ ਖੁੱਭੀ ਖੁੰਢੀ ਕਰਦ ਨੂੰ
ਹੁਣ ਹਰ ਵਾਕਫ਼ ਚਿਹਰਾ ਨਾਵਾਕਫ਼ ਲਗਦਾ ਹੈ
ਉਹਦੇ ਘੁੰਗਰਾਲੇ ਵਾਲ
ਹੁਣ ਪਹਿਲਾਂ ਵਾਂਗ ਆਪ ਮੁਹਾਰੇ
ਹਵਾ ਨੂੰ ਸਲਾਮ ਨਹੀਂ ਕਰਦੇ

ਅੱਗੇ, ਅੱਗ ਦੀ ਮੂਰਤ ਵਰਗੀ ਭਾਬੀ
ਜਦੋਂ ਪਹਿ ਪਾਟਦੀ ਨਾਲ ਪੋਲੇ ਪੈਰੀਂ ਪੌੜੀਆਂ ਉੱਤਰਦੀ ਸੀ
ਨਲਕਾ ਗੇੜਦਾ ਗੁਆਂਢੀਆਂ ਦਾ ਮਨਚਲਾ ਨੌਜਵਾਨ
ਉਸਦਾ ਨਿੰਮ੍ਹਾ ਜਿਹਾ ਹਾਸਾ ਪੀਂਦਾ ਗੁਣਗੁਣਾਉਂਦਾ ਸੀ:
'ਰਾਤੀਂ ਰੋਂਦੀ ਦਾ ਭਿੱਜ ਗਿਆ ਲਾਲ ਪੰਘੂੜਾ'

ਹੁਣ, ਜਦੋਂ ਭਾਬੀ ਦੇ ਚਿਹਰੇ 'ਤੋਂ
ਅੱਥਰੂਆਂ ਦੀਆਂ ਕਤਾਰਾਂ ਸੱਚਮੁਚ ਪੜ੍ਹੀਆਂ ਜਾ ਸਕਦੀਆਂ ਨੇ,
ਹੁਣ, ਜਦੋਂ ਭਾਬੀ ਦੀਆਂ ਅਣਦਿੱਤੀਆਂ ਲੋਰੀਆਂ
ਉਹਦੇ ਪੇਟ 'ਚ ਕਤਲ ਹੋਈ ਪਲੇਠੀ ਧੀ ਦੀਆਂ ਲੇਰਾਂ ਬਣਕੇ
ਸਾਰਾ ਦਿਨ ਹਵਾ 'ਚ ਗੂੰਜਦੀਆਂ ਰਹਿੰਦੀਆਂ ਨੇ,
ਗੁਆਂਢੀ ਮੁੰਡੇ ਨੂੰ ਪਤਾ ਨਹੀਂ ਲਗਦਾ, ਕਿਵੇਂ ਕਹੇ:
ਭਾਬੀ! ਮੈਂ ਤਾਂ ਐਵੇਂ ਮਿੱਠੀ ਕਲੋਲਾਂ ਕਰਦਾ ਹੁੰਦਾ ਸੀ
ਭਾਬੀ! ਮੈਨੂੰ ਕੀ ਪਤਾ ਸੀ: ਤੇਰਾ ਪੰਘੂੜਾ
ਸਾਰੀ ਉਮਰ ਲਈ ਤੇਰੇ ਲਹੂ 'ਚ ਭਿੱਜ ਜਾਵੇਗਾ
ਭਾਬੀ! ਮੈਨੂੰ ਕੀ ਪਤਾ ਸੀ...ਮੈਨੂੰ ਕੀ ਪਤਾ ਸੀ...


Best Truck Wash
Your Mobile Wash Professionals Edmonton & Area
ਅਸੀਂ ਤੁਹਾਡੇ ਟਰੱਕ, ਟਰੇਲਰ ਐਡਮਿੰਟਨ ਦੇ ਕਿਸੇ ਵੀ ਹਿੱਸੇ ਵਿਚ ਪਹੁੰਚ ਕੇ ਵਾਸ਼ ਕਰਾਂਗੇ। ਵਧੀਆ ਸਰਵਿਸ ਲਈ ਸੰਪਰਕ ਕਰੋ।
ਅਸੀਂ ਤੇਲ ਬਦਲੀ ਅਤੇ ਗਰੀਸ ਵੀ ਕਰਦੇ ਹਾਂ

We can Wash Your Truck anywhere in Edmonton & Area
- High Pressure Nozzles
- Trailer/Truck
- Fleet Washing With Under Mobile Brush Wash System
- Oil Change and Grease

For more info Call:
BIN: (780) 267-9102
CAM: (780) 238-8161

# ਭਾਰਤ ਦਿਲ ਦੇ ਰੋਗੀਆਂ ਦੀ ਰਾਜਧਾਨੀ-ਭਾਰਤੀਆਂ 'ਚ ਡਾਇਬਟੀਜ਼ ਤੇ ਹਾਈਪਰਟੈਂਸ਼ਨ ਵੀ ਵੱਧ

ਭਾਰਤ ਵਿੱਚ ਦਿਲ ਦੇ ਰੋਗਾਂ ਨਾਲ ਸਬੰਧਤ ਮਰੀਜਾਂ ਦੀ ਸੰਖਿਆ ਲਗਾਤਾਰ ਵੱਧ ਰਹੀ ਹੈ। ਵਿਸ਼ਵ ਸਿਹਤ ਸੰਗਠਨ ਅਨੁਸਾਰ ਇਸ ਵੇਲੇ ਭਾਰਤ ਵਿੱਚ ਜ਼ਿਆਦਾ ਮੌਤਾਂ ਦਿਲ ਦੇ ਰੋਗਾਂ ਕਾਰਨ ਹੋ ਰਹੀਆਂ ਹਨ। ਇੱਕ ਅੰਦਾਜ਼ੇ ਮੁਤਾਬਿਕ 2010 ਵਿੱਚ ਦੁਨੀਆ ਭਰ 'ਚ ਦਿਲ ਦੇ ਰੋਗਾਂ ਨਾਲ ਮਰਨ ਵਾਲਿਆਂ ਵਿੱਚ 60 ਪ੍ਰਤੀਸ਼ਤ ਭਾਰਤੀ ਹਨ। ਭਾਰਤ ਲਈ ਚਿੰਤਾ ਵਾਲੀ ਗੱਲ ਇਹ ਹੈ ਕਿ ਨੌਜਵਾਨਾਂ ਵਿੱਚ ਦਿਲ ਦੇ ਰੋਗਾਂ ਦੀ ਸ਼ਿਕਾਇਤ ਲਗਾਤਾਰ ਵਧ ਰਹੀ ਹੈ। ਦਿੱਲੀ ਦੇ ਮਸ਼ਹੂਰ ਹਸਪਤਾਲ ਅਪੋਲੋ ਦੇ ਅਧਿਐਨ ਮੁਤਾਬਿਕ ਦਿਲ ਦੇ ਰੋਗਾ ਦਾ ਫੈਲਾਅ ਪੱਛਮੀ ਦੇਸ਼ਾਂ ਦੇ ਮੁਕਾਬਲੇ ਭਾਰਤ ਵਿੱਚ ਕਿਤੇ ਵੱਧ ਹੈ। ਭਾਰਤ ਵਿੱਚ 35 ਸਾਲ ਦੇ ਨੌਜਵਾਨ ਦੀਆਂ ਨਾੜੀਆਂ 'ਚ ਖ਼ੂਨ ਦਾ ਸੰਚਾਰ ਰੁਕ ਜਾਣਾ ਹੁਣ ਸਧਾਰਨ ਗੱਲ ਹੋ ਗਈ ਹੈ। ਅਮਰੀਕਾ ਵਿੱਚ ਜ਼ਿਆਦਾਤਰ ਇਹ ਸਮੱਸਿਆ ਸੱਠ ਸਾਲ ਤੋਂ ਉੱਪਰ ਉਮਰ ਵਾਲਿਆਂ ਵਿਆਕਤੀਆਂ ਵਿੱਚ ਪਾਈ ਜਾਂਦੀ ਹੈ। ਭਾਰਤ ਵਿੱਚ ਇਸ ਰੋਗ ਨੇ ਉਮਰ ਦਾ ਲਿਹਾਜ ਖਤਮ ਕਰ ਦਿੱਤਾ ਹੈ। ਇੱਥੇ ਜਵਾਨੀ 'ਚ ਹੀ ਦਿਲ ਦੇ ਰੋਗਾਂ ਦੇ ਲੱਛਣ ਪੈਦਾ ਹੋ ਜਾਂਦੇ ਹਨ, ਆਮ ਤੌਰ 'ਤੇ ਨੌਜਵਾਨਾਂ 'ਚ ਜਾਂ ਤਾਂ ਐਲ ਡੀ ਐਲ ਕਲੈਸਟਰੌਲ ਦੀ ਮਾਤਰਾ ਵੱਧ ਜਾਂਦੀ ਹੈ ਜਾਂ ਫਿਰ ਐਚ ਡੀ ਐਲ ਕਲੈਸਟਰੌਲ ਦੀ ਮਾਤਰਾ ਘੱਟ ਜਾਂਦੀ ਹੈ, ਜਿਸਦੇ ਚਲਦਿਆਂ ਸਰੀਰ ਦਾ ਵਜ਼ਨ ਵੱਧ ਜਾਂਦਾ ਹੈ ਤੇ ਇਸਦੇ ਨਾਲ ਹੀ ਦਿਲ ਦੇ ਰੋਗਾਂ ਦਾ ਖਤਰਾ ਹੋਰ ਵੀ ਵੱਧ ਜਾਂਦਾ ਹੈ।

ਇੱਕ ਅਧਿਐਨ ਮੁਤਾਬਿਕ ਦਸ ਪ੍ਰਤੀਸ਼ਤ ਭਾਰਤੀ ਤਾਂ ਬਿਨਾ ਕਿਸੇ ਕਾਰਣ ਦਿਲ ਦੇ ਰੋਗਾਂ ਨੂੰ ਦਾਅਵਤ ਦਿੰਦੇ ਹਨ ਜੇਕਰ ਉਹ ਆਪਣੀ ਜੀਵਨ ਜਾਂਚ ਵਿੱਚ ਥੋੜੀ ਬਹੁਤ ਤਬਦੀਲੀ ਕਰ ਲੈਣ ਤਾਂ ਉਹ ਇਹਨਾਂ ਰੋਗਾਂ ਤੋਂ ਬਚ ਸਕਦੇ ਹਨ। ਦਿਲ ਦੇ ਰੋਗਾਂ ਕਾਰਣ ਹੀ 35 ਤੋਂ 60 ਸਾਲੇ ਭਾਰਤੀਆਂ ਵਿੱਚ ਡਾਇਬਟੀਜ਼ ਤੇ ਹਾਈਪਰਟੈਂਸਨ ਵੱਧ ਰਹੀ ਹੈ। ਆਮ ਤੌਰ 'ਤੇ ਇਸ ਰੋਗ ਨਾਲ ਸਬੰਧਤ ਭਾਰਤੀ ਮਰੀਜ ਡਾਕਟਰ ਕੋਲ ਵੀ ਕਾਫ਼ੀ ਪਛੜ ਕੇ ਪਹੁੰਚਦੇ ਹਨ।



## ਦਿਲ ਦੇ ਰੋਗਾਂ ਤੋਂ ਕਿਵੇਂ ਬਚੀਏ

ਸਾਡੀ ਆਧੁਨਿਕ ਜੀਵਨ ਸ਼ੈਲੀ ਦਿਲ ਦੇ ਰੋਗਾਂ ਦੀ ਮਾਂ ਹੈ। ਜੇਕਰ ਅਸੀਂ ਆਪਣੀ ਖੁਰਾਕ ਦਾ ਧਿਆਨ ਰੱਖੀਏ ਤੇ ਰੋਜ਼ਾਨਾ ਕਸਰਤ ਕਰੀਏ ਤਾਂ ਇਹਨਾਂ ਰੋਗਾਂ ਤੋਂ ਬਚਿਆ ਜਾ ਸਕਦਾ ਹੈ। ਸਾਡੇ ਅੰਦਰ ਇੱਛਾ ਸ਼ਕਤੀ ਹੋਵੇ ਤਾਂ ਦਿਲ ਦੇ ਰੋਗਾਂ ਨਾਲ ਲਗਾਤਾਰ ਹੋ ਰਹੀਆਂ ਮੌਤਾਂ ਨੂੰ ਠੱਲ ਪਾਈ ਜਾ ਸਕਦੀ ਹੈ ਜਾਂ ਫਿਰ ਘੱਟੋ-ਘੱਟ ਮੌਤ ਅੱਗੇ ਤਾਂ ਪਾਈ ਹੀ ਜਾ ਸਕਦੀ ਹੈ। ਇਸਦੇ ਲਈ ਸਾਨੂੰ ਸਿਰਫ਼ ਆਪਣੀ ਜੀਵਨ ਸ਼ੈਲੀ ਬਦਲਣ ਦੀ ਲੋੜ ਹੈ। ਖੋਜ ਮੁਤਾਬਿਕ ਦਿਲ ਦੇ ਰੋਗ ਹੋਣ ਦੇ ਸੱਤ ਮੁੱਖ ਕਾਰਣ ਹਨ। 1.ਤੰਬਾਕੂ ਸੇਵਨ 2. ਕਲੈਸਟਰੌਲ 3. ਬਲੱਡ ਪ੍ਰੈਸ਼ਰ 4.ਡਾਇਆਬਟੀਜ਼ 5. ਕਸਰਤ ਨਾ ਕਰਨਾ 6. ਮੋਟਾਪਾ 7. ਮਾਨਸਿਕ ਦਬਾਅ। ਜੇਕਰ ਅਸੀਂ ਇਹਨਾਂ ਮੁੱਖ ਕਾਰਨਾਂ ਦਾ ਧਿਆਨ ਰੱਖੀਏ ਤੇ ਰੋਜ਼ਾਨਾ ਦੀ ਜੀਵਨਸ਼ੈਲੀ ਨੂੰ ਸਾਦਾ ਬਣਾਈਏ ਤਾਂ ਅਸੀਂ ਦਿਲ ਦੇ ਰੋਗਾਂ ਤੋਂ ਬਚ ਸਕਦੇ ਹਾਂ।

ਸਭ ਤੋਂ ਪਹਿਲਾਂ ਸਾਨੂੰ ਉਪਰੋਕਤ ਲਿਖੇ ਸੱਤ ਕਾਰਨਾਂ ਦਾ ਧਿਆਨ ਰੱਖਣਾ ਹੋਵੇਗਾ। ਸਾਨੂੰ ਤੰਬਾਕੂ ਦੇ ਸੇਵਨ ਤੋਂ ਪ੍ਰਹੇਜ਼ ਕਰਨਾ ਚਾਹੀਦਾ ਹੈ, ਖਾਣ-ਪੀਣ ਦੀਆਂ ਵਸਤਾਂ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਮੋਟਾਪੇ ਤੋਂ ਬਚਣਾ ਚਾਹੀਦਾ ਹੈ ਤੇ ਸੂਗਰ ਘੱਟ ਮਾਤਰਾ ਵਿੱਚ ਲੈਣਾ ਚਾਹੀਦਾ ਹੈ। ਵੱਧ ਤੋਂ ਵੱਧ ਫਰੂਟ ਤੇ ਹਰੀਆਂ ਸਬਜ਼ੀਆਂ ਦਾ ਸੇਵਨ ਕਰਨਾ ਚਾਹੀਦਾ ਹੈ। ਸਭ ਤੋਂ ਜਰੂਰੀ ਗੱਲ ਹੈ ਕਿ ਸਾਨੂੰ ਰੋਜ਼ਾਨਾ ਕਸਰਤ ਕਰਨੀ ਚਾਹੀਦੀ ਹੈ। ਅਜਿਹੀਆਂ ਆਦਤਾਂ ਪਾਉਣੀਆਂ ਚਾਹੀਦੀਆਂ ਹਨ ਜਿਨ੍ਹਾਂ ਨਾਲ ਬਲੱਡ ਪ੍ਰੈਸ਼ਰ ਤੇ ਮੋਟਾਪਾ ਘੱਟ ਹੋਵੇ। ਮਾਹਿਰ ਡਾਕਟਰਾਂ ਮੁਤਾਬਿਕ ਦਿਲ ਦੇ ਰੋਗਾਂ ਦੇ ਮਾਮਲੇ ਵਿੱਚ 75 ਪ੍ਰਤੀਸ਼ਤ ਖਤਰੇ ਤੋਂ ਅਸੀਂ ਜਿਉਣ ਦੇ ਢੰਗ 'ਚ ਫੇਰਬਦਲ ਕਰਕੇ ਬਚ ਸਕਦੇ ਹਾਂ।

## ਲੋਕਾਂ 'ਚ ਜਾਗਰੂਕਤਾ ਫੈਲਾਉਣ ਦੀ ਲੋੜ

ਦਿਲ ਦੇ ਰੋਗਾਂ ਨੂੰ ਲੈ ਕੇ ਲੋਕਾਂ 'ਚ ਤਰੁੰਤ ਜਾਗਰੂਕਤਾ ਫੈਲਾਉਣ ਦੀ ਲੋੜ ਹੈ। ਲੋਕਾਂ ਨੂੰ ਇਹ ਸਮਝਾਉਣ ਦੀ ਲੋੜ ਹੈ ਕਿ ਜੇ ਤੁਸੀਂ ਦਿਲ ਦੇ ਰੋਗਾਂ ਦੇ ਕਾਰਣ ਜਾਣਦੇ ਹੋ ਤਾਂ ਤੁਸੀਂ ਇਹਨਾਂ ਰੋਗਾਂ ਤੋਂ ਬਚ ਸਕਦੇ ਹੋ। ਸਰਕਾਰੀ ਤੇ ਗੈਰ ਸਰਕਾਰੀ ਸੰਸਥਾਵਾਂ ਦੇ ਨਾਲ ਹਸਪਤਾਲਾਂ ਨੂੰ ਇਸ ਜਾਗਰੂਕਤਾ ਮੁਹਿੰਮ ਵਿੱਚ ਮੋਹਰੀ ਭੂਮਿਕਾ ਨਿਭਾਉਣੀ ਹੋਵੇਗੀ। ਜਾਗਰੂਕਤਾ ਹੀ ਇਸ ਸਬੰਧ ਵਿੱਚ ਸਭ ਤੋਂ ਵੱਡਾ ਇਲਾਜ ਹੈ। ਭਾਰਤ ਉੱਤੇ ਦਿਲ ਦੇ ਰੋਗੀਆਂ ਦੀ ਰਾਜਧਾਨੀ ਹੋਣ ਦੇ ਲੱਗੇ ਦਾਗ਼ ਨੂੰ ਅਸੀਂ ਤਾਂ ਹੀ ਮੇਟ ਸਕਦੇ ਹਾਂ ਜੇਕਰ ਅਸੀਂ ਇਸ ਰੋਗ ਵਿਰੁੱਧ ਜਾਗਰੂਕਤਾ ਮੁਹਿੰਮ ਨੂੰ ਗੰਭੀਰਤਾ ਨਾਲ ਲਈਏ। ਸਾਡੇ ਦੇਸ਼ ਵਿੱਚ ਦਿਲ ਦੇ ਰੋਗ ਮਹਾਂਮਾਰੀ ਬਣ ਚੁੱਕੇ ਹਨ, ਇਸਨੂੰ ਦਿਲ ਦੇ ਰੋਗੀਆਂ ਦੀ ਰਾਜਧਾਨੀ ਕਹਿਣ ਦੇ ਕਾਰਨ ਹੇਠ ਲਿਖੇ ਹਨ।



ਡਾ. ਪਰਤਾਪ ਸੀ ਰੈਡੀ

1. ਵਿਸ਼ਵ ਸਿਹਤ ਰਿਪੋਰਟ ਮੁਤਾਬਿਕ 2020 ਤੱਕ ਭਾਰਤ ਅਜਿਹਾ ਦੇਸ਼ ਬਣ ਜਾਵੇਗਾ ਜਿੱਥੇ ਸਭ ਤੋਂ ਵੱਧ ਮੌਤਾਂ ਦਿਲ ਦੇ ਰੋਗਾਂ ਕਾਰਨ ਹੋਇਆ ਕਰਨਗੀਆਂ।

2. 2015 ਤੱਕ ਸੰਭਾਵਨਾ ਇਹ ਹੈ ਕਿ ਭਾਰਤ ਵਿੱਚ ਹੋਣ ਵਾਲੀਆਂ ਕੁੱਲ ਮੌਤਾਂ ਵਿੱਚੋਂ 50 ਪ੍ਰਤੀਸ਼ਤ ਮੌਤਾਂ ਦਾ ਕਾਰਨ ਦਿਲ ਦੇ ਰੋਗ ਹੋਣਗੇ।

3. ਪੱਛਮੀ ਮੁਲਕਾਂ ਦੇ ਲੋਕਾਂ ਦੇ ਮੁਕਾਬਲੇ ਭਾਰਤੀ ਲੋਕਾਂ ਨੂੰ ਦਿਲ ਦੇ ਰੋਗ ਹੋਣ ਦੀ ਸੰਭਾਵਨਾ ਤਿੰਨ ਤੋਂ ਚਾਰ ਗੁਣਾ ਜ਼ਿਆਦਾ ਹੈ ਇਸਦਾ ਮੁੱਖ ਕਾਰਨ ਇਹ ਹੈ ਕਿ ਸਾਡੇ ਲੋਕਾਂ ਦੀ ਜੀਵਨ ਸ਼ੈਲੀ ਇਹਨਾਂ ਰੋਗਾਂ ਨੂੰ ਦਾਅਵਤ ਦਿੰਦੀ ਹੈ। ਉਦਾਹਰਨ ਵਜੋਂ ਕਸਰਤ ਕਰਨਾ ਸਾਡੀ ਜੀਵਨ ਸ਼ੈਲੀ ਦਾ ਅਜੇ ਅੰਗ ਨਹੀਂ ਬਣਿਆ।

4. ਭਾਰਤ ਵਿੱਚ ਬਹੁਤ ਸਾਰੇ ਲੋਕ ਡਾਇਬਟੀਜ਼ ਤੋਂ ਪੀੜਿਤ ਹਨ ਜਿਨ੍ਹਾਂ ਵਿੱਚ ਦਿਲ ਦੇ ਰੋਗ ਵਧਣ ਦੀ ਕਾਫੀ ਸੰਭਾਵਨਾ ਹੈ।

5. ਇੱਕ ਕਾਰਨ ਇਹ ਵੀ ਹੈ ਕਿ ਮਰੀਜਾਂ ਦੀ ਗਿਣਤੀ ਬਹੁਤ ਤੇਜ਼ੀ ਨਾਲ ਵੱਧ ਰਹੀ ਹੈ ਤੇ ਇਸਦੇ ਮੁਕਾਬਲੇ ਡਾਕਟਰਾਂ ਦੀ ਗਿਣਤੀ ਕਾਫੀ ਘੱਟ ਹੈ। ਇਸ ਕਾਰਨ ਮਰੀਜਾਂ ਨੂੰ ਸਮੇਂ ਸਿਰ ਉਚਿਤ ਇਲਾਜ ਨਹੀਂ ਮਿਲਦਾ। ਜਿਸ ਕਾਰਨ ਇਹ ਰੋਗ ਮਹਾਂਮਾਰੀ ਦਾ ਰੂਪ ਧਾਰ ਚੁੱਕਾ ਹੈ।

ਇੱਕ ਅੰਦਾਜ਼ੇ ਮੁਤਾਬਿਕ ਭਾਰਤ ਵਿੱਚ ਇਸ ਰੋਗ ਨਾਲ ਸਬੰਧਿਤ ਹਰ ਸਾਲ 70 ਹਜ਼ਾਰ ਅਪਰੇਸ਼ਨ ਹੁੰਦੇ ਹਨ, ਜਦੋਂ ਕਿ ਮਰੀਜਾਂ ਦੀ ਸੰਖਿਆ ਦੇ ਹਿਸਾਬ ਨਾਲ ਦੋ ਮਿਲੀਅਨ ਲੋਕਾਂ ਦੀ ਸਰਜਰੀ ਕਰਨੀ ਚਾਹੀਦੀ ਹੈ।

ਭਾਰਤ ਵਿੱਚ 70 ਹਜ਼ਾਰ ਲੋਕ ਹਰ ਸਾਲ ਆਪਣਾ ਇਲਾਜ ਸ਼ੁਰੂ ਕਰਦੇ ਹਨ ਜਦੋਂ ਕਿ ਚਾਰ ਮਿਲੀਅਨ ਲੋਕਾਂ ਨੂੰ ਇਲਾਜ ਦੀ ਜਰੂਰਤ ਹੁੰਦੀ ਹੈ।

rainbow
copy & printing
P: (780) 461-6000
F (780) 450-2302
Toll Free: 1 866 461-6001
PRINTING
• Business Cards
• Flyers
• Weddings
• Brochures
• Posters
• Notepads
• Stationary
COPYING
• Photocopying
• Faxing
• Finishing
• Bindery
• Restorations
DESIGN
Call us and tell us what you want. Our talented and knowledgable staff will design it for you. After you approve it, we'll print it. It's that simple.

www.rainbowcopy.com
rainbow@rainbowcopy.com
Monday-Friday 9:00 am-6:00 pm
Saturday 11:00 am-5:00 pm

# ਕਨੇਡਾ 'ਚ ਲੜਕੇ ਮੁਟਾਪੇ ਦਾ ਸ਼ਿਕਾਰ



ਟਰਾਂਟੋ (ਨਦਬ)-ਇਕ ਨਵੇਂ ਅਧਿਐਨ ਮੁਤਾਬਕ ਕਨੇਡਾ ਦੇ ਲੜਕੇ ਲੜਕੀਆਂ ਨਾਲੋਂ ਤਿੰਨ ਗੁਣਾਂ ਵੱਧ ਮੋਟੇ ਹਨ। ਦੇਸ਼ ਦੇ ਮੁਟਾਪੇ ਸਬੰਧੀ ਅਧਿਐਨ ਵਿੱਚ ਲਿੰਗ ਦੇ ਅਧਾਰ ਉੱਤੇ ਇਹ ਵਿਲੱਖਣ ਕਿਸਮ ਦਾ ਫਰਕ ਸਾਹਮਣੇ ਆਇਆ ਹੈ। ਸਟੈਟੇਸਟਿਕਸ ਕਨੇਡਾ ਦੀ ਨਵੀਂ ਰਿਪੋਰਟ ਵਿੱਚ ਪਾਇਆ ਗਿਆ ਕਿ ਪੰਜ ਤੋਂ 11 ਸਾਲ ਦੀ ਉਮਰ ਵਰਗ ਦੀਆਂ 6.3 ਫੀ ਸਦੀ ਲੜਕੀਆਂ ਦੇ ਮੁਕਾਬਲੇ ਇਸੇ ਉਮਰ ਵਰਗ ਦੇ 19.5 ਫੀ ਸਦੀ ਲੜਕੇ ਮੋਟੇ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਇਹ ਬਹੁਤ ਪਹਿਲਾਂ ਹੀ ਸਿੱਧ ਹੋ ਚੁੱਕਿਆ ਹੈ ਕਿ ਲੜਕੀਆਂ ਦੇ ਮੁਕਾਬਲੇ ਲੜਕਿਆਂ ਵਿੱਚ ਮੋਟਾਪਾ ਕਿਤੇ ਤੇਜ਼ੀ ਨਾਲ ਵੱਧਦਾ ਹੈ। ਹੈਮਿਲਟਨ, ਓਨਟਾਰੀਓ ਵਿੱਚ ਮੈਕਮਾਸਟਰ ਚਿਲਡਰਨਜ਼ ਹੌਸਪਿਟਲ ਵਿੱਚ ਮੈਟਾਬੋਲਿਜ਼ਮ, ਓਬੈਸਿਟੀ ਐਂਡ ਹੈਲਥ ਪ੍ਰੋਗਰਾਮ ਦੀ ਮੈਡੀਕਲ ਡਾਇਰੈਕਟਰ ਡਾ.ਕੈਥਰੀਨ ਮੌਰੀਸਨ ਦਾ ਕਹਿਣਾ ਹੈ ਕਿ ਇਸ ਅਧਿਐਨ ਵਿੱਚ ਪਾਇਆ ਗਿਆ ਹੈ ਕਿ ਜਵਾਨ ਬੱਚਿਆਂ ਵਿੱਚੋਂ ਇੱਕ ਤਿਹਾਈ, ਕਨੇਡਾ ਦੇ 1.6 ਮਿਲੀਅਨ ਨੌਜਵਾਨਾਂ ਵਿੱਚੋਂ 31.5 ਫੀ ਸਦੀ, ਭਾਰੇ ਜਾਂ ਮੋਟੇ ਹਨ। ਇਹ ਅਧਿਐਨ 2009 ਤੇ 2011 ਦਰਮਿਆਨ ਪੰਜ ਤੋਂ 17 ਸਾਲ ਦੀ ਉਮਰ ਵਰਗ ਦੇ 2,123 ਬੱਚਿਆਂ ਤੇ ਬਾਲਗਾਂ ਦੇ ਵਜ਼ਨ ਤੇ ਕੱਦ ਨੂੰ ਨਾਪ ਕੇ ਕੀਤਾ ਗਿਆ। ਹਾਲਾਂਕਿ ਪਿਛਲੇ ਇੱਕ ਦਹਾਕੇ ਵਿੱਚ ਇਹ ਅੰਕੜੇ ਬਦਲੇ ਨਹੀਂ ਹਨ ਪਰ ਰਿਪੋਰਟ ਤਿਆਰ ਕਰਨ ਵਾਲਿਆਂ ਦਾ ਕਹਿਣਾ ਹੈ ਕਿ ਇਹ ਜਾਨਣ ਲਈ ਖੋਜ ਕਰਨੀ ਹੋਵੇਗੀ ਕਿ ਕਦੇ ਤੇਜ਼ੀ ਨਾਲ ਵੱਧ ਰਹੀ ਮੋਟਾਪੇ ਦੀ ਰਫਤਾਰ ਮੱਠੀ ਪਈ ਹੈ ਜਾਂ ਨਹੀਂ।

# ਇਕ ਕਾਲੇ ਅਮਰੀਕਨ ਭਗੌੜੇ ਦਾ ਹਲਫ਼ੀਆ ਬਿਆਨ

ਗੁਰਚਰਨ ਸਿੰਘ ਜੈਤੋ

ਅਮਰੀਕਾ ਵਿਚ ਸਤ੍ਹਾਰਵੀਂ ਤੇ ਅਠ੍ਹਾਰਵੀਂ ਸਦੀ ਦੌਰਾਨ ਮਾਲਕ ਆਪਣੇ ਖਰੀਦੇ ਹੋਏ ਗੁਲਾਮਾਂ ਤੋਂ ਦਿਨ ਰਾਤ ਘਰਾਂ ਤੇ ਖੇਤਾਂ ਵਿਚ ਕੰਮ ਕਰਵਾਉਂਦੇ ਤੇ ਜੇ ਕੋਈ ਗੁਲਾਮ ਤੰਗ ਆ ਕੇ ਘਰੋਂ ਭੱਜ ਜਾਂਦਾ ਤਾਂ ਉਸ ਪਿੱਛੇ ਸੂਹੀਏ ਲਾ ਕੇ ਉਸ ਨੂੰ ਫੜ ਲਿਆ ਜਾਂਦਾ ਤੇ ਛਾਂਟਿਆਂ ਨਾਲ ਸਜ਼ਾ ਦਿੱਤੀ ਜਾਂਦੀ। ਗੁਲਾਮੀ ਤੋਂ ਤੰਗ ਆਏ ਗੁਲਾਮ, ਵਾਰ-ਵਾਰ ਭੱਜਣ ਦੀ ਕੋਸ਼ਿਸ਼ ਕਰਦੇ ਪਰ ਫੜੇ ਜਾਂਦੇ। ਉਹ ਨਰਕ ਵਰਗੇ ਜੀਵਨ ਵਿਚੋਂ ਭੱਜਣਾ ਤਾਂ ਚਾਹੁੰਦੇ ਸਨ, ਪਰ ਮੌਤ ਦਾ ਡਰ ਵੀ ਉਨ੍ਹਾਂ ਨੂੰ ਰਹਿੰਦਾ ਸੀ। ਕੁਝ ਸੂਬਿਆਂ ਦੇ ਕਾਨੂੰਨ ਅਨੁਸਾਰ, ਭਗੌੜੇ ਗੁਲਾਮ ਨੂੰ ਜੇ ਉਹਦਾ ਮਾਲਕ ਗੋਲੀ ਮਾਰ ਦੇਵੇ ਤਾਂ ਇਹ ਕਾਨੂੰਨੀ ਤੌਰ 'ਤੇ ਜਾਇਜ਼ ਸੀ। ਇਥੇ ਇਕ ਅਜਿਹੇ ਭਗੌੜੇ ਗੁਲਾਮ ਦਾ ਹਲਫ਼ੀਆ ਬਿਆਨ ਹੈ, ਜਿਸ ਨੇ ਭੱਜ ਕੇ ਆਪਣੀ ਆਜ਼ਾਦੀ ਲੱਭਣੀ ਚਾਹੀ ਸੀ-ਲੇਖਕ

ਮੈਂ ਬਰੱਨਸਵਿਕ, ਵਰਜੀਨੀਆ ਵਿਚ ਪੈਦਾ ਹੋਇਆ ਸਾਂ। ਮੈਨੂੰ ਇਕ ਕਾਲੇ ਅਮਰੀਕਨ ਨੇ ਖਰੀਦ ਕੇ ਅੱਗੇ ਦੱਖਣੀ ਕੈਰੋਲਾਈਨਾ ਵਿਚ ਵੇਚ ਦਿੱਤਾ ਸੀ। ਉਸ ਘਰ ਵਿਚ ਮੇਰੇ ਨਾਲ ਜੋ ਹੋਈ-ਬੀਤੀ ਬੜੀ ਭਿਆਨਕ ਸੀ। ਜਦੋਂ ਮੈਂ ਸੋਲਾਂ ਸਾਲਾਂ ਦਾ ਹੋਇਆ ਤਾਂ ਉਨ੍ਹਾਂ ਮੈਨੂੰ ਖੇਤਾਂ ਵਿਚ ਜੰਗਲ ਕੱਟ ਕੇ ਰਾਹ ਬਣਾਉਣ ਲਈ ਲਾ ਦਿੱਤਾ। ਮਾਲਕ ਨਾਲੋਂ ਮਾਲਕਣ ਭੈੜੀ ਸੀ। ਉਸ ਨੇ ਮੈਨੂੰ ਲੱਕੜਾਂ ਤੇ ਕੂੜਾ ਕਰਕਟ ਇਕੱਠਾ ਕਰਕੇ ਅੱਗ ਲਾਉਣ ਲਈ ਕਿਹਾ। ਸਾਰੇ ਕੰਮ ਤੋਂ ਵਿਹਲਾ ਹੁੰਦਿਆਂ ਮੈਨੂੰ ਰਾਤ ਦੇ ਦਸ ਵੱਜ ਗਏ। ਮਾਲਕ ਘਰ ਆਇਆ ਤਾਂ ਮਾਲਕਣ ਨੇ ਮੈਨੂੰ ਫਰਸ਼ 'ਤੇ ਪੋਚੇ ਲਾਉਣ ਲਈ ਹੁਕਮ ਚਾੜ੍ਹ ਦਿੱਤਾ। ਮੈਂ ਕੰਮ ਕਰ ਕੇ ਏਨਾ ਥੱਕ ਚੁੱਕਾ ਸਾਂ ਕਿ ਮੈਂ ਮਾਲਕਣ ਦੇ ਪਿਓ ਦੇ ਬਾਹਰ ਵਾਲੇ ਕਮਰੇ ਵਿਚ ਜਾ ਕੇ ਥੱਕ-ਟੁੱਟ ਕੇ ਪੈ ਗਿਆ। ਸਾਰੀ ਰਾਤ ਮੈਨੂੰ ਕੋਈ ਹੋਸ਼ ਨਾ ਰਹੀ। ਅਗਲੀ ਸਵੇਰ ਮਾਲਕ ਮੈਨੂੰ ਆਪਣੇ ਘਰ ਲੈ ਗਿਆ ਤੇ ਮੇਰੇ ਸਾਰੇ ਕੱਪੜੇ ਲਾਹ ਕੇ ਮੇਰੇ ਹੱਥ-ਪੈਰ ਬੰਨ੍ਹ ਦਿੱਤੇ ਤੇ ਇਕ ਮੋਟੇ ਲੱਕੜ ਦੇ ਡੰਡੇ ਨਾਲ ਉਹ ਮੈਨੂੰ ਓਨਾ ਚਿਰ ਕੁੱਟਦਾ ਰਿਹਾ, ਜਿੰਨਾ ਚਿਰ ਡੰਡਾ ਟੁੱਟ ਨਾ ਗਿਆ। ਉਸ ਦੇ ਛੋਟੇ ਮੁੰਡੇ ਨੇ ਜਦੋਂ ਮੈਨੂੰ ਕੁੱਟ ਪੈਂਦੀ ਦੇਖੀ ਤਾਂ ਉਹ ਚੀਕਾਂ ਮਾਰਨ ਲੱਗ ਪਿਆ। ਉਸ ਦੀ ਘਰਵਾਲੀ ਆਈ ਤੇ ਉਸ ਨੂੰ ਵਰਜਣਾ ਚਾਹਿਆ ਤਾਂ ਮਾਲਕ ਨੇ ਉਸ ਨੂੰ ਵੀ ਗਾਲ੍ਹਾਂ ਕੱਢ ਕੇ ਭਜਾ ਦਿੱਤਾ। ਫੇਰ ਉਸ ਨੇ ਮੈਨੂੰ ਆਪਣੇ ਕਮਰੇ ਵਿਚ ਲਿਜਾ ਕੇ ਬੈਂਤਾਂ ਨਾਲ ਕੁੱਟਣਾ ਸ਼ੁਰੂ ਕਰ ਦਿੱਤਾ। ਜਿਥੇ ਵੀ ਬੈਂਤ ਉਹ ਮਾਰ ਸਕਦਾ ਸੀ, ਮਾਰ-ਮਾਰ ਕੇ ਮੈਨੂੰ ਅਧਮੋਇਆ ਕਰ ਦਿੱਤਾ। ਫੇਰ ਉਸ ਨੇ ਲੂਣ ਵਾਲੇ ਪਾਣੀ ਵਿਚ ਛੱਲੀਆਂ ਦੇ ਗੁੱਲ ਭਿਉਂ-ਭਿਉਂ ਕੇ ਮੇਰੇ ਸਰੀਰ ਨੂੰ ਰਗੜਿਆ ਤਾਂ ਕਿ ਮੇਰੇ ਜ਼ਖ਼ਮ ਪੱਕ ਨਾ ਜਾਣ। ਜਨਵਰੀ ਦਾ ਮਹੀਨਾ ਸੀ ਤੇ ਬਾਹਰ ਬਰਫ਼ਾਂ ਪੈ ਚੁੱਕੀਆਂ ਸਨ। ਉਸ ਨੇ ਮੈਨੂੰ ਨੰਗੇ ਨੂੰ ਹੀ ਸੂਰਾਂ ਵਾਲੇ ਵਾੜੇ ਵਿਚ ਜਾ ਕੇ ਸੂਰਾਂ ਨੂੰ ਪਾਣੀ ਪਿਆਉਣ ਲਈ ਹੁਕਮ ਕੀਤਾ। ਮੈਂ ਘਰੋਂ ਭੱਜ ਕੇ ਪਹਿਲੇ ਮਾਲਕ ਕੋਲ ਪਹੁੰਚ ਗਿਆ। ਉਥੇ ਕੁਝ ਕਾਲੇ ਗੁਲਾਮਾਂ ਨੇ ਮੈਨੂੰ ਤਨ ਢਕਣ ਲਈ ਕੁਝ ਕੱਪੜੇ ਦਿੱਤੇ ਤਾਂ ਕਿ ਮੈਂ ਠੰਢ ਵਿਚ ਮਰ ਨਾ ਜਾਵਾਂ।

ਮੇਰੇ ਜ਼ਖ਼ਮ ਠੀਕ ਹੋ ਰਹੇ ਸਨ। ਪਰ ਮੇਰਾ ਮਾਲਕ ਆ ਕੇ ਮੈਨੂੰ ਮੁੜ ਆਪਣੇ ਘਰ ਲੈ ਆਇਆ। ਡਰ ਕੇ ਮੈਂ ਫੇਰ ਘਰੋਂ ਭੱਜ ਗਿਆ। ਰਾਹ ਵਿਚ ਮੈਨੂੰ ਭੱਜਦਿਆਂ ਦੇਖ ਕੇ ਇਕ ਕਾਲੇ ਗੁਲਾਮ ਨੇ ਮੈਨੂੰ ਫੜ ਲਿਆ ਤੇ ਮੇਰੇ ਮਾਲਕ ਦੇ ਮਤਰੇਏ ਪਿਓ ਕੋਲ ਲੈ ਗਿਆ। ਉਸ ਨੇ ਮੈਨੂੰ ਬਹੁਤ ਬੁਰੀ ਤਰ੍ਹਾਂ ਕੁੱਟਿਆ। ਉਹ ਮੈਨੂੰ ਭੱਜਣ ਦੇ ਜੁਰਮ ਦੀ ਸਜ਼ਾ ਦੇਣੀ ਚਾਹੁੰਦਾ ਸੀ। ਫੇਰ ਮੇਰੇ ਮਾਲਕ ਨੇ ਆ ਕੇ ਮੈਨੂੰ ਚਮੜੇ ਦੇ ਛਾਂਟਿਆਂ ਦੀ ਮਾਰ ਮਾਰੀ। ਮੇਰੇ ਪੁਰਾਣੇ ਜ਼ਖ਼ਮ ਫੇਰ ਉਚੜ ਗਏ। ਮੈਂ ਫੇਰ ਘਰੋਂ ਭੱਜ ਗਿਆ, ਪਰ ਫੜਿਆ ਗਿਆ। ਇਸ ਵਾਰੀ ਉਨ੍ਹਾਂ ਮੈਨੂੰ ਆਲੂਆਂ ਵਾਲੇ ਕੋਠੇ ਵਿਚ ਬੰਦ ਕਰ ਦਿੱਤਾ। ਕੋਸ਼ਿਸ਼ ਕੀਤੀ ਗਈ ਕਿ ਮੈਂ ਖੇਤਾਂ ਵਿਚ ਕੰਮ ਕਰਨ ਲੱਗ ਜਾਵਾਂ, ਪਰ ਮੈਂ ਚਾਹ ਕੇ ਵੀ ਕਰ ਨਹੀਂ ਸਕਿਆ।

ਮੇਰਾ ਮਾਲਕ ਓਥੋਂ ਮਿਸਸਿਸਸਿੱਪੀ ਜਾਂਦਿਆਂ ਮੈਨੂੰ ਆਪਣੇ ਨਾਲ ਲੈ ਗਿਆ। ਇਹ ਉਨ੍ਹਾਂ ਵੇਲਿਆਂ ਦੀ ਗੱਲ ਹੈ ਜਦੋਂ ਜਨਰਲ ਜੈਕਸਨ ਨੇ ਉਥੋਂ ਦੇ ਮੂਲ ਬਾਸ਼ਿੰਦਿਆਂ ਨਾਲ ਲੜਾਈ ਵਿੱਢ ਲਈ ਸੀ। ਆਹ ਮੇਰੀ ਖੱਬੀ ਗੱਲ੍ਹ 'ਤੇ ਜਿਹੜਾ ਨਿਸ਼ਾਨ ਹੈ, ਉਹ ਉਸ ਲੜਾਈ ਵਿਚੋਂ ਆਏ ਇਕ ਛੱਰੇ ਦੇ ਵੱਜਣ ਕਰਕੇ ਜ਼ਖ਼ਮ ਹੋਣ ਦਾ ਹੈ। ਛੱਰਾ ਵੱਜਣ ਪਿੱਛੋਂ ਮੈਂ ਗਾਰੇ ਵਿਚ ਡਿੱਗ ਪਿਆ ਸਾਂ। ਮੇਰੇ ਨਾਲ ਇਕ ਬੰਦੂਕਧਾਰੀ ਵੀ ਡਿੱਗਾ ਸੀ। ਉਸ ਨੇ ਉਠਦਿਆਂ ਹੀ ਮੇਰੇ ਰਫ਼ਲ ਦਾ ਬੱਟ ਮਾਰਿਆ ਤੇ ਮੈਂ ਮੁੜ ਡਿੱਗ ਪਿਆ। ਉਸ ਨੇ ਮੇਰੇ ਹੱਥ-ਪੈਰ ਬੰਨ੍ਹ ਕੇ ਸੌ ਕੋੜੇ ਮਾਰੇ। ਜਿਹੜੇ ਗੁਲਾਮ ਨੇ ਮੇਰੇ ਹੱਥ ਪੈਰ ਬੰਨ੍ਹੇ ਸਨ, ਉਹ ਮੈਨੂੰ ਮਾਰ ਪੈਂਦੀ ਦੇਖ ਕੇ ਹੀ ਬੇਹੋਸ਼ ਹੋ ਗਿਆ। ਮੇਰੇ ਇਸ ਪਾਸੇ ਵਾਲਾ ਜ਼ਖ਼ਮ ਉਸ ਚਾਕੂ ਦਾ ਹੈ, ਜਿਸ ਨਾਲ ਮੇਰੇ ਮਾਲਕ ਨੇ ਮੇਰੇ 'ਤੇ ਵਾਰ ਇਸ ਲਈ ਕੀਤਾ ਸੀ ਕਿ ਉਹ ਮੈਨੂੰ ਕੁੱਟ-ਕੁੱਟ ਕੇ ਥੱਕ ਚੁੱਕਾ ਸੀ।

ਮੈਂ ਕੁਝ ਦਿਨ ਉਥੇ ਟਿਕਿਆ ਰਿਹਾ ਤੇ ਫੇਰ ਭੱਜ ਆਇਆ। ਇਸ ਵਾਰ ਜਿਸ ਬੰਦੇ ਨੇ ਮੈਨੂੰ ਫੜਿਆ ਸੀ, ਉਸ ਦੇ ਨਾਲ ਇਕ ਹੋਰ ਬੰਦਾ ਸਾਡੇ ਨਾਲ ਘਰ ਤਕ ਇਸ ਲਈ ਆ ਗਿਆ ਤਾਂ ਕਿ ਉਹ ਮੈਨੂੰ ਖਰੀਦ ਸਕੇ। ਦੇਖਣ ਵਿਚ ਮੈਂ ਸਰੀਰ ਦਾ ਤਕੜਾ ਸਾਂ। ਉਸ ਨੇ ਮੈਨੂੰ ਖਰੀਦਣ ਲਈ ਮੇਰੇ ਮਾਲਕ ਨੂੰ ਹਜ਼ਾਰ ਡਾਲਰ ਦੇ ਕੇ ਸੌਦਾ ਕਰਨ ਦੀ ਕੋਸ਼ਿਸ਼ ਕੀਤੀ, ਪਰ ਮੇਰੇ ਮਾਲਕ ਨੇ ਮੈਨੂੰ ਵੇਚਣ ਤੋਂ ਇਨਕਾਰ ਕਰ ਦਿੱਤਾ। ਘਰੋਂ ਭੱਜ ਜਾਣ ਦੀ ਸਜ਼ਾ ਲਈ ਮੈਨੂੰ ਸੌ ਕੋੜਿਆਂ ਦੀ ਮਾਰ ਨੰਗੀ ਪਿੱਠ 'ਤੇ ਖਾਣੀ ਪਈ। ਫੇਰ ਮਾਲਕ ਨੇ ਮੈਨੂੰ ਆਪਣੇ ਚਚੇਰੇ ਭਰਾ ਕੋਲ ਵੇਚ ਦਿੱਤਾ, ਜਿਹੜਾ ਨੇੜੇ ਹੀ ਰਹਿੰਦਾ ਸੀ। ਮੈਂ ਉਸ ਕੋਲ ਕੋਈ ਦਸ ਸਾਲ ਰਿਹਾ। ਉਥੇ ਰਹਿੰਦਿਆਂ ਮੇਰੀ ਉਮਰ ਕੋਈ ਬੱਤੀ ਕੁ ਸਾਲ ਦੀ ਹੋ ਗਈ ਸੀ। ਪਹਿਲਾਂ-ਪਹਿਲਾਂ ਤਾਂ ਮੇਰੇ ਨਾਲ ਨਵੇਂ ਮਾਲਕ ਦਾ ਵਿਹਾਰ ਠੀਕ ਰਿਹਾ। ਉਸ ਨੇ ਮੈਨੂੰ ਫੋਰਮੈਨ ਬਣਾ ਦਿੱਤਾ। ਉਸ ਨੇ ਚੰਗਾ ਚੋਖਾ ਪੈਸਾ ਵੀ ਕਮਾਇਆ ਤੇ ਅਮੀਰ ਹੋਣ ਪਿੱਛੋਂ ਉਸ ਵਿਚ ਕਮੀਨਗੀ ਆ ਵੜੀ। ਮੈਂ ਇਕ ਦਿਨ ਉਸ ਨੂੰ ਛੱਡ ਕੇ ਭੱਜ ਆਇਆ, ਪਰ ਮੈਂ ਫੜਿਆ ਗਿਆ। ਉਹ ਮੈਨੂੰ ਇਕ ਲੁਹਾਰ ਕੋਲ ਲੈ ਗਿਆ ਤੇ ਇਕ ਭਾਰਾ ਸਾਰਾ ਲੋਹੇ ਦਾ ਕੜਾ ਬਣਵਾ ਕੇ ਉਸ ਨੇ ਮੇਰੀ ਸੱਜੀ ਲੱਤ ਦੇ ਗਿੱਟੇ ਦੁਆਲੇ ਬੰਨ੍ਹ ਦਿੱਤਾ। ਕੋਈ ਛੇ ਮਹੀਨੇ ਉਸ ਕੜੇ ਨੂੰ ਮੈਂ ਘੜੀਸਦਾ ਤੁਰਿਆ ਫਿਰਿਆ। ਕੰਮ ਕਰਦਿਆਂ ਤੇ ਸੌਣ ਵੇਲੇ ਉਹ ਕੜਾ ਹਮੇਸ਼ਾ ਮੇਰੇ ਨਾਲ ਹੀ ਰਿਹਾ। ਫੇਰ ਉਸ ਨੇ ਮੇਰਾ ਕੜਾ ਕਟਵਾ ਦਿੱਤਾ। ਕੁਝ ਚਿਰ ਤਾਂ ਮੈਂ ਕੰਮ ਕੀਤਾ, ਪਰ ਉਥੋਂ ਵੀ ਮੈਂ ਭੱਜ ਗਿਆ ਤੇ ਅਲਾਬਾਮਾ ਪਹੁੰਚ ਗਿਆ। ਛੇ ਕੁ ਮਹੀਨੇ ਮੈਂ ਉਥੇ ਰਿਹਾ ਹੋਵਾਂਗਾ, ਜਦੋਂ ਮੈਨੂੰ ਫੜ ਕੇ ਜੇਲ੍ਹ ਵਿਚ ਡੱਕ ਦਿੱਤਾ ਗਿਆ। ਤਿੰਨ ਮਹੀਨੇ ਮੈਂ ਜੇਲ੍ਹ ਵਿਚ ਰਿਹਾ। ਇਸ ਦੌਰਾਨ ਮੇਰੇ ਮਾਲਕ ਨੂੰ ਖ਼ਬਰ ਮਿਲੀ ਤਾਂ ਉਹ ਮੈਨੂੰ ਆ ਕੇ ਜੇਲ੍ਹ ਵਿਚੋਂ ਰਿਹਾਅ ਕਰਵਾ ਕੇ ਲੈ ਗਿਆ। ਰਾਹ ਜਾਂਦਿਆਂ ਮਾਲਕ ਨੇ ਮੈਨੂੰ ਸੰਗਲਾਂ ਨਾਲ ਆਪਣੇ ਘੋੜੇ ਦੇ ਪਿੱਛੇ ਬੰਨ੍ਹ ਲਿਆ, ਜਿਸ ਨਾਲ ਲੋਹੇ ਦੇ ਹਲ ਵੀ ਉਸ ਨੇ ਬੰਨ੍ਹੇ ਹੋਏ ਸਨ। ਰਾਹ ਵਿਚ ਹੀ ਜੌਰਜੀਆ ਦੇ ਇਕ ਜਰਨੈਲ ਨੇ ਮੈਨੂੰ ਮਾਲਕ ਤੋਂ ਖਰੀਦ ਲਿਆ। ਉਸ ਨੇ ਮੈਨੂੰ ਆਪਣਾ ਰਸੋਈਆ ਬਣਾ ਲਿਆ। ਭਾਵੇਂ ਉਹਨੇ ਮੇਰੇ ਨਾਲ ਸਲੂਕ ਚੰਗਾ ਕੀਤਾ, ਪਰ ਮੈਨੂੰ ਉਹ ਬੰਦਾ ਪਸੰਦ ਨਹੀਂ ਸੀ ਆਇਆ। ਅਸਲ ਗੱਲ ਇਹ ਸੀ ਕਿ ਮੈਂ ਆਜ਼ਾਦ ਹੋਣਾ ਚਾਹੁੰਦਾ ਸਾਂ। ਮੈਂ ਉਸ ਘਰੋਂ ਵੀ ਭੱਜ ਗਿਆ ਤੇ ਫੇਰ ਫੜਿਆ ਗਿਆ ਤੇ ਅੱਗੋਂ ਮੈਨੂੰ ਫੇਰ ਵੇਚ ਦਿੱਤਾ ਗਿਆ। ਮੇਰਾ ਇਹ ਮਾਲਕ ਮੈਨੂੰ ਨਿਊ ਓਰਲੀਨਜ਼ ਲੈ ਗਿਆ। ਓਥੇ ਸ਼ਾਇਦ ਕਿਸੇ ਨੂੰ ਵੀ ਮੇਰੀ ਸ਼ਕਲ-ਸੂਰਤ ਪਸੰਦ ਨਹੀਂ ਸੀ ਆਈ ਕਿਉਂਕਿ ਮਾਰਕੀਟ ਵਿਚ ਕੋਈ ਵੀ ਮੈਨੂੰ ਇਕ ਪੈਸੇ ਵਿਚ ਖਰੀਦਣ ਲਈ ਤਿਆਰ ਨਾ ਹੋਇਆ। ਅਖ਼ੀਰ ਮੇਰੇ ਮਾਲਕ ਨੇ ਮੈਨੂੰ ਨਾਚਿਜ਼ ਲੈ ਕੇ ਇਕ ਜਵਾਨ ਨੂੰ ਵੇਚ ਦਿੱਤਾ ਜਿਸ ਦਾ ਨਾਂ ਜਾਰਜ ਸੀ। ਨਾਚਿਜ਼ ਦੇ ਨੇੜੇ ਉਹਦੇ ਕਪਾਹ ਦੇ ਖੇਤ ਸਨ। ਪਹਿਲਾਂ ਪਹਿਲ ਤਾਂ ਉਹਨੇ ਮੈਨੂੰ ਠੀਕ ਠਾਕ ਰੱਖਿਆ। ਉਥੇ ਕੰਮ ਕਰਦੇ ਲੋਕਾਂ ਵਿਚੋਂ ਜੇ ਕਿਸੇ ਨੇ ਆਪਣੇ ਦੋਸਤ ਨੂੰ ਮਿਲਣ ਜਾਣਾ ਹੋਵੇ ਤਾਂ ਉਸ ਕੋਲੋਂ ਜਾਂ ਓਵਰਸੀਅਰ ਤੋਂ ਪਾਸ ਬਣਵਾ ਕੇ ਜਾਣਾ ਪੈਂਦਾ ਸੀ। ਮੈਂ ਇਕ ਦਿਨ ਬਿਨਾਂ ਪਾਸ ਤੋਂ ਆਪਣੇ ਦੋਸਤਾਂ ਨੂੰ ਮਿਲਣ ਚਲਾ ਗਿਆ ਤਾਂ ਮੇਰੀ ਨੰਗੀ ਪਿੱਠ 'ਤੇ ਮੈਨੂੰ ਚਮੜੇ ਦੇ ਚਾਬੁਕਾਂ ਦੀ ਮਾਰ ਖਾਣੀ ਪਈ, ਜਿਸ ਨੇ ਮੇਰੀ ਚਮੜੀ ਉਧੇੜ ਦਿੱਤੀ।

ਮੈਂ ਫੇਰ ਫੜਿਆ ਗਿਆ। ਇਸ ਵਾਰੀ ਉਨ੍ਹਾਂ ਮੈਨੂੰ ਸੰਗਲਾਂ ਵਿਚ ਜਕੜ ਕੇ ਖੇਤਾਂ ਵਿਚ ਕੰਮ ਕਰਨ 'ਤੇ ਮੁੜ ਲਾ ਦਿੱਤਾ। ਕੁਝ ਦਿਨਾਂ ਪਿੱਛੋਂ ਮੇਰੇ ਗਲ ਵਿਚ ਇਕ ਲੋਹੇ ਦਾ ਕਾਲਰ ਪਾ ਦਿੱਤਾ ਗਿਆ। ਮੈਂ ਉਨ੍ਹਾਂ ਸੰਗਲਾਂ ਸਮੇਤ ਜੰਗਲ ਵਿਚ ਦੌੜ ਗਿਆ। ਸੂਹਿਆਂ ਨੇ ਮੈਨੂੰ ਜੰਗਲ ਵਿਚੋਂ ਲੱਭ ਲਿਆਂਦਾ ਤੇ ਇਕ ਡਰਾਈਵਰ ਦੇ ਹਵਾਲੇ ਕਰ ਦਿੱਤਾ। ਉਸ ਨੇ ਮੈਨੂੰ ਛਾਂਟੇ ਮਾਰਨੇ ਸ਼ੁਰੂ ਕਰ ਦਿੱਤੇ। ਓਵਰਸੀਅਰ ਨੇ ਆਪਣਾ ਗੁੱਸਾ ਕੱਢਣ ਲਈ ਆ ਕੇ ਮੇਰੇ ਮੂੰਹ 'ਤੇ ਜ਼ੋਰ ਦੀ ਮੁੱਕਾ ਮਾਰਿਆ, ਜਿਸ ਨਾਲ ਮੈਂ ਬੇਹੋਸ਼ ਹੋ ਕੇ ਡਿੱਗ ਪਿਆ। ਮੈਨੂੰ ਉਹ ਚੁੱਕ ਕੇ ਰੁੱਖ ਹੇਠਾਂ ਲੈ ਗਏ। ਜਦੋਂ ਮੈਨੂੰ ਸੁਰਤ ਆਈ ਤਾਂ ਓਵਰਸੀਅਰ ਦੀ ਮਾਰ ਨੇ ਮੇਰਾ ਲਹੂ ਵਹਾਅ ਛਡਿਆ ਸੀ। ਮੇਰੇ ਮਾਲਕ ਦੀ ਦਾਦੀ ਨੇ ਸੁਨੇਹਾ ਭੇਜਿਆ ਕਿ ਮੇਰਾ ਮਾਲਕ ਘਰੋਂ ਬਾਹਰ ਗਿਆ ਹੋਇਆ ਸੀ, ਬਿਹਤਰ ਇਹੋ ਹੋਵੇਗਾ ਕਿ ਮੇਰੇ ਸੰਗਲ ਖੋਲ੍ਹ ਦਿੱਤੇ ਜਾਣ ਨਹੀਂ ਤਾਂ ਮੇਰੀ ਹਾਲਤ ਇਹ ਸੀ ਕਿ ਮੇਰੀ ਮੌਤ ਵੀ ਹੋ ਸਕਦੀ ਸੀ। ਮੇਰੇ ਸੰਗਲ ਖੋਲ੍ਹ ਦਿੱਤੇ ਗਏ।

ਉਸੇ ਰਾਤ ਮੈਂ ਕੱਪੜੇ ਪਾਏ ਤੇ ਘਰੋਂ ਭੱਜ ਗਿਆ। ਰਾਤ ਨੂੰ ਮੈਂ ਉਤਰੀ ਤਾਰੇ ਦੀ ਦਿਸ਼ਾ ਵੱਲ ਤੁਰਿਆ ਗਿਆ। ਮੈਂ ਦਿਨੇ ਲੁਕ ਜਾਂਦਾ ਤੇ ਰਾਤਾਂ ਨੂੰ ਤੁਰਦਾ-ਤੁਰਦਾ ਕੋਈ ਸਾਢੇ ਸੱਤ ਸੌ ਮੀਲ ਤੁਰਿਆ ਹੋਵਾਂਗਾ। ਜਦੋਂ ਮੈਂ ਕੈਨਟੱਕੀ ਪਹੁੰਚਿਆ ਤਾਂ ਮੈਨੂੰ ਇਕ ਕਾਲੇ ਬੰਦੇ ਨੇ ਧੋਖਾ ਦਿੱਤਾ, ਜਿਸ ਕਰਕੇ ਪੰਦਰਾਂ ਮਹੀਨੇ ਮੈਨੂੰ ਜੇਲ੍ਹ ਵਿਚ ਰਹਿਣਾ ਪਿਆ। ਮੈਂ ਉਨ੍ਹਾਂ ਨੂੰ ਇਹ ਨਹੀਂ ਸੀ ਦੱਸਣਾ ਚਾਹੁੰਦਾ ਕਿ ਮੈਂ ਕਿਥੋਂ ਆਇਆ ਸਾਂ। ਪਰ ਜਦੋਂ ਉਨ੍ਹਾਂ ਚਮੜੇ ਦੇ ਛਾਂਟੇ ਕੱਢ ਲਿਆਂਦੇ ਤਾਂ ਮੈਂ ਸਾਰਾ ਕੁਝ ਦੱਸ ਦਿੱਤਾ।

ਫੇਰ ਇਕ ਡਾਕਟਰ ਜੌਨ ਨੇ ਮੈਨੂੰ ਖਰੀਦ ਲਿਆ ਤੇ ਉਹ ਮੈਨੂੰ ਨੇਸ਼ਵਿਲ ਲੈ ਗਿਆ, ਜਿਥੇ ਮੈਨੂੰ ਉਹਦੀ ਸੇਵਾ ਤੇ ਉਹਦੇ ਘੋੜਿਆਂ ਦਾ ਖਿਆਲ ਰੱਖਣ ਲਈ ਕਿਹਾ ਗਿਆ। ਉਥੇ ਮੈਂ ਚਾਰ ਕੁ ਸਾਲ ਰਿਹਾ ਤੇ ਇਕ ਦਿਨ ਮੌਕਾ ਮਿਲਣ 'ਤੇ ਉਸ ਦੇ ਸੀਰੀ ਦਾ ਘੋੜਾ ਲੈ ਕੇ ਭੱਜ ਗਿਆ। ਉਸ ਵੇਲੇ ਮੇਰੇ ਕੋਲ ਡੇਢ ਸੌ ਡਾਲਰ ਸਨ। ਮੈਨੂੰ ਉਨ੍ਹਾਂ ਨੇ ਪਿੱਛੋਂ ਘੋੜਿਆਂ 'ਤੇ ਆ ਕੇ ਫੜ ਲਿਆ ਤੇ ਮੇਰੇ ਡਾਲਰ ਖੋਹ ਲਏ। ਮੈਨੂੰ ਜੇਲ੍ਹ ਵਿਚ ਰੱਖਿਆ ਗਿਆ, ਜਿਥੋਂ ਮੈਨੂੰ ਕਿਸੇ ਗਰੀਬ ਵਪਾਰੀ ਕੋਲ ਵੇਚ ਦਿੱਤਾ ਗਿਆ। ਉਸ ਕੋਲੋਂ ਭੱਜ ਕੇ ਮੈਂ ਉਤਰ ਵੱਲ ਨੂੰ ਤੁਰ ਪਿਆ ਤੇ ਇੰਡੀਆਨਾ ਜਾ ਕੇ ਫੜਿਆ ਗਿਆ ਤੇ ਜੇਲ੍ਹ ਵਿਚ ਡੱਕ ਦਿੱਤਾ ਗਿਆ। ਮੈਨੂੰ ਉਸ ਜੇਲ੍ਹ ਵਿਚੋਂ ਕੈਨਟੱਕੀ ਨੇੜੇ ਜੇਲ੍ਹ ਵਿਚ ਭੇਜ ਦਿੱਤਾ ਗਿਆ। ਓਥੋਂ ਮੇਰੇ ਮਾਲਕ ਨੇ ਮੈਨੂੰ ਕੰਡਿਆਲੇ ਸੰਗਲਾਂ ਵਿਚ ਜਕੜ ਕੇ ਆਪਣੀ ਬੱਘੀ ਵਿਚ ਸੁੱਟ ਲਿਆ। ਅਸੀਂ ਤਿੰਨ ਦਿਨ ਉਸ ਬੱਘੀ ਵਿਚ ਸਫ਼ਰ ਕਰਦੇ ਰਹੇ। ਰਾਤ ਨੂੰ ਸੌਣ ਵੇਲੇ ਉਹ ਮੇਰੇ ਸੰਗਲ ਆਪਣੇ ਮੰਜੇ ਨਾਲ ਬੰਨ੍ਹ ਲੈਂਦਾ। ਤੀਜੀ ਰਾਤ ਜਦੋਂ ਅਸੀਂ ਇਕ ਨਿੱਕੇ ਹੋਟਲ 'ਤੇ ਖਾਣ ਲਈ ਰੁਕੇ ਤਾਂ ਮੈਨੂੰ ਓਥੋਂ ਦੀ ਰਸੋਈ ਵਿਚ ਬੈਠਾ ਕੇ ਖਾਣਾ ਦਿੱਤਾ ਗਿਆ। ਉਸ ਪਲ ਮੈਂ ਇਕ ਵਾਰ ਫੇਰ ਉਤਰ ਵੱਲ ਭੱਜਣ ਦਾ ਮਨ ਬਣਾ ਲਿਆ। ਓਥੋਂ ਭੱਜ ਕੇ ਪਹਿਲਾਂ ਮੈਂ ਆਪਣੀਆਂ ਬੇੜੀਆਂ ਕੱਟੀਆਂ ਤੇ ਆਪਣੇ ਰਾਹ ਪੈ ਗਿਆ। ਰਾਤਾਂ ਨੂੰ ਮੈਂ ਉਤਰੀ ਤਾਰੇ ਵਾਲੇ ਰਾਹ ਤੁਰ ਪੈਂਦਾ ਤੇ ਦਿਨੇ ਕਿਧਰੇ ਲੁਕ ਕੇ ਪੈ ਜਾਂਦਾ। ਓਹਾਇਓ ਸੂਬੇ ਵਿਚ ਮੈਨੂੰ ਸਭ ਤੋਂ ਚੰਗੇ ਦੋਸਤ ਮਿਲੇ, ਜਿਨ੍ਹਾਂ ਨਾਲ ਮੈਂ ਕਨੇਡਾ ਪਹੁੰਚ ਗਿਆ। ਸਭ ਤੋਂ ਪਹਿਲਾਂ ਮੈਂ ਬਾਗੀ ਸੈਨਿਕਾਂ ਨੂੰ ਮਿਲਿਆ। ਮਿਸਸਿਸਸਿੱਪੀ ਵਿਚ ਸੀ ਤਾਂ ਉਥੋਂ ਦੇ ਇਕ ਕਾਲੇ ਡਾਕਟਰ ਤੋਂ ਜੋ ਕੁਝ ਵੀ ਮੈਂ ਦਵਾਈ-ਬੂਟੀ ਬਾਰੇ ਸਿੱਖਿਆ ਸੀ, ਉਸ ਦੀ ਜਾਣਕਾਰੀ ਨਾਲ ਮੈਂ ਡਾਕਟਰੀ ਪੇਸ਼ਾ ਅਪਨਾਇਆ, ਭਾਵੇਂ ਕਈ ਜੜੀ-ਬੂਟੀਆਂ ਜਿਨ੍ਹਾਂ ਦਾ ਮੈਨੂੰ ਪਤਾ ਤਾਂ ਸੀ, ਉਹ ਇਸ ਇਲਾਕੇ ਵਿਚ ਨਹੀਂ ਸੀ ਲੱਭਦੀਆਂ।

ਹੁਣ ਮੈਂ ਬਕਸਟਨ ਵਿਚ ਇਕ ਖੇਤ ਕਿਰਾਏ 'ਤੇ ਲੈ ਲਿਆ ਹੋਇਐ। ਮੇਰੀ ਇੱਛਾ ਹੈ ਕਿ ਮੇਰਾ ਆਪਣਾ ਇਕ ਖੇਤ ਹੋਵੇ। ਹੁਣ ਮੇਰੀ ਸਿਹਤ ਵੀ ਠੀਕ ਠਾਕ ਹੈ ਤੇ ਜੇ ਮੌਸਮ ਵੀ ਠੀਕ ਰਿਹਾ, ਜਿਹੜਾ ਕਾਲੇ ਲੋਕਾਂ ਲਈ ਆਮ ਕਰਕੇ ਠੀਕ ਹੀ ਰਹਿੰਦਾ ਹੈ ਤਾਂ ਖੇਤੀ ਕਰਨ ਵਿਚ ਮਜ਼ਾ ਆਵੇਗਾ। ਮੇਰੇ ਖਿਆਲ ਵਿਚ ਗੁਲਾਮੀ ਬੜੀ ਨਾਮੁਰਾਦ ਤੇ ਜਾਨਲੇਵਾ ਹੁੰਦੀ ਹੈ ਤੇ ਜਿਹੜੇ ਮਾਲਕ ਆਪਣੇ ਕਾਲੇ ਗੁਲਾਮਾਂ ਦੀ ਮਾਰ ਕੁੱਟ ਕਰਦੇ ਨੇ, ਉਹ ਦੁਨੀਆ ਦੇ ਸਭ ਤੋਂ ਭੈੜੇ ਬੰਦੇ ਹੁੰਦੇ ਨੇ।


BRING YOUR FAMILY TO CELEBRATE
MULTICULTURAL BREAST HEALTH

Funded by Canadian Breast Cancer Foundation PRAIRIES • NWT

October 21, 2012
Sunday Noon to 4 pm
At City Hall, Edmonton

Underground parking at City Hall • Information Displays
Games Centre for kids • Lucky Draw and Door Prizes!
Community Theatre Performance • Film Screening

Free!! Bring your children for kids Game Centre!

Free Food! Games! Door Prizes!






Come together to enjoy dance performances from
Latin America, Asia and Africa!

* South Asian Samosas * Latin American Pupusas * Somali Sambusas
* Vietnamese Spring Rolls * Chinese Green Onion Cakes

For More Information Call 780-707-5880

facebook.com/mbhedmonton

ASSIST Community Services Centre



ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹਲਕਾ ਤਲਵੰਡੀ ਭਾਈ ਤੋਂ ਮੈਂਬਰ ਸ. ਸਤਪਾਲ ਸਿੰਘ ਤਲਵੰਡੀ ਦੇ ਕਨੇਡਾ ਪੁੱਜਣ 'ਤੇ ਦਸ਼ਮੇਸ਼ ਟਾਇਰ ਦੇ ਮਨਜੀਤ ਖੋਸਾ ਅਤੇ ਗੈਰੀ ਧਾਲੀਵਾਲ ਵੱਲੋਂ ਆਯੋਜਿਤ ਸਨਮਾਨ ਸਮਾਰੋਹ ਮੌਕੇ ਇਕੱਤਰਤ ਸਕੱਤਰ ਸੰਧੂ, ਕਰਨੈਲ ਦਿਓਲ, ਨੈਬ ਸਿੱਧੂ, ਬਲਦੇਵ ਧਾਲੀਵਾਲ, ਕੇਸਰ ਸੋਹੀ, ਤਰਸੇਮ ਮੱਲ੍ਹਾ (ਪ੍ਰਧਾਨ ਨਗਰ ਕੌਂਸਲ, ਤਲਵੰਡੀ ਭਾਈ), ਗੁਰਜੀਤ ਸੰਧੂ, ਨਰਿੰਦਰ ਗਿੱਲ (ਵੈਨਕੂਵਰ), ਮਨਜੀਤ ਰਾਣਾ, ਮਨਜਿੰਦਰ ਸਿੰਘ ਅਤੇ ਹੋਰ।


## 2nd Annual - Trinjan 2012

By: Progressive Women Cultural & Welfafe Association

FOLK DANCES

FANCY DRESSES

LOTS OF PRIZES &

Saturday, Oct 13th

Time: 3.00 PM to 8.00 PM



For info: 403-590-3500
403-830-7007

BEST TRADITION

Ticket $10 @
Door $15

Available @ A-1 Spice, OK Food, Sanjha Punjab, Shingaar Jewellers, Fruiticana-Saddleridge

Venue: Monterey Community Hall, 2707 Catalina Blvd. NE, Calgary




## *Wishing you Happy Dussehra*



A time for celebration, a time for victory of good over evil, a time when world see the example of power of truth. Let's celebrate an auspicious day to begin new things in life.

We wish you Happy Dussehra.

**GMD Corporation**

**We build strategies**

Website: www.gmdcorporation.com
Email: gmdcorporation@gmail.com
Phone: 780-757-4088, +44 791-242-5872

LAST CHANCE FOR 12TH ANNIVERSARY PRICES!!

All Vehicles Certified & Carproof Verified

Top $$$ For Your Trade In

MILLWOODS SUZUKI.COM

PRE-OWNED SUPER CENTER

SHOP 24/7 @ www.millwoodssuzuki.com

Over 500 vehicles to choose from. Lease Rates As Low As 0.9%*

NO REASONABLE OFFERS REFUSED

2008 ACURA MDX — #11796-0; NAV, LOADED W/ BACK UP CAMERA — ~~$33,995~~ $30,995

2012 FORD ESCAPE LTD — #12089-0; 4WD, LTHR, SUNROOF — $27,995

2008 HONDA FIT SPORT 5 DR H/B — #11T209-2 — $13,995

2012 JEEP LIBERTY SPORT — #12160-0 — ~~$24,995~~ $22,995

2012 SUZUKI SX4 JX AWD DEMO — #12C164-0 — $20,995 — ONLY 9000 KMS

2011 SUZUKI GRAND VITARA JX 4X4 — #12T441-1 — $21,995

2008 BMW 335Xi — #12C225-1, LOADED — ~~$27,995~~ $22,995

2008 CHEVROLET IMPALA LS — #11998-1 — $10,995

2009 SUZUKI SX4 JA — #11987-1 — $10,995

2010 NISSAN SENTRA 'S' — #12115-0; LOADED — ~~$15,995~~ $13,995

2004 CHEVROLET AVALANCHE Z71 1500 — #12T429-1; 4X4, 4 DOOR — ~~$10,995~~ $9,995 — FULLY LOADED

2012 NISSAN PATHFINDER — #12143-0; 7 PASSENGER — ~~$33,995~~ $30,995 — LOADED

2008 MAZDA6 i V6 H/B — #12081-0; LOADED — $12,995

2008 TOYOTA YARIS RS — #11989-1, 5 DR. H/B — $10,995

2005 FORD EXPEDITION XLT 4X4 — #12T395-1, 8 PASS — $9,995

2010 KIA RIO 5 HATCHBACK — #12073-0; FULLY LOADED — $11,995

2009 HYUNDAI ACCENT 2 DR. H/B — #12C246-1 — $9,995

2011 SUZUKI SX4 JLX AWD — #11999-0 — $18,995

2009 PORSCHE CAYENNE AWD — #12108-0 — ~~$43,995~~ $42,995

2006 FORD F-350 C/C 4X4 DIESEL XLT — #C301169-1 — ~~$25,995~~ $18,995

2009 DODGE RAM 2500 QUAD CAB — #12129-0, 4X4, SLT. — ~~$28,995~~ $24,995

2010 NISSAN ROGUE SL AWD — #12154-0 — ~~$27,995~~ $25,995

LAST CHANCE FOR 12TH ANNIVERSARY SALE PRICES!!

LOWEST PRICES OF THE YEAR

GARAGE SALE ON ALL DISCONTINUED PARTS & ACCESSORIES

WE SERVICE ALL MAKES & MODELS

LAST WEEKEND

Apply @ MWSCREDIT.CA Your guaranteed approval!

LANA JEFFREY Service Department Manager

NAND BHASIN Used Vehicle Manager

780-450-4500

34th AVE AUTO ROW | 3403-93 ST. | SPECIAL TOLL FREE 1-866-897-4500

*FOR 24 MONTHS ON SELECT MODELS

BBB ACCREDITED BUSINESS

Alberta Motor Vehicle Industry Council



NEW WAY Stucco Ltd.

Quality work at reasonable rates.

We do Splash Dash Stucco and Acrylic. For free estimates call

(BALJIT) Ph. : (780)-708-1436, Fax : (780)-462-0691

All Kind of Stucco Acrylic & Rain Screen Residential & Commercial

ਕਿਸੇ ਵੀ ਕਿਸਮ ਦੀ ਵਧੀਆ ਸਟੱਕੋ ਕਰਵਾਉਣ ਲਈ ਸਾਨੂੰ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਉ



Moga Painting Company

Serving Since 1985

Experts in Interior & Exterior Paint

Residential & Commercial

> Excellent Colour Matching
> Guaranteed Work
> Reasonable Rates

Office Painting, Spray Painting, Staircase Railing, Stain & Varnish

ਆਪਣੇ ਘਰ ਜਾਂ ਦਫ਼ਤਰ 'ਚ ਵਧੀਆ ਪੇਂਟ ਵਾਜਬ ਦਾਮ 'ਤੇ ਕਰਵਾਉਣ ਲਈ ਅੱਜ ਹੀ ਸੁਰਜੀਤ ਨੂੰ ਕਾਲ ਕਰੋ।

For Free ESTIMATES Call SURJIT

Edmonton (780) 934-3535 Winnipeg (204) 979-7070



Residential | Commercial | Investment Properties

Home Life/United Realty Inc. Brokerage

Independently Owned & Operated.

Higher Standards Agents... Higher Results™

Cell: 647 818 6880
Bus: 905 672 1234
FAX: 905 672 0672
hpshundal@gmail.com

ਟੋਰਾਂਟੋ ਦੇ ਇਲਾਕੇ 'ਚ ਜਾਇਦਾਦ ਖਰੀਦਣ ਜਾਂ ਵੇਚਣ ਲਈ ਇੱਕ ਭਰੋਸੇਮੰਦ ਨਾਂ

Sales Representative

Harinder Hundal
M.Sc. Eco, M.B.A

MLS MULTIPLE LISTING SERVICE® REALTOR

50 SunnyVale Gate, Unit # 7, Brampton, ON L6S 0C4



ਮੁਲਾਕਾਤ Productions

ਟੀ. ਵੀ ਪ੍ਰੋਗਰਾਮ ਮੁਲਾਕਾਤ

Aired on VISION TV
1:00 pm to 1:30 pm
(Alberta Time / Every Saturday)

Charanjit Brar
Producer & Host
Ph: 647 300 8436
cbrar@rogers.com

# ਅਜੋਕੀ ਪੰਜਾਬੀ ਸੂਫ਼ੀ ਗਾਇਕੀ ਦਾ ਨਿਰਮਾਤਾ ਹਾਕਮ ਸੂਫ਼ੀ





ਪ੍ਰੋ. ਨਵੀਨ ਰਮਨ
naveen.mlp@gmail.com
+91-98785-31166

ਹਾਕਮ ਸੂਫ਼ੀ ਅਚਾਨਕ ਚਲਾਣਾ ਕਰ ਗਿਆ ਹੈ। ਉਸ ਦੀ ਬੇਵਕਤ ਮੌਤ 'ਤੇ ਪੰਜਾਬੀ ਸੰਗੀਤ ਸੰਸਾਰ ਵਿਚ ਇਉਂ ਸੋਗ ਮਨਾਇਆ ਗਿਆ ਜਿਵੇਂ ਕੋਈ ਗੁੰਮਨਾਮ ਕਲਾਕਾਰ ਤੁਰ ਗਿਆ ਹੋਵੇ। ਪਰ ਇੰਝ ਨਹੀਂ ਸੀ। ਮੌਜੂਦਾ ਸ਼ੋਰੀਲੀ ਤੇ ਆਡੰਬਰੀ ਗਾਇਕੀ ਦੇ ਦੌਰ ਵਿਚ ਉਹ ਇੰਨਾ ਵੀ ਨਹੀਂ ਸੀ ਰੁਲ਼ਿਆ। ਉਸ ਨੂੰ ਪੰਜਾਬੀ ਗਾਇਕੀ ਦੇ ਖੇਤਰ ਵਿਚ ਮਾਨਤਾ ਮਿਲੀ ਹੋਈ ਸੀ, ਭਾਵੇਂ ਕਿ ਇਹ ਕਾਫ਼ੀ ਸੀਮਤ ਦਾਇਰੇ ਵਿਚ ਹੀ ਸੀ। ਉਂਝ ਵੀ ਮਿਆਰੀ ਪੰਜਾਬੀ ਗਾਇਕੀ ਦਾ ਦਾਇਰਾ ਸੀਮਤ ਹੈ। ਸੀਮਤ ਦਾਇਰਾ ਸਗੋਂ ਗਾਇਕ ਦੇ ਖਰੇ ਅਤੇ ਸੁਥਰੇ ਹੋਣ ਦਾ ਹੀ ਪ੍ਰਮਾਣ ਹੈ। ਪੰਜਾਬੀ ਦੇ ਇਕ ਵੱਡੇ ਗਾਇਕ ਗੁਰਦਾਸ ਮਾਨ ਨੂੰ ਤਾਂ ਉਸ ਦਾ ਸ਼ਗਿਰਦ ਸਮਝਿਆ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਜੇਕਰ ਡਫ਼ਲੀ ਵਾਲਾ ਹਾਕਮ ਸੂਫ਼ੀ ਨਾ ਹੁੰਦਾ ਤਾਂ ਡਫ਼ਲੀ ਵਜਾਉਣ ਵਾਲਾ ਗੁਰਦਾਸ ਮਾਨ ਵੀ ਨਹੀਂ ਹੋਣਾ ਸੀ। ਕਹਿੰਦੇ ਹਨ ਕਿ ਗੁਰਦਾਸ ਮਾਨ ਦੇ ਮੁਢਲੇ ਹਰਮਨ ਪਿਆਰੇ ਗੀਤਾਂ ਦੀਆਂ ਤਰਜ਼ਾਂ ਹਾਕਮ ਸੂਫ਼ੀ ਨੇ ਹੀ ਬਣਾਈਆਂ ਸਨ। ਹਾਕਮ ਸੂਫ਼ੀ ਤਾਂ ਇਨ੍ਹਾਂ ਤਰਜ਼ਾਂ ਦਾ ਲਾਹਾ ਨਹੀਂ ਲੈ ਸਕਿਆ, ਪਰ ਗੁਰਦਾਸ ਮਾਨ ਨੂੰ ਇਨ੍ਹਾਂ ਨੇ ਫਰਸ਼ ਤੋਂ ਅਰਸ਼ 'ਤੇ ਪਹੁੰਚਾ ਦਿੱਤਾ। ਬਦਕਿਸਮਤੀ ਇਹ ਹੈ ਕਿ ਸਾਡੇ ਲੋਕ ਜਦੋਂ ਅਰਸ਼ 'ਤੇ ਪਹੁੰਚ ਜਾਂਦੇ ਹਨ ਫਿਰ ਅਰਸ਼ ਵੱਲ ਘੱਟ ਹੀ ਨਿਗ੍ਹਾ ਮਾਰਦੇ ਹਨ। ਇੰਝ ਹੀ ਹੋਇਆ, ਅਰਸ਼ ਦੇ ਗਾਇਕ ਨੇ ਫਰਸ਼ ਦੇ ਗਾਇਕ ਪ੍ਰਤੀ ਉਹ ਭਾਵਨਾ ਨਹੀਂ ਵਿਖਾਈ, ਜਿਸ ਦੀ ਕਿ ਉਸ ਕੋਲੋਂ ਤਵੱਕੋ ਸੀ।

ਹਾਕਮ ਸੂਫ਼ੀ ਬੇਹੱਦ ਗਰੀਬ ਪਰਿਵਾਰ ਵਿਚ ਜਨਮਿਆਂ। ਆਰਟ ਐਂਡ ਕਰਾਫਟ ਦਾ ਕੋਰਸ ਕੀਤਾ ਤੇ ਫਿਰ ਬਠਿੰਡਾ ਜ਼ਿਲ੍ਹੇ ਦੇ ਪਿੰਡ ਜੰਗੀਆਣਾ ਵਿਖੇ ਲਗਪਗ ਸਾਢੇ ਤਿੰਨ ਦਹਾਕੇ ਨੌਕਰੀ ਕੀਤੀ, ਨੌਕਰੀ ਵੀ ਕੀਹਦੀ ਫਕੀਰੀ ਹੀ ਕੀਤੀ, ਉਹ ਪਹਿਰਾਵਾ ਵੀ ਭਗਵਾਂ ਫਕੀਰਾਂ ਵਾਲਾ ਹੀ ਹੁੰਦਾ ਸੀ ਅਤੇ ਸਾਥ-ਸੰਗ ਵੀ ਫਕੀਰਾਂ ਨਾਲ ਹੀ ਕਰਨਾ ਪਸੰਦ ਕਰਦਾ ਸੀ। ਉਹ ਅਸਲ ਸੂਫ਼ੀ ਸੀ, ਹੁਣ ਵਾਲੇ ਗਾਇਕਾਂ ਵਾਂਗ ਸੂਫ਼ੀ ਹੋਣ ਦਾ ਪਾਖੰਡ ਨਹੀਂ ਸੀ ਕਰਦਾ। ਉਸ ਨੇ ਵਿਆਹ ਨਹੀਂ ਕਰਵਾਇਆ, ਬਾਪ ਦੀ ਕਬੀਲਦਾਰੀ ਨੂੰ ਨਜਿੱਠਣ ਦਾ ਫਰਜ਼ ਉਸ ਨੇ ਤਨਦੇਹੀ ਤੇ ਸਿਦਕਦਿਲੀ ਨਾਲ ਨਿਭਾਇਆ। ਉਹ ਜੁਗਲਬੰਦੀ ਤਾਂ ਕਰ ਸਕਦਾ ਸੀ, ਜਿਵੇਂ ਉਹ ਅਕਸਰ ਗੁਰਦਾਸ ਮਾਨ ਨਾਲ ਕਰ ਲਿਆ ਕਰਦਾ ਸੀ, ਪਰ ਜੁਗਾੜਬੰਦੀ ਨਹੀਂ ਸੀ ਕਰ ਸਕਦਾ। ਸ਼ਾਇਦ ਇਸੇ ਲਈ ਉਸ ਨੇ ਤਮਾਮ ਉਮਰ ਗਿੱਦੜਬਾਹੇ ਦੇ ਇਰਦ-ਗਿਰਦ ਆਪਣੇ ਸੂਫ਼ੀਆਨਾ ਅੰਦਾਜ਼ ਵਿਚ ਗੁਜ਼ਾਰ ਦਿੱਤੀ।

ਹਾਕਮ ਸੂਫ਼ੀ ਨੇ ਦੂਰਦਰਸ਼ਨ ਜਲੰਧਰ ਤੋਂ ਬਹੁਤ ਸਾਰੀਆਂ ਪੇਸ਼ਕਾਰੀਆਂ ਦਿੱਤੀਆਂ। ਇਸ ਦਰਵੇਸ਼ ਗਾਇਕ ਨੇ 1970 ਵਿਚ ਗਾਇਕੀ ਦੇ ਪਿੜ ਵਿਚ ਪੈਰ ਧਰਿਆ, 'ਯਾਰੀ ਜੱਟ ਦੀ' ਫਿਲਮ ਵਿਚ ਗਾਇਆ ਉਸ ਦਾ ਗੀਤ 'ਪਾਣੀ ਵਿਚ ਮਾਰਾਂ ਡੀਟਾਂ' ਬਹੁਤ ਪ੍ਰਸਿੱਧ ਹੋਇਆ। ਆਪਣੀਆਂ ਕਈ ਨਿਵੇਕਲੀਆਂ ਸਿਫ਼ਤਾਂ ਕਾਰਨ ਇਹ ਗੀਤ ਛੇਤੀ ਹੀ ਲੋਕਾਂ ਦੀ ਜ਼ੁਬਾਨ 'ਚ ਚੜ੍ਹ ਗਿਆ। 'ਕਿਤੋਂ ਬੋਲ ਮਹਿਰਮਾਂ ਵੇ' ਅਤੇ 'ਕਿਥੇ ਲਾਏ ਸੱਜਣਾਂ ਨੇ ਡੇਰੇ' ਗੀਤ ਵੀ ਉਸ ਦੇ ਮਕਬੂਲ ਗੀਤਾਂ ਵਿਚੋਂ ਹਨ। ਆਪਣੇ ਸੁਭਾਅ ਦੀ ਫਕੀਰੀ ਨੇ ਉਸ ਨੂੰ ਸੰਗੀਤ ਦੇ ਨਿਰਲੱਜ ਵਪਾਰ ਵਿਚ ਆਉਣ ਤੋਂ ਰੋਕੀ ਰੱਖਿਆ। ਉਂਝ ਉਹ ਅਖਾੜਿਆਂ ਵਿਚ ਗਾ ਆਉਂਦਾ ਸੀ, ਉਥੋਂ ਜੋ ਕੁਝ ਮਿਲਦਾ ਖਿੜ੍ਹੇ ਮੱਥੇ ਲੈ ਲੈਂਦਾ। ਉਹ ਆਪਣੀ 'ਬੁਕਿੰਗ' ਕਰਵਾਉਣ ਵਾਲਾ ਗਾਇਕ ਕਦਾਚਿਤ ਨਹੀਂ ਸੀ। ਉਹ ਓਸ਼ੋ ਦੀ ਫਿਲਾਸਫ਼ੀ ਦਾ ਕਾਇਲ ਸੀ। ਗੀਤ ਗਾਇਨ ਨੂੰ ਉਹ ਆਪਣੀ ਭਾਸ਼ਾ, ਸ਼ਾਹਿਰ ਅਤੇ ਸਭਿਆਚਾਰ ਦੀ ਸੇਵਾ ਖਿਆਲ ਕਰਦਾ ਸੀ। ਉਹ ਪ੍ਰੇਮ ਮਾਰਗ ਦਾ ਹਾਮੀ ਸੀ, ਸ਼ਾਇਦ ਇਸੇ ਲਈ ਉਸ ਨੇ ਕਦੇ ਵੀ ਪ੍ਰੇਮ ਦੇ ਰਾਹ ਵਿਚ ਪੈਸੇ ਨੂੰ ਨਹੀਂ ਆਉਣ ਦਿੱਤਾ। ਇਸੇ ਸਿਲਸਿਲੇ ਵਿਚ ਉਸ ਨੇ ਗੀਤ 'ਅੱਲਾ ਵਾਹ ਬਈ ਵਾਹ' ਵੀ ਗਾਇਆ। ਉਸ ਦੇ ਗੀਤ ਉਸ ਦੇ ਸੱਚੇ ਸੁੱਚੇ ਜਜ਼ਬਿਆਂ ਅਤੇ ਵਿਚਾਰਾਂ ਦੀ ਹੀ ਤਰਜਮਾਨੀ ਕਰਦੇ ਹਨ, ਹਿਰਦਿਆਂ ਵਿਚ ਕਿਸੇ ਗ਼ੈਬੀ ਆਨੰਦ ਦਾ ਅਹਿਸਾਸ ਪੈਦਾ ਕਰਦੇ ਹਨ। ਨਾਰੀ ਦੀ ਮਹਿਮਾ ਵਿਚ ਗਾਇਆ ਗੀਤ 'ਮਾਵਾਂ ਲਈ ਪੁੱਤਰ ਸਦਾ ਨਿਆਣੇ ਹੁੰਦੇ' ਬੜਾ ਭਾਵ-ਭਿੰਨਾ ਵੀ ਹੈ ਤੇ ਪੇਸ਼ਕਾਰੀ ਪੱਖੋਂ ਵੀ ਲਾਜਵਾਬ ਹੈ। ਇਨ੍ਹਾਂ ਗੀਤਾਂ ਤੋਂ ਇਲਾਵਾ ਮੇਲਾ ਯਾਰਾਂ ਦਾ, ਚਰਖ਼ਾ, ਚਿੱਠੀਆਂ, ਲੋਈ, ਮਹਿੰਗਦੀ, ਕੋਕਾ ਵਰਗੇ ਬਹੁਤ ਸਾਰੇ ਪ੍ਰਭਾਵਸ਼ਾਲੀ ਗੀਤ ਵੀ ਮਾਂ ਬੋਲੀ ਪੰਜਾਬ ਦੇ ਗੀਤ ਸੰਗੀਤ ਨੂੰ ਅਰਪਿਤ ਕੀਤੇ।

ਹਾਕਮ ਸੂਫ਼ੀ ਇਕ ਵਿਲੱਖਣ ਸ਼ਖ਼ਸ਼ੀਅਤ ਸੀ। ਉਹ ਆਪਣੀ ਅੰਦਰਲੀ ਤਾਕਤ ਉਪਰ ਟੇਕ ਤੇ ਵਿਸ਼ਵਾਸ ਰੱਖਦਾ ਸੀ। ਸਿਵਿਆਂ ਵਿਚ ਵੀ ਰੈਣ ਬਸੇਰਾ ਕਰ ਲੈਂਦਾ ਸੀ ਤੇ ਇਸ ਥਾਂ ਨੂੰ ਆਪਣੇ ਵਿਅਕਤੀਤਵ ਦੀ ਅਜਿਹੀ ਛੂਹ ਲਾਉਂਦਾ ਸੀ ਕਿ ਸਿਵੇ ਦਿਨਾਂ ਵਿਚ ਹੀ ਹਰੇ-ਭਰੇ ਹੋ ਜਾਂਦੇ ਸਨ। ਸਵਰਗ ਵਾਂਗ ਜਾਪਣ ਲਗਦੇ ਸਨ, ਜੰਗਲ ਵਿਚ ਮੰਗਲ ਕਰਨ ਵਾਲਾ ਜਾਦੂ ਉਹ ਹਰ ਥਾਂ ਜਗਾਉਂਦਾ ਸੀ।

ਹਾਕਮ ਸੂਫ਼ੀ 4 ਸਤੰਬਰ, 2012 ਨੂੰ ਸਦਾ ਲਈ ਸੰਸਾਰ ਤਿਆਗ ਗਿਆ ਹੈ, ਪਰ ਪੰਜਾਬੀ ਗੀਤ-ਸੰਗੀਤ ਲਈ ਪਿੱਛੇ ਅਨਮੋਲ ਵਿਰਸਾ ਛੱਡ ਗਿਆ ਹੈ। ਨਵੇਂ ਗਾਇਕਾਂ ਤੇ ਗੀਤਕਾਰਾਂ ਨੂੰ ਉਸ ਦੇ ਜੀਵਨ ਵਿਚ ਗਾਇਕੀ ਤੋਂ ਸਿੱਖਣ ਲਈ ਬਹੁਤ ਕੁਝ ਹਾਸਲ ਹੋ ਸਕਦਾ ਹੈ। ਪੰਜਾਬ ਦੇ ਲੋਕ ਸੰਗੀਤ ਉਪਰ ਇਸ ਸਮੇਂ ਤਕੜਾ ਸੰਕਟ ਮੰਡਰਾ ਰਿਹਾ ਹੈ। ਠਾਹ-ਠੂਹ ਤੇ ਸ਼ੋਰ-ਸ਼ਰਾਬਾ ਬੇਹਿਸਾਬਾ ਵਧ ਗਿਆ ਹੈ। ਹਨ੍ਹੇਰੇ ਦੇ ਇਸ ਆਲਮ ਵਿਚ ਹਾਕਮ ਸੂਫ਼ੀ ਦੀ ਗਾਇਕੀ ਚਾਨਣ ਦੀ ਲੀਕ ਵਾਂਗ ਪ੍ਰਤੀਤ ਹੁੰਦੀ ਹੈ।

# ਸੁਰੀਲਾ ਤੇ ਸੰਜੀਦਾ ਗਾਇਕ ਜੀ.ਐੱਸ ਪੀਟਰ

ਪੰਜਾਬ ਦਾ ਜ਼ਿਕਰ ਆਉਂਦਾ ਹੈ ਤਾਂ ਜ਼ਿਹਨ ਵਿਚ ਹਰੀ-ਭਰੀ, ਹੱਸਦੀ-ਨੱਚਦੀ ਅਤੇ ਗਾਉਂਦੀ ਧਰਤੀ ਦਾ ਤਸੱਵਰ ਉਭਰ ਆਉਂਦਾ ਹੈ। ਕਿਸੇ ਭੌਂਇ ਖੰਡ ਬਾਰੇ ਜੋ ਪ੍ਰਭਾਵ ਸੁਤੇ-ਸਿੱਧ ਮਨ ਵਿਚ ਉਭਰਦੇ ਹਨ, ਉਹੋ ਉਸ ਧਰਤੀ ਦੀ ਅਸਲ ਪਹਿਚਾਣ ਹੁੰਦੇ ਹਨ। ਗਾਇਕੀ ਪੰਜਾਬੀ ਜਨ-ਜੀਵਨ ਅਤੇ ਸਭਿਆਚਾਰ ਦੀ ਜਿੰਦ-ਜਾਨ ਹੈ। ਪੰਜਾਬੀ ਲੋਕ ਗਾਇਕੀ ਪ੍ਰਤੀ ਬੇਹੱਦ ਸੰਵੇਦਨਸ਼ੀਲ ਹਨ, ਗਾਇਕੀ ਪ੍ਰਤੀ ਇਨ੍ਹਾਂ ਦੇ ਅਪਾਰ ਪ੍ਰੇਮ ਸਦਕਾ ਪੰਜਾਬੀ ਗਾਇਕੀ ਦੇ ਖੇਤਰ ਵਿਚ ਆਏ ਦਿਨ ਨਵੇਂ-ਨਵੇਂ ਰੁਝਾਨ ਪੈਦਾ ਹੁੰਦੇ ਰਹਿੰਦੇ ਹਨ। ਪੰਜਾਬੀ ਗਾਇਕੀ ਅੱਜ ਇਕ ਤਕੜੀ ਸਨਅਤ ਵਜੋਂ ਵਿਕਸਿਤ ਹੋ ਚੁੱਕੀ ਹੈ। ਕੁੱਤੇ ਵਾਲੀ ਕੰਪਨੀ (ਐਚ.ਐਮ.ਵੀ) ਤੋਂ ਲੈ ਕੇ ਅੱਜ ਇੰਟਰਨੈੱਟ ਦੇ ਜ਼ਮਾਨੇ ਤੱਕ ਪੰਜਾਬੀ ਗੀਤ-ਸੰਗੀਤ ਸਨਅਤ ਨੂੰ ਪ੍ਰਫੁੱਲਤ ਕਰਨ ਵਿਚ ਅਨੇਕਾਂ ਆਵਾਜ਼ਾਂ ਨੇ ਯੋਗਦਾਨ ਪਾਇਆ ਹੈ। ਇਨ੍ਹਾਂ ਆਵਾਜ਼ਾਂ ਵਿਚੋਂ ਕੁਝ ਬੇਹੱਦ ਸੁਰੀਲੀਆਂ ਤੇ ਟਿਕਣਯੋਗ ਆਵਾਜ਼ਾਂ ਹਨ। ਇਨ੍ਹਾਂ ਵਿਚੋਂ ਹੀ ਇਕ ਆਵਾਜ਼ ਗਾਇਕ ਜੀ.ਐੱਸ ਪੀਟਰ ਦੀ ਹੈ।

ਜੀ.ਐੱਸ ਪੀਟਰ ਦਾ ਅਸਲ ਨਾਂ ਗੁਰਦੀਪ ਸਿੰਘ ਹੈ। 'ਪੀਟਰ' ਉਪਨਾਮ ਉਸ ਨੂੰ ਬਚਪਨ ਵਿਚ ਆਪਣੇ ਪਿਤਾ ਸ. ਜੁਗਿੰਦਰ ਸਿੰਘ ਕੋਲੋਂ ਮਿਲਿਆ ਸੀ, ਜਿਹੜਾ ਉਸ ਦੇ ਸਰੀਰਕ ਫੁਰਤੀਲੇਪਣ ਦੀ ਤੁਲਨਾ ਅਕਸਰ ਪੀਟਰ ਇੰਜਣ ਨਾਲ ਕਰਦਾ ਹੁੰਦਾ ਸੀ। ਗੁਰਦੀਪ ਸਿੰਘ ਨੇ ਇਹ ਉਪਨਾਮ ਆਪਣੇ ਲਈ ਪਹਿਲਾ ਸਨਮਾਨ ਸਮਝਿਆ ਤੇ ਇਸ ਨੂੰ ਆਪਣੇ ਨਾਂ ਦਾ ਮੁੱਖ ਭਾਗ ਬਣਾ ਲਿਆ। ਗਾਇਕੀ ਦੇ ਖੇਤਰ ਵਿਚ ਗੁਰਦੀਪ ਹੁਣ ਪੀਟਰ ਦੇ ਨਾਂ ਨਾਲ ਹੀ ਮਸ਼ਹੂਰ ਹੈ। ਮੋਗਾ ਜ਼ਿਲ੍ਹੇ ਦੇ ਪਿੰਡ ਕਿਸ਼ਨਪੁਰਾ ਕਲਾਂ ਦਾ ਜੰਮਪਲ ਇਹ ਗਾਇਕ ਚੰਗੀ-ਖਾਸੀ ਵਿਦਿਅਕ ਯੋਗਤਾ ਵੀ ਰੱਖਦਾ ਹੈ। ਉਹ ਐੱਮ.ਏ ਬੀ.ਐੱਡ ਹੈ ਤੇ ਇਸ ਸਮੇਂ ਐੱਮ.ਐੱਡ ਦਾ ਵਿਦਿਆਰਥੀ ਹੈ। ਸਾਹਿਤ ਪ੍ਰਤੀ ਉਸ ਦੀ ਲਗਨ ਨੇ ਉਸ ਦੀ ਸਖਸ਼ੀਅਤ ਨੂੰ ਗ਼ਹਿਰਾਈ ਬਖਸ਼ੀ ਹੈ। ਮੰਚ ਉਪਰ ਮਨੋਰੰਜਨ ਭਰਪੂਰ ਮਾਹੌਲ ਸਿਰਜਣ ਦੇ ਸਮਰਥ ਜੀ.ਐੱਸ ਪੀਟਰ ਨੂੰ ਆਮ ਜੀਵਨ ਵਿਚ ਸੰਜੀਦਾ ਇਨਸਾਨ ਵਜੋਂ ਜਾਣਿਆ ਜਾਂਦਾ ਹੈ। ਮੁੱਖਧਾਰਾ ਦੀ ਪੰਜਾਬੀ ਗਾਇਕੀ ਤੋਂ ਬਾਹਰ ਉਹ ਸ਼ਿਵ ਕੁਮਾਰ, ਸੁਰਜੀਤ ਪਾਤਰ ਤੇ ਕਈ ਹੋਰ ਪੰਜਾਬੀ ਕਵੀਆਂ ਦੀ ਕਵਿਤਾ ਨੂੰ ਬੜੇ ਚਾਅ ਨਾਲ ਗਾਉਂਦਾ ਹੈ। ਗੁਲਾਮ ਅਲੀ, ਮਹਿਦੀ ਹਸਨ ਤੇ ਜਗਜੀਤ ਸਿੰਘ ਉਸ ਦੇ ਪਸੰਦੀਦਾ ਗਾਇਕ ਹਨ। ਵਿਦਿਆਰਥੀ ਜੀਵਨ ਤੋਂ ਹੀ ਉਹ ਆਪਣਾ ਰਿਆਜ਼ ਇਨ੍ਹਾਂ ਗਾਇਕਾਂ ਦੀਆਂ ਧੁਨਾਂ 'ਤੇ ਕਰਦਾ ਆ ਰਿਹਾ ਹੈ।

ਜੀ.ਐੱਸ ਪੀਟਰ ਨੂੰ ਆਪਣੀ ਗਾਇਕੀ ਲਈ ਮੁਢਲੀ ਸਫ਼ਲਤਾ ਆਪਣੇ ਸਕੂਲਾਂ-ਕਾਲਜਾਂ ਦੇ ਸਭਿਆਚਾਰਕ ਪ੍ਰੋਗਰਾਮ ਦੀਆਂ ਸਟੇਜਾਂ ਤੋਂ ਮਿਲੀ। ਇਸ ਸਫ਼ਲਤਾ ਤੋਂ ਉਤਸ਼ਾਹਿਤ ਹੋ ਕੇ ਉਸ ਨੇ ਮੁੱਖਧਾਰਾ ਦੀ ਗਾਇਕੀ ਵਿਚ ਨਿੱਤਰਨ ਦਾ ਮਨ ਬਣਾ ਲਿਆ ਤੇ 1999 ਵਿਚ ਉਸ ਨੇ ਆਪਣੀ ਪਹਿਲੀ ਕੈਸਿਟ 'ਕਰਮਾਂ ਦੇ ਮਾਰੇ ਆਸ਼ਕ' ਨਾਲ ਅਜੋਕੀ ਗਾਇਕੀ ਦੇ ਖੇਤਰ ਵਿਚ ਪ੍ਰਵੇਸ਼ ਪਾ ਲਿਆ। ਹੁਣ ਤੱਕ ਉਸ ਦੀਆਂ ਸੱਤ ਕੈਸਿਟਾਂ ਰਿਕਾਰਡ ਹੋ ਚੁੱਕੀਆਂ ਹਨ। 'ਕਰਮਾਂ ਮਾਰੇ ਆਸ਼ਕ', 'ਗੂੜ੍ਹੀਆਂ ਪ੍ਰੀਤਾਂ', 'ਪ੍ਰੇਮ ਕਹਾਣੀ', 'ਯਾਦਾਂ', 'ਜਾਨ ਤੋਂ ਪਿਆਰਾ', 'ਮੇਰਾ ਦਿਲ ਤੇਰਾ ਪਿਆ' ਅਤੇ ਹੁਣੇ-ਹੁਣੇ ਰਿਲੀਜ਼ ਹੋਈ 'ਸਾਡਾ ਚੰਨ' ਰਾਹੀਂ ਉਸ ਨੇ ਪੰਜਾਬੀ ਗਾਇਕੀ ਦੇ ਖੇਤਰ ਵਿਚ ਆਪਣੀ ਨਿਵੇਕਲੀ ਪਛਾਣ ਬਣਾਈ ਹੈ। ਉਸ ਦੀ ਗਾਇਕੀ ਦਾ ਸਭ ਤੋਂ ਵੱਡਾ ਹਾਸਲ ਉਸ ਦੀ ਸ਼ੈਲੀ ਹੀ ਹੈ। ਉਸ ਦਾ ਗਾਇਆ ਹਰ ਗੀਤ ਮਿਠਾਸ ਭਰਿਆ ਅਤੇ ਸਾਹਿਤਕ ਰੰਗਤ ਵਾਲਾ ਹੁੰਦਾ ਹੈ। (ਨਦਬ)



"Looking Out For Your Best Interest"

CENTUM
CENTUM HOME LOAN INC

Best RATES from major Banks
Ph: 403 473 3493

- First time Buyer / New to Canada
- Re-Finance
- Line of Credit
- Business Buyer
- A Wide variety of Mortgage & Financing Solutions
- Finding the Best Mortgage at the Best Rate
- No down payment Mortgage

Call today for Pre-Approval and hedge against Rate Increase



Avijit Ghatak
Broker/Owner
avijit_ghatak@centum.ca
4805 Westwinds Dr NE Calgary AB T3J 4L4
Ph: 403 473 3493
Fax: 1 877 733 3148

# Bliss

## VOUCHER

**20%** off your food bill (including take away)

Present this voucher at the restaurant or just take a picture of this coupon and show us the image to receive the discount.
You can even send the picture to your friends so they can get a discount too.

Restrictions: One voucher per table, max six people. The voucher/image of the voucher can be redeemed only once. Offer ends November 20st.

## Bliss Family Restaurant

*Hyderabad-style dine-in and take away. Offering the choicest of North Indian, Chinese, and Continental cuisine in a contemporary setting, Bliss offers its patrons the finest in food, service and ambiance.*

**Address:** 9332 34 Avenue, Edmonton, AB T6E 5XS, **Phone:** (780) 497 0995, **Opening hours:** 11 am to 10 pm

---

# servus credit union

## Mill Creek Meadows

branch is now OPEN.

We would like to invite you to the

***Networking Event on October 20, 2012 from 11 am at our new Mill Creek Meadows Branch.***

Get an opportunity to meet the leaders who are committed to make a difference in the lives of the community members.



Salman Khan
Branch Manager

Hours:
Mon– Wed: 9:30 AM–5:00 PM
Thu: 9:30 AM–7:00 PM
Fri: 9:30 AM–6:00 PM
Sat: 9:30 AM–3:00 PM

You're always welcome here!

Address: 2390 – 23rd Avenue NW, Edmonton, AB T6T 0R1, Phone: 780.490.4349 , Fax: 780.490.4417
Website: www.servus.ca

---

# DASHMESH TIRE & LUBE



Enough Parking Space

All Brands of Tires
MRF or JK (Indian)
B.F Goodrich, Michelin, Dunlop
Tire Repairs, Brakes, Oil Change & Lubrication
Do Service on Remote Locations Including Weighing Scales
Vehicle Inpection By Certified Mechanics
Call: Manjit S.Khosa, Garry Dhaliwal
**Ph: 780-298-1114, 780-993-4441**
6609 34 St, Edmonton, Alberta.

---

# HARRY'S EXCAVATING

Ph 780-918-2252

**Specialist in : Digging Basements & All Kind of Services**



ਨਵੇਂ ਘਰ ਲਈ ਬੇਸਮੈਂਟ ਪੁਟਾਉਣੀ ਹੋਵੇ, ਜਾਂ ਕੋਈ ਹੋਰ ਟੋਆ ਪੁਟਾਉਣਾ ਹੋਵੇ,
ਜਾਂ ਫਿਰ ਟਰੱਕ ਅਤੇ ਮਿੱਟੀ-ਰੇਤੇ ਦਾ ਕੋਈ ਕੰਮ ਹੋਵੇ ਸਾਡੇ ਨਾਲ ਸੰਪਰਕ ਕਰੋ

---

# WILDROSE MASONARY & STONE WORKS



Commertial & Residential
Ph: 780 340 1400
Off: 780 450 1413
Fax: 780 490 4888

**Dave Johal**



ਘਰਾਂ ਦੇ ਬਾਹਰ ਜਾਂ ਅੰਦਰ ਕਲਚਰ ਸਟੋਨ, ਇੱਟਾਂ, ਹਰ ਤਰ੍ਹਾਂ ਦੇ ਬਲਾਕ
ਲਗਵਾਉਣਾ ਚਾਹੁੰਦੇ ਹੋ, ਇੱਕ ਵਾਰ ਸਾਡੇ ਤੋਂ ਜਰੂਰ ਐਸਟੀਮੇਟ ਲਗਵਾਓ

Culture Stone | Bricks
Blocks | Glass Blocks

email:wildrosemasonary@live.ca ✦ 1404-69th St. SW Edmonton, AB T6L 1L4

---

# STP ELECTRIC LTD.

stpelectric@hotmail.com

Offering Full Range of Electrical Services of



C. 780.984 2356
F. 780.463 6276

- Residential
- Commercial
- Industrial Installations

ਹਰ ਤਰ੍ਹਾਂ ਦੇ ਇਲੈਕਟ੍ਰੀਕਲ ਦੇ ਕੰਮ ਲਈ ਸੰਪਰਕ ਕਰੋ

**Sushil Singh**
Certified Master Electrician
ਸਰਟੀਫਾਈਡ ਮਾਸਟਰ ਇਲੈਕਟ੍ਰੀਸ਼ਨ

## ਸੋਸ਼ਲ ਮੀਡੀਆ ’ਤੇ ਲਗਾਮ

# ਇਹ ਤਾਂ ਇਕ ਬਹਾਨਾ ਹੈ

ਪੀਯੂਸ਼ ਪੰਤ



ਜੇਕਰ ਅਸੀਂ ਉਨ੍ਹਾਂ ਲੋਕਾਂ ਦੀ ਬੋਲਣ ਦੀ ਆਜ਼ਾਦੀ ’ਤੇ ਭਰੋਸਾ ਨਹੀਂ ਕਰਦੇ ਜਿਹੜੇ ਸਾਨੂੰ ਨਾਪਸੰਦ ਹਨ ਤਾਂ ਇਸ ਸਿੱਧਾ ਅਰਥ ਹੈ ਕਿ ਬੋਲਣ ਦੀ ਆਜ਼ਾਦੀ ’ਤੇ ਸਾਡਾ ਭਰੋਸਾ ਹੈ ਹੀ ਨਹੀਂ। ਨੋਮ ਚੋਸਕੀ ਦਾ ਇਹ ਕਥਨ ਮਨਮੋਹਨ ਸਿੰਘ ਸਰਕਾਰ ’ਤੇ ਠੀਕ ਬੈਠਦਾ ਹੈ ਕਿਉਂਕਿ ਉਹ ਹਮੇਸ਼ਾਂ ਅਜਿਹੇ ਮੌਕਿਆਂ ਦੀ ਭਾਲ ਵਿਚ ਰਹਿੰਦੀ ਹੈ ਜਿਸ ਦਾ ਫਾਇਦਾ ਲੈ ਕੇ ਉਹ ਬੋਲਣ ਦੀ ਆਜ਼ਾਦੀ ਨੂੰ ਸੰਵਿਧਾਨ ਅਤੇਂ ਨਾਗਰਿਕ ਅਧਿਕਾਰਾਂ ਦੀ ਸੂਚੀ ਤੋਂ ਹੀ ਬਾਹਰ ਕੱਢ ਦੇਵੇ। ਤਦ ਤਾਂ ਉਹ ਮੌਕਾ ਮਿਲਦੇ ਹੀ ਉਨ੍ਹਾਂ ਵਿਅਕਤੀਆਂ ਅਤੇ ਸੰਸਥਾਵਾਂ ਦੀ ਬੋਲਣ ਦੀ ਆਜ਼ਾਦੀ ’ਤੇ ਹਮਲਾ ਕਰਨਾ ਸ਼ੁਰੂ ਕਰ ਦਿੰਦੀ ਹੈ ਜਿਹੜੀ ਯੂ.ਪੀ.ਏ ਸਰਕਾਰ ਦੀਆਂ ਨੀਤੀਆਂ ਦੀ ਆਲੋਚਨਾ ਕਰਦੇ ਰਹੇ ਹਨ। ਪਿਛਲੇ ਕੁਝ ਸਾਲਾਂ ਦੌਰਾਨ ਮੀਡੀਆ ਦੇ ਹੋਏ ਕਾਰਪੋਰੇਤੀਕਰਨ ਦੇ ਚਲਦਿਆਂ ਮੁੱਖਧਾਰਾ ਦੇ ਮੀਡੀਆ ਵਿਚ ਅਜਿਹੀਆਂ ਖ਼ਬਰਾਂ, ਸੰਪਾਦਕੀ ਟਿਪਣੀਆਂ ਅਤੇ ਸੰਪਾਦਕੀ ਪੰਨਿਆਂ ਵਿਚ ਛਪਣ ਵਾਲੇ ਲੇਖਾਂ ਦੀ ਕਮੀ ਹੁੰਦੀ ਚਲੀ ਗਈ ਹੈ, ਜਿਹੜੇ ਸਰਕਾਰ ਨੂੰ ਹਲੂਣ ਸਕਣ। ਹੁਣ ਵਿਅਕਤੀਗਤ ਬੋਲਣ ਦੀ ਆਜ਼ਾਦੀ ਨੂੰ ਖੰਭ ਅਤੇ ਖੁੱਲ੍ਹਾ ਆਸਮਾਨ ਦੇਣ ਵਾਲਾ ਸੋਸ਼ਲ ਮੀਡੀਆ ਵੀ ਸਰਕਾਰ ਦੇ ਨਿਸ਼ਾਨੇ ’ਤੇ ਰਹਿਣ ਲੱਗਿਆ ਹੈ, ਸੋਸ਼ਲ ਮੀਡੀਆ ਨੂੰ ਨੱਥ ਪਾਉਣ ਦਾ ਸਰਕਾਰ ਕੋਈ ਵੀ ਮੌਕਾ ਨਹੀਂ ਛੱਡਣਾ ਚਾਹੁੰਦੀ।

ਹੁਣੇ ਜਿਹੇ ਆਸਾਮ ਵਿਚ ਹੋਏ ਫਿਰਕੂ ਦੰਗੇ ਅਤੇ ਬੰਗਲੌਰ ਅਤੇ ਪੁਣੇ ਤੋਂ ਉਤਰੀ ਪੂਰਬੀ ਲੋਕਾਂ ਦੀ ਹਿਜਰਤ ਨੇ ਸਰਕਾਰ ਨੂੰ ਇਹ ਮੌਕਾ ਇਕ ਵਾਰ ਫਿਰ ਮੁਹੱਈਆ ਕਰਵਾਇਆ। ਫਿਰਕੂ ਮਾਹੌਲ ਪੈਦਾ ਕਰਨ ਅਤੇ ਦੰਗੇ ਫੈਲਾਉਣ ਲਈ ਐੱਸ.ਐੱਮ.ਐੱਸ, ਐੱਮ.ਐੱਮ.ਐੱਸ ਅਤੇ ਸੋਸ਼ਲ ਨੈਟਵਰਕਿੰਗ ਸਾਈਟਸ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ। ਕਿਹਾ ਗਿਆ ਕਿ ਇਨ੍ਹਾਂ ਵੱਲੋਂ ਅਫਵਾਹਾਂ ਫੈਲਾ ਕੇ ਨਫ਼ਰਤ ਵਾਲਾ ਮੌਹਾਲ ਪੈਦਾ ਕੀਤਾ ਗਿਆ। ਸਰਕਾਰ ਨੇ ਫੇਸਬੁੱਕ ਅਤੇ ਟਵਿੱਟਰ ਸਮੇਤ ਹੋਰ ਸੋਸ਼ਲ ਨੈਟਵਰਕਿੰਗ ਸਾਈਟਸ ’ਤੇ ਉਤਰ ਪੂਰਬੀ ਨਾਗਰਿਕਾਂ ਦੇ ਕੁਝ ਸ਼ਹਿਰਾਂ ਤੋਂ ਹਿਜਰਤ ਨੂੰ ਅੰਜਾਮ ਦੇਣ ਵਾਲੀਆਂ ਅਫਵਾਹਾਂ ਨੂੰ ਫੈਲਾਉਣ ਵਿਚ ਮਦਦ ਕਰਨ ਵਾਲੀ ‘ਭੜਕਾਊ ਸਮੱਗਰੀ’ ਨੂੰ ਹਟਾਉਣ ਦਾ ਦਬਾਅ ਬਣਾਇਆ। 20 ਅਗਸਤ ਨੂੰ ਇਕ ਬਿਆਨ ਜਾਰੀ ਕਰਕੇ ਭਾਰਤ ਸਰਕਾਰ ਨੇ ਕਿਹਾ ਕਿ ਅਜਿਹੇ 245 ਵੈੱਬ ਪੇਜਾਂ ਤੱਕ ਪਹੁੰਚ ਬੰਦ ਕਰ ਦਿੱਤੀ ਗਈ ਹੈ, ਜਿਨ੍ਹਾਂ ਵਿਚ ਵੀਡੀਓ ਅਤੇ ਤਸਵੀਰਾਂ ਦਿੱਤੀਆਂ ਗਈਆਂ ਹਨ।

ਹੈਰਾਨੀ ਦੀ ਗੱਲ ਇਹ ਹੈ ਕਿ ਦੰਗਿਆਂ ਦੇ ਅਸਲੀ ਕਾਰਨ ਦੀ ਜਾਂਚ-ਪੜਤਾਲ ਕਰਨ ਦੀ ਬਜਾਏ ਭਾਰਤ ਸਰਕਾਰ ਨੇ ਭੜਕਾਊ ਸਮੱਗਰੀ ਦਾ ਪ੍ਰਸਾਰ ਕਰਨ ਦਾ ਠੀਕਰਾ ਪਾਕਿਸਤਾਨੀ ਵੈੱਬਸਾਈਟਾਂ ਸਿਰ ਭੰਨ ਦਿੱਤਾ। ਸਰਕਾਰੀ ਬਿਆਨ ਵਿਚ ਕਿਹਾ ਗਿਆ ਕਿ ਅਜਿਹਾ ਪਾਇਆ ਗਿਆ ਹੈ ਕਿ ਸੋਸ਼ਲ ਨੈਟਵਰਕਿੰਗ ਸਾਈਟਾਂ ’ਤੇ ਬਹੁਤ ਸਾਰੀ ਸਮੱਗਰੀ ਦੇਸ਼ ਦੇ ਬਾਹਰੋਂ ਚੜ੍ਹਾਈ ਗਈ ਹੈ। ਇਸ ਬਿਆਨ ਦਾ ਸਿੱਧਾ ਇਸ਼ਾਰਾ ਪਾਕਿਸਤਾਨ ਵੱਲ ਸੀ। ਸਰਕਾਰ ਨੇ ਰੋਕੇ ਗਏ ਗਏ ਪੇਜਾਂ ਦਾ ਬਿਓਰਾ ਨਹੀਂ ਦਿੱਤਾ ਹੈ। ਪਾਕਿਸਤਾਨ ਸਰਕਾਰ ਨੇ ਲਾਏ ਗਏ ਦੋਸ਼ਾਂ ਦਾ ਖੰਡਨ ਕੀਤਾ ਹੈ। ਵੱਡੀ ਗੱਲ ਤਾਂ ਇਹ ਹੈ ਕਿ ਭਾਰਤੀ ਮੀਡੀਆ ਨੇ ਹੀ ਸਰਕਾਰ ਦੀ ਪੋਲ ਖੋਲ ਦਿੱਤੀ ਹੈ।

22 ਅਗਸਤ ਦੇ ‘ਇੰਡੀਅਨ ਐਕਸਪ੍ਰੈੱਸ’ ਵਿਚ ਛਪੀ ਖ਼ਬਰ ਅਨੁਸਾਰ 20 ਅਗਸਤ ਤੱਕ ਸਰਕਾਰ ਵੱਲੋਂ ਬਲਾਕ ਕੀਤੇ ਗਏ 245 ਵੈੱਬ ਪੇਜਾਂ ਵਿਚੋਂ ਕੇਵਲ ਪੰਜਵੇਂ ਹਿੱਸੇ ਵਿਚ ਹੀ ਉਤਰ ਪੂਰਬ ਦੇ ਲੋਕਾਂ ਜਾਂ ਆਸਾਮ ਦੀਆਂ ਘਟਨਾਵਾਂ ਦਾ ਜ਼ਿਕਰ ਸੀ। ਇਸ ਤੋਂ ਇਹ ਸੰਕੇਤ ਤਾਂ ਮਿਲ ਹੀ ਜਾਂਦੇ ਹਨ ਕਿ ਨਫ਼ਰਤ ਦਾ ਮਾਹੌਲ ਤਿਆਰ ਕਰਨ ਵਿਚ ਪਾਕਿਸਤਾਨ ਦੇ ਇੰਟਰਨੈੱਟ ਦੀ ਵਰਤੋਂ ਕਰਨ ਵਾਲਿਆਂ ਦੀ ਭੂਮਿਕਾ ਨੂੰ ਵਧਾ-ਚੜ੍ਹਾ ਕੇ ਪੇਸ਼ ਕੀਤਾ ਗਿਆ। ਅਖ਼ਬਾਰ ਅਨੁਸਾਰ ਇਕ ਸਰਕਾਰੀ ਸੂਤਰ ਦਾ ਕਹਿਣਾ ਸੀ ਕਿ ਬਲਾਕ ਕੀਤੇ ਗਏ ਵੈੱਬ ਪੇਜਾਂ ਵਿਚ ਦੋ ਹੀ ਅਜਿਹੇ ਸਨ ਜਿਨ੍ਹਾਂ ਵਿਚ ਆਸਾਮ ਹਿੰਸਾ ਨਾਲ ਸਬੰਧਤ ਸਹੀ ਜਾਂ ਜੋੜ ਕੇ ਬਣਾਏ ਗਏ ਵੀਡੀਓ ਜਾਂ ਚਿੱਤਰ ਸਨ। ਸਰਕਾਰ ਕੋਲ ਉਪਲਬਧ ਜਾਣਕਾਰੀ ਅਨੁਸਾਰ 50 ਤੋਂ ਵੀ ਘੱਟ ਵੈੱਬ ਪੇਜਾਂ ਵਿਚ ਆਸਾਮ ਦੀ ਹਿੰਸਾ ਦਾ ਸੰਬੰਧ ਸੀ ਜਾਂ ਉਤਰ ਪੂਰਬੀ ਲੋਕਾਂ ਖਿਲਾਫ਼ ਨਫ਼ਰਤ ਪੈਦਾ ਕਰਨ ਵਾਲੇ ਸੰਦੇਸ਼ ਸਨ। ਇਹ ਲਗਪਗ ਸਾਰੇ ਸੰਦੇਸ਼ ਭਾਰਤ ਵੱਲੋਂ ਇੰਟਰਨੈੱਟ ਦੀ ਵਰਤੋਂ ਕਰਨ ਵਾਲਿਆਂ ਵੱਲੋਂ ਸਨ।

ਪਰ ਸਰਕਾਰ ਨੂੰ ਸੋਸ਼ਲ ਸਾਈਟਸ ’ਤੇ ਸ਼ਿਕੰਜਾ ਕਸਣ ਦਾ ਬਹਾਨਾ ਮਿਲ ਗਿਆ ਅਤੇ ਮੌਕੇ ਦਾ ਫਾਇਦਾ ਉਠਾਉਂਦੇ ਹੋਏ ਸਰਕਾਰ ਨੇ ਆਪਣੇ ਵਿਰੋਧੀ ਬਲਾਗਸ ਅਤੇ ਸੋਸ਼ਲ ਨੈਟਵਰਕਿੰਗ ਸਾਈਟਾਂ ਨੂੰ ਬਲਾਕ ਕਰਨਾ ਸ਼ੁਰੂ ਕਰ ਦਿੱਤਾ। ਗੱਲ ਇਥੇ ਖ਼ਤਮ ਨਹੀਂ ਹੋਈ। ਸਰਕਾਰ ਨੇ ਦੋ ਪੱਤਰਕਾਰਾਂ ਦੇ ਟਵਿਟਸ ਨੂੰ ਵੀ ਬਲਾਕ ਕਰ ਦਿੱਤਾ ਗਿਆ। ਇਸ ਬਹਾਨੇ ਬ੍ਰਿਟਿਸ਼ ਅਖ਼ਬਾਰ ‘ਦਾ ਟੈਲੀਗ੍ਰਾਫ਼’ ਅਤੇ ਟੀ.ਵੀ ਨੈਟਵਰਕ ਅਲ ਜਜੀਰਾ’ ਦੇ ਕੁਝ ਪੰਨਿਆਂ ਨੂੰ ਵੀ ਬਲਾਕ ਕਰਨ ਲਈ ਕਿਹਾ ਗਿਆ। ਇਹ ਸਭ ਬਿਨਾਂ ਕੋਈ ਕਾਰਨ ਦੱਸੇ ਕੀਤਾ ਗਿਆ। ਇਕ ਰਟਿਆ-ਰਟਾਇਆ ਦੇਸ਼ ਦੀ ਸੁਰੱਖਿਆ ਦਾ ਤਰਕ ਸਰਕਾਰ ਦਿੰਦੀ ਰਹੀ। ਪ੍ਰਭਾਵਿਤ ਪੱਤਰਕਾਰਾਂ ਦਾ ਕਹਿਣਾ ਹੈ, ਸਰਕਾਰ ਮੌਕੇ ਦਾ ਫਾਇਦਾ ਲੈ ਕੇ ਆਪਣੇ ਖਿਲਾਫ਼ ਲਿਖਣ ਵਾਲੇ ਪੱਤਰਕਾਰਾਂ ਅਤੇ ਅਖ਼ਬਾਰਾਂ ਦੀ ਆਵਾਜ਼ ਬੰਦ ਕਰਨਾ ਚਾਹੁੰਦੀ ਹੈ।

ਇਹੀ ਕਾਰਨ ਹੈ ਕਿ ਸਰਕਾਰ ਨੇ ਲੱਗੇ ਹੱਥੀਂ ਉਨ੍ਹਾਂ ਬਲਾਗਸ ਅਤੇ ਟਵਿਟਰ ਅਕਾਊਂਟਸ ਨੂੰ ਵੀ ਨੱਪ ਲਿਆ ਜਿਹੜੇ ਵਿਅੰਗ ਕਲਾ ਰਾਹੀਂ ਪ੍ਰਧਾਨ ਮੰਤਰੀ ਮਨਮੋਹਨ ਸਿੰਘ ’ਤੇ ਟਿਪਣੀ ਕਰਦੇ ਸਨ। ਖ਼ਬਰ ਹੈ ਕਿ ਪ੍ਰਧਾਨ ਮੰਤਰੀ ਦਫਤਰ ਨਾਲ ਮਿਲਦੇ-ਜੁਲਦੇ ਛੇ ਟਵਿਟਸ ਨੂੰ ਬਲਾਕ ਕਰ ਦਿੱਤਾ ਗਿਆ ਹੈ। ਇਸ ਤੋਂ ਤਾਂ ਇਹੀ ਸੰਦੇਸ਼ ਮਿਲਦਾ ਹੈ ਕਿ ਵਰਤਮਾਨ ਸਰਕਾਰ ਸਿਆਸੀ ਆਲੋਚਨਾ ਨੂੰ ਸਹਿਣ ਨਹੀਂ ਕਰ ਸਕਦੀ ਅਤੇ ਨਾਗਰਿਕਾਂ ਦੇ ਬੋਲਣ ਦੇ ਅਧਿਕਾਰ ਨੂੰ ਕੁਚਲਣ ਲਈ ਕਿਸੇ ਵੀ ਹੱਦ ਤੱਕ ਜਾ ਸਕਦੀ ਹੈ।

ਮਨਮੋਹਨ ਸਿੰਘ ਸਰਕਾਰ ਅਜਿਹੀ ਕੋਸ਼ਿਸ਼ ਪਹਿਲਾਂ ਵੀ ਕਰ ਚੁੱਕੀ ਹੈ। ਮਾਰਚ, 2012 ਵਿਚ ਮੀਡੀਆ ਸਬੰਧੀ ਸਾਈਟ ‘ਰਿਪੋਰਟਰਸ ਵਿਦਾਊਟ ਬਾਡਰਸ’ ਨੇ ਕਿਹਾ ਸੀ ਕਿ ਭਾਰਤ ਸਰਕਾਰ ਇੰਟਰਨੈੱਟ ਸੇਵਾ ਮੁਹੱਈਆ ਕਰਨ ਵਾਲਿਆਂ ’ਤੇ ਨੈੱਟ ਵਰਤੋਂ ਕਰਨ ਵਾਲਿਆਂ ਦਾ ਨਿਜੀ ਬਿਓਰਾ ਮੁਹੱਈਆ ਕਰਾਉਣ ਦਾ ਦਬਾਅ ਬਣਾ ਰਹੀ ਹੈ। ਗੂਗਲ ਦਾ ਵੀ ਕਹਿਣਾ ਹੈ ਕਿ ਸੰਨ 2011 ਵਿਚ ਪਿਛਲੇ ਮਹੀਨਿਆਂ ਦੀ ਤੁਲਨਾ ਵਿਚ ਜੁਲਾਈ ਤੋਂ ਦਸੰਬਰ ਵਿਚਾਲੇ ਭਾਰਤ ਸਰਕਾਰ ਵੱਲੋਂ ਸਮੱਗਰੀ ਹਟਾਏ ਜਾਣ ਸਬੰਧੀ ਅਪੀਲ ਵਿਚ 49 ਫੀਸਦੀ ਦਾ ਵਾਧਾ ਹੋਇਆ ਸੀ।

ਸਾਫ਼ ਹੈ ਕਿ ਸਰਕਾਰ ਸੋਸ਼ਲ ਮੀਡੀਆ ਨੂੰ ਕਾਬੂ ਕਰਨ ਦੇ ਬਹਾਨੇ ਸਿਆਸੀ ਸੈਂਸਰਸ਼ਿਪ ਲਾਗੂ ਕਰਨਾ ਚਾਹੁੰਦੀ ਹੈ। ਪਿਛਲੇ ਸਾਲ ਨਿਊਯਾਰਕ ਇੰਡੀਆ ਇੰਕ ਬਲਾਕ ਵਿਚ ਇਕ ਖ਼ਬਰ ਸੀ ਕਿ ਸੰਚਾਰ ਮੰਤਰੀ ਕਪਿਲ ਸਿੱਬਲ ਨੇ ਵੱਡੀਆਂ ਸੋਸ਼ਲ ਕੰਪਨੀਆਂ ਦੇ ਪ੍ਰਤੀਨਿਧੀਆਂ ਦੀ ਇਕ ਮੀਟਿੰਗ ਸੱਦ ਕੇ ਉਨ੍ਹਾਂ ਨੂੰ ਫੇਸਬੁੱਕ ’ਤੇ ਦੇਸ਼ ਦੇ ਇਕ ਨੇਤਾ (ਮਨਮੋਹਨ ਸਿੰਘ) ’ਤੇ ਬਣੇ ਕਾਰਟੂਨ ਦਿਖਾਏ ਅਤੇ ਉਨ੍ਹਾਂ ਨੂੰ ਆਪਣੀਆਂ-ਆਪਣੀਆਂ ਸਾਈਟਾਂ ’ਤੇ ਛਪਣ ਵਾਲੀ ਸਮੱਗਰੀ ਨੂੰ ਪਹਿਲਾਂ ਸੈਂਸਰ ਕਰਨ ਦਾ ਪ੍ਰਸਤਾਵ ਰੱਖਿਆ ਸੀ। ਪਿਛਲੇ ਸਾਲ ਹੀ ‘ਦਾ ਹਿੰਦੂ’ ਵਿਚ ਛਪੀ ਖ਼ਬਰ ਅਨੁਸਾਰ ਗੂਗਲ ਨੇ ਦੱਸਿਆ ਕਿ ਜਨਵਰੀ ਤੋਂ ਜੂਨ 2011 ਵਿਚਾਲੇ ਉਸ ਤੋਂ 358 ਸਮੱਗਰੀਆਂ ਨੂੰ ਹਟਾਉਣ ਲਈ ਕਿਹਾ ਗਿਆ। ਇਨ੍ਹਾਂ ਵਿਚੋਂ 255 ਸਮੱਗਰੀਆਂ ‘ਸਰਕਾਰੀ ਆਲੋਚਨਾ’ ਦੀ ਸ਼੍ਰੇਣੀ ਵਿਚ ਆਉਂਦੀਆਂ ਸਨ।

ਅਖ਼ਬਾਰ ਅੱਗੇ ਲਿਖਦਾ ਹੈ ਕਿ ਰੋਚਕ ਤੱਥ ਇਹ ਹੈ ਕਿ ਸਮੱਗਰੀ ਦੇ ਵੱਡੇ ਹਿੱਸੇ ਨੂੰ ਹਟਾਉਣ ਦੀ ਅਪੀਲ ਇਕ ਕਾਨੂੰਨ ਲਾਗੂ ਕਰਵਾਉਣ ਵਾਲੀ ਸਥਾਨਕ ਏਜੰਸੀ ਤੋਂ ਹੀ ਆਈ ਸੀ ਜੋ ਆਰਕੁਟ ਤੋਂ ਅਜਿਹੇ 236 ਗਰੁਪ ਅਤੇ ਪ੍ਰੋਫਾਈਲਸ ਨੂੰ ਹਟਵਾਉਣਾ ਚਾਹੁੰਦੀ ਸੀ ਜੋ ਇਕ ਸਥਾਨਕ ਨੇਤਾ ਦੀ ਆਲੋਚਨਾ ਨਾਲ ਭਰੇ ਸਨ। ਗੂਗਲ ਨੇ ਇਸ ਨੇਤਾ ਦਾ ਨਾਮ ਦੱਸਣ ਤੋਂ ਤਾਂ ਮਨ੍ਹਾ ਕਰ ਦਿੱਤਾ, ਪਰ ਇੰਨਾ ਜ਼ਰੂਰ ਕਿਹਾ ਕਿ ਉਸ ਨੇ ਅਪੀਲ ਮੰਨਣ ਤੋਂ ਮਨ੍ਹਾ ਕਰ ਦਿੱਤਾ ਕਿਉਂਕਿ ਸਮੱਗਰੀ ਕਾਨੂੰਨ ਦਾ ਉਲੰਘਣ ਨਹੀਂ ਕਰਦੀ ਸੀ। ਕਪਿਲ ਸਿੱਬਲ ਦੇ ਇਸ ਕਦਮ ਦੀ ਵਿਆਪਕ ਆਲੋਚਨਾ ਹੋਈ। ਮੰਤਰੀ ਸਮੱਗਰੀ ਤੋਂ ਪਹਿਲਾਂ ਸੈਂਸਰ ਦੇ ਪ੍ਰਸਤਾਵ ਵਾਲੀ ਗੱਲ ਤੋਂ ਮੁੱਕਰ ਗਏ ਅਤੇ ਪੱਤਰਕਾਰਾਂ ਨੂੰ ਦੇਵੀ-ਦੇਵਤਾਵਾਂ ਦੇ ਚਿੱਤਰਾਂ ਵਾਲੇ ਫੇਸਬੁੱਕ ਦੇ ਪੇਜ ਦਿਖਾ ਕੇ ਕਹਿਣ ਲੱਗੇ ਕਿ ਉਹ ਤਾਂ ਇਸ ਸਮੱਗਰੀ ਨੂੰ ਹਟਾਉਣ ਦੀ ਗੱਲ ਕਰ ਰਹੇ ਸਨ।

Harjeet Sandhu
REALTOR
''Serving all your Real Estate needs"
ਕਿਸੇ ਵੀ ਪ੍ਰਕਾਰ ਦੀ ਜਾਇਦਾਦ ਵੇਚਣੀ ਜਾਂ ਖ੍ਰੀਦਣੀ ਹੋਵੇ ਤਾਂ ਆਪਣੀ ਕਮਿਊਨਿਟੀ ਦੇ ਭਰੋਸੇਯੋਗ ਰੀਅਲਟਰ ਹਰਜੀਤ ਸੰਧੂ ਨੂੰ ਮਿਲੋ ਜਾਂ ਫੋਨ ਕਰੋ ।
"CONVERTING YOUR DREAMS INTO REALITY"

(780) 233-3100
Friendly Service & Free Market Evaluation

To view Thousands of properties online visit:
www.harjeetsandhu.com
harjsandhu@gmail.com
Realty Executives Polaris
Each Office Independently Owned and Operated
4107-99 St., Edmonton AB T6E 3N4
Tel: (780) 450-6300 (24hrs),
Fax: (780) 450-6670
Polaris
100 PERCENT CLUB REALTY EXECUTIVES
EXECUTIVE CLUB REALTY EXECUTIVES
REALTOR MLS MULTIPLE LISTING SERVICE
Member - Edmonton Real Estate Board, Residential & Commercial Divsion

LIQUOR STORE ON SALE
Located In a Very Busy Plaza
Close To Cineplex, Restaurants
ਸੇਂਟ ਐਲਬਰਟ ਟਰੇਲ (137 ਐਵੀਨਿਊ) ਐਡਮਿੰਟਨ ਵਿੱਚ ਚੰਗੀ ਸੇਲ ਨਾਲ ਚੱਲ ਰਹੇ ਲਿਕਰ ਸਟੋਰ ਨੂੰ ਖ੍ਰੀਦਣ ਦਾ ਸੁਨਹਿਰੀ ਮੌਕਾ।
ਵਾਜਬ ਕੀਮਤ, ਇਨਵੈਂਟਰੀ ਸਮੇਤ
15 ਸਾਲ ਲੀਜ਼ ਹਾਲੇ ਬਾਕੀ।
Contact : ਪਾਲ ਬੜਵਾਲ
ਸੰਪਰਕ : 587-708-6866

A City Limos Ltd.
Ph: 780-462-4940
Toll Free: 1-888-462-4623


Wedding
School Proms
Birthday
City Tours
Airport Service
Edmonton-Calgary Vancouver

Contact
780-951-7260
e-mail: dhaliwalsd@hotmail.com, www.acitylimousine.com

# ਜਾਨਦਾਰ ਕਹਾਣੀਕਾਰ, ਸ਼ਾਨਦਾਰ ਮਨੁੱਖ ਕੁਲਵੰਤ ਸਿੰਘ ਵਿਰਕ



ਪ੍ਰੇਮ ਪ੍ਰਕਾਸ਼

ਸ਼ਾਇਦ 1958 ਦੀ ਗੱਲ ਹੈ। ਵਿਰਕ ਕੇਂਦਰੀ ਸਰਕਾਰ ਦੇ ਇਨਫਰਮੇਸ਼ਨ ਬਿਓਰੋ 'ਚ ਅਸਿਸਟੈਂਟ ਇਨਫਰਮੇਸ਼ਨ ਆਫੀਸਰ ਸੀ। ਇਹ ਕੋਈ ਵੱਡੀ ਅਫਸਰੀ ਨਹੀਂ ਸੀ, ਪਰ ਉਦੋਂ ਸਾਨੂੰ ਵੱਡੀ ਲੱਗਦੀ ਸੀ। ਮੇਰੇ, ਮਹਿਰਮ ਯਾਰ ਤੇ ਜਸਵੰਤ ਸਿੰਘ ਵਿਰਦੀ ਤੋਂ ਇਲਾਵਾ ਵਿਰਕ ਦੀ ਬਹਿਣੀ-ਉੱਠਣੀ ਪਿਆਰਾ ਸਿੰਘ ਭੋਗਲ ਨਾਲ ਵੀ ਸੀ। ਅਸੀਂ ਉਸ ਪੱਤਰਕਾਰ ਦਾ ਮਜ਼ਾਕ ਉਡਾਉਂਦੇ ਹੁੰਦੇ ਸੀ।...ਸਾਹਿਤ ਬਾਰੇ ਗੱਲਾਂ ਕਰਦਿਆਂ ਮੈਂ ਕਦੇ ਵਿਰਕ ਨੂੰ ਛੇੜਦਾ,"ਕਹਾਣੀ ਤਾਂ ਤੁਹਾਡੀ ਚੰਗੀ ਹੈ ਪਰ ਇਹਦਾ ਅੰਤ ਭੋਗਲ ਵਰਗਾ ਐ। ਪਾਠਕ ਨੂੰ ਸਮਝਾਉਣ ਲਈ ਲਿਖਿਆ ਹੋਇਆ।"....ਵਿਰਕ ਕਦੇ ਸੰਜੀਦਾ ਹੋ ਕੇ ਮੰਨ ਲੈਂਦਾ ਸੀ ਕਿ ਇਹ ਗੱਲ ਉਹਨੂੰ ਭੋਗਲ ਨੇ ਸੁਝਾਈ ਸੀ।.....ਫੇਰ ਵਿਰਕ ਮੈਨੂੰ ਛੇੜਨ ਲਈ ਤੀਰ ਛੱਡਦਾ "ਤੇਰੀ ਕਹਾਣੀ ਚੰਗੀ ਵੀ ਹੋਵੇ, ਪਰ ਉਹਧੀਰ ਦੇ ਨੇੜੇ-ਤੇੜੇ ਰਹਿੰਦੀ ਏ।...ਤੁਸੀਂ ਧੀਰ ਵਾਲੇ ਗਰੁੱਪ ਦੇ ਹੋਂ।" ਵਿਰਕ ਸੰਤੋਖ ਸਿੰਘ ਧੀਰ ਨੂੰ ਮਾੜੀ ਕਹਾਣੀ ਲਿਖਣ ਵਾਲੇ ਪ੍ਰਗਤੀਵਾਦੀਆਂ ਦੀ ਮਿਸ਼ਾਲ ਮੰਨਦਾ ਸੀ। ਮੈਂ ਹੁਣ ਉਹਦੇ ਨਾਲ ਸਹਿਮਤ ਹਾਂ।

ਇੱਕ ਵਾਰ ਵਿਰਕ ਨੂੰ ਸ਼ੌਕ ਕੁੱਦਿਆ ਕਿ ਲੇਖਕਾਂ ਨੂੰ ਘਰ ਸੱਦੇ। ਪੰਦਰਾਂ ਕੁ ਜਣੇ ਮਾਡਲ ਟਾਊਨ 'ਚ ਉਹਦੇ ਘਰ ਗਏ ਤਾਂ ਉਹਨੇ ਪਕੌੜਿਆਂ ਨਾਲ ਚਾਹ ਪਿਆਈ। ਫੇਰ ਉਹਨੇ ਨਵੀਂ ਕਹਾਣੀ ਸੁਣਾਈ। ਕਈਆਂ ਨੇ ਨੁਕਤਾਚੀਨ ਕੀਤੀ। ਜਿਹੜੀ ਵਿਰਕ ਨੂੰ ਸਹਾਰਨੀ ਔਖੀ ਹੋ ਗਈ। ਤੀਜੇ ਦਿਨ ਵਿਰਕ ਮਿਲਿਆ ਤਾਂ ਬੋਲਣ ਵਾਲਿਆਂ ਨੂੰ ਗਾਹਲਾਂ ਕੱਢੇ। ਆਖੇ, ਐਵੇਂ ਜਿਹੜੇ ਕੁੱਤੇ ਬਿੱਲੇ ਦਾ ਦਿਲ ਕੀਤਾ, ਬਕਵਾਸ ਕਰਨ ਲੱਗ ਪਿਆ। ਉਹਨੇ ਮੁੜ ਕਦੇ ਸਾਹਿਤਕਾਰਾਂ ਨੂੰ ਘਰ ਨਾ ਸੱਦਿਆ ਤੇ ਨਾ ਕਹਾਣੀ ਸੁਣਾਈ।

ਇਕ ਵਾਰੀ ਉਹ ਲੇਖਕ ਸਭਾ ਦੀ ਮੀਟਿੰਗ ਵਿੱਚ ਆ ਗਿਆ। ਉੱਥੇ ਹਰਨਾਮ ਦਾਸ ਸਹਿਰਾਈ ਆਪਣੀ ਬਦਕਲਾਮੀ ਦਿਖਾਉਂਦਾ ਹਵਾ ਨੂੰ ਗਾਹਲਾਂ ਕੱਢੀ ਜਾਂਦਾ ਸੀ। ਕਿਤੇ ਵਿਰਕ ਵੀ ਲਪੇਟ 'ਚ ਆ ਗਿਆ। ਵਿਰਕ ਨੇ ਪੈਰੋਂ ਗੁਰਗਾਬੀ ਕੱਢ ਕੇ ਡੈਸਕ 'ਤੇ ਰੱਖ ਕੇ ਉਹਨੂੰ ਕਿਹਾ," ਲੈ ਹੁਣ ਕੱਢ ਗਾਹਲ।".....ਸਹਿਰਾਈ ਡੌਰ ਭੌਰ ਹੋ ਗਿਆ। ਕੁਝ ਚਿਰ ਸੋਚਦਾ ਰਿਹਾ। ਫੇਰ ਉਹ ਉਠ ਕੇ ਚਲਿਆ ਗਿਆ।

ਵਿਰਕ ਬਹੁਤ ਗਲਾਧੜੀ ਸੀ। ਅਸੀਂ ਦੋ-ਦੋ ਘੰਟੇ ਬੈਠ ਕੇ ਲੁੱਚਗੜੁੱਚੀਆਂ ਮਾਰਦੇ ਰਹਿੰਦੇ ਸੀ। ਮੈਨੂੰ ਜਦ ਵੀ ਫੁਰਸਤ ਮਿਲਦੀ ਮੈਂ ਉਹਦੇ ਦਫ਼ਤਰ ਚਲਿਆ ਜਾਂਦਾ ਸੀ। ਅਸੀਂ ਬਹੁਤੀਆਂ ਗੱਲਾਂ ਆਮ ਆਦਮੀ ਦੇ ਵਿਹਾਰ ਖਾਸ ਕਰਕੇ ਔਰਤ ਤੇ ਮਰਦ ਵਿਚਲੇ ਰਿਸ਼ਤੇ ਬਾਰੇ ਕਰਦੇ ਸੀ। ਵਿਰਕ ਤੇ ਮੇਰੀਆਂ ਬਹੁਤੀਆਂ ਕਹਾਣੀਆਂ ਦਾ ਵਿਸ਼ਾ ਵੀ ਇਹੋ ਰਿਹਾ ਏ। ਵਿਰਕ ਆਪਣੀ ਇੱਕ ਘਾਟ ਇਹ ਮਹਿਸੂਸ ਕਰਦਾ ਸੀ ਕਿ ਉਸਨੇ ਖੇਤੀ ਦਾ ਕਦੇ ਕੰਮ ਨਹੀਂ ਸੀ ਕੀਤਾ। ਬਸ ਮੱਝਾਂ ਹੀ ਚਾਰੀਆਂ। ਤਦੇ ਉਹ 'ਦੋ ਆਨੇ ਦਾ ਘਾਹ' ਕਹਾਣੀ ਵਿੱਚ ਮੱਝਾਂ ਦੇ ਘਾਹ ਚੁਗਣ ਦੀ ਏਨੀ ਬਰੀਕਬਾਨੀ ਨਾਲ ਤਸਵੀਰ ਖਿੱਚ ਸਕਿਆ। ਉਹ ਚਹੁੰਦਾ ਸੀ ਕਿ ਕੋਈ ਅਜਿਹੀ ਕਹਾਣੀ ਲਿਖੇ, ਜੀਹਦੇ ਵਿੱਚ ਖੇਤਾਂ ਦਾ ਕੰਮ ਹੁੰਦਾ ਹੋਵੇ।...ਕਦੇ-ਕਦੇ ਵਿਰਕ ਨੂੰ ਇਹ ਵਿਗੋਚਾ ਹੁੰਦਾ ਕਿ ਉਹ ਪਿੰਡਾਂ ਨਾਲੋਂ ਟੁੱਟ ਗਿਆ ਏ। ਸ਼ਹਿਰ ਦੀ ਜ਼ਿੰਦਗੀ ਉਹਦੀ ਪਕੜ ਵਿੱਚ ਨਹੀਂ ਆਉਂਦੀ ਪਈ।

ਉਹਨੂੰ ਜਾਤਾਂ-ਗੋਤਾਂ ਦਾ ਬੜਾ ਖਿਆਲ ਸੀ। ਓਸੇ ਨੇ ਮੈਨੂੰ ਦੱਸਿਆ ਸੀ ਕਿ ਪ੍ਰੋ. ਮੋਹਨ ਸਿੰਘ ਪੂਰੀ ਖੱਤਰੀ ਹੈ। ਵਿਰਕ ਖੱਤਰੀਆਂ ਦਾ ਮਾਣ ਕਰਦਾ ਸੀ। ਸ਼ਾਇਦ ਮੇਰੇ ਸਾਹਮਣੇ ਬੈਠਣ ਕਰਕੇ। ਉਹ ਕਹਿੰਦਾ ਸੀ "ਪੁੱਤ ਜੰਮਣ ਖਤਰਾਣੀਆਂ, ਕੋਈ ਵਿਰਲੀ ਜੱਟੀ। ਮੈਂ ਵਿਰਲੀ ਜੱਟੀ ਦਾ ਜੰਮਿਆ ਪੁੱਤ ਹਾਂ।" ਉਹ ਆਪਣੀ ਤਾਰੀਫ਼ ਦਾ ਪਹਿਲੂ ਲੱਭ ਲੈਂਦਾ ਸੀ, ਕਦੇ ਛੁੱਟੀ ਹੁੰਦੀ ਮੈਂ ਵਿਰਕ ਦੇ ਘਰ ਮਾਡਲ ਟਾਊਨ ਚਲਿਆ ਜਾਂਦਾ। ਉਹਨੀਂ ਦਿਨੀਂ ਮੈਂ ਸਿਰਗਟ ਬਹੁਤ ਪੀਂਦਾ ਹੁੰਦਾ ਸੀ। ਡਰਾਇੰਗ ਰੂਮ 'ਚ ਬਹਿੰਦਿਆਂ ਹੀ ਮੈਂ ਸਿਰਗਟ ਲਾਉਣ ਲੱਗਦਾ ਤਾਂ ਵਿਰਕ ਆਪਣੀ ਪਤਨੀ ਨੂੰ ਕਹਿੰਦਾ, "ਆਹ ਲਿਆਵੀਂ ਜੁੱਤੀ। ਇਹਨੇ ਸਿਰਗਟ ਪੀਣੀ ਏ।"....ਉਹਦੇ ਘਰ ਇੱਕ ਐਸ਼ਟਰੇ ਸੀ ਜਿਸਦੀ ਸ਼ਕਲ ਦੇਸੀ ਜੁੱਤੀ ਵਰਗੀ ਸੀ। ਵਿਰਕ ਦਾ ਮੁੰਡਾ ਬੜੇ ਧਿਆਨ ਨਾਲ ਮੇਰੇ ਮੂੰਹ 'ਚੋਂ ਧੂੰਆਂ ਨਿਕਲਦਾ ਦੇਖਦਾ ਰਹਿੰਦਾ ਸੀ। ਉਹ ਹੈਰਾਨੀ ਨਾਲ ਕਹਿੰਦਾ,"ਧੂੰਅ...ਧੂੰਅ।"

ਇੱਕ ਵਾਰ ਅਸੀਂ ਐਵੇਂ ਗੱਲਾਂ ਕਰਦੇ-ਕਰਦੇ ਜ਼ੋਰਆਜਮਾਈ ਕਰਨ ਲੱਗ ਗਏ। ਇੱਕ ਦੂਜੇ ਨੂੰ ਧੱਕਦੇ ਘੁਲਣ ਲੱਗ ਪਏ। ਵਿਰਕ ਨੇ ਪੈਰ ਨਾਲ ਮੇਜ਼ ਦੀ ਅੜੇਸ ਲੈ ਕੇ ਮੈਨੂੰ ਢਾਹ ਲਿਆ। ਮੈਂ ਰੌਲਾ ਪਾਇਆ ਕਿ ਮੇਰੇ ਨਾਲ ਰੌਂਡ ਮਾਰੀ। ਮੁੜ ਕੇ ਆ। ਵਿਰਕ ਕਹਿੰਦਾ,"ਰਹਿਣ ਦੇ, ਢਹਿਣ ਵਾਲੇ ਸਾਰੇ ਇਵੇਂ ਹੀ ਕਰਦੇ ਹੁੰਦੇ ਨੇ।

ਵਿਰਕ ਸਭਿਅ ਜੱਟ ਸੀ। ਪਰ ਇੱਕ ਵਾਰ ਜਦ ਉਹ ਮੁੱਖ ਮੰਤਰੀ ਦਾ ਸੈਕਟਰੀ ਸੀ, ਮੈਂ ਚੰਡੀਗੜ੍ਹ ਲੇਖਕਾਂ ਦੀ ਮੀਟਿੰਗ ਤੋਂ ਵਿਹਲਾ ਹੋ ਕੇ ਉਹਦੇ ਘਰ ਵੱਲ ਨੂੰ ਤੁਰਿਆ ਤਾਂ ਪਾਸ਼ ਵੀ ਨਾਲ ਹੋ ਲਿਆ। ਉਹ ਕਹਿੰਦਾ,"ਮੈਂ ਤੁਹਾਡੇ ਨਾਲ ਜਾਣੈ।" ਮੈ ਕਿਹਾ, ਮੈਂ ਤਾਂ ਕਿਸੇ ਓਪਰੇ ਬੰਦੇ ਦੇ ਚੱਲਿਆਂ। ਉਹ ਮੱਲੋ-ਮੱਲੀ ਮੇਰੇ ਪਿੱਛੇ ਤੁਰੀ ਗਿਆ। ਵਿਰਕ ਦਾ ਘਰ ਨੇੜੇ ਹੀ ਸੀ। ਬੈੱਲ ਕਰਨ 'ਤੇ ਵਿਰਕ ਨੇ ਮੈਨੂੰ ਦੇਖਿਆ । ਕਹਿੰਦਾ, ਆ ਜਾ। ਫੇਰ ਜਦ ਉਹਨੇ ਪਾਸ਼ ਨੂੰ ਦੇਖਿਆ ਤਾਂ ਖਿਝ ਗਿਆ। ਉਹਨੇ ਦੋ ਗਾਹਲਾਂ ਮੈਨੂੰ ਪੰਜ ਪਾਸ਼ ਨੂੰ ਤੇ ਵੀਹ ਕਾਮਰੇਡਾਂ ਨੂੰ ਕੱਢੀਆਂ। ਪਰ ਅਸੀਂ ਪਰੇ ਖੜੇ ਪਾਸ਼ ਨੂੰ ਜਾਣ ਲਈ ਨਾ ਕਹਿ ਸਕੇ। ਉਹਨੂੰ ਪਾਣੀ ਪਿਆ ਕੇ ਤੋਰ ਦਿੱਤਾ। ਉਹਦੇ ਜਾਣ ਤੋਂ ਬਾਅਦ ਵਿਰਕ ਨੇ ਡਰਾਇੰਗ ਰੂਮ ਦੇ ਕਾਲੀਨ ਦਾ ਲੜ ਚੁੱਕ ਕੇ ਹੇਠੋਂ ਇੱਕ ਪਰਚਾ ਕੱਢ ਕੇ ਵਿਖਾਇਆ। ਜੀਹਦੇ ਵਿੱਚ ਉਹਦੀ ਨਵੀਂ ਕਹਾਣੀ ਛਪੀ ਸੀ। ਉਹ ਉਹਨੇ ਆਪਣੀ ਪਤਨੀ ਬੰਸੀ ਤੋਂ ਲੁਕ ਕੇ ਰੱਖਿਆ ਹੋਇਆ ਸੀ। ਉਹ



ਕਹਾਣੀ ਉਹਦੀ ਸਹੇਲੀ ਬਾਰੇ ਸੀ। ਜੀਹਦੀਆਂ ਗੱਲਾਂ ਮੈਂ ਉਹਦੀ ਪਤਨੀ ਨਾਲ ਕਰਦਾ ਹੁੰਦਾ ਸੀ। ਇੱਕ ਵਾਰੀ ਮੈਂ ਪੁੱਛਿਆ ਕਿ ਉਹ ਦਿੱਲੀ ਵਾਲੀ ਹੈ ਜਾਂ ਪਟਿਆਲੇ ਵਾਲੀ?....ਉਹ ਕਹਿੰਦੀ," ਹੁਣ ਤਾਂ ਚੰਡੀਗੜ੍ਹ ਵਾਲੀ ਹੈ ਮਰਜਾਣੀ।"

ਵਿਰਕ ਨੂੰ ਕਵਿਤਾ ਅਤੇ ਸੰਗੀਤ ਵਿੱਚ ਕੋਈ ਦਿਲਚਸਪੀ ਨਹੀਂ ਸੀ। ਗ਼ਜ਼ਲ ਉਹ ਪੜ੍ਹਦਾ ਹੀ ਨਹੀਂ ਸੀ। ਕਵਿਤਾ ਦਾ ਸਿਰਾ ਉਹਨੂੰ ਲੋਕ ਗੀਤ ਲੱਗਦੇ। ਉਹ ਬੋਲੀਆਂ ਦਹਰਾਉਂਦਾ ਰਹਿੰਦਾ। ਜਿਵੇਂ....ਅੱਧੀ ਤੇਰੀ ਵੇ ਮੁਲਾਹਜੇਦਾਰਾ, ਅੱਧੀ ਆਂ ਗਰੀਬ ਜੱਟ ਦੀ।...ਪਰ ਲੋਕ ਗਾਇਕੀ ਲਈ ਉਹਦੇ ਕੰਨ ਨਹੀਂ ਸਨ ਉਠਦੇ।

ਵਿਰਕ ਬਲਵੰਤ ਗਾਰਗੀ ਨੂੰ ਨਫ਼ਰਤ ਕਰਦਾ ਸੀ। ਗਾਰਗੀ ਨੇ ਅਮਰੀਕਾ ਦੀ ਫੇਰੀ ਬਾਰੇ ਆਰਸੀ 'ਚ ਲਿਖਿਆ ਕਿ ਉਹ ਓਸ ਫੈਸਟੀਵਲ 'ਚ ਸ਼ੋਖ ਰੰਗਾਂ ਦੀ ਚੈਕ ਦੀ ਬੁਸ਼ਰਟ ਪਾਈ ਫਿਰਦਾ ਫਿਲਮੀ ਹੀਰੋ ਲੱਗਦਾ ਸੀ। ਆਰਸੀ ਦੇ ਅਗਲੇ ਅੰਕ ਵਿੱਚ ਵਿਰਕ ਦੀ ਸੰਖੇਪ ਚਿੱਠੀ ਛਪੀ। ਉਹਨੇ ਪੁੱਛਿਆ ਸੀ ਕਿ ਕੀ 'ਗੀਂਢੇ ਤੇ ਗੰਜੇ' ਵੀ ਫਿਲਮੀ ਹੀਰੋ ਹੋ ਸਕਦੇ ਨੇ?

ਇੱਕ ਸ਼ਾਮ ਵਿਰਕ ਦਾ ਫੋਨ ਆਇਆ ,"ਛੁੱਟੀ ਕਦੋਂ ਕਰਨੀ ਏ? ...ਐਸ਼ ਸਾਹਿਬ ਨੂੰ ਕਹਿ ਕੇ ਛੁੱਟੀ ਕਰਕੇ ਹੁਣੇ ਆ ਜਾ।...ਤੈਨੂੰ ਕਿਸੇ ਨਾਲ ਮਿਲਉਣਾ ਏ।".... ਮੈਂ ਸਾਈਕਲ ਚੁੱਕ ਕੇ ਗਿਆ ਤਾਂ ਉਹਦੇ ਦਫ਼ਤਰ ਵਿੱਚ ਗਾਰਗੀ ਬੈਠਾ ਸੀ । ਰਸਮੀ ਤੁਆਰਫ ਤੋਂ ਬਾਅਦ ਵਿਰਕ ਨੇ ਕਿਹਾ ਕਿ ਆਪਾਂ ਮੋਤੀ ਮਹਿਲ ਜਾਣੇ ਏ। ਗਾਰਗੀ ਪੇਸ਼ਾਬ ਕਰਨ ਗਿਆ ਤਾਂ ਵਿਰਕ ਨੇ ਉਹਨੂੰ ਗਾਹਲਾਂ ਕੱਢਦਿਆਂ ਕਿਹਾ ਕਿ ਇਹ ਸਾਲਾ ਮੇਰੇ ਘਰ ਜਾਣ ਚਹੁੰਦਾ ਏ। ਆਪਾਂ ਇਹਨੂੰ ਬੀਅਰ ਪਿਆ ਕੇ ਭਜਾ ਦੇਣਾ ਏ। ਇਹ ਮੇਰੇ ਘਰ ਜਾਵੇਗਾ। ਮੇਰਾ ਬੈਡ, ਬਿਸਤਰਾ, ਗੁਸਲਖਾਨਾ, ਤੌਲੀਆ, ਖਾਣਾ ਵੇਖੇਗਾ।....ਫੇਰ ਮੇਰੇ ਰੇਖਾ ਚਿੱਤਰ ਵਿੱਚ ਆਪਣੀ ਭੈਣ....।"

ਫੇਰ ਉਹਨੇ ਆਪਣੇ ਮੇਜ ਦੀ ਹੇਠਲੀ ਦਰਾਜ ਵਿੱਚ ਪਏ ਕਾਗਜ਼ਾਂ ਦੇ ਵਿਚਕਾਰੋਂ ਕਿਤਿਓਂ ਦੋ ਤਿੰਨ ਨੋਟ ਕੱਢੇ । ਜੇਬ ਵਿੱਚ ਪਾ ਕੇ ਤਿਆਰ ਹੋ ਗਿਆ। ਅਸੀਂ ਇੱਕ ਬੀਅਰ ਬਾਰ 'ਚ ਜਾ ਬੈਠੇ। ਵਿਰਕ ਨੇ ਗਾਰਗੀ ਨੂੰ ਜ਼ਲੀਲ ਕਰਦਿਆਂ ਇਹ ਜ਼ਾਹਿਰ ਕਰ ਦਿੱਤਾ ਕਿ ਉਹ ਉਹਨੂੰ ਆਪਣੇ ਘਰ ਨਹੀਂ ਲਿਜਾ ਸਕਦਾ। ਕਿਸੇ ਗੱਲ 'ਤੇ ਬਹਿਸ ਹੁੰਦੀ ਤਾਂ ਮੈਂ ਵਿਰਕ ਦੀ ਹਰੇਕ ਹਾਮੀ ਭਰ ਦੇਂਦਾ। ਗਾਰਗੀ ਦੀ ਚੰਗੀ ਗੱਲ ਵੀ ਘੱਟੇ ਪੈ ਜਾਂਦੀ ਸੀ। ਉਹ ਬਹੁਤ ਦੁਖੀ ਹੋ ਗਿਆ।

ਅੰਤ ਨੂੰ ਵਿਰਕ ਨੇ ਪੁੱਛਿਆ "ਚੱਲੀਏ?".....ਉਹਨੇ ਬੈਰੇ ਨੂੰ ਬਿਲ ਲਿਆਉਣ ਲਈ ਕਿਹਾ। ਬਿਲ ਦੇ ਕੇ ਬਾਹਰ ਨਿਕਲੇ ਤਾਂ ਵਿਰਕ ਨੇ ਪੁੱਛਿਆ," ਹੁਣ ਤੁਹਾਡਾ ਕੀ ਪ੍ਰਪਗਰਾਮ ਏ?"

ਗਾਰਗੀ ਨੇ ਇੱਕ ਪਲ ਉਹਦੇ ਮੂੰਹ ਵੱਲ ਦੇਖਿਆ ਤੇ ਫੇਰ ਕਹਿੰਦਾ," ਮੈਂ ਮੋਹਨ ਸਿੰਘ ਦੇ ਜਾਵਾਂਗਾ।"

ਵਿਰਕ ਨੇ ਕੋਲ ਚੀਂ ਲੰਘਦਾ ਰਿਕਸ਼ਾ ਰੋਕ ਉਹਨੂੰ ਕਿਹਾ," ਹੁਸ਼ਿਆਰਪੁਰ ਚੌਕ ਦੇ ਨਾਲ ਦੀ ਗਲੀ ਤਕ ਲੈ ਜਾ।"

ਜਦ ਰਿਕਸ਼ਾ ਥੋੜ੍ਹੀ ਦੂਰ ਸ਼ਹੀਦ ਭਗਤ ਸਿੰਘ ਦੇ ਬੁੱਤ ਕੋਲ ਪੁੱਜਿਆ ਤਾਂ ਅਸੀਂ ਦੋਹਾਂ ਨੇ ਇੱਕ-ਦੂਜੇ ਵੱਲ ਦੇਖਿਆ। ਫਤਿਹ ਦੇ ਜੋਸ਼ 'ਚ ਚੀਕਾਂ ਮਾਰੀਆਂ ਤੇ ਵਿਹਲੀ ਸੜਕ 'ਤੇ ਟੱਪੇ। ਫੇਰ ਪੈਦਲ ਦਫ਼ਤਰ ਵੱਲ ਤੁਰ ਗਏ।

ਫੇਰ ਵਿਰਕ ਖੇਤੀਬਾੜੀ ਯੂਨੀਵਰਸਿਟੀ , ਲੁਧਿਆਣਾ ਵਿੱਚ ਜਾਇੰਟ ਡਾਇਰੈਕਟਰ ਇਨਫਰਮੇਸ਼ਨ ਐਂਡ ਕਮਿਊਨੀਕੇਸ਼ਨ ਬਣ ਕੇ ਦਿੱਲੀ ਤੋਂ ਲੁਧਿਆਣਾ ਆ ਗਿਆ। ਲੁਧਿਆਣਾ ਦੀ ਯੂਨੀਵਰਸਿਟੀ ਵਿੱਚ ਸਰਗਰਮੀਆਂ ਜ਼ੋਰਾਂ 'ਤੇ ਸਨ। ਮੈਂ 'ਲਕੀਰ' ਕੱਢਣਾ ਸ਼ੁਰੂ ਕੀਤਾ ਸੀ। ਵਿਰਕ ਪਤਾ ਨੀਂ ਕਿਉਂ ਮੇਰੇ ਇਸ ਕੰਮ ਨੂੰ ਪਸੰਦ ਕਰਦਾ ਸੀ। ਮੈਂ ਵਿਰਕ ਨੂੰ ਚਿੱਠੀ ਲਿਖੀ ਕਿ ਲਕੀਰ ਲਈ ਯੂਨੀਵਰਸਿਟੀ ਦਾ ਇਸ਼ਤਿਹਾਰ ਭਿਜਵਾ। ਉਹਦਾ ਜਵਾਬ ਆਇਆ ਕਿ ਇੱਕ ਤਾਂ ਤੂੰ ਯੂਨੀਵਰਸਿਟੀ ਦੇ ਵੀ ਸੀ ਐਮ ਐਸ ਰੰਧਾਵਾ ਖ਼ਿਲਾਫ ਲਿਖਦਾ ਏਂ। ਦੂਜਾ ਓਸੇ ਤੋਂ ਪੈਸੇ ਚਹੁੰਦਾ ਏਂ। ....ਇਹ ਨਹੀਂ ਹੋਣਾ ਮੈਂ ਆਪਣੀ ਜੇਬ 'ਚੋਂ ਦੇ ਦਿਆਂਗਾ।

ਮੈਂ ਜਦ ਲੁਧਿਆਣੇ ਜਾਣਾ ਵਿਰਕ ਨੂੰ ਮਿਲਣ ਤੋਂ ਗੁਰੇਜ ਕਰਨਾ। ਉਹ ਜਦ ਵੀ ਕਦੇ ਮਿਲਦਾ ਤਾਂ ਕਹਿੰਦਾ ," ਤੂੰ ਆਪ ਤੇ ਆਪਣੀਆਂ ਕਹਾਣੀਆਂ ਲੈ ਕੇ ਮਿਲ।"ਆਪਣੇ ਕਾਮਰੇਡਾਂ ਤੇ ਸਿਆਸੀ ਵਿਚਾਰਾਂ ਨੂੰ ਮੇਰੇ ਤੋਂ ਪਰੇ ਰੱਖ। ਉਹ ਸਾਰੇ ਕਾਮਰੇਡਾਂ ਨੂੰ ਗਾਹਲਾਂ ਕੱਢਦਾ ਹੁੰਦਾ ਸੀ। ਮੇਰੇ ਜਾਣ 'ਤੇ ਉਹਨੂੰ ਗੱਲਾਂ ਦੇ ਹੱਥੂ ਆ ਜਾਂਦੇ। ਸ਼ਾਮ ਤਕ ਬਿਠਾਈ ਰੱਖਦਾ। ਛੁੱਟੀ ਕਰਕੇ ਜਾਣ ਲੱਗਦਾ ਤਾਂ ਬਾਹਰ ਸਰਕਾਰੀ ਡਰਾਇਵਰ ਖੜਾ ਹੁੰਦਾ। ਵਿਰਕ ਉਹਨੂੰ ਹੱਥ ਦੇ ਇਸ਼ਾਰੇ ਨਾਲ ਟੋਰ ਦੇਂਦਾ। ਆਪ ਪੈਦਲ ਤੁਰਦਾ ਤੇ ਮੈਨੂੰ ਪੈਦਲ ਤੋਰਦਾ ਦੂਰ ਤਕ ਲੈ ਜਾਂਦਾ।

ਇੱਕ ਵਾਰ ਵਿਰਕ ਨੂੰ ਟੀ ਵੀ 'ਤੇ ਇੰਟਰਵਿਊ ਲਈ ਬੁਲਾਇਆ ਗਿਆ। ਮੈਨੂੰ ਕੰਪੀਅਰਿੰਗ ਲਈ। ਜਦ ਅਸੀਂ ਮੇਕਅੱਪ ਰੂਮ 'ਚੋਂ ਵਿਹਲੇ ਹੋ ਕੇ ਸਟੂਡਿਓ ਵੱਲ ਨੂੰ ਜਾਣ ਲੱਗੇ ਤਾਂ ਵਿਰਕ ਨੂੰ ਕੂਹਣੀ ਮਾਰ ਕੇ ਕਹਿੰਦਾ, "ਆ ਸੂਰਲਾ ਮਾਰ ਲਈਏ।"...ਅੰਦਰ ਜਾ ਕੇ ਵਿਰਕ ਨੇ ਪੈਂਟ ਦੀ ਹਿਪ ਪਾਕਟ 'ਚੋਂ ਸਟੀਲ ਦਾ ਪਊਆ ਕੱਢ ਕੇ ਦੋ ਤਿੰਨ ਘੁਟ ਭਰ ਲਏ ਤੇ ਮੈਂ ਲਾਰਪੋਜ਼ ਦੀ ਗੋਲੀ ਲੈ ਲਈ। ਮੈਨੂੰ ਪਤਾ ਸੀ ਸਟੇਜ ਜਾਂ ਮੈਕ 'ਤੇ ਬੋਲਦੇ ਵਿਰਕ ਦੀਆਂ ਲੱਤਾਂ ਕੰਬਦੀਆਂ ਹਨ।

ਜਸਵੰਤ ਦੀਦ ਰੇਡਿਓ ਸ਼ਟੇਸਨ ਜਲੰਧਰ 'ਚ ਪੈਕਸ ਸੀ। ਵਿਰਕ ਰੀਟਾਇਰ ਹੋ ਚੁੱਕਾ ਸੀ। ਮੁਹਾਲੀ ਦੇ ਫੇਜ਼ ਦਸ 'ਚ ਪੈਕਸ ਸੀ। ਵਿਰਕ ਰਿਟਾਇਰ ਹੋ ਚੁੱਕਾ ਸੀ। ਮੁਹਾਲੀ ਦੇ ਫੇਜ਼ ਦਸ 'ਚ ਰਹਿ ਰਿਹਾ ਸੀ। ਦੀਦ ਹਰ ਮਹੀਨੇ ਸਾਹਿਤਕਾਰਾਂ ਬਾਰੇ ਇੱਕ ਪ੍ਰੋਗਰਾਮ 'ਤਾਰਿਆ ਵੇ ਤੇਰੀ ਲੋਅ' ਬ੍ਰਾਡਕਾਸਟ ਕਰਦਾ ਸੀ। ਉਹ ਮੈਨੂੰ ਨਾਲ ਲੈ ਕੇ ਵਿਰਕ ਦੇ ਚਲਿਆ ਗਿਆ। ....ਵਿਰਕ ਕੁੜਤੇ ਪਜਾਮੇ 'ਚ ਗੰਭੀਰ ਬੈਠਾ ਸੀ। ਨਾ ਉਹਨੂੰ ਗੱਲਾਂ ਫੁਰ ਰਹੀਆਂ ਸਨ, ਨਾ ਹਾਸੇ। ਅਸਲ 'ਚ ਉਹ ਲੁਧਿਆਣੇ ਤੋਂ ਹੀ ਦਿਲ ਦੀ ਬਿਮਾਰੀ ਲਾਈ ਫਿਰਦਾ ਸੀ। ਮੈਨੂੰ ਪਤਾ ਸੀ ਲੁਧਿਆਣੇ ਉਹ ਬਹੁਤ ਮਾਨਸਿਕ ਤਣਾਓਂ ਵਿੱਚੀਂ ਲੰਘ ਕੇ ਆਇਆ ਸੀ। ਉਹ ਡਰਿਆ ਹੋਇਆ ਸੀ। ਅਸੀਂ ਇੱਕ ਵੱਖਰੇ ਕਮਰੇ 'ਚ ਵਿਰਕ ਨਾਲ ਗੱਲਾਂ ਕਰਨ ਲੱਗੇ। ਅਸੀਂ ਦੋਵੇਂ ਸਵਾਲ ਕਰਦੇ ਸੀ। ਵਿਰਕ ਬੜਾ ਸੋਚ ਕੇ ਬੋਚ-ਬੋਚ ਕੇ ਜਵਾਬ ਦੇਂਦਾ ਰਿਹਾ। ਉਹਨੇ ਸ਼ੋਖੀ ਵਾਲੀ ਕੋਈ ਗੱਲ ਨਹੀਂ ਕੀਤੀ, ਜਿਵੇਂ ਉਹ ਅਕਸਰ ਮੇਰੇ ਨਾਲ ਗੱਲਾਂ ਕਰਦਾ ਹੁੰਦਾ ਸੀ। ਸਾਹਿਤ ਤੋਂ ਹਟ ਕੇ ਜਦ ਨਿਜੀ ਜ਼ਿੰਦਗੀ ਬਾਰੇ ਸਵਾਲ ਪੁੱਛਦੇ ਸੀ ਤਾਂ ਉਹ ਚੁੱਪ ਹੀ ਕਰ ਜਾਂਦਾ ਸੀ। ਇੱਕ ਵਾਰੀ ਉਹਨੇ ਕਹਿ ਹੀ ਦਿੱਤਾ ਸੀ ਕਿ ਸਾਰੀਆਂ ਗੱਲਾਂ ਦੇ ਜਵਾਬ ਨਹੀਂ ਹੁੰਦੇ। ਫੇਰ ਅਸੀਂ ਮਿਸਿਜ ਵਿਰਕ ਨਾਲ ਗੱਲਾਂ ਕਰਨ ਲੱਗੇ ਤਾਂ ਵਿਰਕ ਉੱਠ ਕੇ ਦੂਜੇ ਕਮਰੇ 'ਚ ਚਲਿਆ ਗਿਆ। ਮਿਸਿਜ ਵਿਰਕ ਪਹਿਲਾਂ ਤਾਂ ਖੁਸ਼ੀ 'ਚ ਟਹਿਕੇ। ਜਦ ਵਿਰਕ ਦੇ ਨਿਜੀ ਜੀਵਨ ਬਾਰੇ ਗੱਲ ਛਿੜੀ ਤਾਂ ਦਿਲ ਦੀ ਭੜਾਸ ਕੱਢਦੀ ਨੇ ਵਿਰਕ ਦੇ ਲਿਖਣ ਵਾਲੀਆਂ ਨਾਲ ਸਬੰਧਾਂ ਨੂੰ ਲੈ ਕੇ ਬੜੀਆਂ ਸਖ਼ਤ ਗੱਲਾਂ ਕੀਤੀਆਂ। ਬੋਲਦਿਆਂ ਉਹਦੀ ਅੱਖਾਂ 'ਚ ਅੱਥਰੂ ਆ ਗਏ।

ਕੁਝ ਚਿਰ ਬਾਅਦ ਵਿਰਕ ਨੂੰ ਅਧਰੰਗ ਦਾ ਅਟੈਕ ਹੋ ਗਿਆ। ਉਹ ਪੀ ਜੀ ਆਈ 'ਚੋ ਮੁੜਿਆ ਸੀ। ਜਦ ਉਹ ਘਰ ਆ ਗਿਆ ਤਾਂ ਮੈਂ ਖ਼ਬਰ ਲੈਣ ਮੁਹਾਲੀ ਗਿਆ। ਉਹ ਡਰਾਇੰਗ ਰੂਮ ਵਿੱਚ ਬੈਡ 'ਤੇ ਬੈਠਾ ਸੀ। ਮੈਨੂੰ ਦੇਖ ਕੇ ਮੁਸਕਰਾਇਆ। ਬੈਠਣ ਦਾ ਇਸ਼ਾਰਾ ਕੀਤਾ। ਉਹਦੇ ਕੋਲੋਂ ਬੋਲ ਨਹੀਂ ਸੀ ਹੁੰਦਾ। ਆਪਣੇ ਪੁਰਾਣੇ ਸਟਾਇਲ 'ਚ ਯੱਭਲੀਆਂ ਮਾਰਨ ਦੀ ਕੋਸ਼ਿਸ਼ ਕਰਦਾ ਰਿਹਾ। ਮਿਸਿਜ ਵਿਰਕ ਚਾਹ ਲੈ ਆਈ। ਉਹ ਕਦੇ ਹੱਸਦੀ ਤੇ ਕਦੇ ਉਦਾਸ ਹੋ ਕੇ ਬਿਮਾਰੀ ਦੀ ਗੱਲ ਕਰਨ ਲੱਗ ਜਾਂਦੀ। ਵਿਰਕ ਕਦੇ ਕੋਈ ਸ਼ਬਦ ਬੋਲ ਕੇ ਤੇ ਕਦੇ ਇਸ਼ਾਰਿਆਂ ਗੱਲਾਂ ਕਰਦਾ ਰਿਹਾ ਸੀ।

ਵਿਰਕ ਫੇਰ ਸਖ਼ਤ ਬਿਮਾਰ ਸੀ। ਉਹ ਜਲੰਧਰ 'ਚ ਗੁਰੂ ਤੇਗ ਬਹਾਦਰ ਨਗਰ ਵਿੱਚ ਆਪਣੀ ਬੇਟੀ ਸੁਦੀਪ ਦੇ ਘਰ ਸੀ। ਮੈਂ ਤੇ ਸੁਰਜੀਤ ਹਾਂਸ ਉਹਦੀ ਖ਼ਬਰ ਲੈਣ ਗਏ। ਵਿਰਕ ਕੁੜਤੇ ਪਜਾਮੇ ਵਿੱਚ ਬੇਵਸ ਜਿਹਾ ਪਿਆ ਸੀ।

ਉਹ ਬਹੁਤ ਕਮਜ਼ੋਰ ਦਿੱਸਦਾ ਸੀ। ਉਹਦੀ ਚਿੱਟੀ ਖੁਲ੍ਹੀ ਦਾੜੀ ਉਹਦੀ ਛਾਤੀ 'ਤੇ ਪਈ ਸੀ। ਸਿਰ 'ਤੇ ਕੋਈ ਕੱਪੜਾ ਵਲ੍ਹੇਟਿਆ ਹੋਇਆ ਸੀ। ਮੈਨੂੰ ਪਤਾ ਸੀ ਕਿ ਉਹਦੇ ਸਿਰ 'ਤੇ ਹੁਣ ਕੋਈ ਵਾਲ਼ ਨਹੀਂ ਸੀ ਰਿਹਾ। ਵਿਰਕ ਸਾਨੂੰ ਦੇਖ ਕੇ ਖੁਸ਼ ਹੋਇਆ, ਮੁਸਕਰਾਇਆ। ਉਹ ਬੋਲ ਨਹੀਂ ਸੀ ਸਕਦਾ। ਸੈਨਤਾਂ ਨਾਲ ਗੱਲਾਂ ਸਮਝਾਉਂਦਾ ਸੀ। ਜੇ ਕੋਈ ਸ਼ਬਦ ਬੋਲਦਾ ਸੀ ਤਾਂ ਮਿਸਿਜ ਵਿਰਕ ਆਪਣਾ ਕੰਨ ਉਹਦੇ ਮੂੰਹ ਦੇ ਨੇੜੇ ਕਰਕੇ ਸੁਣਦੀ। ਸਾਨੂੰ ਅੰਦਾਜ਼ੇ ਨਾਲ ਦੱਸ ਦਿੰਦੀ।

ਫੇਰ ਇੱਕ ਵਾਰੀ ਮੈਂ ਤੇ ਮੀਸਾ ਮਿਲਣ ਗਏ। ਵਿਰਕ ਬਹੁਤ ਖੁਸ਼ ਹੋਇਆ। ਉਹ ਅੱਗੇ ਨਾਲੋਂ ਕੁਝ ਠੀਕ ਜਾਪਦਾ ਸੀ। ਅਸੀਂ ਤਿੰਨੇ ਸੈਨਤਾਂ ਨਾਲ ਹੀ ਬਹੁਤ ਗੱਲਾਂ ਕਰਦੇ ਰਹੇ। ਉੱਠ ਕੇ ਜਾਣ ਲੱਗੇ ਤਾਂ ਵਿਰਕ ਨੇ ਮੇਰਾ ਹੱਥ ਫੜ ਕੇ ਨੇੜੇ ਬਹਿਣ ਦੀ ਸੈਨਤ ਕੀਤੀ। ਮੈਂ ਬਹਿ ਗਿਆ। ਉਹਨੇ ਮੇਰਾ ਹੱਥ ਫੜੀ ਰੱਖਿਆ। ਉਹਦੇ ਬੁੱਲ੍ਹ ਕੋਈ ਗੱਲ ਕਰਨ ਨੂੰ ਜ਼ੋਰ ਮਾਰਦੇ ਰਹੇ। ਜਦ ਕੁਝ ਕਹਿ ਨਾ ਸਕਦੇ ਤਾਂ ਵਿਰਕ ਆਪਣੀ ਬੇਵਸੀ 'ਤੇ ਖੁਦ ਹੀ ਹੱਸ ਪੈਂਦਾ।

ਥੋੜੇ ਸਮੇਂ ਬਾਅਦ ਵਿਰਕ ਦਾ ਦੇਹਾਂਤ ਦਸੰਬਰ 1987 ਨੂੰ ਵਿਦੇਸ਼ 'ਚ ਆਪਣੀ ਲੜਕੀ ਦੇ ਘਰ ਹੋ ਗਿਆ। ਮੈਨੂੰ ਉਹਦੇ ਗੁਜ਼ਰਨ ਦੀ ਖ਼ਬਰ ਚੰਡੀਗੜ੍ਹ 'ਚ ਹੋਈ ਮਾਤਮੀ ਮੀਟਿੰਗ ਦੀ ਖ਼ਬਰ ਤੋਂ ਲੱਗੀ। ਮੀਡੀਆ ਵਾਲਿਆਂ ਨੂੰ ਉਹਦੇ 'ਚ ਕੋਈ ਦਿਲਚਸਪੀ ਨਹੀਂ ਸੀ। ਵਿਰਕ ਆਪ ਮੀਡੀਆ ਦਾ ਬੰਦਾ ਹੋ ਕੇ ਵੀ ਮੀਡੀਆ ਕੋਲੋਂ ਦੂਰ ਰਹਿਣਾ ਪਸੰਦ ਕਰਦਾ ਸੀ।

1990 ਵਿੱਚ ਜਸਵੰਤ ਦੀਦ ਨੇ ਦੂਰਦਰਸ਼ਨ ਜਲੰਧਰ ਵੱਲੋਂ ਵਿਰਕ ਬਾਰੇ ਫਿਲਮ ਬਣਾਉਣੀ ਸੀ। ....ਵਿਰਕ ਨੂੰ ਗੁਜ਼ਰਿਆਂ ਚੋਖਾ ਚਿਰ ਹੋ ਗਿਆ ਸੀ। ਏਸ ਤੋਂ ਪਹਿਲਾਂ ਪੰਜਾਬ ਸਰਕਾਰ ਦੇ ਸਾਂਸਕ੍ਰਿਤ ਮਾਮਲਿਆਂ ਦੇ ਵਿਭਾਗ ਦੇ ਮੁਖੀ ਜ.ਸ. ਆਹਲੂਵਾਲੀਆ ਨੇ ਵੀ ਗੁਲਜ਼ਾਰ ਸੰਧੂ ਦੀ ਸਹਾਇਤਾ ਨਾਲ ਵਿਰਕ ਬਾਰੇ ਇੱਕ ਫਿਲਮ ਬਣਾਈ ਸੀ। ਮੈਂ ਉਸ ਨਾਲ ਜੁੜਿਆ ਕੁਝ ਦੇਖਣ ਲਈ ਚੰਡੀਗੜ੍ਹ ਗਿਆ ਪਰ ਲੱਭਿਆ ਕੁਝ ਵੀ ਨਾ।....ਜਦ ਵਿਰਕ ਨੂੰ ਅਧਰੰਗ ਦਾ ਪਹਿਲਾ ਦੌਰਾ ਪਿਆ ਸੀ ਤਾਂ ਗੁਲਜ਼ਾਰ ਉਹਦੀਆਂ ਗੱਲਾਂ ਬੜੇ ਦਰਦਨਾਕ ਢੰਗ ਨਾਲ ਸੁਣਾਉਂਦਾ। ....ਕਹਿੰਦਾ, "ਫਿਲਮ ਦਾ ਤੈਨੂੰ ਕੀ ਦੱਸਾਂ? ਵਿਰਕ ਨੂੰ ਤਾਂ ਆਪਣੇ ਆਪ ਦੀ ਖ਼ਬਰ ਨਹੀਂ ਸੀ। ਨਾ ਉਹ ਕਿਸੇ ਸਵਾਲ ਦਾ ਜਵਾਬ ਦੇਣ ਜੋਗਾ ਸੀ।....ਅਸੀਂ ਉਹਨੂੰ ਨਵਾਂ ਸੂਟ ਪੁਆ ਦਿੱਤਾ। ਫੋਟੋਆਂ ਲਈ ਗਏ। ਬਸ।"

ਮੈਂ ਇੱਕ ਮਹੀਨਾ ਲਾ ਕੇ ਸਕ੍ਰਿਪਟ ਤਿਆਰ ਕੀਤੀ। ਫਿਲਮ ਦੀ ਸੂਟਿੰਗ ਵੇਲੇ ਵੀ ਮੈਂ ਨਾਲ ਨਾਲ ਰਿਹਾ। ਜਲੰਧਰ 'ਚ ਵਿਰਕ ਦੀ ਬੇਟੀ ਤੇ ਉਸਦਾ ਪਤੀ ਡਾ. ਭੰਗੂ ਮਾਡਲ ਟਾਊਨ ਦੇ ਬਾਹਰਲੇ ਹਿੱਸੇ ਵਿੱਚ ਰਹਿੰਦੇ ਨੇ। ਦੀਦ ਨੇ ਉਹਨਾਂ ਨਾਲ ਵਕਤ ਮੁਕੱਰਰ ਕਰਕੇ ਮੈਨੂੰ ਵੀ ਬੁਲਾ ਲਿਆ। ਓਥੇ ਵਿਰਕ ਦੀ ਪਤਨੀ ਤੇ ਵਿਰਕ ਦਾ ਸਭ ਤੋਂ ਪੁਰਾਣਾ ਦੋਸਤ ਕੁੰਦਨ ਭਾਅ ਜੀ (ਕੁੰਦਨ ਸਿੰਘ) ਵੀ ਸੀ। ਉਹ ਲੁਧਿਆਣੇ ਤੋਂ ਆਏ ਸੀ। ਉਹ ਵਿਰਕ ਬਾਰੇ ਬੜੀਆਂ ਗੱਲਾਂ ਜਾਣਦੇ ਸੀ। ਉਹ ਮੈਨੂੰ ਦੱਸਦੇ ਰਹੇ ਕਿ ਕਿਵੇਂ ਵਿਰਕ ਕਿਤਾਬਾਂ ਦੀ ਦੁਕਾਨ ਤੋਂ ਕਿਤਾਬ ਚੁਰਾ ਲੈਂਦਾ ਸੀ ਤੇ ਕਿਵੇਂ ਉਹ ਬੰਦ ਮਕਾਨ ਦੇ ਰੌਸ਼ਨਦਾਨ ਵਿਚੀਂ ਅੰਦਰੋਂ ਇੱਕ ਪੋਟਲੀ ਕੱਢ ਲਿਆਇਆ ਸੀ। ਜੀਹਦੇ ਵਿੱਚੋਂ ਔਰਤਾਂ ਦੀ ਕੰਘੀ, ਕਲਿੱਪ, ਰੁਮਾਲ ਤੇ ਹੋਰ ਨਿੱਕ ਮੋਟਾ ਸਮਾਨ ਨਿਕਲਿਆ। ਇਹੋ ਜਿਹੀਆਂ ਚੋਰੀਆਂ ਨਾਲ ਉਹ ਬੜਾ ਖੁਸ਼ ਹੁੰਦਾ ਸੀ।

ਪਰ ਦੂਰਦਰਸ਼ਨ 'ਤੇ ਇਹੋ ਜਿਹੀਆਂ ਗੱਲਾਂ ਨਹੀਂ ਸੀ ਦੱਸੀ ਜਾ ਸਕਦੀਆਂ। ਵਿਰਕ ਦੀ ਇਹ ਫੱਕੜਬਾਜ਼ੀ ਵੀ ਨਹੀਂ ਸੀ ਦੱਸੀ ਜਾ ਸਕਦੀ ਕਿ ਇੱਕ ਵਾਰ ਉਹ ਮਾਡਲ ਟਾਊਨ ਤੋਂ ਦਫ਼ਤਰ ਵੱਲ ਜਾਂਦਾ ਰਾਹ ਜਾਂਦੀ ਇੱਕ ਜਨਾਨੀ ਨੂੰ ਛੇੜ ਆਇਆ। ਉਹਨੇ ਦਫ਼ਤਰ ਵਾਲਿਆਂ ਨੂੰ ਕਿਹਾ ਪਈ ਜੇ ਕੋਈ ਪੁੱਛੇ ਤਾਂ ਕਹਿ ਦੇਣਾ ਕਿ ਉਹ ਛੁੱਟੀ 'ਤੇ ਏ। .....ਹੁਣ ਅਜਿਹੀਆਂ ਗੱਲਾਂ ਸਰਕਾਰੀ ਚੈਨਲ 'ਤੇ ਥੋੜੀ ਦੱਸੀਆਂ ਜਾ ਸਕਦੀਆਂ ਨੇ।....ਫੇਰ ਲੁਧਿਆਣੇ ਰਹਿੰਦੇ ਹੋਏ ਵਿਰਕ ਦੀ ਜ਼ਿੰਦਗੀ 'ਚ ਕਈ ਭੂਚਾਲ ਆਏ ਸੀ। ਮੈਂ ਉਦੋਂ ਉਹਦੇ ਕੋਲ ਨਹੀਂ ਸੀ। ਪਰ ਦੋਸਤਾਂ ਰਾਹੀਂ ਗੱਲਾਂ ਮੇਰੇ ਤੱਕ ਪਹੁੰਚਦੀਆਂ ਰਹੀਆਂ ਸਨ। ਲੁਧਿਆਣੇ ਦੇ ਉਹਨਾਂ ਆਖ਼ਰੀ ਸਾਲਾਂ ਵਿੱਚ ਵਿਰਕ ਨੂੰ ਦੱਬ ਲਿਆ ਸੀ।

(ਪੁਸਤਕ ਆਤਮ-ਮਾਯਾ ਵਿੱਚੋਂ )

# ਗ਼ਲਤ-ਮਲਤ ਜ਼ਿੰਦਗੀ



ਪ੍ਰਗਟ ਸਿੰਘ ਸਤੌਜ
+91-95922-74200
pargatsinghsatauj@gmail.com

**"ਭਾਗੂ" ਨਾਵਲ ਰਾਹੀਂ ਪ੍ਰਗਟ ਸਿੰਘ ਸਤੌਜ ਨੇ ਪੰਜਾਬੀ ਸਾਹਿਤ ਵਿੱਚ ਪ੍ਰਵੇਸ਼ ਕੀਤਾ ਤੇ "ਤੀਵੀਆਂ" ਨਾਵਲ ਲਿਖ ਕੇ ਉਹ ਇਸ ਪਿੜ ਵਿੱਚ ਪੱਕੇ ਪੈਰੀਂ ਹੋ ਗਿਆ। ਨਾਵਲ ਦੇ ਨਾਲ ਨਾਲ ਪਿਛਲੇ ਕੁਝ ਸਮੇਂ ਤੋਂ ਵੱਖ-ਵੱਖ ਸਾਹਿਤਕ ਪਰਚਿਆਂ ਵਿੱਚ ਛਪੀਆਂ ਉਸਦੀਆਂ ਪੇਂਡੂ ਧਰਾਤਲ ਵਾਲੀਆਂ ਕਹਾਣੀਆਂ ਨੇ ਵੀ ਪਾਠਕਾਂ ਦਾ ਵਿਸ਼ੇਸ਼ ਧਿਆਨ ਖਿੱਚਿਆ ਹੈ। ਇੰਨੀ ਛੋਟੀ ਉਮਰ ਵਿੱਚ ਸਾਹਿਤਕ ਹਲਕਿਆਂ ਵਿੱਚ ਭਰਵੀਂ ਹਾਜ਼ਰੀ ਲਵਾਉਣੀ ਪ੍ਰਗਟ ਸਿੰਘ ਸਤੌਜ ਦੀ ਪ੍ਰਤਿਭਾ ਦਾ ਕਮਾਲ ਹੈ। ਅਸੀਂ ਇੱਥੇ ਆਪਣੇ ਪਾਠਕਾਂ ਨਾਲ ਇਸ ਨੌਜਵਾਨ ਲੇਖਕ ਦੀ ਪਹਿਚਾਣ ਉਸਦੀ ਨਵੀਂ ਲਿਖੀ ਕਹਾਣੀ "ਗ਼ਲਤ-ਮਲਤ ਜ਼ਿੰਦਗੀ" ਰਾਹੀਂ ਕਰਵਾ ਰਹੇ ਹਾਂ- ਸੰਪਾਦਕ**

**ਪਿਛਲੇ ਕੁਝ ਕੁ ਸਮੇਂ 'ਚ ਹੀ ਪੰਜਾਬ ਦੀਆਂ ਆਰਥਿਕ, ਸਮਾਜਿਕ ਅਤੇ ਸੱਭਿਆਚਾਰਕ ਪ੍ਰਸਿਥਿਤੀਆਂ ਵਿੱਚ ਕਾਫੀ ਤਬਦੀਲੀ ਆਈ ਹੈ। ਪੰਜਾਬੀ ਜੀਵਨ ਕਾਫੀ ਬਦਲ ਗਿਆ ਹੈ, ਇਉਂ ਜਾਪਦਾ ਹੈ ਜਿਵੇਂ ਸਾਡੇ ਚਿਹਰੇ ਅਲੋਪ ਹੋ ਗਏ ਹਨ ਤੇ ਮਖੌਟੇ ਰਹਿ ਗਏ ਹੋਣ, ਕੋਈ ਕਿਸੇ ਨੂੰ ਨਹੀਂ ਪਹਿਚਾਣਦਾ, ਭਰਾ ਨੂੰ ਭਰਾ ਨਹੀਂ ਪਹਿਚਾਣਦਾ ਪੁੱਤਰ ਬਾਪ ਨੂੰ ਨਹੀਂ ਪਹਿਚਾਣਦਾ। ਜੀਵਨ ਦਾ ਅਧਾਰ ਸਿਰਫ਼ ਆਰਥਿਕ ਪੱਖੀ ਨਜ਼ਰੀਆ ਹੈ। ਬਜ਼ਾਰ ਵਿਹੜੇ ਵਿੱਚ ਆ ਵੜਿਆ ਹੈ, ਦਿਮਾਗ 'ਚ ਟੀ ਵੀ ਬਹਿ ਗਿਆ ਹੈ ਤੇ ਘਰ ਕਮਰਿਆਂ ਵਿੱਚ ਵੰਡਿਆ ਗਿਆ ਹੈ। ਪ੍ਰਚਾਰਿਆ ਇਹ ਜਾ ਰਿਹਾ ਹੈ ਕਿ ਇਹਨਾਂ ਵਸਤੂਆਂ ਤੇ ਵਰਤਾਰਿਆਂ ਨੇ ਸਾਡਾ ਜੀਵਨ ਮਿਆਰ ਬਹੁਤ ਉੱਚਾ ਚੁੱਕ ਦਿੱਤਾ ਹੈ ਪਰ ਸੱਚ ਇਹ ਹੈ ਕਿ ਇਹਨਾਂ ਵਸਤੂਆਂ ਤੇ ਵਰਤਾਰਿਆਂ 'ਚ ਘਿਰੇ ਅਸੀਂ ਆਪਣਾ ਮਾਨਸਿਕ ਸਤੁੰਲਨ ਖੋ ਬੈਠੇ ਹਾਂ। ਅਸੀਂ ਆਪਣੀ ਭਾਲ ਵਿੱਚ ਆਪੇ ਹੀ ਭਟਕ ਰਹੇ ਹਾਂ। ਸਾਡੇ ਨਾਲ ਸਭ ਕੁਝ ਗ਼ਲਤ ਮਲਤ ਹੋ ਰਿਹਾ ਹੈ, ਸਾਨੂੰ ਇਸਦੀ ਹੋਸ਼ ਨਹੀਂ। ਅਸੀਂ ਜੋ ਕੁਝ ਕਰ ਰਹੇ ਹਾਂ ਗ਼ਲਤ ਮਲਤ ਕਰ ਰਹੇ ਹਾਂ ਸਾਨੂੰ ਉਸਦੀ ਵੀ ਹੋਸ਼ ਨਹੀਂ। ਇਸੇ ਗ਼ਲਤ ਮਲਤ 'ਤੇ ਚਾਨਣਾ ਪਾਉਂਦੀ ਹੈ ਪ੍ਰਗਟ ਸਿੰਘ ਸਤੌਜ ਦੀ ਕਹਾਣੀ "ਗ਼ਲਤ-ਮਲਤ ਜ਼ਿੰਦਗੀ"**

ਮੌਸਮ ਹੁੰਮਸ ਭਰਿਆ ਹੈ, ਪੂਰੀ ਤੂਫ਼ਾਨ ਆਉਣ ਤੋਂ ਪਹਿਲਾਂ ਵਰਗੀ ਸ਼ਾਂਤੀ। ਪਰ ਮੈਂ ਉਸਦੇ ਘਰ ਅੱਜ ਤੂਫ਼ਾਨ ਜ਼ਰੂਰ ਲਿਆ ਦੇਣਾ ਹੈ। ਉਸ ਨੇ ਮੈਨੂੰ ਸਮਝਿਆ ਕੀ ਹੈ? ਮੈਂ ਐਨਾ ਵੀ ਖੱਸੀ ਨਹੀਂ ਹੋਇਆ ਕਿ ਆਪਣਾ ਹੱਕ ਖੁਹਾ ਕੇ ਅਜੇ ਵੀ ਚੁੱਪ ਬੈਠਾ ਰਹਾਂਗਾ। ਮੈਂ ਵੀ ਉਸਨੂੰ ਅੱਜ ਦਿਖਾ ਦੇਣੈ, ਜੇ ਤੂੰ ਮੇਰੇ ਨਾਲ ਐਨੀਆਂ ਕਰ ਸਕਦੈਂ ਤਾਂ ਬਾਣੀਏ ਦੇ ਮੈਂ ਵੀ ਨਹੀਂ ਜੰਮਿਆ। ਧਿਆ ਲੈ ਅੱਜ ਜਿਹੜੇ ਭਗਵਾਨ ਨੂੰ ਧਿਆਉਣੈ....! ਮੰਨ ਲੈ ਜਿਹੜੀਆਂ ਮਨੌਤਾਂ ਮੰਨਣੀਆਂ ਨੇ....!

"ਮੈਂ ਕਿਹਾ ਸੁਣ ਲਓ! ਮੈਂ ਕਦੋਂ ਦੀ ਬੋਲ ਮਾਰੀ ਜਾਨੀ ਆਂ।'' ਮੇਰੀ ਪਤਨੀ ਰਸੋਈ 'ਚ ਰੋਟੀਆਂ ਲਾਹੁੰਦੀ ਹਟ ਕੇ ਮੇਰੇ ਸਿਰ 'ਤੇ ਆ ਖੜੀ ਹੈ। ਮੈਂ ਤ੍ਰਭਕ ਕੇ ਉਸ ਵੱਲ ਵੇਖਦਾ ਹਾਂ ਜਿਵੇਂ ਕਈ ਸਾਲਾਂ ਤੋਂ ਵਿਛੜੀ ਨੂੰ ਮਸਾਂ ਮਸਾਂ ਪਹਿਚਾਣ ਰਿਹਾ ਹੋਵਾਂ।

"ਬਾਹਰ ਮੁੰਡਾ ਰੋਈ ਜਾਂਦੈ ਉਹਨੂੰ ਦੇਖ ਲੋ ਜਾ ਕੇ, ਮੈਂ ਰੋਟੀਆਂ ਲਾ ਰਹੀ ਆਂ।'' ਪਤਨੀ ਮੇਰੇ ਵੱਲ ਵੱਖਰੀ ਜਿਹੀ ਤਰ੍ਹਾਂ ਵੇਖਦੀ ਮੁੜ ਰਸੋਈ ਵਿੱਚ ਜਾ ਵੜਦੀ ਹੈ।

ਮੈਂ ਬਾਹਰੋਂ ਆਪਣੇ ਤਿੰਨ ਸਾਲ ਦੇ ਮੁੰਡੇ ਨੂੰ ਚੁੱਕ ਅੰਦਰ ਕਮਰੇ ਵਿੱਚ ਆ ਗਿਆ ਹਾਂ। ਥੋੜ੍ਹੀ ਦੇਰ ਬਾਅਦ ਪਤਨੀ ਗਿੱਲੇ ਹੱਥ ਤੌਲੀਏ ਨਾਲ ਪੂੰਝਦੀ ਅੰਦਰ ਆ ਜਾਂਦੀ ਹੈ।

ਥੋੜੀ ਝਾਕਣੀ ਅੱਜ ਕਿਮੇਂ ਓਪਰੀ ਓਪਰੀ ਜੀ ਲੱਗ ਰਹੀ ਐ?'' ਪਤਨੀ ਮੇਰੀਆਂ ਅੱਖਾਂ ਵਿੱਚ ਵੇਖਦੀ, ਮੇਰੀ ਅੰਦਰਲੀ ਉਥਲ-ਪੁਥਲ ਨੂੰ ਫੜਨ ਦੀ ਕੋਸ਼ਿਸ਼ ਕਰਦੀ ਹੈ।

"ਨਾਂਹ ਤੈਨੂੰ ਉਂਈ ਵਹਿਮ ਐ।'' ਮੈਂ ਆਪਣੇ ਆਲੇ-ਦੁਆਲੇ ਝੂਠ ਦੀ ਦਿਵਾਰ ਚਿਣਦਾ ਹਾਂ ਤਾਂ ਕਿ ਉਹ ਮੇਰੇ ਅੰਦਰ ਪਰਵੇਸ਼ ਨਾ ਕਰ ਜਾਵੇ।

"ਰੋਟੀ ਲਿਆਮਾਂ?'' ਪਤਨੀ ਪੁੱਛਦੀ ਹੈ।

"ਹੈਂ! ਹਾਂ....।'' ਮੈਂ ਆਪਣੇ ਅੰਦਰਲੇ ਸਮੁੰਦਰ 'ਚ ਤਿਲਕਦਾ ਤਿਲਕਦਾ ਮੁੜ ਪਰਤ ਕੇ ਉਸ ਨੂੰ 'ਹਾਂ' ਕਰ ਦਿੰਦਾ ਹਾਂ ਤੇ ਮੁੜ ਉਸੇ ਸਮੰਦਰ ਵਿੱਚ ਟੁੱਭੀ ਮਾਰ ਜਾਂਦਾ ਹਾਂ।

.....

ਕਦੇ ਮਾਂ ਵੀ ਐਨੀ ਨਿਰਮੋਹੀ ਬਣ ਜਾਵੇਗੀ? ਮੈਂ ਕਦੇ ਸੁਪਨੇ ਵਿੱਚ ਵੀ ਨਹੀਂ ਸੋਚਿਆ ਸੀ ਪਰ ਜੇ ਕਦੇ ਇਹ ਸੱਚ ਹੋ ਜਾਵੇ ਤਾਂ....? ਤਾਂ ਬੰਦੇ ਅੰਦਰ ਅਜਿਹੇ ਝੱਖੜ ਝੁਲਦੇ ਹਨ ਕਿ ਜਿੱਥੋਂ ਦੀ ਇਹ ਲੰਘ ਜਾਣ ਸਭ ਕੁਝ ਪਲਾਂ ਵਿੱਚ ਤਹਿਸ-ਨਹਿਸ!

ਮਾਂ ਨੂੰ ਤਾਂ ਮੈਂ ਦੂਜਾ ਨਹੀਂ ਪਹਿਲਾ ਰੱਬ ਮੰਨਦਾ ਸੀ। ਫੇਰ ਉਸ ਨੂੰ ਕੀ ਮਜਬੂਰੀ ਆ ਪਈ ਸੀ ਕਿ ਉਸ ਨੇ ਮੇਰਾ ਮਾਸ ਵੱਢ ਕੇ ਦੂਜੇ ਨੂੰ ਖਵਾ ਦਿੱਤਾ? ਜਦ ਮੈਨੂੰ ਪਤਾ ਲੱਗਿਆ ਤਾਂ ਮੈਂ ਜਿਉਂਦਾ ਹੀ ਮਰ ਗਿਆ ਸੀ। ਮਾਂ ਨੇ ਮਾਰ ਦਿੱਤਾ ਸੀ। ਮਾਂ ਨੇ ਆਪਣੇ ਹਿੱਸੇ ਦੀ ਸਾਰੀ ਜ਼ਮੀਨ ਵੱਡੇ ਦੇ ਨਾਮ ਲਵਾ ਦਿੱਤੀ। ਮੈਂ ਰਿਸ਼ਤੇਦਾਰ ਵੀ ਵਧੇਰੇ ਬੁਲਾਏ ਪਰ ਉਸ ਨੇ ਕਿਸੇ ਦੀ ਨਾ ਮੰਨੀ। ਉਲਟਾ ਮੇਰਾ ਭਰਾ ਮੈਨੂੰ ਮਾਰਨ ਆਇਆ।

ਪਤਨੀ ਨੇ ਤਾਂ ਮੈਨੂੰ ਪਹਿਲਾਂ ਬਥੇਰਾ ਸਮਝਾਇਆ ਸੀ, "ਇਹ ਕਾਲਾ ਨਾਗ ਐ, ਕਾਲਾ ਨਾਗ! ਇਹਨੂੰ ਦੁੱਧ ਨਾ ਪਿਲਾ ਇੱਕ ਦਿਨ ਤੈਨੂੰ ਈ ਡੰਗੂ।''

ਲੈ ਹੈਂ ਬੋਲੀ! ਖ਼ੂਨ ਦੇ ਰਿਸ਼ਤੇ ਐਂ ਕਦੇ ਟੁੱਟਦੇ ਨੇ।'' ਮੈਨੂੰ ਉਸਦੀਆਂ ਗੱਲਾਂ ਭੈੜੀਆਂ ਲਗਦੀਆਂ।

"ਤੂੰ ਤਾਂ ਸਤਜੁਗ ਦੀਆਂ ਗੱਲਾਂ ਕਰਦੈਂ। ਹੁਣ ਪਹਿਲਾਂ ਦੇ ਸਮੇਂ ਆਲਾ ਖ਼ੂਨ ਨੀ ਰਿਹਾ।'' ਉਹ ਸਮਾਜ ਦੇ ਅਜੋਕੇ ਸੱਚ ਦਾ ਸ਼ੀਸ਼ਾ ਮੈਨੂੰ ਦਿਖਾਉਣ ਦੀ ਕੋਸ਼ਿਸ਼ ਕਰਦੀ ਪਰ ਮੈਂ ਅੱਖਾਂ ਮੀਟ ਲੈਂਦਾ।

ਪਰ ਜਦ ਜ਼ਮੀਨ ਵੱਡੇ ਦੇ ਨਾਂ ਲੱਗ ਗਈ ਤਾਂ ਮੇਰੀਆਂ ਅੱਖਾਂ, ਮੂੰਹ, ਕੰਨ ਸਭ ਕੁਝ ਖੁੱਲ੍ਹ ਗਿਆ, ਮੁੜ ਬੰਦ ਨਾ ਹੋਇਆ।

ਮੈਨੂੰ ਪਿਛਲੇ ਸਮੇਂ ਦੌਰਾਨ ਉਨ੍ਹਾਂ ਵੱਲੋਂ ਮੇਰੇ ਨਾਲ ਕੀਤੀਆਂ ਵਧੀਕੀਆਂ ਇਸ ਅਣਹੋਣੀ ਲਈ ਅਭਿਆਸ ਲੱਗੀਆਂ। ਜੇ ਮੈਂ ਪਹਿਲਾਂ ਹੀ ਸੁਚੇਤ ਹੋ ਜਾਂਦਾ ਤਾਂ....!

ਪਹਿਲੀ ਵਾਰ ਵੱਡੇ ਨੇ ਮੇਰੇ ਨਾਲ ਓਦੋਂ ਕੀਤੀ ਜਦ ਮੈਂ ਕਿਸੇ ਦੋਸਤ ਕੋਲ ਤਿੰਨ-ਚਾਰ ਦਿਨਾਂ ਲਈ ਬਾਹਰ ਗਿਆ ਸੀ। ਮੈਨੂੰ ਪਿੰਡੋਂ ਮਾਮੇ ਦਾ ਫੋਨ ਆਇਆ, "ਮੱਖਣ ਅੱਡ ਹੁੰਦੈ। ਕਹਿੰਦੈ, ਪਿਆ ਹੋਇਆ ਘਰ ਮੈਂ ਲੈਣੈ। ਹੁਣ ਕਿਮੇਂ ਕਰੀਏ?''

"ਮਾਮਾ ਜੀ ਅਜੇ ਉਸ ਨੂੰ ਅੱਡ ਹੋਣ ਨੂੰ ਕੀ ਹੋਇਆ ਸੀ? ਤਿੰਨ ਮਹੀਨੇ ਤਾਂ ਵਿਆਹ ਨੂੰ ਹੋਏ ਨੇ।''

"ਅਸੀਂ ਤਾਂ ਬਥੇਰਾ ਸਮਝਾ ਕੇ ਦੇਖ ਲਿਆ, ਮੰਨਦਾ ਤਾਂ ਹੈ ਨੀ ਕਿਸੇ ਦੀ।''

"ਚਲ ਐਂ ਕਰੋ ਫੇਰ, ਜੇ ਨਹੀਂ ਮੰਨਦਾ ਤਾਂ ਜਿਹੜਾ ਘਰ ਕਹਿੰਦੈ ਦੇ ਦੋ।'' ਮੈਂ ਬਹੁਤਾ ਬਖੇੜੇ ਵਿੱਚ ਪੈਣਾ ਠੀਕ ਨਾ ਸਮਝਿਆ।

ਜਦ ਮੈਂ ਵਾਪਸ ਪਿੰਡ ਆਇਆ ਤਾਂ ਮਾਂ-ਬਾਪ ਨਾਲ ਮੇਰਾ ਸਮਾਨ ਤੂੜੀ ਵਾਲੇ ਕਮਰੇ ਵਿੱਚ ਪਿਆ ਸੀ। ਫੇਰ ਕਿੰਨੇ ਸਮੇਂ ਵਿੱਚ ਹੌਲੀ ਹੌਲੀ ਮੈਂ ਉਸਨੂੰ ਬੈਠਣ ਜੋਕਰਾ ਕੀਤਾ।

"ਲਓ ਜੀ ਰੋਟੀ।''

".....।''

"ਰੋਟੀ....! ਕਿੱਥੇ ਖੋਹ ਗਏ?'' ਪਤਨੀ ਨੇ ਮੁਸਕਰਾਉਂਦਿਆ ਕਿਹਾ। ਉਸਦੀ ਮੁਸਕਰਾਹਟ ਪਿੱਛੇ ਛੁਪਿਆ ਵਿਅੰਗ ਮੈਨੂੰ ਪਰਤੱਖ ਦਿਸ ਗਿਆ।

ਮੈਂ ਰੋਟੀ ਖਾਣ ਲੱਗ ਪਿਆ। ਉਹ ਪਤਾ ਨਹੀਂ ਕੀ ਬੋਲਦੀ ਗਈ। ਮੈਨੂੰ ਉਸਦੀ ਕੋਈ ਗੱਲ ਸਮਝ ਨਾ ਆਈ। ਮੈਂ ਬੱਸ ਓਪਰੀ ਜਿਹੀ 'ਹਾਂ-ਹੂੰ' ਕਰਦਾ ਰਿਹਾ। ਮੇਰੇ ਮਨ 'ਚ ਤਾਂ ਉਸਦੀ ਇੱਕੋ ਗੱਲ ਗੁਲ ਮੇਖ ਵਾਂਗ ਗੱਡੀ ਪਈ ਹੈ, "ਤੂੰ ਬੰਦਾ ਬਣਾਇਐਂ ਕਿਸੇ ਨੇ। ਤੂੰ ਤਾਂ ਨਾਮਰਦ ਐਂ, ਨਾਮਰਦ! ਸਰੀਕ ਚਾਹੇ ਤੇਰੇ ਸਿਰ 'ਤੇ ਹੱਗ ਜਾਣ। ਤੈਨੂੰ ਫੇਰ ਵੀ ਸੁਰਤ ਨੀ ਆਉਂਦੀ। ਹੁਣ ਜਦੋਂ ਓਹੋ ਆਪਣੇ ਹਿੱਸੇ ਦੀ ਜ਼ਮੀਨ ਵੀ ਲੈ ਗਿਆ ਫੇਰ ਏਦੂੰ ਉੱਤੇ ਕੀ ਹੋਊ? ਹੁਣ ਆਪ ਤਾਂ ਮਰੇ ਈ ਪਏ ਆਂ, ਸਰੀਕ ਤਾਂ ਨਾ ਸਿਰ ਉੱਚਾ ਚੱਕ ਕੇ ਤੁਰ ਲੇ। ਪਰ ਤੇਰੇ 'ਤੇ ਮਿੱਟੀ ਦੀ ਢੇਰੀ 'ਤੇ ਕੀ ਅਸਰ ਐ ਇਹਨਾਂ ਗੱਲਾਂ ਦਾ।''

ਪਤਨੀ ਦੀ ਇਹੀ ਗੱਲ ਮੇਰੇ ਅੰਦਰ ਭਾਂਬੜ ਬਣ ਗਈ। ਮੈਂ ਆਪਣੀ ਪਤਨੀ ਸਾਹਮਣੇ ਨੀਵਾਂ ਨਹੀਂ ਹੋਣਾ ਚਾਹੁੰਦਾ। ਮੈਂ ਤਾਂ ਹਰ ਵੇਲੀ ਲੰਬੀ ਸੋਚਦਾ ਚੁੱਪ ਕਰਦਾ ਰਿਹਾ ਸੀ। ਪਰ ਮੇਰੀ ਇਸੇ ਸੋਚ ਨੇ ਮੈਨੂੰ ਮੇਰੀ ਪਤਨੀ ਅੱਗੇ ਨਾਮਰਦ ਬਣਾ ਦਿੱਤਾ। ਡਰਪੋਕ ਤੇ ਕਮਜ਼ੋਰ। ਹੁਣ ਮੈਂ ਉਸ ਨੂੰ ਵਿਖਾ ਦੇਣਾ ਹੈ, ਤੇਰਾ ਸੁੱਖਾ ਕਮਜ਼ੋਰ ਨਹੀਂ। ਮੈਂ ਆਪਣੀ ਮਰਦਾਨਗੀ ਦੇ ਡਿੱਗ ਰਹੇ ਮਿਨਾਰ ਨੂੰ ਉਸਦੀਆਂ ਅੱਖਾਂ ਅੱਗੇ ਮੁੜ ਉਸਾਰਾਂਗਾ। ਅੱਜ ਤੋਂ ਬਾਅਦ ਉਹ ਮੈਨੂੰ ਕਦੇ ਨਹੀਂ ਕਹੇਗੀ, "ਤੇਰੇ 'ਚ ਤਾਂ ਭੋਰਾ ਅਣਖ ਨੀ ਹੈ।''

'ਮੇਰੇ 'ਚ ਅਣਖ ਹੈ ਰਾਜੀ। ਕੱਲ੍ਹ ਦਾ ਸੂਰਜ ਤੇਰੇ ਸੁੱਖੇ ਦੀ ਅਣਖ ਦੀ ਗਵਾਹੀ ਲੈ ਕੇ ਚੜ੍ਹੇਗਾ। ਤੂੰ ਦੇਖਦੀ ਜਾਈਂ।' ਮੇਰਾ ਅੰਦਰ ਬੋਲਦਾ ਹੈ।

ਪਤਨੀ ਭਾਂਡੇ ਮਾਂਜ ਕੇ ਮੰਜੇ ਉੱਤੇ ਆ ਬੈਠੀ ਹੈ। ਮੈਂ ਆਉਣ ਵਾਲੇ ਸਮੇਂ ਬਾਰੇ ਉਸ ਦਾ ਮਨ ਪੜ੍ਹਨ ਲਈ ਗੱਲ ਤੋਰਦਾ ਹਾਂ, "ਜੇ ਮੈਂ ਮਰਜਾਂ ਫੇਰ ਤੂੰ ਕੀ ਕਰੇਂਗੀ?''

"ਲੈ....! ਇਹੋ ਜੀਆਂ ਗੱਲਾਂ ਕਿਉਂ ਕਰਦੈਂ। ਮਰਨ ਤੇਰੇ ਦੁਸਮਣ।'' ਪਤਨੀ ਦੇ ਇਸ ਜਵਾਬ ਤੇ ਮੈਨੂੰ ਲਗਦਾ ਹੈ ਜਿਵੇਂ ਮੈਂ ਗੱਲ ਬਹੁਤੀ ਕਰੜੀ ਪੁੱਛ ਗਿਆ ਹੋਵਾਂ। ਫਿਰ ਮੈਂ ਗੱਲ ਨੂੰ ਹੋਰ ਨਰਮ ਕਰ ਕੇ ਦੁਹਰਾਉਂਦਾ ਹਾਂ, "ਜੇ ਮੈਂ ਕਈ ਸਾਲਾਂ ਲਈ ਬਾਹਰ ਵਗਜਾਂ, ਘਰ ਨੂੰ ਤੂੰ 'ਕੱਲੀ ਸਾਂਭਲੇਂ?'' ਮੇਰੀਆਂ ਅੱਖਾਂ ਅੱਗੇ ਜੇਲ੍ਹ ਦਿਸ ਰਹੀ ਸੀ।

"ਬਾਹਰ ਕਿੱਥੇ?'' ਉਹ ਮੇਰੀਆਂ ਬਿਨਾਂ ਸਿਰੋਂ-ਪੈਰੋਂ ਗੱਲਾਂ ਤੇ ਹੈਰਾਨ ਹੁੰਦੀ ਹੈ।

"ਨਾਹ, ਮੰਨ ਲਓ ਜੇ ਮੈਂ ਵਗਜਾਂ।''

"ਮੈਨੂੰ ਨੀ ਤੇਰੀ ਕੋਈ ਸਮਝ ਆਉਂਦੀ।'ਉਹ ਨਿਰਾਜ਼ਗੀ ਜਿਹੀ ਵਿਖਾਉਂਦੀ ਪਾਸਾ ਵੱਟ ਜਾਂਦੀ ਹੈ ਜਿਵੇਂ ਮੈਨੂੰ ਵੇਖ ਕੇ ਆਪਣੇ ਮਨ ਦਾ ਬੂਹਾ ਭੇੜ ਲਿਆ ਹੋਵੇ। ਉਸ ਨੇ ਮੈਨੂੰ ਆਪਣਾ ਮਨ ਪੜ੍ਹਨ ਤੋਂ ਪਹਿਲਾਂ ਹੀ ਦਰਾਂ ਵਿੱਚੋਂ ਵਾਪਸ ਮੋੜ ਦਿੱਤਾ।

ਹੁਣ ਮੈਂ ਉਸਦੇ ਸੌਂ ਜਾਣ ਦਾ ਇੰਤਜ਼ਾਰ ਕਰਦਾ ਹਾਂ। ਉਹ ਮੇਰੇ ਨਾਲ ਕੁਝ ਦੇਰ ਗੱਲਾਂ ਕਰਦੀ ਹੈ ਤੇ ਫਿਰ ਮੁੰਡੇ ਨੂੰ ਦੁੱਧ ਦੇ ਕੇ ਸੌਂ ਜਾਂਦੀ ਹੈ। ਮੈਨੂੰ ਉਸ ਸਮੇਂ ਦੀ ਏਨੀ ਬੇਸਬਰੀ ਹੋ ਰਹੀ ਹੈ ਕਿ ਮੈਂ ਬੀਤ ਰਹੇ ਇਕੱਲੇ ਇਕੱਲੇ ਮਿੰਟ ਨੂੰ ਗਿਣ ਰਿਹਾ ਹਾਂ। ਸਮਾਂ ਕੀੜੀ ਦੀ ਚਾਲ ਤੁਰਦਾ ਮਸਾਂ ਬਾਰਾਂ ਤੇ ਪਹੁੰਚਿਆ ਹੈ। ਮੈਂ ਮੱਲਕ ਦੇਣੇ ਚੱਪਲਾਂ ਪਾਉਂਦਾ ਹਾਂ ਤੇ ਅੰਦਰ ਆ ਜਾਂਦਾ ਹਾਂ। ਅਲਮਾਰੀ ਓਹਲਿਓਂ ਕਿਰਚ ਚੁੱਕ ਲਈ ਹੈ। ਉਸ ਨੂੰ ਉਲਟਾ-ਪੁਲਟਾ ਕੇ ਕਿਸੇ ਕੀਮਤੀ ਸ਼ੈਅ ਵਾਂਗ ਨਿਹਾਰਦਾ ਹਾਂ ਤੇ ਫਿਰ ਲੱਕ ਵਿੱਚ ਦੇ ਲੈਂਦਾ ਹਾਂ। ਅਲਮਾਰੀ ਕੋਲੋਂ ਗੁਜ਼ਰਨ ਲਗਦਾ ਹਾਂ ਤਾਂ ਮੈਨੂੰ ਆਦਮ ਕੱਦ ਸ਼ੀਸ਼ੇ ਵਿੱਚੋਂ ਅਪਣਾ ਚਿਹਰਾ ਨਜ਼ਰ ਆਉਂਦਾ ਹੈ। ਇੱਕ ਪਲ ਰੁਕ ਕੇ ਮੈਂ ਸ਼ੀਸ਼ੇ ਵਿੱਚ ਆਪਣਾ ਚਿਹਰਾ ਨਿਹਾਰਦਾ ਹਾਂ। ਮੈਨੂੰ ਆਪਣਾ ਚਿਹਰਾ ਹੀ ਆਪਣਾ ਨਹੀਂ ਲਗਦਾ। ਮੈਂ ਹੋਰ ਨੇੜੇ ਹੁੰਦਾ ਹਾਂ ਤਾਂ ਮੱਥੇ ਵਿੱਚ ਪਿਆ ਟੱਕ ਦਾ ਪੱਕਾ ਨਿਸ਼ਾਨ ਮੈਨੂੰ ਯਕੀਨ ਦਵਾ ਜਾਂਦਾ ਹੈ ਕਿ ਤੂੰ ਸੁੱਖਾ ਹੀ ਹੈ। ਮੈਂ ਨਿਸ਼ਾਨ ਉਪਰ ਹੱਥ ਫੇਰਦਾ ਹਾਂ ਜਿਵੇਂ ਉਹ ਦੁਬਾਰਾ ਤਾਜਾ ਹੋ ਗਿਆ ਹੋਵੇ ਤੇ ਉਸ ਵਿੱਚੋਂ ਲਹੂ ਸਿੰਮ ਸਿੰਮ ਮੂੰਹ ਉੱਤੇ ਘਰਾਲਾਂ ਚੱਲ ਪਈਆਂ ਹੋਣ।

ਉਸ ਦਿਨ ਵੀ ਇਸੇ ਤਰ੍ਹਾਂ ਘਰਾਲਾਂ ਚੱਲੀਆਂ ਸਨ ਜਦ ਕੰਧ ਦੀ ਲੜਾਈ ਪਿੱਛੇ ਵੱਡਾ ਮੇਰੇ ਸੁੱਤੇ ਪਏ ਦੇ ਸਿਰ ਵਿੱਚ ਗੰਡਾਸਾ ਮਾਰ ਗਿਆ ਸੀ। ਉਹ ਆਇਆ ਤਾਂ ਮੈਨੂੰ ਮਾਰਨ ਦੇ ਇਰਾਦੇ ਨਾਲ ਹੀ ਸੀ ਪਰ ਨਿਸ਼ਾਨਾ ਗ਼ਲਤ ਲੱਗਣ ਕਾਰਨ ਮੈਂ ਛੇਤੀ ਨਾਲ ਉੱਠ ਕੇ ਪਰ੍ਹਾਂ ਹੋ ਗਿਆ। ਉਹ ਉਹਨੇ ਪੈਰੀਂ ਵਾਪਸ ਦੌੜ ਗਿਆ ਸੀ। ਇਹ ਨਿਸ਼ਾਨ ਵੇਖ ਕੇ ਮੇਰਾ ਕਰੋਧ ਹੋਰ ਉਬਾਲੀ ਖਾ ਗਿਆ ਹੈ। ਮੈਂ ਬਾਹਰ ਨਿਕਲਦਾ ਹਾਂ। ਰਾਜੀ ਅਤੇ ਜੋਨੀ ਸੁੱਤੇ ਪਏ ਹਨ। ਮੈਂ ਉਹਨਾਂ ਦੇ ਸਿਰਹਾਣੇ ਜਾ ਖੜਿਆ ਹਾਂ। ਜੋਨੀ ਸੁੱਤਾ ਪਿਆ ਹੱਸ ਰਿਹਾ ਹੈ। ਮੈਨੂੰ ਉਸਦੇ ਭੋਲੇ ਚਿਹਰੇ ਤੇ ਤਰਸ ਆਉਂਦਾ । ਫਿਰ ਉਸਦਾ ਹੱਸਦਾ ਚਿਹਰਾ ਮੈਨੂੰ ਰੋਂਦਾ ਮਹਿਸੂਸ ਹੁੰਦਾ ਹੈ। ਉਸਦੇ ਪਾਟੇ, ਮੈਲੇ-ਕੁਚੈਲੇ ਕੱਪੜੇ ਹਨ। ਰਾਜੀ ਦਾ ਵੀ ਇਹੀ ਹਾਲ ਹੈ। ਖਿੱਲਰੇ ਵਾਲ, ਟੁੱਟੀਆਂ ਚੱਪਲਾਂ, ਪੈਰਾਂ 'ਚ ਮੋਟੀਆਂ ਮੋਟੀਆਂ ਵਿਆਈਆਂ। ਚਿਹਰੇ ਤੇ ਵਿਆਈਆਂ ਜਿੰਨੀਆਂ ਕਰੂਰ ਝੁਰੜੀਆਂ ਜਿਵੇਂ ਕੋਈ ਭਿਖਾਰਨ ਹੋਵੇ। ਉਹ ਦੋਵੇਂ ਬਾਰ ਵਿੱਚ ਖੜ੍ਹੇ ਮੇਰਾ ਇੰਤਜ਼ਾਰ ਕਰ ਰਹੇ ਹਨ ਪਰ ਮੈਂ ਨਹੀਂ ਆਉਂਦਾ।ਜਦ ਮੈਂ ਵਾਪਸ ਪਰਤਦਾ ਹਾਂ ਓਦੋਂ ਤੱਕ ਉਹ ਖੜ੍ਹੇ ਖੜ੍ਹੇ ਹੀ ਪੱਥਰ ਦੇ ਬੁੱਤਾਂ ਵਿੱਚ ਬਦਲ ਜਾਂਦੇ ਹਨ।

ਰਾਜੀ ਪਾਸਾ ਪਰਤਦੀ ਮੈਨੂੰ ਵਹਿਣਾਂ ਵਿੱਚੋਂ ਬਾਹਰ ਕੱਢ ਲੈਂਦੀ ਹੈ। ਮੈਂ ਜੋਨੀ ਦਾ ਇੱਕ ਵਾਰ ਮੂੰਹ ਚੁੰਮਦਾ ਹਾਂ ਤੇ ਕਿਰਚ ਨੂੰ ਸੰਭਾਲਦਾ ਬਾਹਰ ਨਿਕਲ ਜਾਂਦਾ ਹਾਂ।

ਬਾਹਰ ਫਿਰਨੀ ਤੇ ਆਉਂਦਾ ਹਾਂ ਤਾਂ ਅਮਰੂ ਬਾਬੇ ਦੇ ਘਰ ਦੇ ਬਾਹਰਲਾ ਬੱਲਬ ਜਗਦਾ ਦਿਸਦਾ ਹੈ। ਉਸ ਦੇ ਬਾਰ ਅੱਗੇ ਪਈ ਚੌਂਕੜੀ ਸੁੰਨੀ ਪਈ ਹੈ। ਮੈਨੂੰ ਬਾਬੇ ਅਮਰੂ ਦੀ ਗੱਲ ਯਾਦ ਆਉਂਦੀ । ਉਹ ਪਰਸੋਂ ਚੌਂਕੜੀ ਤੇ ਬੈਠਾ ਮੇਰੀ ਸੁਣਾਈ ਕਿਸੇ ਘਟਨਾ ਤੇ ਟਿੱਪਣੀ ਕਰਦਾ ਜਿਵੇਂ ਮੈਨੂੰ ਸਮਝਾ ਰਿਹਾ ਸੀ, "ਹੁਣ ਉਹ ਵੇਲੇ ਨੀ ਰਹੇ ਪੁੱਤਰਾ ਸਤ-ਯੁੱਗ ਆਲੇ। ਹੁਣ ਤਾਂ ਸਾਰੀ ਜ਼ਿੰਦਗੀ ਗ਼ਲਤ-ਮਲਤ ਜੀ ਹੋਈ ਪਈ ਐ। ਜਿਵੇਂ ਕਈ ਰੰਗ ਡੁੱਲ ਕੇ 'ਕੱਠੇ ਹੋ ਜਾਣ ਨਾ, ਫੇਰ ਉਨ੍ਹਾਂ ਦੀ ਕੋਈ ਪਹਿਚਾਣ ਨੀ ਰਹਿੰਦੀ। ਅੱਜ ਦੇ ਜ਼ਮਾਨੇ ਦੇ ਬੰਦੇ ਵੀ ਬੱਸ ਐਈਂ ਹੋਏ ਪਏ ਨੇ। ਸਾਨੂੰ ਕੋਈ ਪਤਾ ਨੀ ਲੱਗਦਾ ਆਪਣਾ ਕਿਹੜੈ, ਬਿਗਾਨਾ ਕਿਹੜੈ? ਇਹ ਨੀ ਪਤਾ ਆਵਦਾ ਭਰਾ ਦੁਸਮਣ ਆਲਾ ਕੰਮ ਕਰ ਜੇ। ਕੋਈ ਗ਼ੈਰ ਭਰਾਵਾਂ ਨਾਲੋਂ ਵੱਧ ਨਿਕਲ ਜੇ। ਏਸ ਸਮੇਂ 'ਚ ਤਾਂ ਆ ਕੇ ਪੁਰਾਣੀਆਂ ਅਖੌਤਾਂ ਦੇ ਅਰਥ ਵੀ ਸਾਰੇ ਉਲਟ ਹੋ ਗਏ ਸਾਲੇ! ਬੱਸ ਰੱਬ ਭਲੀ ਕਰੇ!'' ਬਾਬੇ ਨੇ ਕਿਲੋਮੀਟਰ ਜਿੱਡਾ ਲੰਬਾ ਸਾਹ ਲਿਆ ਸੀ ਜਿਵੇਂ ਉਹ ਸਾਰੇ ਰਿਸ਼ਤਿਆਂ ਦੀ ਕੁੜੱਤਣ ਨੂੰ ਆਪਣੇ ਅੰਦਰ ਭਰ ਕੇ ਖ਼ਤਮ ਕਰਨੀ ਚਾਹੁੰਦਾ ਹੋਵੇ।

"ਹਾਂ ਬਾਬਾ ਤੇਰੀ ਗੱਲ ਸੋਲਾਂ ਆਨੇ ਸੱਚ ਨਿਕਲੀ।'' ਇਹ ਬੋਲ ਮੇਰੇ ਅੰਦਰੋਂ ਉੱਠੇ ਤੇ ਫਿਰ ਅੰਦਰ ਹੀ ਜਬਤ ਹੋ ਗਏ।

ਮੈਂ ਬਾਬੇ ਅਮਰੂ ਦੇ ਘਰ ਵੱਲ ਵੇਖਦਾ ਅੱਗੇ ਤੁਰ ਪੈਂਦਾ ਹਾਂ। ਪਰ੍ਹਾਂ ਫੱਮਣ ਕੇ ਡੇਰੇ ਵੱਲੋਂ ਆਏ ਦੋ ਕੁੱਤੇ ਮੈਨੂੰ ਭੌਂਕਣ ਲੱਗਦੇ ਹਨ। ਪਰ ਮੈਂ ਉਹਨਾਂ ਤੋਂ ਬੇਧਿਆਨਾ ਤੁਰਿਆ ਜਾ ਰਿਹਾ ਹਾਂ। ਅੱਗੇ ਜੀ. ਟੀ. ਰੋਡ ਤੇ ਵਾਹਨਾਂ ਦੀਆਂ ਲਾਇਟਾਂ ਉਨ੍ਹਾਂ ਦੀ ਗੂੰਜ ਦੇ ਨਾਲ ਨਾਲ ਭੱਜੀਆਂ ਜਾ ਰਹੀਆਂ ਹਨ। ਮੈਂ ਸੜਕ 'ਤੇ ਆ ਗਿਆ ਹਾਂ। ਸਾਹਮਣੇ ਆ ਰਹੇ ਟਰਾਲੇ ਦੀ ਗੂੰਜ ਸੁਣ ਕੇ ਰੁਕ ਜਾਂਦਾ ਹਾਂ। ਉਹ ਖੌਰੂ ਪਾਉਂਦਾ, ਦਿਓ ਵਾਂਗ ਧਰਤੀ ਹਿਲਾਉਂਦਾ ਲੰਘ ਜਾਂਦਾ ਹੈ। ਉਸ ਦੇ ਲੰਘਣ ਬਾਅਦ ਧਰਤੀ ਮੁੜ ਸ਼ਾਂਤ ਹੋ ਜਾਂਦੀ ਹੈ ਜਿਵੇਂ ਭੂਚਾਲ ਝਟਕੇ ਦੇ ਕੇ ਲੰਘ ਗਿਆ ਹੋਵੇ। ਮੈਂ ਆਲੇ-ਦੁਆਲੇ ਵੇਖਦਾ ਸੜਕ ਪਾਰ ਕਰ ਜਾਂਦਾ ਹਾਂ।

ਮੈਂ ਆਪਣੇ ਖੇਤ ਨੂੰ ਜਾਂਦੀ ਪਹੀ ਪੈ ਗਿਆ ਹਾਂ। ਜੀਰੀਆਂ 'ਚੋਂ ਭੜੂਦਾ ਮਾਰ ਰਹੀ ਹੈ। ਖੇਤਾਂ ਵਿੱਚ ਕੋਠਿਆਂ 'ਤੇ ਲੱਗੇ ਬੱਲਬ ਪਟਵੀਜਣਿਆਂ ਵਾਂਗ ਚਮਕ ਰਹੇ ਹਨ। ਜਿਉਂ ਜਿਉਂ ਮੈਂ ਅੱਗੇ ਵੱਧ ਰਿਹਾ ਹਾਂ ਸੜਕ ਤੇ ਚਲਦੇ ਵਾਹਨਾਂ ਦੀ ਅਵਾਜ਼ ਕਿਸੇ ਦੇ ਮੂੰਹ 'ਤੇ ਹੱਥ ਰੱਖ ਦੇਣ ਵਾਂਗ ਡੂੰਘੀ ਹੁੰਦੀ ਜਾਂਦੀ ਹੈ। ਮੈਂ ਟਾਇਮ ਵੇਖਦਾ ਹਾਂ, ਇੱਕ ਵੱਜਣ ਵਾਲਾ ਹੈ। ਦੋ ਵਜੇ ਖੇਤਾਂ ਵਾਲੀ ਲਾਇਟ ਨੇ ਚਲੀ ਜਾਣਾ ਹੈ। ਮੱਖਣ ਇੱਕ ਵਜੇ ਕਿਸੇ ਕਿਆਰੇ ਵਿੱਚ ਨੱਕਾ ਕਰਕੇ ਪੈ ਜਾਵੇਗਾ ਤੇ ਫਿਰ ਸਵੇਰੇ ਉੱਠ ਕੇ ਘਰ ਨੂੰ ਜਾਵੇਗਾ। ਜਾਵੇਗਾ ਨਹੀਂ! ਜਾਂਦਾ ਹੁੰਦਾ ਸੀ। ਪਰ ਹੁਣ ਨਹੀਂ ਜਾਵੇਗਾ।

ਮੈਂ ਕੁਝ ਸਮਾਂ ਅਜੇ ਹੋਰ ਲੰਘ ਜਾਣ ਲਈ ਪੱਕੇ ਖਾਲ ਦੀ ਪੁਲੀ 'ਤੇ ਬੈਠ ਜਾਂਦਾ ਹਾਂ ਤੇ ਉਸਦੀ ਮੌਤ ਦੀਆਂ ਘੜੀਆਂ ਗਿਣਨ ਲਗਦਾ ਹਾਂ।

ਮੱਖਣ ਹੁਣ ਤੱਕ ਮੇਰੇ ਉੱਤੇ ਚੜ੍ਹਦਾ ਆਇਆ ਸੀ। ਘਰ ਦੀ ਵੰਡ ਵੇਲੇ ਮੂੰਹ ਫੇਰ ਲਿਆ ਫੇਰ ਟਰੈਕਟਰ ਦੀ ਵੰਡ ਵੇਲੇ ਤਿੰਗੜ ਕੇ ਖੜ੍ਹ ਗਿਆ। ਮੈਂ 'ਚਲੋ ਭਰਾ ਐ' ਸਮਝ ਕੇ ਉਹ ਵੀ ਛੱਡ ਦਿੱਤਾ। ਫੇਰ ਜ਼ਮੀਨ ਵੀ ਅੱਧ ਦੀ ਵੰਡਾ ਲਈ, ਅਕੇ ਮੈਂ ਤਾਂ ਬਾਪੂ ਹੋਰਾਂ ਨੂੰ ਅੱਧੇ ਕਿੱਲੇ ਦਾ ਠੇਕਾ ਦੇ ਦਿਆ ਕਰੂੰ। ਦੋ ਸਾਲ ਦਿੱਤਾ ਫੇਰ ਠੇਕਾ ਵੀ ਬੰਦ। ਕਹਿੰਦਾ ਜਿੱਧਰ ਕੰਮ ਕਰਦੇ ਨੇ ਉੱਧਰ ਹੀ ਰੋਟੀ ਖਾਣ। ਮੈਂ ਫਿਰ ਮਨ ਸਮਝਾ ਲਿਆ, 'ਜੇ ਉਹ ਕਪੁੱਤ ਬਣ ਗਿਆ ਤਾਂ ਮੈਂ ਨਹੀਂ ਬਣਦਾ। ਮੈਂ ਕਰੂੰ ਸਾਰਾ ਖ਼ਰਚ ਮਾਂ-ਬਾਪ ਦਾ।'

ਕੋਈ ਸਾਇਕਲ ਵਾਲਾ ਮੇਰੇ ਕੋਲ ਦੀ ਲੰਘਣ ਲੱਗਦਾ ਹੈ ਤਾਂ ਮੈਂ ਨੀਵੀਂ ਪਾ ਲੈਂਦਾ ਹਾਂ ਤਾਂ ਕਿ ਮੈਨੂੰ ਪਹਿਚਾਣ ਨਾ ਲਏ। ਉਸਦੀ ਮੌਤ ਤੋਂ ਬਾਅਦ ਤਾਂ ਮੈਂ ਖ਼ੁਦ ਹੀ ਪਰਤੱਖ ਹੋ ਜਾਣਾ ਹੈ।

ਮੈਂ ਫੇਰ ਸਮਾਂ ਵੇਖਦਾ ਹਾਂ, ਇੱਕ ਤੋਂ ਟੱਪ ਗਿਆ ਹੈ। ਮੈਂ ਉੱਠ ਕੇ ਤੁਰ ਪੈਂਦਾ ਹਾਂ। ਵੱਡੀ ਪਹੀ ਤੋਂ ਸਾਡੇ ਖੇਤ ਨੂੰ ਮੁੜਦੀ ਪਈ ਮੁੜ ਜਾਂਦਾ ਹਾਂ। ਅੱਗੇ ਸਾਡੀ ਜ਼ਮੀਨ ਹੈ, ਪੂਰਾ ਛੇ ਕਿੱਲਿਆਂ ਦਾ ਟੱਕ। ਮੈਂ ਜੀਰੀ ਤੇ ਨਿਗ੍ਹਾ ਮਾਰਦਾ ਹਾਂ। ਮੇਰੇ ਦੋ ਕਿੱਲਿਆਂ ਦੀ ਜੀਰੀ ਮੇਰੇ ਵਾਂਗ ਹੀ ਦਬੂ ਜਿਹੀ ਹੋਈ ਖੜ੍ਹੀ ਹੈ। ਉਸ ਦੇ ਚਾਰ ਕਿੱਲਿਆਂ 'ਚ ਖੜ੍ਹੀ ਫ਼ਸਲ

ਬਾਕੀ ਸਫ਼ਾ 43 'ਤੇ

ਸਫ਼ਾ 42 ਦੀ ਬਾਕੀ ਗ਼ਲਤ-ਮਲਤ ਜ਼ਿੰਦਗੀ

ਮੇਰੀ ਫ਼ਸਲ ਤੋਂ ਦੁੱਗਣੀ ਮੱਲੀ ਹੋਈ ਲਗਦੀ ਹੈ। ਜਿਵੇਂ ਉਹ ਵੀ ਮੱਖਣ ਵਾਂਗ ਹੰਕਾਰੀ ਹੋਈ ਮੇਰੀ ਫ਼ਸਲ ਦੇ ਉਪਰੋ ਦੀ ਪੈ ਜਾਣਾ ਚਾਹੁੰਦੀ ਹੋਵੇ। ਮੈਂ ਉਧਰੋਂ ਧਿਆਨ ਮੋੜਦਾਂ ਵੱਟ ਪੈ ਕੇ ਕੋਠੇ ਕੋਲ ਚਲਾ ਜਾਂਦਾ ਹਾਂ।

ਸਾਹਮਣੇ ਮੰਜੇ ’ਤੇ ਉਹ ਪਿਆ ਹੈ। ਕਦੇ ਬਾਪੂ ਦੀ ਲਾਸ਼ ਵੀ ਇਥੇ ਹੀ ਪਈ ਸੀ। ਜਦੋਂ ਬਾਪੂ ਰਾਤੀ ਜੀਰੀ ’ਚ ਪਾਣੀ ਪਾਉਣ ਗਿਆ ਸਵੇਰੇ ਮੁੜ ਕੇ ਨਾ ਆਇਆ ਤਾਂ ਮੈਂ ਸਾਇਕਲ ਲੈ ਕੇ ਉਸ ਨੂੰ ਵੇਖਣ ਚਲਾ ਗਿਆ ਸੀ। ਧੁੱਪ ਚੜ੍ਹੀ ਪਈ ਸੀ। ਪਰ ਬਾਪੂ ਅਜੇ ਵੀ ਮੱਛਰਦਾਨੀ ਵਿੱਚ ਇਸ ਤਰ੍ਹਾਂ ਪਿਆ ਸੀ ਜਿਵੇਂ ਉਸ ਲਈ ਅਜੇ ਅੱਧੀ ਰਾਤ ਹੋਵੇ। ਮੈਂ ਨੇੜੇ ਜਾ ਕੇ ਵੇਖਿਆ, ਬਾਪੂ ਦਾ ਚਿਹਰਾ ਮੈਨੂੰ ਬੜਾ ਡਰਾਵਣਾ ਲੱਗਿਆ। ਇੱਕ ਡਰ ਮੇਰੇ ਸਾਰੇ ਸਰੀਰ ਵਿੱਚ ਜ਼ਹਿਰ ਵਾਂਗ ਫੈਲ ਗਿਆ। ਮੈਂ ਮੱਛਰਦਾਨੀ ਲਾਹ ਕੇ ਬਾਪੂ ਨੂੰ ਹਿਲਾਇਆ ਪਰ ਉਹ ਤਾਂ....!

ਮੇਰੀ ਚੀਕ ਨਿਕਲ ਗਈ। ਮੈਨੂੰ ਉੱਚੀ ਉੱਚੀ ਰੋਂਦਾ ਵੇਖ ਕੇ ਬਾਬੇ ਅਮਰੂ ਦਾ ਜਮੇਰ ਮੇਰੇ ਕੋਲ ਆਇਆ। ਭਾਣਾ ਵਰਤਿਆ ਪਿਆ ਸੀ। ਉਸ ਨੇ ਹੀ ਮੈਥੋਂ ਮੋਬਾਇਲ ਲੈ ਕੇ ਮੱਖਣ ਨੂੰ ਫੋਨ ਕੀਤਾ। ਉਹ ਕਈ ਬੰਦਿਆਂ ਨੂੰ ਨਾਲ ਲੈ ਆਇਆ। ਲਾਸ਼ ਘਰ ਲਿਆਂਦੀ ਗਈ।

"ਹੁਣ ਮਿੱਟੀ ਰੋਲਣ ਨਾਲ ਕੀ ਬਣੂਗਾ ਤਾਇਆ। ਆਪਾਂ ਨੂੰ ਸਭ ਦਿਸੀ ਤਾਂ ਜਾਂਦੈ।'' ਜਦੋਂ ਬਾਪੂ ਦੀ ਲਾਸ਼ ਨੂੰ ਡਾਕਟਰ ਦੇ ਲੈ ਕੇ ਜਾਣ ਦੀ ਗੱਲ ਤੁਰੀ ਤਾਂ ਵੱਡੇ ਨੇ ਅੱਖਾਂ ਪੂੰਝਦਿਆਂ, ਘੱਗੀ ਜਿਹੀ ਅਵਾਜ਼ ਵਿੱਚ ਨੰਨਾ ਮਾਰ ਦਿੱਤਾ ਸੀ।

ਬਾਪੂ ਦੀ ਲਾਸ਼ ਨੂੰ ਤਾਂ ਖਪਾ ਦਿੱਤਾ ਸੀ ਪਰ ਲੋਕਾਂ ਦੇ ਮਨਾਂ ਅੰਦਰਲੇ ਸਵਾਲ ਉਨ੍ਹਾਂ ਅੰਦਰ ਨਾ ਖਪੇ। ਥੋੜ੍ਹੇ ਜਿਹੇ ਦਿਨਾਂ ਬਾਅਦ ਗੱਲ ਦੀ ਭਾਫ਼ ਨਿਕਲਣ ਲੱਗ ਪਈ ਸੀ ਜਿਸ ਦਾ ਸਾਰਾ ਸ਼ੱਕ ਮੱਖਣ ਵੱਲ ਜਾਂਦਾ ਸੀ। ਲੋਕ ਗੱਲਾਂ ਕਰਦੇ ਸੀ, "ਲਾਸ਼ ਦੇ ਗਲ ਉਪਰ ਨੀਲ ਪਏ ਹੋਏ ਸਨ, ਅੱਖਾਂ ਬਾਹਰ ਨੂੰ ਨਿਕਲੀਆਂ ਸਨ।'' ਕਿਸੇ ਨੇ ਬਾਪੂ ਨੂੰ ਗਲ-’ਗੂਠਾ ਦਿੱਤਾ ਸੀ। ਸਿੰਦਰ ਮਜ਼ਬੀ ਨੇ ਤਾਂ ਉਸ ਰਾਤ ਮੱਖਣ ਨੂੰ ਖੇਤ ਵੱਲ ਜਾਂਦਿਆਂ ਵੀ ਵੇਖ ਲਿਆ ਸੀ।

ਲੋਕਾਂ ਦੀਆਂ ਇਹਨਾਂ ਗੱਲਾਂ ਨੇ ਮੈਨੂੰ ਸੋਚਣ ਲਾ ਦਿੱਤਾ ਸੀ।

ਪਹਿਲਾਂ ਤਾਂ ਮੈਨੂੰ ਅਜਿਹਾ ਸੋਚਣ ਦੀ ਸੁਰਤ ਹੀ ਨਹੀਂ ਸੀ। ਪਰ ਲੋਕਾਂ ਦੀਆਂ ਅਜੀਬ ਅਜੀਬ ਗੱਲਾਂ ਨੇ ਮੇਰੇ ਅੰਦਰ ਕਈ ਸਵਾਲ ਉਠਾ ਦਿੱਤੇ ਸਨ। ਜਿੰਨਾਂ ਦੀ ਸ਼ੱਕ ਦੀ ਸੂਈ ਮੱਖਣ ਉਪਰ ਹੀ ਜਾ ਖੜ੍ਹਦੀ ਸੀ

ਉਸੇ ਰਾਤ ਮੈਂ ਪਿਸ਼ਾਬ ਕਰਨ ਉਠਿਆ ਸੀ ਤਾਂ ਮੈਨੂੰ ਮਾਂ ਅਤੇ ਮੱਖਣ ਦੀ ਘੁਸਰ-ਮੁਸਰ ਸੁਣੀ ਸੀ ਤੇ ਫਿਰ ਉਨ੍ਹਾਂ ਦਾ ਬਾਹਰਲਾ ਬਾਰ ਵੀ ਖੜਕਿਆ ਸੀ। ਇਸ ਸਭ ਵਿੱਚ ਮਾਂ ਵੀ ਸ਼ਾਮਲ ਸੀ।

ਮਾਂ ਜਦ ਵੀ ਬਾਪੂ ਨੂੰ ਗਾਲ੍ਹਾਂ ਦਿੰਦੀ ਤਾਂ ਉਹ ਆਪਣੀ ਇਸ ਭੈੜੀ ਨੀਅਤ ਵੱਲ ਸੰਕੇਤ ਜਰੂਰ ਕਰ ਜਾਂਦੀ ਸੀ, "ਢੱਠਿਆ! ਮੈਂ ਤਾਂ ਕਹਿਣੀ ਆਂ ਤੂੰ ਪਿਆ ਹੀ ਰਹਿਜੇਂ। ਜੇ ਤੂੰ ਮਰਜੇਂ, ਮੈਂ ਸ਼ੁਕਰ ਮਨਾਵਾਂ! ਤੇਰੇ ਬਿਨਾਂ ਕੋਈ ਮੇਰਾ ਦੇਸ਼ ਸੁੰਨਾ ਨੀ ਹੁੰਦਾ। ਜਿਹੜੀਆਂ ਰੰਡੀਆਂ ਨੇ, ਵਧੀਆਂ ਅਵਦੀ ਨੀਂਦ ਸੌਂਦੀਆਂ ਨੇ, ਅਵਦੀ ਉਠਦੀਆਂ ਨੇ।''

ਕਦੇ ਕਦੇ ਲੜਾਈ ਤੋਂ ਬਿਨਾਂ ਵੀ ਮਾਂ ਦੇ ਅੰਦਰਲੀ ਇਹ ਖ਼ੁਆਇਸ਼ ਬੁੱਲ੍ਹਾਂ ’ਤੇ ਆ ਜਾਂਦੀ ਸੀ। ਉਹ ਕਿੰਨੀ ਕਿੰਨੀ ਦੇਰ ਪਿੰਡ ਦੀਆਂ ਰੰਡੀਆਂ ਤੀਵੀਂਆਂ ਦੇ ਸੁਖੀ ਜੀਵਨ ਦੀਆਂ ਗੱਲਾਂ ਕਰਦੀ ਰਹਿੰਦੀ।

ਹੁਣ ਮੈਨੂੰ ਲਗਦਾ ਹੈ ਬਾਪੂ ਨੇ ਵੀ ਆਪਣੀ ਮੌਤ ਦੀ ਰਾਹ ਆਪ ਹੀ ਤਿਆਰ ਕੀਤਾ ਸੀ। ਬਾਪੂ ਬੜਾ ਜਿੱਦੀ ਸੀ। ਜਿਹੜੀ ਗੱਲ ਕਹਿ ਦਿੰਦਾ, ਕਰਕੇ ਵਿਖਾਉਂਦਾ। ਉਹ ਜਦ ਵੀ ਮੱਖਣ ਨਾਲ ਲੜਦਾ ਤਾਂ ਇਹ ਸੁਣਾਈ ਜਰੂਰ ਕਰਦਾ, "ਮੈਂ ਅਵਦੇ ਮਰਨ ਤੋਂ ਪਹਿਲਾਂ ਤੈਨੂੰ ਮੰਗਣ ਜਰੂਰ ਲਾ ਕੇ ਜਾਊਂ। ਦੇਖਦਾ ਜਾਈਂ ਤੂੰ! ਜੇ ਨਾ ਮੰਗਣ ਲਾ ਕੇ ਗਿਆ। ਅੱਖਾਂ ’ਚ ਹੱਥ ਦੇ ਦੇ ਰੋਮੇਂਗਾ।''

ਮੱਖਣ ਨੂੰ ਡਰ ਸੀ ਬਾਪੂ ਜ਼ਮੀਨ ਉਸ ਨੂੰ ਨਹੀਂ ਦੇਵੇਗਾ। ਉਸ ਨੇ ਮਨ ’ਚ ਇਹ ਡਰ ਪਾਲ ਰੱਖਿਆ ਸੀ, ਬਾਪੂ ਸਾਰੀ ਜ਼ਮੀਨ ਮੇਰੇ ਨਾਂ ਲਿਖਵਾ ਕੇ ਜਾਵੇਗਾ। ਮੈਂ ਉਸ ਦੇ ਇਸ ਡਰ ਨੂੰ ਕਿੰਨੇ ਵਾਰ ਕੱਢਣ ਦੀ ਕੋਸ਼ਿਸ਼ ਕੀਤੀ। ਉਸ ਨੂੰ ਯਕੀਨ ਦਵਾਇਆ। ਸੌਹਾਂ ਖਾਧੀਆਂ, ਮੈਂ ਬਾਪੂ ਨੂੰ ਇਹ ਨਹੀਂ ਕਰਨ ਦੇਵਾਂਗਾ ਪਰ ਉਹ ਮੇਰੇ ਯਕੀਨ ਤੇ ਵੀ ਨਾ ਖੜਿਆ।

ਬਾਪੂ ਦੀ ਮੌਤ ਤੋਂ ਕੁਝ ਦਿਨ ਪਹਿਲਾਂ ਮੈਂ ਮਾਂ ਅਤੇ ਮੱਖਣ ਨੂੰ ਕਿੰਨੀ ਵਾਰ ਘੁਸਰ-ਮੁਸਰ ਕਰਦੇ ਸੁਣਿਆ ਸੀ ਜਿਵੇਂ ਉਹ ਕੋਈ ਗੁੱਝੀਆਂ ਸਕੀਮਾਂ ਬਣਾ ਰਹੇ ਹੋਣ। ਪਰ ਓਦੋਂ ਮੇਰੇ ਇਹ ਗੱਲ ਚਿੱਤ-ਚੇਤੇ ਵੀ ਨਹੀਂ ਸੀ।ਹੁਣ ਮੈਨੂੰ ਬਾਪੂ ਦਾ ਉਹ ਚਿਹਰਾ ਮੁੜ ਦਿਸਣ ਲੱਗ ਪਿਆ ਹੈ। ਬਾਪੂ ਦਾ ਪੀਲਾ ਪਿਆ ਚਿਹਰਾ, ਤਰਲੇ ਲੈਂਦੀਆਂ ਅੱਖਾਂ। ਮੈਨੂੰ ਦਿਸ ਰਿਹਾ ਹੈ, ਮੱਖਣ ਨੇ ਬਾਪੂ ਦੇ ਸਭ ਤਰਲਿਆਂ ਨੂੰ ਪੈਰਾਂ ਹੇਠਾਂ ਮਸਲ ਕੇ ਬਾਪੂ ਦੇ ਗਲੇ ਤੇ ਪਕੜ ਹੋਰ ਮਜਬੂਤ ਕਰ ਲਈ ਹੈ। ਬਾਪੂ ਲੱਤਾਂ ਬਾਹਾਂ ਮਾਰਦਾ ਹੈ, ਦੇਹ ਤੋੜਦਾ ਹੈ ਤੇ ਫਿਰ ਸ਼ਾਂਤ ਹੋ ਜਾਂਦਾ ਹੈ। ਮੱਖਣ ਹੱਸ ਰਿਹਾ ਹੈ। ਉਸਦੇ ਇਸ ਹਾਸੇ ’ਚ ਮਾਂ ਵੀ ਸ਼ਾਮਲ ਹੋ ਜਾਂਦੀ ਹੈ ਤੇ ਫਿਰ ਉਸਦੀ ਪਤਨੀ ਵੀ। ਹਸਦਿਆਂ ਉਨ੍ਹਾਂ ਮੈਨੂੰ ਸਾਹਮਣੇ ਖੜ੍ਹਾ ਵੇਖ ਲਿਆ ਹੈ। ਉਨ੍ਹਾਂ ਦੇ ਹੱਸਦੇ ਚਿਹਰੇ ਗੰਭੀਰ ਹੋ ਗਏ ਹਨ। ਉਹ ਤਿੰਨੋਂ ਆਪਸ ਵਿੱਚ ਨਜ਼ਰਾਂ ਮਿਲਾਉਂਦੇ ਮੇਰੇ ਵੱਲ ਵਧਣ ਲਗਦੇ ਹਨ ਤੇ....!

ਸਾਹਮਣੇ ਟਾਹਲੀ ਤੋਂ ਕੋਈ ਜਾਨਵਰ 'ਚਿਰ.... ਚਿਰ....’ ਕਰਦਾ ਉੱਡ ਜਾਂਦਾ ਹੈ। ਮੇਰੀ ਸੁਰਤ ਪਰਤੀ ਹੈ। ਮੈਂ ਕੋਠੇ ਕੋਲ ਖੜ੍ਹਾ ਮੱਖਣ ਨੂੰ ਵੇਖ ਰਿਹਾ ਹਾਂ। ਉਹ ਡਰਾਵਣੇ ਘੁਰਾੜੇ ਮਾਰ ਰਿਹਾ ਹੈ ਜਿਵੇਂ ਕੋਈ ਦਿਓ ਬੰਦਿਆਂ ਦਾ ਖ਼ੂਨ ਪੀ ਕੇ, ਰੱਜ ਕੇ ਡਕਾਰਾਂ ਮਾਰਦਾ ਹੈ।

ਮੈਂ ਕਿਰਚ ਆਪਣੇ ਹੱਥ ਵਿੱਚ ਘੁੱਟ ਲੈਂਦਾ ਹਾਂ। ਇੱਕ ਸੇਕ ਮੇਰੇ ਪੈਰਾਂ ਥੱਲੋਂ ਚੜ੍ਹਦਾ ਸਿਰ ਤੱਕ ਫੈਲ ਗਿਆ ਹੈ। ਮੈਨੂੰ ਮਹਿਸੂਸ ਹੁੰਦਾ ਹੈ ਜਿਵੇਂ ਮੇਰੇ ਅੰਗਾਂ ਵਿੱਚ ਦੁੱਗਣੀ ਤਾਕਤ ਭਰਦੀ ਜਾ ਰਹੀ ਹੋਵੇ। ਮੈਂ ਹੌਲੀ ਹੌਲੀ ਪੈਰ ਪੁੱਟਦਾ ਉਸ ਦੇ ਮੰਜੇ ਵੱਲ ਵਧਣ ਲੱਗਦਾ ਹਾਂ। ਮੈਂ ਉਸ ਦੇ ਮੰਜੇ ਦੇ ਬਰਾਬਰ ਜਾ ਖੜ੍ਹਿਆ ਹਾਂ। ਉਹ ਮੇਰੀ ਰਾਤਾਂ ਦੀ ਨੀਂਦ, ਦਿਨ ਦਾ ਚੈਨ ਖੋਹ ਕੇ ਆਪ ਬੇਫ਼ਿਕਰ ਹੋਇਆ ਸੁੱਤਾ ਪਿਆ ਹੈ। ਉਸ ਨੂੰ ਇਸ ਤਰ੍ਹਾਂ ਪਿਆ ਵੇਖ ਕੇ ਮੈਨੂੰ ਹੋਰ ਕ੍ਰੋਧ ਚੜ੍ਹ ਜਾਂਦਾ ਹੈ। ਮੇਰਾ ਦਿਲ ਤੇਜ਼ ਤੇਜ਼ ਧੜਕਣ ਲੱਗ ਪਿਆ ਹੈ। ਬੱਸ! ਅੱਜ ਸਭ ਹਿਸਾਬ ਬਰਾਬਰ ਕਰਨ ਦਾ ਮੌਕਾ ਹੈ। ਜੇ ਇਹ ਮੌਕਾ ਖੁੰਝ ਗਿਆ ਤਾਂ....!

ਮੈਂ ਆਪਣੇ ਸਰੀਰ ’ਚ ਏਨੀ ਸ਼ਕਤੀ ਭਰ ਲੈਣੀ ਚਾਹੁੰਦਾ ਹਾਂ ਕਿ ਉਸ ਨੂੰ ਜਾਗਣ ਦਾ ਮੌਕਾ ਵੀ ਨਾ ਮਿਲੇ। ਉਹ ਜਾਗਣ ਤੋਂ ਪਹਿਲਾਂ ਹੀ ਸਦਾ ਦੀ ਨੀਂਦ ਸੌਂ ਜਾਵੇ।

ਮੈਂ ਮੰਜੇ ਦੇ ਹੋਰ ਨੇੜੇ ਹੋ ਗਿਆ ਹਾਂ। ਬਿਜਲੀ ਦੀ ਤੇਜ਼ੀ ਜਿੰਨੀ ਛੇਤੀ ਮੈਂ ਮੱਛਰਦਾਨੀ ਦਾ ਲੜ ਚੁੱਕਦਾ ਹਾਂ ਤੇ ਪਲਾਂ-ਛਿਣਾਂ ਵਿੱਚ ਹੀ ਇੱਕ, ਦੋ, ਤਿੰਨ, ਚਾਰ, ਪੰਜ.... ਪਤਾ ਨਹੀਂ ਕਿੰਨੇ ਹੀ ਵਾਰ ਮੈਂ ਉਸ ਉਪਰ ਕਰ ਦਿੰਦਾ ਹਾਂ। ਮੈਂ ਵਾਰ ਏਨੀ ਤੇਜ਼ੀ ਨਾਲ ਕਰਦਾ ਹਾਂ ਕਿ ਮੈਨੂੰ ਖ਼ੁਦ ਨੂੰ ਵੀ ਪਤਾ ਨਹੀਂ ਲੱਗਿਆ ਕਿ ਉਸ ਨੇ ਜਾਗ ਕੇ ਮੇਰਾ ਵਿਰੋਧ ਕੀਤਾ ਸੀ ਜਾਂ ਨਾ। ਜਦੋਂ ਮੇਰੀ ਸੁਰਤ ਪਰਤਦੀ ਹੈ, ਉਹ ਮੰਜੇ ਵਿੱਚ ਮਿੱਟੀ ਬਣਿਆ ਪਿਆ ਹੈ।

ਮੈਂ ਜੇਤੂ ਅੰਦਾਜ਼ ਵਿੱਚ ਬਾਹਵਾਂ ਉਪਰ ਚੁੱਕਦਾ ਹਾਂ। ਆਪਣੇ ਖੇਤ ਦੀ ਮਿੱਟੀ ਨੂੰ ਚੁੰਮਦਾ ਹਾਂ। ਖੇਤ ਉਪਰ ਦੀ ਗੇੜਾ ਦਿੰਦਾ ਹਾਂ। ਮੈਨੂੰ ਲਗਦਾ ਹੈ ਜਿਵੇਂ ਮੇਰੀ ਫ਼ਸਲ ਉਸਦੀ ਫ਼ਸਲ ਨਾਲੋਂ ਅੱਜ ਰਾਤ ਵਿੱਚ ਹੀ ਦੁੱਗਣਾ ਕੱਦ ਕੱਢ ਗਈ ਹੋਵੇ। ਮੈਨੂੰ ਸੁਣਾਈ ਦਿੰਦਾ ਹੈ ਜਿਵੇਂ ਪਿੰਡ ਵਾਲੇ ਕਹਿ ਰਹੇ ਹੋਣ, "ਵਧੀਆ ਕੀਤਾ ਏਸ ਪਾਪੀ ਨਾਲ ਤਾਂ ਅਈਂ ਹੋਣੀ ਚਾਹੀਦੀ ਸੀ।'' ਜਿਵੇਂ ਮੈਂ ਮੇਰੀ ਪਤਨੀ ਅੱਗੇ ਗਿੱਠ ਉੱਚਾ ਹੋ ਗਿਆ ਹੋਵਾਂ। ਉਹ ਮੈਨੂੰ ਥਾਪੀ ਦਿੰਦੀ ਕਹਿ ਰਹੀ ਹੈ, "ਵਾਹ ਵੇ ਅਣਖੀਆ!''

ਮੈਂ ਪਿੰਡ ਨੂੰ ਤੇਜ਼ ਕਦਮੀਂ ਤੁਰ ਪਿਆ ਹਾਂ। ਹੈਂ ਇਹ ਕੀ? ਹੌਲੀ ਹੌਲੀ ਮੇਰੀ ਚਾਲ ਘਟਦੀ ਜਾਂਦੀ ਹੈ। ਮੇਰੇ ਅੰਦਰ ਕੁਝ ਖੁੱਸਣ ਲੱਗਦਾ ਹੈ ਜਿਵੇਂ ਮੈਂ ਆਪਣਾ-ਆਪਾ ਕਿਤੇ ਪਿੱਛੇ ਛੱਡ ਆਇਆ ਹੋਵਾਂ। ਮੈਨੂੰ ਅੱਗੇ ਕਦਮ ਪੁੱਟਣਾ ਔਖਾ ਹੋ ਗਿਆ ਹੈ ਜਿਵੇਂ ਮੇਰੇ ਪੈਰ ਸੁੱਜ ਕੇ ਤੁਰਨੋ ਜਵਾਬ ਦੇ ਗਏ ਹੋਣ। ਮੈਂ ਕੁਛ ਦੇਰ ਖੜ੍ਹਾ ਸੋਚਦਾ ਰਹਿੰਦਾ ਹਾਂ। ਫਿਰ ਅਚਾਨਕ ਸਿਰ-ਮੁਧ ਪਿੱਛੇ ਨੂੰ ਭੱਜ ਲੈਂਦਾ ਹਾਂ। ਕੋਠੇ ਕੋਲ ਜਾਂਦਿਆਂ ਹੀ ਮੈਂ ਭਰਾ ਦੀ ਮੱਛਰਦਾਨੀ ਪੁੱਟ ਕੇ ਪਰ੍ਹਾਂ ਵਗਾਹ ਮਾਰਦਾ ਹਾਂ। ਉਸਦੀ ਖ਼ੂਨ ਨਾਲ ਲੱਥ-ਪੱਥ ਹੋਈ ਦੇਹ ਨੂੰ ਚਿੰਬੜ ਜਾਂਦਾ ਹਾਂ। ਟਿਕੀ ਰਾਤ ਵਿੱਚ ਮੇਰੀਆਂ ਧਾਹਾਂ ਦੂਰ-ਦੂਰ ਤੱਕ ਸੁਣਾਈ ਦੇ ਰਹੀਆਂ ਹਨ।

## ਗੱਲਾਂ ਹੁੰਦੀਆਂ ਲਾਹੌਰ ਤੱਕ ਸਾਰੇ

# ਕੱਕਾ ਸਿੰਘ



ਗੁਰਚਰਨ ਨੂਰਪੁਰ
+91-98550-51099

ਕੱਕਾ ਸਿੰਘ ਬਾਰੇ ਲਾਹੌਰ ਦੇ ਇਲਾਕੇ ਵਿੱਚ ਮੁਹਾਵਰਾ ਮਸ਼ਹੂਰ ਹੋ ਗਿਆ "ਮੈਂ ਜਾਣਦੈਂ ਤੈਨੂੰ ਵੱਡੇ ਕੱਕੂ ਪੁਹਿਲਵਾਨ ਨੂੰ" ਜਾਂ "ਮੈ ਵੇਖ ਲਵਾਂਗਾ ਤੈਨੂੰ ਵੱਡੇ ਕੱਕੇ ਨੂੰ।" ਇਹ ਮੁਹਾਵਰਾ ਅੱਜ ਵੀ ਜਿੱਥੇ ਜਿੱਥੇ ਲਾਹੌਰੀਏ ਬੈਠੇ ਨੇ ਅਪਣੀ ਬੋਲੀ ਵਿੱਚ ਆਮ ਵਰਤਦੇ ਨੇ। ਪਰ ਕਈਆਂ ਨੂੰ ਪਤਾ ਨਹੀਂ ਕਿ ਕੱਕਾ ਸਿੰਘ ਕੌਣ ਸੀ। "ਕੱਕਾ ਸਿੰਘ" ਸਾਡੇ ਪਿੰਡ ਬਗਿਆਣਾ ਦਾ ਇੱਕ ਮਸ਼ਹੂਰ ਪਹਿਲਵਾਨ ਸੀ ਜਿਸ ਦੇ ਨਾਮ ਦੀ ਲਾਹੌਰ ਜ਼ਿਲ੍ਹੇ ਹੀ ਨਹੀ ਲਹਿੰਦੇ ਪੰਜਾਬ ਵਿੱਚ ਦੂਰ ਦੂਰ ਤੱਕ ਧੁੰਮ ਸੀ। ਅੱਜ ਵੀ ਲਾਹੌਰ ਦੇ ਆਸ ਪਾਸ ਦੇ ਪਿੰਡਾਂ ਚੋਂ ਉੱਝੜ ਕੇ ਆਏ ਜਾਂ ਉੱਥੇ ਵੱਸਣ ਵਾਲੇ ਲੋਕ ਉਸ ਦਾ ਨਾਮ ਬੜੇ ਮਾਣ ਨਾਲ ਲੈਂਦੇ ਹਨ। 'ਬਘਿਆਣਾ' ਲਾਹੌਰ ਜਿਲੇ ਦਾ ਮਸ਼ਹੂਰ ਪਿੰਡ ਸੀ। ਇਸਨੂੰ 'ਭਾਈਫੇਰੂ' ਸ਼ਹਿਰ ਲੱਗਦਾ ਸੀ ਤੇ 'ਕੱਚੀ ਕੋਠੀ' ਥਾਣਾ। ਇਹੋ ਕੱਚੀ ਕੋਠੀ ਥਾਣਾ ਸੀ ਜਿੱਥੇ ਅੰਗਰੇਜਾਂ ਨੇ ਅਸਗਰ ਅਲੀ ਥਾਣੇਦਾਰ ਦੀ ਖਾਸ ਤੌਰ ਇਸ ਇਲਾਕੇ ਦੇ ਮਸ਼ਹੂਰ ਡਾਕੂ ਜੱਗੇ ਨੂੰ ਫੜਨ ਦੀ ਡਿਉਟੀ ਲਾਈ ਹੋਈ ਸੀ। ਇਹ ਉਹੋ ਹੀ ਜੱਗਾ ਡਾਕੂ ਸੀ ਜਿਸ ਬਾਰੇ ਕਈ ਲੋਕ ਬੋਲੀਆਂ ਮਸ਼ਹੂਰ ਹਨ।

ਹਰ ਸਾਲ ਭਾਈਫੇਰੂ ਦੇ ਆਸ ਪਾਸ ਸਾਲ ਪਿਛੋਂ ਇੱਕ ਬੜੀ ਵੱਡੀ ਛਿੰਝ ਪੈਂਦੀ ਹੁੰਦੀ ਸੀ। ਜਿਸ ਵਿੱਚ ਬੜੀ ਦੂਰ ਦੂਰ ਤੋਂ ਕਈ ਨਾਮੀ ਪਹਿਲਵਾਨ ਆਉਂਦੇ ਤੇ ਘੋਲ ਕੁਸ਼ਤੀਆਂ ਕਰਦੇ। ਕਈ ਦਿਨ ਮੇਲਾ ਭਰਦਾ। ਲੋਕ ਇਸ ਮੇਲੇ ’ਤੇ ਜਾਣ ਲਈ ਕਈ ਕਈ ਦਿਨ ਪਹਿਲਾਂ ਹੀ ਤਿਆਰੀਆਂ ਅਰੰਭ ਦਿਆ ਕਰਦੇ ਸਨ। ਗੱਲ ਕੋਈ 1938 ਦੇ ਆਸ ਪਾਸ ਦੀ ਹੈ ਇਸੇ ਮੇਲੇ ਵਿੱਚ ਇੱਕ ਵਾਰ ਸਾਡੇ ਪਿੰਡ ਬਗਿਆਣੇ ਦੇ ਨਾਮੀ ਪਹਿਲਵਾਨ ਗੁਰਦਿੱਤ ਸਿੰਘ ਦਾ ਜੋੜ ਬਾਜ ਸਿੰਘ ਲਲਿਆਣੀ ਵਾਲੇ ਨਾਲ ਪਿਆ। ਜ਼ੋਰ ਵਿੱਚ ਗੁਰਦਿੱਤ ਸਿੰਘ ਦਾ ਕੋਈ ਸਾਨੀ ਨਹੀਂ ਸੀ। ਕਹਿੰਦੇ ਹਨ ਕਿ ਗੁਰਦਿੱਤ ਸਿੰਘ ਖੂਹ ਦੇ ਬੈੜ ਨੂੰ ਸਮੇਤ ਮਾਹਲ ਚੁੱਕ ਦਿੰਦਾ ਹੁੰਦਾ ਸੀ। ਅੰਨ੍ਹਾ ਜ਼ੋਰ ਸੀ ਉਹਦੇ ਵਿੱਚ। ਲਲਿਆਣੀ ਪਿੰਡ ਦਾ ਬਾਜ ਸਿੰਘ ਵੀ 7 ਫੁੱਟ ਲੰਬਾ ਦਰਸ਼ਨੀ ਜਵਾਨ ਸੀ। ਇਹ ਲਲਿਆਣੀ ਉਹੋ ਹੀ ਪਿੰਡ ਏ ਜਿਹਦੇ ਬਾਰੇ ਸਾਡੀਆਂ ਕਈ ਲੋਕ ਬੋਲੀਆਂ ਹਨ, ਜਿਵੇਂ- ਪਿੰਡਾਂ ਵਿਚੋਂ ਪਿੰਡ ਸੁਣੀਂਦਾ ਪਿੰਡ ਸੁਣੀਂਦਾ ਲਲਿਆਣੀ। ਬਘਿਆਣਾ ਬੜਾ ਵੱਡਾ ਪਿੰਡ ਸੀ। ਕਹਿੰਦੇ ਹਨ ਕਿ ਉਥੇ ਚੋਰੀ ਹੋਇਆ ਬਲਦ ਇਸੇ ਪਿੰਡ ਵਿੱਚ ਹੀ ਛੇ ਮਹੀਨੇ ਵਗਦਾ ਰਿਹਾ ਸੀ ਤੇ ਪਤਾ ਨਹੀਂ ਸੀ ਲੱਗਾ। ਗੁਰਦਿੱਤ ਸਿੰਘ ਦੀ ਪਿੰਡ ਵਿੱਚ ਹੀ ਨਹੀਂ ਇਲਾਕੇ ਵਿੱਚ ਵੀ ਪੂਰੀ ਧਾਂਕ ਸੀ। ਲੰਬੀ ਜਦੋਜਹਿਦ ਤੋਂ ਬਾਅਦ ਬਾਜ ਲਲਿਆਣੀ ਨੇ ਗੁਰਦਿੱਤ ਸਿੰਘ ਦੀ ਕੰਡ ਲਾ ਦਿੱਤੀ ਤੇ ਨਾਲ ਹੀ ਬੋਲੀ ਮਾਰੀ ਕਿ "ਖਾਣੇ ਬਘਿਆਣੇ ਦੇ ਗੋਂਗਲੂ ਤੇ ਘੁਲਣਾ ਆ ਕੇ ਬਾਜ ਸਿਓਂ ਲਲਿਆਣੀ ਨਾਲ।"

ਅਖਾੜੇ ਵਿੱਚ ਲਾਲਾ ਲਾਲਾ ਹੋ ਗਈ ਰੌਲਾ ਪੈ ਗਿਆ। ਚਾਹਮਲੇ ਤਮਾਸ਼ਬੀਨਾਂ ਨੇ ਹੋ ਹੋ ਕਰ ਦਿੱਤੀ। ਬਘਿਆਣੇ ਦੇ ਲੋਕ, ਸਾਡੇ ਵੱਡੇ ਵਡੇਰੇ ਮੂੰਹ ਨੀਵੇਂ ਕਰ ਕੇ ਘਰਾਂ ਨੂੰ ਪਰਤ ਆਏ। ਬਘਿਆਣੇ ਦੇ ਗੋਂਗਲੂ ਪਹਿਲਾਂ ਵੀ ਮਸ਼ਹੂਰ ਸਨ ਤੇ ਹੁਣ ਲੋਕਾਂ ਨੇ ਪਿੰਡ ਵਾਲਿਆਂ ਨੂੰ ਟਿੱਚਰਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ। ਫਿਰ ਇੱਕ ਦਿਨ ਪਿੰਡ ਦੇ ਮੋਹਤਬਰ ਬੰਦਿਆਂ ਦਾ ਇਕੱਠ ਹੋਇਆ। ਬਹੁਤ ਸੋਚ ਵਿਚਾਰ ਕਰਨ ਤੋਂ ਬਾਅਦ ਗੁਰਦਿੱਤ ਸਿੰਘ ਦੇ ਛੋਟੇ ਭਰਾ ਕੱਕਾ ਸਿੰਘ ਨੂੰ ਬਾਜ ਨਾਲ ਆਹਡਾ ਲਾਉਣ ਲਈ ਤਿਆਰ ਕਰਨ ਦਾ ਫੈਸਲਾ ਕੀਤਾ ਗਿਆ। ਕੱਕਾ ਸਿੰਘ ਜਿਸ ਨੂੰ ਪਿੰਡ ਵਾਲੇ ਕੱਕੂ ਕਿਹਾ ਕਰਦੇ ਸਨ ਉਦੋਂ ਭਰ ਜਵਾਨ ਸੀ ਤੇ ਤਗੜੇ ਜੁੱਸੇ ਵਾਲਾ ਸੀ ਪਰ ਕਦੇ ਉਹ ਕਿਤੇ ਘੁਲਣ ਨਹੀਂ ਸੀ ਗਿਆ। ਕੱਕਾ ਸਿੰਘ ਹੋਰਾਂ ਦਾ ਟੱਬਰ ਪੈਲੀ ਦੱਥੇ ਵੱਲੋਂ ਠੀਕ ਠਾਕ ਹੀ ਸੀ। ਸਾਰੇ ਪਿੰਡ ਨੇ ਮਤਾ ਪਕਾਇਆ ਕਿ ਪਹਿਲਵਾਨ ਨੂੰ ਸਾਰਾ ਪਿੰਡ ਖ਼ੁਰਾਕ ਦੇਵੇਗਾ ਤੇ ਇਹਦੀ ਤਿਆਰੀ ’ਤੇ ਵੀ ਜਿਹੜਾ ਖਰਚ ਆਵੇਗਾ ਉਹ ਪਿੰਡ ਝੱਲੇਗਾ। ਬਸ ਫਿਰ ਕੀ ਸੀ ਕੱਕਾ ਸਿੰਘ ਦੀ ਤਿਆਰੀ ਹੋਣ ਲੱਗ ਪਈ। ਪਿੰਡੋ ਬਾਹਰਵਾਰ ਇੱਕ ਖੂਹ 'ਤੇ ਉਹਦਾ ਅਤੇ ਉਹਦੇ ਨਾਲ ਜ਼ੋਰ ਕਰਨ ਵਾਲਿਆਂ ਦੇ ਰਹਿਣ ਦਾ ਪੱਕਾ ਪ੍ਰਬੰਧ ਕਰ ਦਿੱਤਾ ਗਿਆ। ਹਰ ਰੋਜ਼ ਦਾ ਇੱਕ ਮੁਰਗਾ, ਕਿੱਲੋ ਦੇਸੀ ਘਿਉ ਅਤੇ ਕਈ ਕਿੱਲੋ ਦੁਧ ਉਹਦੀ ਰੋਜ਼ਾਨਾ ਦੀ ਖ਼ੁਰਾਕ ਸੀ। ਪਿੰਡ ਦੇ ਚਾਰ ਚਾਰ ਗੱਭਰੂ ਮੁੰਡੇ ਉਹਨੂੰ ਜ਼ੋਰ ਕਰਵਾਉਂਦੇ ਇਕੋ ਵੇਲੇ ਉਹਦੇ ਨਾਲ ਦਸਤਪੰਜਾ ਲੈਂਦੇ। ਪਾਜੀਆਂ ਪਿੰਡ ਦਾ ਬਜ਼ੁਰਗ ਹੋ ਚੁੱਕਾ ਪਹਿਲਵਾਨ ਅਜੀਤ ਸਿੰਘ ਪਾਜੀ ਉਹਨੂੰ ਘੁਲਣ ਦੇ ਗੁਰ ਸਿਖਾਉਂਦਾ। ਉਹ ਹੱਥ ਵਿੱਚ ਸਦਾ ਇੱਕ ਸੋਟੀ ਰੱਖਦਾ ਜੇ ਕਿਤੇ ਨਿੱਕੀ ਮੋਟੀ ਗਲਤੀ ਹੁੰਦੀ ਤਾਂ ਪਾਜੀ ਦੀ ਸੋਟੀ ਕੱਕੂ ਦੇ ਗਿੱਟੇ ਸੇਕਦੀ। ਕਹਿੰਦੇ ਹਨ ਕਿ ਕੱਕਾ ਸਿੰਘ ਦਿਨਾਂ ਵਿੱਚ ਹੀ ਪਹਿਲਵਾਨੀ ਦੇ ਸਾਰੇ ਦਾਅ ਪੇਚ ਸਿੱਖ ਗਿਆ ਤੇ ਮੋਟੀ ਖ਼ੁਰਾਕ ਨਾਲ ਉਹਦੇ ਵਿੱਚ ਅੰਨ੍ਹੀ ਤਾਕਤ ਆ ਗਈ। ਉਹ ਦੋਹਾਂ ਝੋਟਿਆਂ ਦੀ ਥਾਂ ਖੂਹ ਦੀ ਗਾਧੀ ਫੜ ਕੇ ਸਾਰਾ ਸਾਰਾ ਦਿਨ ਤੁਰਦਾ। ਕਿੰਨੀ ਕਿੰਨੀ ਜ਼ਮੀਨ ਪਾਣੀ ਨਾਲ ਭਰ ਦਿੰਦਾ। ਇੱਕੋ ਸਮੇਂ ਚਾਰ ਬੰਦਿਆਂ ਦੇ ਹੇਠੋਂ ਨਿਕਲ ਜਾਂਦਾ ਚਾਰ ਬੰਦੇ ਉਹਨੂੰ ਇਕੱਠੇ ਘਸੁੰਨਾਂ ਮੁੱਕੀਆਂ ਨਾਲ ਕੁਟਦੇ ਪਰ ਉਹ ਚੌਹਾਂ 'ਤੇ ਹੀ ਕਈ ਵਾਰ ਭਾਰੀ ਪੈਂਦਾ। ਤੇ ਫਿਰ ਇੱਕ ਦਿਨ ਅਜੀਤ ਸਿੰਘ ਪਾਜੀ ਨੇ ਪਿੰਡੇ ਦੇ ਬੰਦਿਆਂ ਨੂੰ ਕਿਹਾ "ਇਹ ਤੂਫਾਨ ਬਣ ਗਿਆ ਜੇ, ਇਹਦੇ ਸਾਹਵੇਂ ਹੁਣ ਕੋਈ ਅੜੇਗਾ ਨਹੀਂ। ਨੇੜੇ-ਨੇੜੇ ਲਾਹੌਰ ਦੇ ਜ਼ਿਲ੍ਹੇ ਵਿੱਚ ਇਹਦਾ ਕੋਈ ਮੁਕਬਲਾ ਕਰਨ ਵਾਲਾ ਨਹੀਂ ਮਿਲੇਗਾ।" ਪਿੰਡ ਨੇ ਅਜੀਤ ਸਿੰਘ ਪਾਜੀ ਦੀ ਗੱਲ ’ਤੇ ਵਿਸ਼ਵਾਸ਼ ਕਰਕੇ ਲਲਿਆਣੀ ਬੰਦਾ ਭੇਜ ਕੇ ਬਾਜ ਸਿੰਘ ਨੂੰ ਇਤਲਾਹ ਦਿੱਤੀ ਕਿ ਤਿਆਰ ਰਹੀਂ ਇਸ ਵਾਰ ਮੇਲੇ ’ਤੇ ਸਾਡੇ ਪਿੰਡ ਦਾ ਪਹਿਲਵਾਨ ਤੇਰੇ ਨਾਲ ਦੋ ਹੱਥ ਕਰੇਗਾ। ਹੰਕਾਰੇ ਬਾਜ ਸਿੰਘ ਨੇ ਫਿਰ ਕਿਹਾ ਕਿ ਬਘਿਆਣੇ ਵਾਲਿਓ ਕਿਉਂ ਕਿਸੇ ਗਰੀਬ ਨੂੰ ਮਰਵਾਉਣ ਦੀ ਪੱਕੀ ਠਾਣ ਲਈ ਜੇ? ਪੰਜਾਬੀ ਵਿੱਚ ਇੱਕ ਅਖਾਣ ਹੈ "ਲਾਦੂ ਹੋਵੇ ਕਰਮਾਂ ਵਾਲਿਆਂ ਨੂੰ" ਜਿਹਦਾ ਅਰਥ ਹੈ ਕਿ ਕਿਸੇ ਲੁਕੀ ਗੱਲ ਦਾ ਪਤਾ ਉਸ ਕੰਮ ਦੇ ਹੋ ਜਾਣ ਤੋਂ ਪਹਿਲਾਂ ਕਰਮਾਂ ਵਾਲਿਆਂ ਨੂੰ ਚਲਦਾ ਹੈ। ਬਾਜ ਸਿੰਘ ਨੇ ਵੀ ਅੰਦਰੇ ਅੰਦਰ ਉਸ ਦਿਨ ਤੋਂ ਤਿਆਰੀ ਕਰਨੀ ਸ਼ੁਰੂ ਕਰ ਦਿੱਤੀ। ਦੱਸਣ ਵਾਲੇ ਦੱਸਦੇ ਸਨ ਕਿ ਬਾਜ ਸਿੰਘ ਚੜ੍ਹਦੀ ਮਾਲੀ ਜਵਾਨ ਸੀ, ਮਾੜੇ ਧੀੜੇ ਬੰਦੇ ਦੇ ਤਾਂ ਉਹਨੂੰ ਵੇਖ ਕੇ ਸਾਹ ਸੁੱਕ ਜਾਂਦੇ ਸਨ। ਦੋਹਾਂ ਦੇ ਜੋੜ ਪੈਣ ਦੀਆਂ ਗੱਲਾਂ ਘਰਾਂ, ਪਿੰਡਾਂ ਤੇ ਲਾਹੌਰ ਸ਼ਹਿਰ ਵਿੱਚ ਵੀ ਹੋਣ ਲੱਗ ਪਈਆਂ। ਲੋਕ ਬੜੀ ਬੇਸਬਰੀ ਨਾਲ ਮੇਲੇ ਦੀ ਉਡੀਕ ਕਰਨ ਲੱਗੇ।

ਅਖੀਰ ਸਮੇਂ ਨੇ ਵਾਟਾਂ ਮਾਰੀਆਂ ਤੇ ਮੇਲੇ ਵਾਲਾ ਦਿਨ ਵੀ ਆ ਗਿਆ। ਕਹਿੰਦੇ ਨੇ ਮੇਲਾ ਪਹਿਲਾਂ ਨਾਲੋਂ ਦੋ ਗੁਣਾਂ ਵਧੇਰੇ ਭਰ ਗਿਆ। ਸਾਰਾ ਦਿਨ ਸਵੇਰ ਤੋਂ ਲਾਹੌਰ ਤੋਂ ਆਏ ਹੋਰ ਇਲਾਕਿਆਂ ਦੇ ਪਹਿਲਵਾਨ ਆਪਣੇ ਕਰਤੱਬ ਵਿਖਾਉਂਦੇ ਰਹੇ ਅਖੀਰ ’ਤੇ ਢੋਲ ਤੇ ਡੱਗਾ ਲੱਗਾ ਤੇ ਢੋਲ ਵਾਲੇ ਨੇ ਉਚੀ ਹੇਕ ਵਿੱਚ ਕਿਹਾ "ਹੁਣ ਬਈ ਉਏ ਬਘਿਆਣੀ ਦਾ ਕੱਕਾ ਸਿੰਘ ਤੇ ਲਲਿਆਣੀ ਦਾ ਬਾਜ ਸਿੰਘ ਪਹਿਲਵਾਨ ਅਖਾੜੇ ਵਿੱਚ ਘੋਲ ਹੋਵੇਗਾ ਬਈ ਓ.....।" ਲੋਕਾਂ ਨੇ ਸਾਹ ਰੋਕ ਲਏ ਮੇਲੇ ਵਿੱਚ ਇੱਧਰ ਉਧਰ ਫਿਰਦੇ ਲੋਕਾਂ ਨੇ ਇੱਕ ਦੂਜੇ ਤੋਂ ਉੱਤੋਂ ਦੀ ਹੋ ਕੇ ਇਹ ਨਜਾਰਾ ਵੇਖਣਾ ਸ਼ੁਰੂ ਕੀਤਾ। ਰੇਹੜੀਆਂ, ਕੜਾਹੀਆਂ ਵਾਲੇ ਆਪਣੇ ਕੰਮ ਵਿੱਚੇ ਛੱਡ ਕੇ ਮੇਲੇ ਵਿੱਚ ਆ ਖੜੇ ਹੋਏ। ਦੋਹੇ ਪਹਿਲਵਾਨ ਬਰਾਬਰ ਚੱਲ ਰਹੇ ਸਨ। ਅਖਾੜੇ ਚੋਂ ਕੂਕਾਂ ਚੀਕਾਂ ਵੱਜਣੀਆਂ ਸ਼ੁਰੂ ਹੋ ਗਈਆਂ। ਅਖੀਰ ਲੰਬੀ ਕਸ਼ਮਕੱਸ਼ ਤੋਂ ਬਾਅਦ ਪਹਿਲਵਾਨੀ ਦੇ ਮਾਹਰ ਬਾਜ ਸਿੰਘ ਨੇ ਕੱਕਾ ਸਿੰਘ ਨੂੰ ਹੇਠਾਂ ਰੱਖ ਲਿਆ ਤੇ ਉਹਦਿਆਂ ਮੌਰਾਂ ’ਤੇ ਬਹਿ ਕੇ ਲੱਗਾ ਉਹਦੀ ਧੌਣ ਮਰੋੜਣ। ਅਖਾੜੇ ਵਿੱਚ ਰੌਲਾ ਪੈ ਗਿਆ। ਉੱਤੇ ਖੜੇ ਅਜੀਤ ਸਿੰਘ ਪਾਜੀ ਨੇ ਬਾਹਾਂ ਉਤਾਂਹ ਕਰਕੇ ਭੀੜ ਨੂੰ ਸ਼ਾਂਤ ਕਰਨ ਦਾ ਯਤਨ ਕੀਤਾ ਤੇ ਨਾਲ ਕੱਕੇ ਨੂੰ ਮਿਹਣਾ ਮਾਰਿਆ "ਉਏ ਕੱਕੂ ! ਸਾਰੇ ਪਿੰਡ ਦਾ ਘਿਉ ਖਾ ਕੇ ਇਹਦੇ ਬੋਕ ਜਿਹੇ ਦੇ ਹੇਠਾਂ ਆ ਪਿਆ ਏਂ? ਸ਼ਰਮ ਕਰ ਕੁਝ।" ਕਹਿੰਦੇ ਹਨ ਕਿ ਕੱਕਾ ਸਿੰਘ ਨੂੰ ਲਾਲੀਆਂ ਚੜ੍ਹੀਆਂ, ਉਹਦੇ ਸਰੀਰ ਵਿੱਚ ਝਰਨਾਟਾਂ ਛਿੜੀਆਂ। ਉਹ ਕਹਿੰਦੇ ਕਹਾਉਂਦੇ ਪਹਿਲਵਾਨ ਬਾਜ ਦੇ ਹੇਠੋਂ ਨਿੱਕਲ ਕੇ ਸ਼ੇਰ ਵਾਂਗ ਸਿੱਧਾ ਖੜਾ ਹੋ ਗਿਆ ਤੇ ਭੌਂ ਕੇ ਬਾਜ ਦੇ ਗਲ ਜਾ ਪਿਆ। ਬਾਜ ਸਿੰਘ ਨੇ ਹੱਥ ਖੜੇ ਕਰ ਦਿੱਤੇ ਕਿ ਬੱਸ ਹੁਣ। ਅੱਜ ਤਕ ਉਹਦੇ ਹੇਠੋਂ ਕੋਈ ਪਹਿਲਵਾਨ ਕਦੇ ਉੱਠ ਨਹੀਂ ਸੀ ਸਕਿਆ। ਕੱਕੂ ਨੇ ਸੱਤ ਫੁੱਟੇ ਟਾਹਲੀ ਦੀ ਗੇਲੀ ਵਰਗੇ ਬਾਜ ਪਹਿਲਵਾਨ ਨੂੰ ਮਰੋੜ ਕੇ ਧਰਤੀ 'ਤੇ ਪਟਕਾ ਕੇ ਮਾਰਿਆ ਤੇ ਕੰਡ ਲਾ ਕੇ ਚਿੱਤ ਕਰ ਦਿੱਤਾ। ਬਘਿਆਣੇ ਦੇ ਲੋਕਾਂ ਨੇ ਲਲਕਾਰੇ ਮਾਰੇ। ਵਹੀਰਾਂ ਨੇ ਕੱਕਾ ਸਿੰਘ ਨੂੰ ਮੋਢਿਆਂ ’ਤੇ ਚੁੱਕ ਲਿਆ। ਲੋਕਾਂ ਨੇ ਉਹਦੇ 'ਤੇ ਪੈਸਿਆਂ ਦਾ ਮੀਂਹ ਵਰ੍ਹਾ ਦਿੱਤਾ। ਕੱਕਾ ਸਿੰਘ ਜਿਸ ਨੇ ਪਿੰਡ ਦੀ ਰੱਖ ਵਿਖਾਈ ਸੀ ਮੇਲੇ ਵਿੱਚ ਲਲਕਾਰਾ ਮਾਰਿਆ, "ਓ ਖਾਣੀਆਂ ਲਲਿਆਣੀ ਦੀ ਛੱਲੀਆਂ ਤੇ ਘੁੱਲਣਾਂ ਆਕੇ ਕੱਕਾ ਸਿੰਘ ਨਾਲ.....?" ਜਿਵੇਂ ਬੱਘਿਆਣੇ ਦੇ ਗੋਂਗਲੂ ਮਸ਼ਹੂਰ ਸਨ ਉਸੇ ਤਰ੍ਹਾਂ ਲਲਿਆਣੀ ਦੀਆਂ ਛੱਲੀਆਂ ਵੀ ਬੜੀਆਂ ਮਸ਼ਹੂਰ ਹੁੰਦੀਆਂ ਸਨ। ਬਾਅਦ ਵਿੱਚ ਵੀ ਕੱਕਾ ਸਿੰਘ ਪੰਜਾਬ ਦੇ ਦੂਰ ਦੁਰਾਡੇ ਪਿੰਡ ਵਿੱਚ ਲੱਗਦੇ ਅਖਾੜਿਆਂ ਵਿੱਚ ਘੁਲਣ ਜਾਂਦਾ ਰਿਹਾ ਤੇ ਬਗਿਆਣੇ ਪਿੰਡ ਦਾ ਨਾਮ ਰੌਸ਼ਨ ਕਰਦਾ ਰਿਹਾ।

ਅੱਜਕਲ ਕੁਝ ਮਸ਼ੀਨੀ ਕਲਚਰ ਅਤੇ ਕੁਝ ਅੰਤਰ-ਰਾਜੀ ਸਸਤੀ ਲੇਬਰ ਨੇ ਸਾਡੀਆਂ ਪੰਜਾਬੀਆਂ ਦੀਆਂ ਕੰਮ ਕਰਨ, ਮਿੱਟੀ ਨਾਲ ਮਿੱਟੀ ਹੋਣ ਜਿਹੀਆਂ ਆਦਤਾਂ ਵਿੱਚ ਵਿਗਾੜ ਲੈ ਆਂਦੇ। ਅਸੀਂ 'ਕਿਰਤੀਆਂ' ਅਤੇ 'ਕਮਾਊ ਪੁੱਤਰਾਂ' ਤੋਂ 'ਵੈਲੀ ਪੁੱਤ ਸਰਦਾਰਾਂ ਦੇ' ਬਣ ਗਏ। ਪੰਜਾਬੀ ਸ਼ੇਰ ਹੋਣ ਦਾ ਭਰਮ ਪਾਲੀ ਬੈਠੇ ਅਸੀਂ ਸਰਾਬਾਂ ਦੀਆਂ ਨਹਿਰਾਂ ਵਿੱਚ ਨਹਾਉਣ ਲੱਗ ਪਏ, ਵਿਆਹਾਂ ਸ਼ਾਦੀਆਂ ਤੇ ਨੱਚਣ ਵਾਲੀਆਂ ਕੁੜੀਆਂ ਨਾਲ ਗਿੱਦੜਾਂ ਵਾਂਗ ਟਪੂਸੀਆਂ ਮਾਰ ਮਾਰ ਕੇ ਭੰਗੜੇ ਪਾ ਕੇ ਆਪਣੇ ਆਪ ਨੂੰ ਦੁੱਲੇ, ਜੱਗੇ ਤੇ ਕੱਕਾ ਸਿੰਘ ਵਰਗਿਆਂ ਦੇ ਵਾਰਸ ਸਮਝਣ ਲੱਗ ਪਏ। ਨਸ਼ਈਆਂ, ਅਮਲੀਆਂ, ਸਮੈਕੀਆਂ ਦੀ ਹੇੜਾਂ ਗਲੀਆਂ ਬਜਾਰਾਂ ਵਿੱਚ ਹਰਲ ਹਰਲ ਕਰਨ ਲੱਗ ਪਈਆਂ। ਸਰੀਰਾਂ ਨੂੰ ਸਾਂਭਣ ਅਤੇ ਜ਼ੋਰ ਅਜਮਾਇਸ਼ਾਂ ਦੇ ਸ਼ੌਕ ਹੈਲਥ ਕਲੱਬਾਂ ਵਿੱਚ ਡੌਲੇ ਬਣਾ ਕੇ ਬਜਾਰਾਂ ਗਲੀਆਂ ਵਿੱਚ ਚੱਕਰ ਲਾਉਣ ਤੱਕ ਸੀਮਤ ਹੋ ਕੇ ਰਹਿ ਗਏ। ਕੈਮੀਕਲਾਂ ਦੇ ਬਨਾਉਟੀ ਜੋਸ਼ ਤੇ ਜ਼ੋਰ ਨਾਲ ਖੇਡੀਆਂ ਕਬੱਡੀਆਂ ਦਾ ਭਲਾ ਕੀ ਫਾਇਦਾ?

## ਵਰ ਦੀ ਲੋੜ

**Ramgarian Sikh Girl 24, Height 5`-8``, 3 year Nursing Diploma +4 year working Experience in Heart Institute Hospital , Looking for Suitable Match from Canada or who Lives in India but blood related/relative live in Manitoba. Girl qualified for Permanent and PNP Manitoba Immigration System. Girls Uncle and His Family Living in Canada. Only Contact Ramgarian Families.**
**Email: baljitsall62@hotmail.com**

### ਕੰਨਿਆ ਦੀ ਲੋੜ

26 ਸਾਲਾ 5'8" ਜੱਟ ਸਿੱਖ ਕਨੇਡੀਅਨ ਸਿਟਿਜ਼ਨ ਲੜਕੇ ਲਈ ਕਨੇਡਾ ਰਹਿੰਦੀ ਸੁਨੱਖੀ, ਪੜ੍ਹੀ ਲਿਖੀ ਪਰਿਵਾਰਕ ਲੜਕੀ ਦੀ ਜ਼ਰੂਰਤ ਹੈ। ਲੜਕੇ ਦਾ ਸਾਰਾ ਪਰਿਵਾਰ ਕਨੇਡਾ ਵਿੱਚ ਸੈਟਲਡ ਹੈ।
ਚਾਹਵਾਨ 780-604-9001 ਜਾਂ 780-669-0456 ਤੇ ਸੰਪਰਕ ਕਰ ਸਕਦੇ ਹਨ।

### ਕੰਨਿਆ ਦੀ ਲੋੜ

ਕਨੇਡਾ ਵਾਸੀ ਜੱਟ ਸਿੱਖ ਉਮਰ 39 ਸਾਲ 5'5" ਨਸ਼ਿਆਂ ਤੋਂ ਰਹਿਤ ਕਲੀਨ ਸ਼ੇਵ, ਸੁਹਣੇ-ਸੁਨੱਖੇ ਲੜਕੇ ਲਈ ਲੜਕੀ ਦੀ ਜਰੂਰਤ ਹੈ। ਤਲਾਕਸ਼ੁਦਾ (ਬੱਚੇ ਤੋਂ ਬਗੈਰ) ਜਾਂ ਸਟੂਡੈਂਟ ਵੀਜੇ 'ਤੇ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ।
ਸੰਪਰਕ +1-250-552-0867

# Matrimonial

### ਕੰਨਿਆ ਦੀ ਲੋੜ

Ramgarian sikh boy looking for suitable girl. Boy is 28 years old, good looking, his height is 5'7, Canadian born. He has studied and finished web design, and now has been self employed for last 2 years doing construction. We are looking for a girl in Canada who is between 25-29 years of age. We are looking for someone who is working, well educated or studying. Preferably Ramgarian but are open to different castes. Please call us at : Babu Singh, 204-694-4815/204-297-0087 or email: at kaurkapoor@hotmail.com

### ਵਰ ਦੀ ਲੋੜ

ਖੂਬਸੂਰਤ ਜੱਟ ਸਿੱਖ 5 ਫੁੱਟ 4 ਇੰਚ, 22-6-1988, ਬੀ.ਐਸ.ਸੀ. ਨਰਸਿੰਗ, ਸਟੇਟਸ ਪਰਿਵਾਰ ਦੀ ਲੜਕੀ ਲਈ ਐਨ.ਆਰ.ਆਈ. ਵਰ ਦੀ ਲੋੜ ਹੈ। ਸੰਪਰਕ ਕਰੋ : 01624-2871483, 99888-29111

------

ਰਾਮਗੜ੍ਹੀਆ ਧੀਮਾਨ 1982 ਦੀ ਜਨਮੀ, 5'-3" M.Lib., Working as a Head Librarian in private College (Punjab, India) , ਇੱਕ ਭਰਾ ਕੈਨੇਡਾ ਪੱਕਾ, ਸੁੰਦਰ-ਸੁਸ਼ੀਲ ਲੜਕੀ ਲਈ ਯੋਗ ਵਰ ਦੀ ਲੋੜ ਹੈ। ਚਾਹਵਾਨ 780-966-8139 ਜਾਂ dhiman_ravi23@yahoo.co.in 'ਤੇ ਸੰਪਰਕ ਕਰ ਸਕਦੇ ਹਨ।

------

ਰਾਮਗੜ੍ਹੀਆ ਸਿੱਖ ਹੁਸ਼ਿਆਰਪੁਰ ਅਧਾਰਤ 22 ਸਾਲਾ ਕੰਪਿਊਟਰ ਇੰਜੀਨੀਅਰ ਲੜਕੇ ਲਈ ਸੁੰਦਰ ਯੋਗ ਲੜਕੀ ਦੀ ਲੋੜ ਹੈ। ਸੰਪਰਕ ਨੰ: 98157 41224, e-mail : engg.money@yahoo.com

------

Suitable match for two Jat Sikh Girls, 24-26, 5'-3", 5'-3", respectivily, +2, Diploma holder in professional courses like beautician decent marriage. Contact 0136-237337, 95014-53344

------

ਖੂਬਸੂਰਤ, ਜੱਟ ਸਿੱਖ ਗਿੱਲ 27 ਸਾਲ, 5'-3", 10+2, ਬਿਊਟੀਸ਼ੀਅਨ ਲਈ ਵਰ ਦੀ ਲੋੜ ਹੈ। ਸੰਪਰਕ : 01636-37337, 94176-94520

------

ਖੂਬਸੂਰਤ ਜੱਟ ਸਿੱਖ ਗਿੱਲ, 25 ਸਾਲ, 5'-3", 10+2, ਨਰਸ ਲਈ ਵਰ ਦੀ ਲੋੜ ਹੈ। ਸੰਪਰਕ : 94176-94520

------

ਖੂਬਸੂਰਤ, ਹਿੰਦੂ ਖੱਤਰੀ, ਜੇਠੀ, 26 ਸਾਲ, 5'-3", ਐਮ.ਏ. (ਇਕਨੋਮਿਕਸ) ਬੀ.ਐਡ, ਸਟੇਟਸ ਪਰਿਵਾਰ ਲਈ ਵਰ ਦੀ ਲੋੜ ਹੈ। ਸੰਪਰਕ : 94656-85637, 0161-2880781

------

### ਵਰ ਦੀ ਲੋੜ

ਜੱਟ ਸਿੱਖ ਚੰਡੀਗੜ੍ਹ (ਭਾਰਤ) ਵਾਸੀ 31 ਸਾਲਾ 5'3" ਡੈਂਟਿਸ ਤੇ ਮਾਸਟਰਜ਼ ਆਫ਼ ਪਬਲਿਕ ਹੈਲਥ, ਸੋਹਣੀ-ਸੁਨੱਖੀ ਲੜਕੀ ਲਈ ਯੋਗ ਵਰ ਦੀ ਜਰੂਰਤ ਹੈ। ਲੜਕਾ ਕਨੇਡਾ ਦਾ ਪੱਕਾ ਵਾਸੀ ਜਾਂ ਸਿਟੀਜਨ ਹੋਣਾ ਚਾਹੀਦਾ ਹੈ। 011-91-98728-92317 (ਭਾਰਤ), 780-298-1234 (ਕਨੇਡਾ) 'ਤੇ ਸੰਪਰਕ ਕੀਤਾ ਜਾ ਸਕਦਾ ਹੈ।

### ਕੰਨਿਆ ਦੀ ਲੋੜ

Seeking beautiful & compatible match for handsome professionally qualified Assistant Professor, 4.12 AM, 18-11-12, 6', Ludhiana born boy from reputed family of Mullapur (LDH.) Father Associate Professor in Govt. College, having 16 acres of agricultural land and urban properties. Only son, two sisters married. Pretty and educated girl required. contact 98785-31166, navneen.mlp@gmail.com

# Classified Plus

## Car for Sale

SOLD

2005 Acura EL Touring Sport fully loaded, sunroof, leather seats 100,000km excellent condition. asking Price $ 10,250 call: Anna @ 780-893-9346 or 780-426-4410

## HOUSE FOR RENT

RENTED

3 bedroom bungalow, 2 bathrooms and double attached garage on Acreage. Rent including utility in Beaumont. House has a location in front of shopping mall and golf course. Call: 780 929 9504.



ਸਿਟੀ ਅਸਟੇਟਸ

## City Estates

**All Types of Property, Plots & Kothis available for Sale & Purchase in Chandigarh/Mohali/ Panchkula.**

ਜ਼ਮੀਨਾਂ, ਕੋਠੀਆਂ, ਪਲਾਟਾਂ 'ਤੇ ਜਾਇਦਾਦ ਖਰੀਦਣ ਤੇ ਵੇਚਣ ਲਈ ਇਕ ਭਰੋਸੇਯੋਗ ਨਾਂ

For More Info Contact: SCO 123, Phase 7, Mohali (Punjab)
**011 91 98147 11263 or 011 91 98729 73304**




## Fort Road Drycleaners

Dry cleaning Elegance...through pride of Craftsmanship




* Wedding Dresses * Leather
* Suede * Drapes * Sleeping Bags
* Quilts * Featuring Deluxe Shirts Service



Weekdays : 7.30 am to 7.00 pm Saturday: 9.00 am to 5.30 pm **Call: Baljit Minhas**
5521A- 137 Ave Edmonton, AB T5A 3L4 **780-478-1811**

## Laddi Padda Realtor

ਘਰ ਛੋਟਾ ਹੋਵੇ ਜਾਂ ਵੱਡਾ, ਹਮੇਸ਼ਾਂ ਯਾਦ ਰੱਖੋ ਲਾਡੀ ਪੱਡਾ

ਕਿਸੇ ਵੀ ਤਰ੍ਹਾਂ ਦੀ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ ਭਰੋਸੇਮੰਦ ਰੀਐਲਟਰ ਲਾਡੀ ਪੱਡਾ ਨੂੰ ਮਿਲੋ ਜਾਂ ਫੋਨ ਕਰੋ।

PROFESSIONAL
REALTY GROUP



**Cell: 780-909-5154**



**9222-51 Avenue, Edmonton, AB T6E 5L8**
**Phone: 780-439-9818, Fax: 780-439-1257**

ਫਿਲਮਾਂ ਬਣਾਉਣ ਦੀ ਸੱਚੀ ਕਹਾਣੀ

ਲੜੀ ਨੰਬਰ : 10

# ਵੇਖਿਆ ਸ਼ਹਿਰ ਬੰਬਈ



ਗੁਰਚਰਨ ਸੱਗੂ

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

ਰਾਕੇਸ਼ ਅਗਰਵਾਲ ਦਾ ਆਗਰੇ ਵਿਚ ਜੁੱਤੀਆਂ ਬਣਾਉਣ ਦਾ ਇਕ ਬੜਾ ਵੱਡਾ ਕਾਰਖਾਨਾ ਸੀ। ਦਿੱਲੀ ਦੀ ਸ਼ੂਅ ਮਾਰਕੀਟ ਵਿਚ ਉਸਦਾ ਲੱਖਾਂ ਦਾ ਮਾਲ ਹਰ ਹਫਤੇ ਜਾਂਦਾ ਸੀ। ਅਪਣੇ ਖਿੱਤੇ ਦੇ ਬਾਦਸ਼ਾਹ ਸੀ ਉਹ, ਪੈਸਾ ਪੈਰਾਂ ਵਿਚ ਰੁਲਦਾ ਸੀ। ਫਿਰ ਇਕ ਦਿਨ ਉਹ ਸਾਵਨ ਕੁਮਾਰ ਦੇ ਸੰਪਰਕ ਵਿਚ ਆ ਗਿਆ।

ਸਾਵਨ ਦੀ ਹਿੱਟ ਫਿਲਮ 'ਸੌਤਨ' ਤੋਂ ਬਾਅਦ 'ਸੌਤਨ ਕੀ ਬੇਟੀ' ਬਨਾਉਣ ਦੀ ਸਕੀਮ ਬਣ ਗਈ। ਸਾਵਨ ਕੁਮਾਰ ਡਾਇਰੈਕਟਰ ਤੇ ਰਾਕੇਸ਼ ਅਗਰਵਾਲ ਪ੍ਰੋਡਿਊਸਰ। ਮੇਰੇ ਨਾਲ ਵਾਲੇ ਫਲੈਟ ਵਿਚ ਹੀ ਰਾਕੇਸ਼ ਨੇ ਅਪਣਾ ਫਲੈਟ ਲੈ ਲਿਆ। ਸਾਵਨ ਮੇਰਾ ਵੀ ਦੋਸਤ ਤੇ ਉਸਦਾ ਵੀ ਦੋਸਤ ਤੇ ਫਿਲਮ ਡਾਇਰੈਕਟਰ।

ਜਿਵੇਂ ਮੈਂ ਲੰਡਨ ਤੋਂ ਬੰਬਈ ਫਿਲਮ ਦਾ ਕੰਮ ਵੇਖਣ ਜਾਂਦਾ ਸਾਂ, ਉਸੇ ਤਰ੍ਹਾਂ ਰਾਕੇਸ਼ ਵੀ ਆਗਰੇ ਤੋਂ ਆਉਂਦਾ ਜਾਂਦਾ ਰਹਿੰਦਾ ਸੀ। ਇਸ ਤਰ੍ਹਾਂ ਅਕਸਰ ਸਾਡੀ ਮੁਲਾਕਾਤ ਹੁੰਦੀ ਰਹਿੰਦੀ ਤੇ ਅਪਣਾ ਕੌੜਾ ਤਜਰਬਾ ਉਹ ਮੇਰੇ ਨਾਲ ਸਾਂਝਾ ਕਰਕੇ ਅਪਣਾ ਮਨ ਹਲਕਾ ਕਰ ਲੈਂਦਾ ਸੀ।

ਸਾਵਨ ਦਾ ਸਰਕਲ ਵੱਡਾ ਸੀ ਤੇ ਵੱਡੇ ਹੀ ਉਸਦੇ ਖਰਚੇ। ਫਿਲਮ ਕਾਸਟ ਵੀ ਵੱਡੀ, ਉਸ ਵਕਤ ਦੀਆਂ ਟੌਪ ਦੀਆਂ ਹੀਰੋਇਨਾਂ ਤੇ ਸਾਵਨ ਕੁਮਾਰ ਦੀਆਂ ਚਹੇਤੀਆਂ ਰੇਖਾ ਤੇ ਜਯਾ ਪ੍ਰਦਾ ਤੇ ਨਾਲ ਹੀਰੋ ਜਤਿੰਦਰ। ਆਗਰੇ ਦੇ ਤਾਜ ਮਹੱਲ ਦੀ ਰੋਸ਼ਨੀ ਬੰਬਈ ਵਿਚ ਚਮਕਣ ਲੱਗੀ ਤੇ ਰਾਕੇਸ਼ ਅਗਰਵਾਲ ਇਹਨਾਂ ਰੋਸ਼ਨੀਆਂ ਤੋਂ ਅਗਲੀ ਹਨੇਰੀ ਗਲੀ ਵੱਲ ਮੁੜਦਾ ਜਾ ਰਿਹਾ ਸੀ।

ਇੱਥੇ ਮੈਨੂੰ ਇਕ ਵੱਡੀ ਦਿਲਚਸਪ ਘਟਨਾ ਯਾਦ ਆ ਗਈ ਹੈ, ਜਦ 'ਸੌਤਨ ਕੀ ਬੇਟੀ' ਬਣ ਰਹੀ ਸੀ। ਮੈਂ ਲੰਡਨ ਵਿਚ ਸਾਂ, ਬੰਬਈ ਤੋਂ ਸਾਵਨ ਕੁਮਾਰ ਦਾ ਟੈਲੀਫੂਨ ਆਉਂਦਾ ਹੈ, "ਸੱਗੂ ਸਾਹਿਬ ਮੇਰਾ ਇਕ ਕੰਮ ਕਰਿਓ, ਰੇਖਾ ਲੰਡਨ ਆਈ ਹੋਈ ਹੈ, ਉਸ ਨੂੰ ਕੁਝ ਪੈਸਿਆਂ ਦੀ ਲੋੜ ਪੈ ਗਈ ਹੈ, ਸ਼ਾਇਦ ਉਸਦੇ ਬੰਬਈ ਤੋਂ ਪੈਸੇ ਪਹੁੰਚੇ ਨਹੀਂ... ਤੁਸੀਂ ਜਾ ਕੇ ਜ਼ਰਾ ਦੋ ਹਜ਼ਾਰ ਪੌਂਡ ਉਸਨੂੰ ਦੇ ਆਣਾ... ਜਦ ਅਗਲੀ ਵਾਰ ਬੰਬਈ ਆਏ ਤਾਂ ਮੈਂ ਤੁਹਾਨੂੰ ਦੇ ਦਿਆਂਗਾ।"

ਰੇਖਾ ਨਾਲ ਮੁਲਾਕਾਤ, ਦੋ ਹਜ਼ਾਰ ਪੌਂਡ ਦੀ ਗੱਲ ਹੈ, ਰੇਖਾ ਜੇ ਪੰਜ ਹਜ਼ਾਰ ਪੌਂਡ ਵੀ ਮੰਗ ਲੈਂਦੀ ਤਾਂ ਮੈਂ ਭੱਜੇ ਭੱਜੇ ਜਾਣਾ ਸੀ।

ਲਓ ਜੀ ਸੱਗੂ ਸਾਹਿਬ ਪਹੁੰਚ ਗਏ ਦੋ ਹਜ਼ਾਰ ਪੌਂਡ ਲੈ ਕੇ ਸੈਂਟਰਲ ਲੰਡਨ ਦੇ ਇਕ ਬਹੁਤ ਹੀ ਪੌਸ਼ ਫਲੈਟ ਵਿਚ। ਰੇਖਾ ਨੇ ਮੈਨੂੰ ਦਸ ਵੱਜੇ ਸਵੇਰ ਆਉਣ ਲਈ ਕਿਹਾ ਸੀ। ਫਰਵਰੀ ਦਾ ਮਹੀਨਾ ਸੀ, ਠੰਡ ਬੜੀ ਸੀ, ਥੋੜ੍ਹੀ ਥੋੜ੍ਹੀ ਬਰਫ ਵੀ ਪੈ ਰਹੀ ਸੀ, ਮੈਂ ਮੋਟੀ ਸਾਰੀ ਜੈਕਟ ਪਾਈ ਹੋਈ ਸੀ, ਇਸ ਠੰਡ ਤੋਂ ਬਚਣ ਲਈ। ਇਕ ਨੌਕਰ ਨੇ ਦਰਵਾਜ਼ਾ ਖੋਲ੍ਹ ਕੇ ਮੈਨੂੰ ਰਿਸੈਪਸ਼ਨ ਰੂਮ ਵਿਚ ਬਿਠਾ ਦਿੱਤਾ।

ਥੋੜ੍ਹੀ ਦੇਰ ਬਾਅਦ ਰੇਖਾ ਸ਼ਾਵਰ ਲੈਣ ਤੋਂ ਬਾਅਦ ਗਾਊਨ ਵਿਚ ਲਿਪਟੀ ਹੋਈ ਮੇਰੇ ਸਾਹਮਣੇ ਬੈਠੀ ਸੀ। ਗਿੱਲੇ ਵਾਲਾਂ ਨੂੰ ਟਾਵਲ ਵਿਚ ਲਪੇਟ ਕੇ ਪਿੱਛੇ ਸੁਟਿਆ ਹੋਇਆ ਸੀ। ਉਸਦਾ ਸਾਂਵਲਾ ਰੰਗ ਬਾਹਰ ਪੈ ਰਹੀ ਬਰਫ ਨਾਲ ਇੰਜ ਲਿਸ਼ਕ ਰਿਹਾ ਸੀ, ਜਿਵੇਂ ਆਸਮਾਨ ਤੋਂ ਬਿਜਲੀ ਦੀ ਚਮਕ। ਮੈਂ ਇਕੱਲਾ ਸੋਫੇ 'ਤੇ ਬੈਠਾ ਸਾਂ ਤੇ ਇਕੱਲੀ ਰੇਖਾ ਮੇਰੇ ਸਾਹਮਣੇ... ਗਿੱਲੀ ਗਿੱਲੀ... ਸਿੱਲੀ ਸਿੱਲੀ, ਫਰੈਂਚ ਪਰਫਿਊਮ ਦੀ ਮਿੱਠੀ ਮਿੱਠੀ ਖੁਸ਼ਬੂ... ਠੰਡੀ ਬਰਫੀਲੀ ਸਵੇਰ, ਮੇਰੇ ਪਸੀਨੇ ਛੁੱਟ ਰਹੇ ਸਨ।

ਅੱਖਾਂ ਵਿਚ ਕੋਈ ਅਦੁਤੀ ਸਰੂਰ ਜਿਹਾ ਭਰ ਰਿਹਾ ਸੀ, ਬੋਤਲ ਦੇ ਨਸ਼ੇ ਤੋਂ ਵੀ ਵੱਧ, ਕੋਈ ਹੋਰ ਨਸ਼ਾ। ਪਤਾ ਨਹੀਂ ਮੈਂ ਕਿੱਥੇ ਦੂਰ ਗਵਾਚਾ ਜਾ ਰਿਹਾ ਸਾਂ, ਕਿਧਰੇ ਪਹਾੜਾਂ ਤੇ, ਬਰਫਾਂ ਵਿਚ ਮਦਹੋਸ਼ ਹੋਈ ਜਾ ਰਿਹਾ ਸਾਂ। ਗੁਲਾਬੀ ਫੁੱਲਾਂ ਦੇ ਬਾਗਾਂ ਵਿਚ ਰੇਖਾ ਅੱਗੇ ਅੱਗੇ ਦੌੜੀ ਜਾ ਰਹੀ ਸੀ ਤੇ ਮੈਂ ਪਿੱਛੇ ਪਿੱਛੇ... ਰੇਖਾ ਨੂੰ ਅਪਣੀਆਂ ਬਾਹਾਂ ਵਿਚ ਪਕੜ ਲੈਂਦਾ ਹਾਂ, ਕਲਾਵੇ ਵਿਚ ਕਸਦਾ ਹਾਂ....ਕੋਈ ਗੀਤ ਵੱਜ ਰਿਹਾ ਹੈ....

**ਛੂਹ ਲੇਨੇ ਦੋ ਨਾਜ਼ਕ ਹੋਠੋਂ ਕੋ**
**ਕੁਛ ਔਰ ਨਹੀਂ ਹੈ**
**ਜਾਮ ਹੈਂ ਯਹ... ਛੂਹ ਲੇਨੇ ਦੋ...**
**ਕੁਦਰਤ ਨੇ ਜੋ ਹਮਕੋ ਬਖਸ਼ਾ ਹੈ**
**ਵੋਹ ਸਭ ਸੇ ਹੁਸੀਂ, ਇਨਾਮ ਹੈ ਯਹ**
**ਛੂਹ ਲੇਨੇ ਦੋ ਨਾਜੁਕ ਹੋਠੋਂ ਕੋ**
**ਛੂਹ ਲੇਨੇ ਦੋ....**

**ਸ਼ਰਮਾ ਕੇ ਨਾ ਯੂੰ ਹੀ ਖੋ ਦੇਨਾ**
**ਰੰਗੀਨ ਜਵਾਨੀ ਕੀ ਘੜੀਆਂ**
**ਬੇਤਾਬ ਧੜਕ ਤੇ ਸੀਨੇ ਕਾ**
**ਅਰਮਾਨ ਭਰਾ ਪੈਗਾਮ ਹੈ ਯਹ**

"ਹਾਂ ਤੋਂ ਸਾਵਨ ਜੀ ਨੇ ਬਤਾਇਆ ਥਾ ਕਿ ਆਪ ਭੀ ਬੰਬਈ ਮੇਂ ਕੋਈ ਫਿਲਮ ਬਨਾ ਰਹੇ ਹੋ"

ਹਾ! .....

ਰੇਖਾ ਦੇ ਇਹਨਾਂ ਬੋਲਾਂ ਨਾਲ ਮੇਰੀ ਬਿਰਤੀ ਟੁੱਟਦੀ ਹੈ, ਸੋਫੇ 'ਤੇ ਕੁਝ ਸੰਭਲ ਕੇ ਬੈਠ ਜਾਂਦਾ ਹਾਂ। ਮੈਂ ਰੇਖਾ ਨੂੰ ਬੰਬਈ ਵਿਚ ਫਿਲਮ ਬਣਾਉਣ ਬਾਰੇ ਦੱਸਿਆ, ਸਾਵਨ ਨਾਲ ਦੋਸਤੀ ਦੀ ਗੱਲ ਕੀਤੀ। ਅਪਣਾ ਬੰਬਈ ਤੇ ਲੰਡਨ ਦਾ ਵਿਜ਼ਿਟਿੰਗ ਕਾਰਡ ਦਿੱਤਾ ਤੇ ਨਾਲ ਹੀ ਦੋ ਹਜ਼ਾਰ ਪੌਂਡ ਦਾ ਬਣਾਇਆ ਪੈਕਟ।

ਪੈਕਟ ਲੈਣ ਤੋਂ ਬਾਅਦ ਉਸ ਅਪਣੇ ਹੱਥੀਂ ਮੈਨੂੰ ਜੂਸ ਪਿਲਾਇਆ ਤੇ ਮੈਂ ਹਵਾ ਵਿਚ ਉਡਦਾ ਉਡਦਾ ਪਤਾ ਨਹੀਂ ਕਦੋਂ ਸੜਕ 'ਤੇ ਤੁਰ ਰਿਹਾ ਸਾਂ। ਬਾਹਰ ਅਜੇ ਵੀ ਬਰਫ ਪੈ ਰਹੀ ਸੀ ਪਰ ਰੇਖਾ ਦੇ ਹੱਥਾਂ ਦੀ ਛੋਹ ਦੀ ਗਰਮੀ ਨਾਲ ਅਜੇ ਵੀ ਨਸ਼ਿਆਇਆ ਹੋਇਆ ਸਾਂ ਮੈਂ।

ਸਾਵਨ ਕੁਮਾਰ ਨੇ ਇਹ ਪੈਸੇ ਤਕਰੀਬਨ ਇਕ ਸਾਲ ਬਾਅਦ ਲੱਖ ਵਾਰੀ ਮੰਗਣ 'ਤੇ ਮੇਂਗਣਾ ਪਾ ਪਾ ਕੇ ਦਿੱਤੇ, ਕਦੇ ਪੰਜ ਤੇ ਕਦੇ ਦਸ ਹਜ਼ਾਰ ਰੁਪਿਆ। ਖੈਰ ਰੇਖਾ ਨਾਲ ਮੁਲਾਕਾਤ ਦੀ, ਉਸਦੇ ਹੱਥਾਂ ਦੀ ਛੋਹ ਦੀ ਕੋਈ ਤਾਂ ਕੀਮਤ ਦੇਣੀ ਹੀ ਪੈਣੀ ਸੀ ਨਾ। ਇਹ ਤਾਂ ਗੱਲ, ਗੱਲਾਂ ਵਿਚੋਂ ਨਿਕਲ ਆਈ ਹੈ, ਅਸਲ ਗੱਲ ਤਾਂ ਰਾਕੇਸ਼ ਅਗਰਵਾਲ ਦੀ ਹੋ ਰਹੀ ਸੀ।

ਰਾਕੇਸ਼ ਦੀ ਫਿਲਮ ਰਿਲੀਜ਼ ਹੋ ਗਈ ਪਰ ਉਸ ਦੀ ਜੇਬ ਵਿਚੋਂ ਨਿਕਲਿਆ ਪੈਸਾ ਫਿਰ ਮੁੜ ਕੇ ਵਾਪਿਸ ਨਾ ਆਇਆ। ਇਕ ਦੋ ਕਰੋੜ ਰੁਪਿਆ ਬੰਬਈ ਨੂੰ ਮੱਥਾ ਟੇਕ ਕੇ ਉਹ ਵਾਪਿਸ ਆਗਰੇ ਚਲਿਆ ਗਿਆ ਤੇ ਮੁੜ ਕਦੇ ਨਾ ਆਇਆ।




ਹਿੱਟ ਫਿਲਮ 'ਸੌਤਨ' ਜਿਸ ਤੋਂ ਬਾਅਦ ਸਾਵਨ ਕੁਮਾਰ ਨੇ 'ਸੌਤਨ ਕੀ ਬੇਟੀ' ਬਨਾਉਣ ਦੀ ਸਕੀਮ ਬਣਾਈ

ਇਹ ਉਹਨਾਂ ਕੁਝ ਲੋਕਾਂ ਦੀਆਂ ਹੀ ਆਪ ਬੀਤੀਆਂ ਹਨ, ਜਿਹੜੇ ਬੰਬਈ ਰਹਿੰਦਿਆਂ ਮੇਰੇ ਸੰਪਰਕ ਵਿਚ ਆਏ, ਮੇਰੇ ਦੋਸਤ ਬਣੇ, ਜਿਹਨਾਂ ਅਪਣੀਆਂ ਸੁਖੀ ਤੇ ਅਰਾਮਦੇਹ ਜ਼ਿੰਦਗੀਆਂ ਨੂੰ ਅੱਗਾਂ ਦੇ ਭਾਂਬੜਾਂ ਵਿਚ ਸਾੜਿਆ, ਕਰੋੜਾਂ ਦੇ ਕਾਰੋਬਾਰ ਤਬਾਹ ਕੀਤੇ ਤੇ ਸਭ ਤੋਂ ਵੱਧ ਅਪਣੇ ਪਰਿਵਾਰਕ ਰਿਸ਼ਤਿਆਂ ਵਿਚ ਤਰੇੜਾਂ ਪੁਆਈਆਂ। ਮੈਨੂੰ ਕਦੇ ਕਦੇ ਡਰ ਲੱਗਦਾ ਸੀ ਕਿ ਕਿਧਰੇ ਮੇਰੇ ਪਰਿਵਾਰ ਵਿਚ ਵੀ ਕੋਈ ਤਰੇੜ ਨਾ ਆ ਜਾਵੇ, ਕਿੰਨਾ ਕੁ ਚਿਰ ਕੋਈ ਇਹੋ ਜਿਹੇ ਕੰਮਾਂ ਦਾ ਬੋਝ ਬਰਦਾਸ਼ਤ ਕਰ ਸਕਦਾ ਹੈ। ਇਨਸਾਨ ਕਈ ਵਾਰੀ ਟੁੱਟ ਜਾਂਦਾ ਹੈ, ਸਭ ਕੁਝ ਛੱਡ ਕੇ ਇਕ ਪਾਸੇ ਹੋ ਜਾਂਦਾ ਹੈ ਤੇ ਇਸ ਤਰ੍ਹਾਂ ਕਰਦਿਆਂ ਕਈ ਵਾਰੀ ਮਾਨਸਿਕ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦਾ ਹੈ, ਡਿਪਰੈਸ਼ਨ ਵਿਚ ਚਲਿਆ ਜਾਂਦਾ ਹੈ।

ਇਹ ਡਿਪਰੈਸ਼ਨ ਦੀ ਬਿਮਾਰੀ ਬੜੀ ਹੀ ਖਤਰਨਾਕ ਹੈ, ਚੁੱਪ ਚੁਪੀਤੇ ਆ ਚੰਬੜਦੀ ਹੈ, ਪਤਾ ਹੀ ਨਹੀਂ ਲੱਗਦਾ ਕਿ ਕਦੋਂ ਤੁਸੀਂ ਇਸਦੇ ਸ਼ਿਕਾਰ ਹੋ ਗਏ ਹੋ। ਮੈਨੂੰ ਇਹ ਹੀ ਡਰ ਹਮੇਸ਼ਾ ਲੱਗਿਆ ਰਹਿੰਦਾ ਸੀ ਕਿ ਕਿਧਰੇ ਰਾਣੀ ਕੰਮ ਦਾ ਬੋਝ ਨਾ ਸਹਾਰਦੀ ਹੋਈ ਇਸ ਹਾਲਤ ਵਿਚ ਨਾ ਚਲੀ ਜਾਵੇ। ਪਰ ਉਹ ਮਜ਼ਬੂਤ ਔਰਤ ਨਿਕਲੀ, ਮੇਰੇ ਦਿੱਤੇ ਹੋਏ ਦੁੱਖਾਂ ਨੂੰ ਉਹ ਸਹੀ ਜਾ ਰਹੀ ਸੀ, ਮੇਰੀ ਦੂਰੀ ਦੀਆਂ ਪੀੜਾਂ ਨੂੰ ਉਸ ਦਿਨ ਦਿਆਂ ਰੁਝੇਵਿਆਂ ਵਿਚ ਖਪਤ ਕਰ ਲਿਆ ਸੀ।

ਮੇਰੇ ਕੰਮ ਦਾ ਬੋਝ ਤਾਂ ਇਕ ਪਾਸੇ ਉਸ ਅਪਣੇ ਟੀਨੇਜ਼ਰ ਬੱਚਿਆਂ ਨੂੰ ਵੀ ਬੜੀ ਚੰਗੀ ਤਰ੍ਹਾਂ ਸਾਂਭਿਆ ਹੋਇਆ ਸੀ। ਸੁਬਹ ਸਵੇਰੇ ਉਸ ਕੰਮ 'ਤੇ ਨਿਕਲ ਜਾਣਾ, ਇਕ ਪਾਸੇ ਗਾਹਕਾਂ ਤੇ ਸਪਲਾਇਰਜ਼ ਨਾਲ ਸਿਰ ਖਪਾਈ, ਦਿਨ ਵਿਚ ਕਈ ਵਾਰੀ ਬੱਚਿਆਂ ਨੂੰ ਟੈਲੇਫੂਨ ਤੇ ਫਿਰ ਸ਼ਾਮ ਨੂੰ ਘਰ ਆ ਕੇ ਸਿੱਧੀ ਕਿਚਨ ਵਿਚ ਖਾਣਾ ਤਿਆਰ ਕਰਨਾ, ਕੱਪੜੇ ਧੋਣ ਦੀਆਂ ਮਸ਼ੀਨਾਂ ਲਾਉਣੀਆਂ। ਹਾਏ! ਏਨੀਆਂ ਜ਼ਿੰਮੇਵਾਰੀਆਂ ਸ਼ਾਇਦ ਇਹ ਇਕ ਏਸ਼ੀਅਨ ਔਰਤ ਹੀ ਕਰ ਸਕਦੀ ਹੈ ਅਪਣੇ ਮਰਦ ਤੇ ਪਰਿਵਾਰ ਲਈ।

ਪਰ ਕਈ ਵਾਰੀ ਮਰਦ ਔਰਤ ਦੇ ਇਹਨਾਂ ਅਹਿਸਾਸਾਂ ਨੂੰ ਸਮਝ ਨਹੀਂ ਸਕਦਾ, ਉਹ ਹਮੇਸ਼ਾ ਅਪਣਾ ਰੋਅਬ ਔਰਤ 'ਤੇ ਜਮਾਉਂਦਾ ਆਇਆ ਹੈ, ਅਪਣਾ ਮਰਦਾਊਪੁਣਾ ਵਿਖਾਉਂਦਾ ਆਇਆ ਹੈ।

ਧੰਨ ਹੈ ਏਸ਼ੀਅਨ ਔਰਤ।

ਸਮਾਂ ਕਿਵੇਂ ਬੀਤਦਾ ਹੈ, ਇਸਦਾ ਪਤਾ ਹੀ ਨਹੀਂ ਚੱਲਦਾ। ਨਵੀਂ ਫਿਲਮ ਸ਼ੁਰੂ ਕੀਤਿਆਂ ਵੀ ਇਕ ਸਾਲ ਤੋਂ ਉੱਪਰ ਹੋ ਗਿਆ ਸੀ। ਸ਼ੁਰੂ ਕਰਨ ਵੇਲੇ ਤਾਂ ਸੁਖਵੰਤ ਨੇ ਇਹ ਵਿਸ਼ਵਾਸ ਦਿਵਾਇਆ ਸੀ ਕਿ ਵੱਧ ਤੋਂ ਵੱਧ ਛੇ ਮਹੀਨਿਆਂ ਅੰਦਰ ਸ਼ੂਟਿੰਗ ਦਾ ਕੰਮ ਖਤਮ ਹੋ ਜਾਵੇਗਾ, ਇਸ ਤੋਂ ਬਾਅਦ ਐਡੀਟਿੰਗ ਤੇ ਫਿਰ ਡਬਿੰਗ।

ਅਪਣੀ ਫਿਲਮ ਬਣਾਉਣ ਦੀ ਦਾਸਤਾਨ ਲਿਖਦਿਆਂ ਮੈਂ ਇਹ ਵੀ ਦੱਸਦਾ ਚਲਿਆ ਜਾਵਾਂ ਕਿ ਕਿਵੇਂ ਤੁਸੀਂ ਅਪਣੇ ਕੰਮ ਤੋਂ ਅਣਜਾਣ ਲੋਕਾਂ ਹੱਥੋਂ ਪੈਸੇ ਦੀ ਬਰਬਾਦੀ ਕਰਵਾਉਂਦੇ ਹੋ। ਇਹ ਗੱਲ ਸਿਰਫ ਫਿਲਮ ਮੇਕਿੰਗ ਵਿਚ ਹੀ ਨਹੀਂ ਸਗੋਂ ਹਰ ਖਿੱਤੇ ਉੱਪਰ ਲਾਗੂ ਹੁੰਦੀ ਹੈ।

ਕਿਸੇ ਵੀ ਫਿਲਮ ਦਾ ਡਾਇਰੈਕਟਰ, ਪੂਰੀ ਫਿਲਮ ਦਾ ਥੰਮ ਹੁੰਦਾ ਹੈ, ਕੈਪਟਨ ਹੁੰਦਾ ਹੈ ਅਪਣੇ ਸ਼ਿਪ ਦਾ ਉਹ। ਕੋਈ ਉੱਚੀ ਲੰਬੀ ਬਿਲਡਿੰਗ ਖੜ੍ਹੀ ਕਰਨ ਲਈ ਉਸ ਦੀਆਂ ਨੀਹਾਂ ਦੀ ਮਜ਼ਬੂਤੀ ਜ਼ਰੂਰੀ ਹੁੰਦੀ ਹੈ, ਇਹਨਾਂ ਵਿਚ ਸਟੀਲ ਭਰੀ ਜਾਂਦੀ ਹੈ, ਸੀਮਿੰਟ ਕੰਕਰੀਟ ਦੀ ਅਥਾਹ ਮਜ਼ਬੂਤੀ ਕੀਤੀ ਜਾਂਦੀ ਹੈ ਫਿਰ ਕਿਧਰੇ ਉਸ ਬਿਲਡਿੰਗ ਦੀ ਉਸਾਰੀ ਸ਼ੁਰੂ ਹੁੰਦੀ ਹੈ।

ਇਸੇ ਤਰ੍ਹਾਂ ਕਿਸੇ ਵੀ ਫਿਲਮ ਨੂੰ ਫਿਲਮਾਉਣ ਲਈ ਇਕ ਡਾਇਰੈਕਟਰ ਨੀਂਹ ਦਾ ਕੰਮ ਕਰਦਾ ਹੈ, ਲੋਹਾ, ਸੀਮਿੰਟ ਤੇ ਕੰਕਰੀਟ ਬਣਦਾ ਹੈ, ਉਹ।

ਪਹਿਲੇ ਫਿਲਮ ਦੀ ਕਹਾਣੀ, ਫਿਰ ਸਕਰੀਨ ਪਲੇ, ਫਿਰ ਡਾਇਲਾਗ, ਕਾਸਟਿੰਗ, ਸੰਗੀਤ, ਗਾਣੇ, ਰੀਕਾਰਡਿੰਗ, ਐਡੀਟਿੰਗ, ਡਬਿੰਗ। ਇੱਥੇ ਹੀ ਬੱਸ ਨਹੀਂ, ਫੈਸ਼ਨ ਮੁਤਾਬਕ ਨਵੇਂ ਡੀਜ਼ਾਈਨਰ ਕੱਪੜੇ, ਹਰ ਸੀਨ ਲਈ ਇਨ੍ਹਾਂ ਕੱਪੜਿਆਂ ਦੀ ਚੋਣ, ਉਹਨਾਂ ਦੇ ਰੰਗ, ਰੰਗਾਂ ਦੀ ਮੈਚਿੰਗ। ਸ਼ੂਟਿੰਗ ਕਰਨ ਲਈ ਵੱਖਰੀਆਂ ਵੱਖਰੀਆਂ ਕਹਾਣੀ ਮੁਤਾਬਕ ਜਗ੍ਹਾ ਤੇ ਸਿਲੈਕਸ਼ਨਜ਼, ਹਜ਼ਾਰਾਂ ਹੀ ਕੰਮ ਹੁੰਦੇ ਹਨ ਇਕ ਡਾਇਰੈਕਟਰ ਦੇ ਕਰਨ ਲਈ। ਗੱਲ ਕੀ ਇਕ ਇਕ ਇੰਚ ਬਾਰੇ ਡਾਇਰੈਕਟਰ ਦੀ ਕਨਸਪੈਸ਼ਿਨ ਹੁੰਦੀ ਹੈ, ਬਣਨ ਵਾਲੀ ਪੂਰੀ ਫਿਲਮ ਪਹਿਲੇ ਡਾਇਰੈਕਟਰ ਅਪਣੇ ਦਿਮਾਗ ਵਿਚ ਬਣਾਉਂਦਾ ਹੈ ਤੇ ਫਿਰ ਇਸ ਬਣਾਈ ਫਿਲਮ ਨੂੰ ਸ਼ੂਟ ਕਰਦਾ ਹੈ। ਇਸੇ ਲਈ ਤਾਂ ਗੱਲ ਮਸ਼ਹੂਰ ਹੈ ਕਿ ਕੋਈ ਵੀ ਫਿਲਮ ਪਹਿਲੇ ਟੇਬਲ 'ਤੇ ਬਣਦੀ ਹੈ ਤੇ ਫਿਰ ਸ਼ੂਟ ਹੁੰਦੀ ਹੈ, ਜੇ ਡਾਇਰੈਕਟਰ ਅਪਣੇ ਸੀਨਾਂ ਬਾਰੇ ਕਲੀਅਰ ਹੋਵੇ ਤਾਂ ਸ਼ੂਟ ਕਰਨ ਦਾ ਕੰਮ ਫਿਰ ਸੌਖਿਆਂ ਹੋ ਜਾਂਦਾ ਹੈ ਬਸ਼ਰਤੇ ਕਿ ਉਹਨਾਂ ਸੀਨਾਂ ਨੂੰ ਪਰਦੇ 'ਤੇ ਲਿਆਉਣ ਵਾਲੇ ਅੱਛੇ ਐਕਟਰ ਹੋਣ।

ਬੜਾ ਹੀ ਵੱਡਾ ਪ੍ਰਬੰਧ ਕਰਨਾ ਪੈਂਦਾ ਹੈ ਇਹ ਸ਼ੂਟਿੰਗ ਕਰਨ ਲਈ, ਇਹ ਸ਼ੂਟਿੰਗ ਭਾਵੇਂ ਇਕ ਦਿਨ ਦੀ ਹੋਵੇ ਤੇ ਭਾਵੇਂ ਦਸ ਦਿਨ ਦੀ। ਕੈਮਰੇ, ਲਾਈਟਾਂ, ਸਾਊਂਡ ਸਿਸਟਮ, ਹਰ ਚੀਜ਼ ਕਿਰਾਏ 'ਤੇ ਲਈ ਜਾਂਦੀ ਹੈ, ਫਿਰ ਸ਼ੂਟਿੰਗ ਹੋਵੇ ਜਾਂ ਫਿਰ ਨਾ, ਕਿਰਾਇਆ ਤਾਂ ਦੇਣਾ ਹੀ ਪੈਂਦਾ ਹੈ। ਬੜਾ ਹੀ ਵੱਡਾ ਬਿਜ਼ਨਿਸ ਹੈ ਇਹ ਫਿਲਮ ਇੰਡਸਟਰੀ ਵਿਚ, ਇਹ ਸਾਰਾ ਕੁਝ ਸਪਲਾਈ ਕਰਨ ਦਾ।

ਇਸੇ ਤਰ੍ਹਾਂ ਕੈਟਰਿੰਗ ਦਾ ਵੀ ਬਹੁਤ ਵੱਡਾ ਕਾਰੋਬਾਰ ਹੈ ਇਸ ਖੇਤਰ ਵਿਚ। ਫਿਲਮਾਏ ਜਾਣ ਵਾਲੇ ਸੀਨ ਮੁਤਾਬਕ ਹੀ ਪ੍ਰਬੰਧ ਕਰਨਾ ਪੈਂਦਾ ਹੈ ਖਾਣ ਪੀਣ ਦਾ ਵੀ। ਯੂਨਿਟ ਦੇ ਕਈ ਵਾਰੀ ਵੀਹ ਪੰਝੀ ਕਾਮੇ ਹੁੰਦੇ ਹਨ ਤੇ ਕਈ ਵਾਰੀ ਸੌ ਡੇਢ ਸੌ ਤੱਕ ਵੀ ਇਹ ਗਿਣਤੀ ਪਹੁੰਚ ਜਾਂਦੀ ਹੈ ਤੇ ਜੇ ਕੋਈ ਫਿਲਮ 'ਜੋਧਾ ਅਕਬਰ' ਜਾਂ 'ਮੁਗਲੇ ਆਜ਼ਿਮ' ਵਰਗੀ ਹੋਵੇ ਫਿਰ ਤਾਂ ਸੈਂਕੜੇ ਹੀ ਐਕਸਟਰਾ ਤਿਆਰ ਕੀਤੇ ਜਾਂਦੇ ਹਨ। ਫਿਲਮ ਲਾਈਨ ਵਿਚ ਐਕਸਟਰਾ ਉਹਨਾਂ ਲੋਕਾਂ ਨੂੰ ਕਿਹਾ ਜਾਂਦਾ ਹੈ, ਜਿਹਨਾਂ ਕੋਈ ਡਾਇਲਾਗ ਵਗੈਰਾ ਨਹੀਂ ਬੋਲਣਾ ਹੁੰਦਾ, ਬੱਸ ਉਹਨਾਂ ਦੀ ਮੌਜੂਦਗੀ ਹੀ ਵਿਖਾਉਣੀ ਹੁੰਦੀ ਹੈ ਜਿਵੇਂ ਕਿਸੇ ਪਾਰਟੀ ਦਾ ਸੀਨ ਜਾਂ ਬਾਜ਼ਾਰ ਗਲੀਆਂ ਵਿਚ ਘੁੰਮ ਰਹੇ ਲੋਕ। ਇਨ੍ਹਾਂ ਸਭਨਾਂ ਦੇ ਖਾਣ ਪੀਣ ਦਾ ਪ੍ਰਬੰਧ ਤੇ ਖਰਚਾ ਸਭ ਪ੍ਰੋਡਿਊਸਰ ਦੇ ਸਿਰ ਹੀ ਹੁੰਦਾ ਹੈ।

ਬੱਸ ਸਮਝੋ ਲੰਗਰ ਲੱਗਿਆ ਰਹਿੰਦਾ ਹੈ ਦਿਨ ਰਾਤ। ਚਾਹ ਦੇ ਪਤੀਲੇ ਚੜ੍ਹੇ ਰਹਿੰਦੇ ਹਨ। ਦੋ ਤਿੰਨ ਤਰ੍ਹਾਂ ਦੀਆਂ ਸਬਜ਼ੀਆਂ, ਦਾਲਾਂ, ਰੋਟੀਆਂ, ਚਾਵਲ, ਕੋਕ, ਲਿਮਕਾ, ਪਾਣੀ, ਗੱਲ ਕੀ ਜਿਹੜੀ ਚੀਜ਼ ਵੀ ਕਿਸੇ ਨੂੰ ਚਾਹੀਦੀ ਹੋਵੇ ਉਹ ਉਪਲਬਧ ਹੁੰਦੀ ਹੈ। ਫਿਲਮੀ ਕੈਟਰਿੰਗ ਕੰਪਨੀਆਂ ਨਾਲ ਫੀ ਬੰਦੇ ਦੇ ਹਿਸਾਬ ਨਾਲ ਠੇਕਾ ਕੀਤਾ ਜਾਂਦਾ ਹੈ ਤੇ ਫਿਰ ਭੰਡਾਰੇ ਲੱਗੇ ਰਹਿੰਦੇ ਹਨ। ਕੋਈ ਚਾਹ ਪੀ ਰਿਹਾ ਹੈ, ਕੋਈ ਕੌਫੀ ਤੇ ਕੋਈ ਲਿਮਕਾ।

ਪੰਜਾਬੀ ਕਲਚਰ ਵਿਚ ਆਮ ਤੌਰ 'ਤੇ ਚਾਵਲ ਦੀ ਵਰਤੋਂ ਰੋਜ਼ਾਨਾ ਜੀਵਨ ਵਿਚ ਘੱਟ ਕੀਤੀ ਜਾਂਦੀ ਹੈ ਪਰ ਜਦੋਂ ਘਰ ਵਿਚ ਕੋਈ ਪ੍ਰਾਹੁਣਾ ਆ ਜਾਵੇ ਤਾਂ ਸਪੈਸ਼ਲ ਚਾਵਲ ਬਣਾਏ ਜਾਂਦੇ ਹਨ ਤੇ ਉਹ ਵੀ ਰੋਟੀ ਖਾਣ ਤੋਂ ਪਹਿਲਾਂ ਜਾਂ ਨਾਲ ਹੀ ਰੋਟੀ ਦੇ ਰੱਖੇ ਜਾਂਦੇ ਹਨ। ਖਾਣਾ ਖਾਣ ਤੋਂ ਬਾਅਦ ਅਸੀਂ ਮਿੱਠੇ ਚਾਵਲ ਡਿਜ਼ਰਟ ਦੇ ਤੌਰ 'ਤੇ ਪਰੋਸਦੇ ਹਾਂ। ਪਰ ਬੰਬਈ ਵਿਚ ਰਿਵਾਜ਼ ਇਸ ਤੋਂ ਉਲਟ ਹੈ। ਚਾਵਲ ਹੀ ਉਥੋਂ ਦੇ ਕਲਚਰ ਦੀ ਮੇਨ ਡਿੱਸ਼ ਹੈ। ਮੇਰੀ ਫਿਲਮ ਦੀ ਸ਼ੂਟਿੰਗ ਵੇਲੇ ਕਈ ਵਾਰੀ ਚਾਲੀ ਪੰਜਾਹ ਬੰਦੇ ਕੰਮ ਕਰਨ ਵਾਲੇ ਹੁੰਦੇ ਸਨ। ਲੰਚ ਬਰੇਕ ਵੇਲੇ ਪਹਿਲੇ ਸਾਰਿਆਂ ਨੇ ਸੱਤ ਅੱਠ ਰੋਟੀਆਂ ਛਕ ਕੇ ਢਿੱਡ ਭਰਨੇ ਤੇ ਫਿਰ ਆਣੀ ਚਾਵਲਾਂ ਦੀ ਵਾਰੀ। ਏਨੇ ਪਰਸ਼ਾਦੇ ਛਕਣ ਤੋਂ ਬਾਅਦ ਹੁਣ ਇਹ ਲੋਕ ਚਾਵਲ ਕਿੱਥੇ ਪਾਉਣਗੇ? ਮੈਂ ਇਹ ਵੇਖ ਕੇ ਸੋਚਦਾ। ਪਰ ਧੰਨ ਇਨ੍ਹਾਂ ਕਾਮਿਆਂ ਦੀ ਖੁਰਾਕ, ਗੁਲਾਬ ਜਾਮਨਾਂ ਖਾਣ ਤੋਂ ਪਹਿਲਾਂ ਇਹਨਾ ਵੱਡੀਆਂ ਵੱਡੀਆਂ ਪਲੇਟਾਂ ਦਾਲ ਚਾਵਲਾਂ ਨਾਲ ਭਰ ਲੈਣੀਆਂ, ਚਿਕਨ ਬਰਿਆਨੀ, ਮੀਟ ਕਰ੍ਹੀ ਦੇ ਭਰੇ ਪਤੀਲੇ ਮਿੰਟਾਂ ਵਿਚ ਖਾਲੀ ਹੋ ਜਾਣੇ। ਇਹ ਵੇਖ ਵੇਖ ਮੇਰੇ ਦਿਲ ਵਿਚ ਕਈ ਵਾਰੀ ਡੋਬੂ ਪੈ ਜਾਣੇ। ਹਾਏ! ਕਿੰਨਾ ਖਾਂਦੇ ਹਨ ਇਹ ਲੋਕ, ਕਿੱਥੇ ਪਾਉਂਦੇ ਨੇ ਇਹ ਲੋਕ ਏਨੀ ਖੁਰਾਕ?

ਮੇਰੇ ਦਿਮਾਗ ਵਿਚ ਸੋਚ ਆਉਣੀ ਕਿ ਪ੍ਰੋਡਕਸ਼ਨ ਇੰਚਾਰਜ ਨੂੰ ਕਹਾਂ ਕਿ ਕਿਧਰੋਂ ਸਸਤੀ ਕੈਟਰਿੰਗ ਦਾ ਪਰਬੰਧ ਕਰੇ। ਇਕ ਸਬਜ਼ੀ, ਇਕ ਦਾਲ ਤੇ ਸਿਰਫ ਇਕ ਮੀਟ ਡਿੱਸ਼। ਚਾਲੀ ਪੰਜਾਹ ਰੁਪਏ ਤੋਂ ਘਟਾ ਕੇ ਪੰਝੀ ਤੀਹ ਰੁਪਿਆ ਫੀ ਆਦਮੀ ਵਿਚ ਸਾਰਿਆ ਜਾਵੇ।

ਫਿਰ ਮੇਰੇ ਸਾਹਮਣੇ ਇਹ ਸਾਰੇ ਕਾਮੇ ਲੰਚ ਕਰ ਰਹੇ ਦਿਖਾਈ ਦੇਣ ਲੱਗੇ ਮੈਨੂੰ ਇਕ ਦਿਨ, ਉਹਨਾਂ ਦੀਆਂ ਪਲੇਟਾਂ ਖਾਲੀ ਸਨ, ਢਿੱਡ ਭੁੱਖੇ ਸਨ ਤੇ ਮੇਰੇ ਵੱਲ ਉਹ ਅਪਣੀਆਂ ਪਲੇਟਾਂ ਵਧਾ ਰਹੇ ਸਨ। ਮੈਂ ਸੋਚਣ ਲੱਗਾ ਕਿ ਇਹਨਾਂ ਵਿਚਾਰਿਆਂ ਨੂੰ ਤਾਂ ਸ਼ੂਟਿੰਗ ਵੇਲੇ ਹੀ ਏਨੀਆਂ ਵਰਾਇਟੀਆਂ ਵਾਲਾ ਖਾਣਾ ਖਾਣ ਨੂੰ ਮਿਲਦਾ ਹੈ, ਘਰਾਂ ਵਿਚ ਇਸ ਤਰ੍ਹਾਂ ਦਾ ਖਾਣਾ ਕਿਥੋਂ ਨਸੀਬ ਹੁੰਦਾ ਹੈ ਇਹਨਾਂ ਸਧਾਰਨ ਲੋਕਾਂ ਨੂੰ। ਪਰ ਅਸੀਂ ਲੋਕ ਰੈਸਟੋਰੈਂਟਾਂ ਵਿਚ ਜਾ ਕੇ ਦੋ ਸੌ ਰੁਪਏ ਦੀ ਇਕ ਪਲੇਟ ਦਾਲ ਲੈ ਕੇ ਅੱਧੀ ਖਾ ਕੇ ਬਾਕੀ ਵਿੱਚੇ ਛੱਡ ਆਉਂਦੇ ਹਾਂ।

ਉਸ ਦਿਨ ਮੈਨੂੰ ਇੰਜ ਲੱਗਾ ਜਿਵੇਂ ਸਾਰੇ ਕਾਮੇ ਰਲ ਕੇ ਮੈਨੂੰ ਕਹਿ ਰਹੇ ਹੋਣ, "ਸੱਗੂ ਸਾਹਿਬ ਲੱਖਾਂ ਕਰੋੜਾਂ ਰੁਪਿਆ ਫਿਲਮ 'ਤੇ ਬਰਬਾਦ ਕਰੀ ਜਾ ਰਹੇ ਹੋ ਤੇ ਸਾਡੇ ਦਾਲ ਚਾਵਲ ਤੁਹਾਨੂੰ ਚੁੱਭਦੇ ਹਨ, ਇਹਨਾਂ ਵਿਚ ਕਟੌਤੀ ਕਰਨ ਦੀ ਸੋਚ ਰਹੇ ਹੋ? ਇਹ ਅਸੀਂ ਹੀ ਹਾਂ ਜਿਹੜੇ ਨੰਗੇ ਪਿੰਡਿਆਂ ਨਾਲ ਵੀਹ ਪੰਝੀ ਫੁੱਟ ਉੱਪਰੋਂ ਲਮਕ ਕੇ, ਰੱਸਿਆਂ ਨਾਲ ਲਾਈਟਾਂ ਬੰਨ੍ਹਦੇ ਹਾਂ, ਖੁਦ ਰੱਸਿਆਂ ਨਾਲ ਪੁੱਠਾ ਲਮਕਦੇ ਹਾਂ, ਡਿੱਗਣ ਦਾ ਖਤਰਾ ਮੁੱਲ ਲੈਂਦੇ ਹਾਂ... ਅਸੀਂ ਕਿੰਨਾ ਖਾਂਦੇ ਹਾਂ, ਇਸਦਾ ਤੁਹਾਨੂੰ ਫਿਕਰ ਲੱਗਿਆ ਹੋਇਆ ਹੈ... ਕੁਝ ਤਾਂ ਸ਼ਰਮ ਕਰੋ।

ਤੇ ਸੱਚਮੁੱਚ ਹੀ ਸ਼ਰਮਸਾਰ ਹੋ ਕੇ ਮੈਂ ਮੱਥੇ 'ਤੇ ਹੱਥ ਮਾਰਿਆ, ਕਿੰਨੀ ਘਟੀਆ ਸੋਚ ਹੈ ਮੇਰੀ?

(ਚਲਦਾ)

# ਹਿੰਦੀ ਫਿਲਮਾਂ ’ਚ ਕਿਸਾਨ

ਅਜੈ ਕੁਮਾਰ

ਭਾਰਤੀ ਕਿਸਾਨ ਹਿੰਦੀ ਸਾਹਿਤ ਵਿਚ ਹਾਸ਼ੀਏ ’ਤੇ ਹੈ, ਹਿੰਦੀ ਫਿਲਮਾਂ ਵਿਚ ਵੀ। ਜਿਵੇਂ ‘ਗੋਦਾਨ’ ਤੋਂ ਬਾਅਦ ਉਹ ਹਾਸ਼ੀਏ ’ਤੇ ਚਲਾ ਗਿਆ ਸਾਹਿਤ ਵਿਚ, ‘ਦੋ ਵੀਘਾ ਜ਼ਮੀਨ’ ਤੋਂ ਬਾਅਦ ਫਿਲਮਾਂ ਵਿਚ। ਨਾ ਪ੍ਰੇਮ ਚੰਦ ਤੋਂ ਪਹਿਲਾਂ ਉਹ ਸਾਹਿਤ ਵਿਚ ਸੀ ਨਾ ਵਿਮਲ ਰਾਏ ਤੋਂ ਪਹਿਲਾਂ ਫਿਲਮਾਂ ਵਿਚ। ਕਿਸਾਨ ਤਾਂ ਤਦ ਹੁੰਦਾ ਹੈ ਜਦੋਂ ਫਿਲਮਾਂ ਵਿਚ ਪਿੰਡ ਹੁੰਦਾ ਹੈ। ਹਿੰਦੀ ਫਿਲਮਾਂ ਵਿਚ ਕੀ ਹੈ, ਨਹੀਂ ਹੈ ਤਾਂ ਪਿੰਡ। ਹਿੰਦੀ ਫਿਲਮ ਆਪਣੇ ਜਨਮ ਤੋਂ ਹੀ ਮੱਧ ਵਰਗ-ਉੱਚ ਵਰਗ ਦੀ ਖੇਡ ਰਹੀ ਹੈ। ਅਮੀਰ ਵਰਗ ਦੇ ਬਾਈਸਕੋਪ (ਫਿਲਮਾਂ) ਦਾ ਜਨਤਕ ਪ੍ਰਦਰਸ਼ਨ ਸ਼ੁਰੂ ਹੋਣ ’ਤੇ ਮੁੰਬਈ ਦੇ ਨਾਵੇਲਟੀ ਥਿਏਟਰ ਦੀਆਂ ਟਿਕਟ ਦਰਾਂ ਦੋ ਰੁਪਏ, ਇਕ ਰੁਪਏ ਅਤੇ ਪੰਜਾਹ ਪੈਸੇ ਸਨ। ਅੱਜ ਪੰਜਾਹ ਪੈਸੇ ਦਾ ਸਿੱਕਾ ਸਭ ਤੋਂ ਛੋਟਾ ਸਿੱਕਾ ਸਹੀ, 1896 ਵਿਚ ਜਦੋਂ ਅਠੱਨੀ, ਚਵੱਨੀ, ਦੁਆਨੀ, ਪੈਸਾ, ਪਾਈ, ਅਧਪਾਈ, ਦਮੜੀ ਅਤੇ ਸਭ ਤੋਂ ਵਧ ਕੇ ਕੌਡੀ ਦਾ ਬੋਲਬਾਲਾ ਸੀ, ਇਹ ਰਕਮ ਅੱਜ ਦੇ ਮਲਟੀਪਲੈਕਸ ਦੀਆਂ ਟਿਕਟ ਦਰਾਂ ਤੋਂ ਬਹੁਤ ਜ਼ਿਆਦਾ ਬੈਠਦੀਆਂ ਹਨ। ਅੱਜ ਦੇ ਮਲਟੀਪਲੈਕਸ ਦੇ ਦਰਸ਼ਕ ਹੈਸੀਅਤ ਵਿਚ ਵੀ ਸ਼ਾਇਦ ਘੱਟ ਠਹਿਰਣ ਨਾਵੇਲਟੀ ਦੇ ਦਰਸ਼ਕਾਂ ਤੋਂ। ਨਵੇਂ ਪੂੰਜੀਪਤੀ ਵਰਗ ਨੇ ਇਸ ਮਾਧਿਅਮ ਵਿਚ ਦਿਲਚਸਪੀ ਲਈ। ਟਾਟਾ ਅਤੇ ਗੋਦਰੇਜ ਵਰਗੇ ਲੋਕ ਫਿਲਮ ਨਿਰਮਾਣ ਦੇ ਸ਼ੁਰੂਆਤੀ ਦੌਰ ਵਿਚ ਇਸ ਨਾਲ ਜੁੜੇ। ਇਸ ਸ਼ਹਿਰੀ ਵਰਗ ਦਾ ਪਿੰਡ-ਦੇਹਾਤ ਨਾਲ ਕੀ ਸਬੰਧ ਹੋ ਸਕਦਾ ਸੀ। ਉਹ ‘ਏ ਟ੍ਰੇਨ ਅਰਾਈਵਿੰਗ ਐਟ ਬੰਬੇ ਸਟੇਸ਼ਨ’, ‘ਪੂਨਾ ਰੇਸੇਜ਼ 98’, ‘ਸਪਲੈਂਡਿਡ ਨਿਊ ਵਿਊਜ਼ ਆਫ ਬਾਂਬੇ’, ‘ਦਿੱਲੀ ਦਰਬਾਰ’ (ਇਹ ਦਰਬਾਰ ਉਨ੍ਹਾਂ ਦਿਨਾਂ ਵਿਚ ਹੋਇਆ ਸੀ ਜਦੋਂ ਬੰਗਾਲ ਵਿਚ ਅਕਾਲ ਅਤੇ ਪਲੇਗ ਦਾ ਕਹਿਰ ਵਰਤਿਆ ਸੀ), ਵਰਗੀਆਂ ਫਿਲਮਾਂ ਦੇਖ ਦੇਖ ਕੇ ਖੁਸ਼ ਹੋ ਰਹੇ ਸਨ।





ਹਿੰਦੀ ਸਿਨੇਮਾ ਵਿਚ ਲਘੂਕਥਾ ਚਿੰਤਰਾਂ ਦਾ ਦੌਰ ਧਾਰਮਿਕ ਫਿਲਮਾਂ ਤੋਂ ਸ਼ੁਰੂ ਹੋਇਆ। ‘ਕਾਲਾ ਨਾਗ’ (1924) ਪਹਿਲੀ ਥ੍ਰਿਲਰ ਫਿਲਮ ਸੀ, ਜਿਸ ਨੇ ਰੇਪ, ਡਕੈਤੀ ਅਤੇ ਕਤਲ ਦੇ ਦ੍ਰਿਸ਼ ਫਿਲਮਾ ਕੇ ਇਕ ਹੋਰ ਸ਼ਕਤੀਸ਼ਾਲੀ ਤੱਤ ਜੋੜਿਆ, ਜਿਹੜਾ ਸਾਡੇ ਸਮਿਆਂ ਵਿਚ ਆ ਕੇ ਕਾਫੀ ਵਧਿਆ-ਫੁਲਿਆ ਅਤੇ ਪ੍ਰਵਾਨ ਚੜ੍ਹਿਆ। ਬੀਤੀ ਸ਼ਤਾਬਦੀ ਦੇ ਵੀਹਵੇਂ ਦਹਾਕੇ ਵਿਚ ‘ਸਾਵਕਾਰੀ ਪਾਸ਼’ ਹਿੰਦੀ ਫਿਲਮਾਂ ਦੀ ਗਾਈਡਲਾਈਨ ਬਣੀ। ਇਹ ਕਿਸਾਨ ਦੇ ਮੁਕੰਮਲ ਸ਼ੋਸ਼ਣ ਅਤੇ ਉਸ ਦਾ ਖ਼ੂਨ ਚੂਸ ਰਹੇ ਮਹਾਜਨ ਨੂੰ ਆਪਣਾ ਵਿਸ਼ਾ ਵਸਤੂ ਬਣਾਉਂਦੀ ਹੈ। ਨਾ ਸਿਰਫ਼ ਮੂਕ ਬਲਕਿ ਬਾਅਦ ਵਿਚ ਸਵਾਕ ਸਿਨੇਮਾ ਦੇ ਦੌਰ ਵਿਚ ਦੇਰ ਤੱਕ ਇਹੀ ਇਕੱਲੀ ਫਿਲਮ ਰਹੀ, ਜਿਸ ਵਿਚ ਕਿਸਾਨ ਨਾ ਸਿਰਫ਼ ਮੌਜੂਦ ਹੈ ਬਲਕਿ ਸ਼ਿੱਦਤ ਨਾਲ ਮੌਜੂਦ ਹੈ।

ਹਿਮਾਂਸ਼ੂ ਰਾਏ ਦੀ ‘ਨਾਗਿਨ ਕੀ ਰਾਗਿਨੀ’ (1933) ’ਤੇ ‘ਵਿਦੇਸ਼ਾਂ ਵਿਚ ਭਾਰਤ ਦੀ ਗਰੀਬੀ ਵੇਚਣ’ ਦੇ ਦੋਸ਼ ਲੱਗੇ। ਆਜ਼ਾਦ ਭਾਰਤ ਵਿਚ ਇਹੀ ਦੋਸ਼ ਸੱਤਿਆਜੀਤ ਰਾਏ ’ਤੇ ਲੱਗਿਆ। ਗਰੀਬੀ ਅਤੇ ਹਿੰਦੀ ਸਿਨੇਮਾ ਦਾ ਰਾਖਵਾਂ ਵਰਗ ਗੁਲਾਮ ਭਾਰਤ ਵਿਚ ਵੀ ਇਸ ਦੇ ਪਰਦੇ ’ਤੇ ਦਿਖਣ ਦੇ ਖਿਲਾਫ਼ ਸੀ ਅਤੇ ਆਜ਼ਾਦ ਭਾਰਤ ਵਿਚ ਵੀ। ਖੇਤੀ ਸੁਧਾਰ ਅਤੇ ਪੇਂਡੂ ਸੁਧਾਰ ’ਤੇ ਕੁਝ ਫਿਲਮਾਂ ਬਣੀਆਂ ਜ਼ਰੂਰ ਸਨ, ਪਰ ਉਹ ਸੁਧਾਰ ਹੀ ਸੁਧਾਰ ਸਨ। ਖੇਤੀ ਅਤੇ ਪਿੰਡ ਉਥੋਂ ਗਾਇਬ ਸੀ।

ਉਂਝ ਤਾਂ ਬੰਬੇ ਟਾਕੀਜ਼ ਦੀ ‘ਅਛੂਤ ਕੰਨਿਆ’ (1936) ਪਿੰਡ ਦੀ ਪਿੱਠਭੂਮੀ ’ਤੇ ਬਣੀ ਹੈ, ਪਰ ਹੈ ਇਕ ਬ੍ਰਾਹਮਣ ਲੜਕੇ ਅਤੇ ਅਛੂਤ ਲੜਕੀ ਦੀ ਪ੍ਰੇਮ ਕਹਾਣੀ ਹੀ। ਬੰਬੇ ਟਾਕੀਜ਼ ਦੀ ਹੀ ‘ਜਨਮਭੂਮੀ’ ਗ੍ਰਾਮ ਸੁਧਾਰ ਲਈ ਨੌਜਵਾਨਾਂ ਦੀ ਕੋਸ਼ਿਸ਼ ਅਤੇ ਜ਼ਿਮੀਂਦਾਰ ਵੱਲੋਂ ਇਸ ਦੇ ਵਿਰੋਧ ਦੀ ਕਹਾਣੀ ਹੈ। ਇੰਪੀਰੀਅਲ ਦੀ ‘ਕਿਸਾਨ ਕੰਨਿਆ’ ਭਾਰਤ ਵਿਚ ਬਣੀ ਪਹਿਲੀ ਰੰਗੀਨ ਫਿਲਮ ਸੀ (ਕਹਾਣੀ ਅਤੇ ਸੰਵਾਦ ਸਆਦਤ ਹਸਨ ਮੰਟੋ), ਇਸ ਵਿਚ ਕਿਸਾਨ ਦੀ ਜ਼ਿੰਦਗੀ ਦੇ ਦੁੱਖ ਭਰੇ ਦ੍ਰਿਸ਼ ਸਨ, ਪਰ ਫਿਲਮ ਚੱਲ ਨਾ ਸਕੀ। ਨਿਊਥਿਏਟਰਸ ਦੀ ‘ਧਰਤੀ ਮਾਤਾ’ ਖੇਤੀ ਅਤੇ ਉਦਯੋਗੀਕਰਨ ਦੀ ਸਮੱਸਿਆ ਦੇ ਦ੍ਰਿਸ਼ਾਂ ਨੂੰ ਦੋ ਵਿਰੋਧੀ ਵਿਸ਼ਵਾਸ ਵਾਲੇ ਦੋਸਤਾਂ ਰਾਹੀਂ ਪੇਸ਼ ਕਰਦੀ ਹੈ ਅਤੇ ਮਸ਼ੀਨੀ ਤਰੀਕੇ ਨਾਲ ਸਹਿਕਾਰੀ ਖੇਤੀ ਅਤੇ ਉਦਯੋਗਿਕ ਖੇਤੀ ਦਾ ਹੱਲ ਪੇਸ਼ ਕਰਦੀ ਹੈ, ਜਿਸ ਨਾਲ ਕਿਸਾਨਾਂ ਦੀ ਮੁਸ਼ਕਿਲ ਘੱਟ ਕਰਕੇ ਸ਼ਹਿਰਾਂ ਵੱਲ ਉਸ ਦੀ ਹਿਜਰਤ ਨੂੰ ਰੋਕਿਆ ਜਾ ਸਕੇ।

ਇਸ ਤੋਂ ਬਾਅਦ 1953 ਵਿਚ ਸਾਡਾ ਨਾਇਕ ਆਪਣੀ ਸਹੀ ਤਸਵੀਰ ਵਿਚ ਹਿੰਦੀ ਸਿਨੇਮਾ ਵਿਚ ਉਤਰਿਆ। ਅਸਲੀ ਕਿਸਾਨ ਹੁਣ ਦੇਖਣ ਨੂੰ ਮਿਲਿਆ, ਬਿਮਲ ਰਾਏ ਦੀ ਆਪਣੇ ਬੈਨਰ ਵਿਚ ਬਣੀ ਫਿਲਮ ‘ਦੋ ਵੀਘਾ ਜ਼ਮੀਨ’ ਵਿਚ। 1952 ਵਿਚ ਦਿੱਲੀ ਵਿਚ ਹੋਏ ਪਹਿਲੇ ਕੌਮਾਂਤਰੀ ਫਿਲਮ ਫੈਸਟੀਵਲ ਦੇ ਚਲਦਿਆਂ ਭਾਰਤੀ ਸਿਨੇਮਾ, ਜਿਹੜਾ ਹੁਣ ਤੱਕ ਸਿਰਫ਼ ਅਮਰੀਕਾ ਅਤੇ ਇੰਗਲੈਂਡ ਦੇ ਸਿਨੇਮਾ ਤੋਂ ਜਾਣੂ ਸੀ, ਦੂਸਰੇ ਦੇਸ਼ਾਂ ਦੇ ਸਿਨੇਮਾ ਤੋਂ ਵੀ ਜਾਣੂ ਹੋਇਆ।

ਨਿਊ ਥਿਏਟਰ ਲਈ ਆਪਣੀ ਪਹਿਲੀ ਨਿਰਦੇਸ਼ਿਤ ਫਿਲਮ ਤੋਂ ਬਿਮਲ ਰਾਏ ਸਮਾਜਿਕ ਚੇਤਨਾ ਨੂੰ ਹਿਲਾਉਣ ਦੀ ਸਫ਼ਲ ਕੋਸ਼ਿਸ਼ ਕਰ ਚੁੱਕੇ ਸਨ। ‘ਦੋ ਵੀਘਾ ਜ਼ਮੀਨ’ ਚੇਤਨਾ ਨੂੰ ਝੰਜੋੜ ਦੇਣ ਵਾਲੀ ਜਿਮੀਂਦਾਰ ਵੱਲੋਂ ਇਕ ਗਰੀਬ ਕਿਸਾਨ ਦੇ ਸ਼ੋਸ਼ਣ ਅਤੇ ਉਸ ਖਿਲਾਫ਼ ਆਪਣੀ ਬਦਕਿਸਮਤੀ ਨਾਲ ਲੜ ਜਾਣ ਦੀ ਜੱਦੋ-ਜਹਿਦ ਦੀ ਕਹਾਣੀ ਹੈ। ਅੱਜ ਦੇ ਭਿਆਨਕ ਖੇਤੀ ਸੰਕਟ ਦੌਰ ਵਿਚ ਫਿਰ ਦੇਖੀ ਜਾਣਯੋਗ ਇਹ ਇਕ ਮਹਾਨ ਫਿਲਮ ਹੈ। ਇਸ ਫਿਲਮ ਦੀ ਦੇਸ਼-ਵਿਦੇਸ਼ ਸ਼ਲਾਘਾ ਕੀਤੀ ਗਈ। ਕਾਨਸ ਵਿਚ ਇਸ ਨੂੰ ਐਵਾਰਡ ਮਿਲਿਆ।

ਸੰਗੀਤਕਾਰ (ਇਸ ਫਿਲਮ ਦੇ ਵੀ) ਸਲਿਲ ਚੌਧਰੀ ਦੀ ਕਹਾਣੀ ‘ਰਿਕਸ਼ਾ ਵਾਲਾ’ ’ਤੇ ਆਧਾਰਤ ਇਹ ਫਿਲਮ ਉਦਯੋਗੀਕਰਨ ਦੀ ਕਹਾਣੀ ਹੈ। (ਸੰਭੂ ਮਹਿਤੋ) ਬਲਰਾਜ ਸਹਾਨੀ ਦੋ ਵੀਘਾ ਜ਼ਮੀਨ ਦਾ ਮਾਲਿਕ ਇਕ ਛੋਟਾ ਕਿਸਾਨ ਹੈ। ਸ਼ੰਭੂ ਨੇ ਦੋ ਸਾਲ ਬਾਰਿਸ਼ ਨਾ ਹੋਣ ’ਤੇ ਜਿਮੀਂਦਾਰ ਤੋਂ ਕਰਜ਼ਾ ਲਿਆ, ਜਿਸ ਦੇ ਬਦਲੇ ਉਸ ਦਾ ਬਾਪ (ਨਾਨਾ ਪਲਸੀਕਰ) ਬੇਗਾਰ ਬਣ ਗਿਆ ਹੈ। ਜਿਮੀਂਦਾਰ ਸ਼ਹਿਰੀ ਉਦਯੋਗਪਤੀ ਨਾਲ ਮਿਲ ਕੇ ਪਿੰਡ ਦੇ ਕੋਲ ਇਕ ਕਾਰਖਾਨਾ ਖੋਲ੍ਹਣਾ ਚਾਹੁੰਦਾ ਹੈ। ਉਸ ਦੀ ਨਜ਼ਰ ਸ਼ੰਭੂ ਦੀ ਜ਼ਮੀਨ ’ਤੇ ਹੈ, ਜਿਹੜਾ ਕਾਰਖਾਨੇ ਦੀ ਪ੍ਰਸਤਾਵਿਤ ਸੀਮਾ ਵਿਚ ਆਉਂਦੀ ਹੈ। ਸ਼ੰਭੂ ਇਸ ਨੂੰ ਵੇਚਣਾ ਨਹੀਂ ਚਾਹੁੰਦਾ । ਕਰਜ਼ਾ ਮੋੜਣ ਲਈ ਉਹ ਕਲਕੱਤਾ ਜਾਂਦਾ ਹੈ ਅਤੇ ਰਿਕਸ਼ਾ ਚਲਾਉਂਦਾ ਹੈ। ਬੇਟਾ (ਰਤਨ ਕੁਮਾਰ) ਜੁੱਤੀਆਂ ਪਾਲਿਸ਼ ਕਰਦਾ ਹੈ। ਸਭ ਦੇ ਬਾਵਜੂਦ ਤਿੰਨ ਮਹੀਨੇ ਦੀ ਮਿਆਦ ਵਿਚ ਦੋ ਸੌ ਪੈਂਤੀ ਰੁਪਏ ਇਕੱਠੇ ਨਹੀਂ ਹੋ ਪਾਉਂਦੇ ਅਤੇ ਜ਼ਮੀਨ ’ਤੇ ‘ਦਿ ਗ੍ਰੇਟ ਜਨਤਾ ਮਿੱਲ’ ਦਾ ਬੋਰਡ ਟੰਗਿਆ ਗਿਆ। ਹੁਣ ਸ਼ੰਭੂ ਬੇਘਰ-ਬੇਜ਼ਮੀਨ ਹੈ। ਸ਼ੰਭੂ ਅਪਾਹਿਜ ਸਾਮੰਤੀ-ਪੂੰਜੀਵਾਦੀ-ਸ਼ੋਸ਼ਣ ਨਾਲ ਲੜਣ ਲਈ ਜਿਉਂਦਾ ਹੈ। ਕੋਈ ਦਾਅਵਾ ਨਾ ਕਰਦੇ ਹੋਏ ਵੀ ਬਿਮਲ ਰਾਏ ਆਪਣੀਆਂ ਫਿਲਮਾਂ ਵਿਚ ਖੱਬੇ ਪੱਖੀ ਰਾਜਨੀਤੀ ਦਾ ਸਮਰਥਨ ਕਰਦੇ ਹਨ, ਹਾਲਾਂਕਿ ਉਹ ‘ਵੋਕਲ’ ਨਹੀਂ ਹੈ। ਉਨ੍ਹਾਂ ਦੀ ਰਾਜਨੀਤੀ ਉਨ੍ਹਾਂ ਦੀਆਂ ਫਿਲਮਾਂ ਵਿਚ ਉਂਝ ਹੀ ਹੈ ਜਿਵੇਂ ਫੁੱਲ ਵਿਚ ਖੁਸ਼ਬੂ। ਇਸੇ ਦੌਰ ਵਿਚ ਮਹਿਬੂਬ ਨੇ ਆਪਣੀ ਹੀ ਫਿਲਮ ‘ਔਰਤ’ ਨੂੰ ਦੁਬਾਰਾ ਬਣਾਇਆ (ਮਦਰ ਇੰਡੀਆ ਨਾਮ ਨਾਲ)। ਇਸ ਫਿਲਮ ਵਿਚ ਪਿੰਡ ਅਤੇ ਕਿਸਾਨ ਸ਼ਿੱਦਤ ਨਾਲ ਮੌਜੂਦ ਹਨ। ਉਨ੍ਹਾਂ ਦੀਆਂ ਸਮੱਸਿਆਵਾਂ ਅਤੇ ਉਨ੍ਹਾਂ ਦਾ ਲੜਣ ਦਾ ਹੌਸਲਾ ਖੂਬਸੂਰਤੀ ਨਾਲ ਪੇਸ਼ ਕੀਤਾ ਗਿਆ ਹੈ। ਇਹ ਇਕ ਕਿਸਾਨ ਔਰਤ ਦੇ ਸੰਘਰਸ਼ ਅਤੇ ਤਿਆਗ ਦੀ ਕਹਾਣੀ ਹੈ ਜਿਹੜੀ ਆਪਣੇ ਚੰਗੇ ਗੁਣਾਂ ਸਦਕਾ ‘ਭਾਰਾਤ ਮਾਤਾ’ ਬਣ ਜਾਂਦੀ ਹੈ।

ਕ੍ਰਿਸ਼ਨ ਚੋਪੜਾ ਦੀ ਫਿਲਮ ‘ਹੀਰਾ ਮੋਤੀ’ (1954) ਪ੍ਰੇਮਚੰਦ ਦੀ ਕਹਾਣੀ ‘ਦੋ ਬੈਲਾਂ ਦੀ ਕਥਾ’ ਦੀ ਯਥਾਰਥਵਾਦੀ ਪੇਸ਼ਕਾਰੀ ਸੀ। ਫਿਲਮ ਵਿਚ ਆਪਣੇ ਪਸ਼ੂਆਂ ਨਾਲ ਕਿਸਾਨ ਨੂੰ, ਜਿਹੜੇ ਉਨ੍ਹਾਂ ਨੂੰ ਪਰਿਵਾਰ ਦਾ ਹੀ ਮੈਂਬਰ ਮੰਨਦਾ ਹੈ, ਜੋ ਲਾਡ-ਪ੍ਰੇਮ ਹੁੰਦਾ ਹੈ, ਉਸ ਨੂੰ ਪ੍ਰੇਮਚੰਦ ਨੇ ਜਿਵੇਂ ਕਲਮ ਨਾਲ ਉਕੇਰਿਆ ਸੀ, ਕ੍ਰਿਸ਼ਨ ਚੋਪੜਾ ਨੇ ਹੂਬਹੂ ਪਰਦੇ ਉਤੇ ਉਤਾਰਿਆ ਹੈ।

‘ਗੋਦਾਨ’ ਪ੍ਰੇਮਚੰਦ ਦਾ ਕਿਸਾਨ-ਜ਼ਿੰਦਗੀ ਦਾ ਮਹਾਂਕਾਵਿ ਹੈ। ਇਸ ’ਤੇ ਇਸੇ ਨਾਮ ਨਾਲ ਬਣੀ ਫਿਲਮ ਉਨ੍ਹਾਂ ਉਚਾਈਆਂ ਨੂੰ ਨਾ ਛੂਹ ਪਾਉਣ ਦੇ ਬਾਵਜੂਦ ਚੰਗੀ ਫਿਲਮ ਤਾਂ ਹੈ ਹੀ, ਤ੍ਰਿਲੋਕ ਜੇਟਲੀ (ਨਿਰਦੇਸ਼ਕ ਅਤੇ ਕਹਾਣੀਕਾਰ) ਨੇ ਕਥਾ, ਪ੍ਰਸੰਗਾਂ ਅਤੇ ਘਟਨਾਵਾਂ ਦੀ ਚੋਣ ਬੜੀ ਸੂਝਬੂਝ ਨਾਲ ਕੀਤੀ ਹੈ।

‘ਤੀਸਰੀ ਕਸਮ’ (1966) ਵਿਚ ਅਸੀਂ ਖੁਦ ਨੂੰ ਬਿਹਾਰ ਦੇ ਪਿੰਡ ਵਿਚ ਪਾਉਂਦੇ ਤਾਂ ਹੈ ਪਰ ਕਿਸਾਨ ਉਥੇ ਨਹੀਂ ਹੈ। ਜਿਮੀਂਦਾਰ ਥੋੜ੍ਹੀ ਦੇਰ ਲਈ ਆਉਂਦਾ ਹੈ। ਰਾਸ਼ਟਰਪਤੀ ਤੋਂ ਸੋਨੇ ਦੇ ਤਮਗੇ ਨਾਲ ਸਨਮਾਨਿਤ ਇਹ ਕਲਾਤਮਕ ਫਿਲਮ ਬਾਕਸ ਆਫਿਸ ’ਤੇ ਸਫ਼ਲ ਨਾ ਹੋ ਸਕੀ।

ਇਸ ਦੇ ਨਾਲ ਹੀ ਕਿਸਾਨ ਤਾਂ ਫਿਲਮੀ ਰੰਗਮੰਚ ਤੋਂ ਹਟ ਹੀ ਜਾਂਦਾ ਹੈ, ਪਿੰਡ ਵੀ ਸਾਨੂੰ ਸ਼ਿਆਮ ਬੇਨੇਗਲ ਅਤੇ ਮੁਜੱਫਰ ਅਲੀ (ਗਮਨ) ਵਿਚ ਦਿਖਦਾ ਹੈ। ‘ਅੰਕੁਰ’, ‘ਨਿਸ਼ਾਂਤ’, ‘ਵੈੱਲਕਮ ਟੂ ਸੱਜਨਪੁਰ’ ਅਤੇ ‘ਵੈੱਲਡਨ ਅੱਬਾ’ ਸ਼ਿਆਮ ਬੈਨੇਗਲ ਦੀ ਪੇਂਡੂ ਪਿੱਠਭੂਮੀ ਵਾਲੀਆਂ ਫਿਲਮਾਂ ਹਨ। ਉਂਝ ਤਾਂ ‘ਪੀਪਲੀ ਲਾਈਵ’ ਵੀ ਕਿਸਾਨ ਅਤੇ ਪਿੰਡ ਦੀ ਕਹਾਣੀ ਹੈ। ਆਮਿਰ ਖਾਨ (ਨਿਰਮਾਤਾ) ਨੇ ਵਿਦਰਭ ਵਿਚ ਕਿਸਾਨਾਂ ਦੀ ਆਤਮ ਹੱਤਿਆ ਦੀ ਪਿੱਠਭੂਮੀ ਵਿਚ ਇਕ ਬੰਬਈਆ ਸ਼ਗੂਫਾ ਰਚਿਆ।

ਮੌਜੂਦਾ ਸਮੇਂ ਦੇ ਸ਼ੋਅਮੈਨ ਬਣ ਚੁੱਕੇ ਆਮਿਰ ਖਾਨ ਬਾਕਸ ਆਫਿਸ ਦੀ ਗਾਰੰਟੀ ਤਾਂ ਫਿਲਮ ਬਣਾਉਣ ਤੋਂ ਪਹਿਲਾਂ ਕਰ ਲੈਂਦੇ ਹਨ, ਪਰ ਭਾਰਤ ਦੇ ਖੇਤੀ ਸੰਕਟ, ਖੁਦਕੁਸ਼ੀਆਂ ਵਰਗੇ ਗੰਭੀਰ ਵਿਸ਼ੇ ਨੂੰ ਪੇਸ਼ ਕਰਨ ਦੇ ਬਾਵਜੂਦ ਉਹ ਦਰਸ਼ਕਾਂ ਵਿਚ ਗੁੱਸਾ ਕੀ ਉਨ੍ਹਾਂ ਦੇ ਦਿਮਾਗ ਵਿਚ ਥੋੜੀ ਹਲਚਲ ਵੀ ਪੈਦਾ ਕਰਨ ਵਿਚ ਸਫ਼ਲ ਨਹੀਂ ਹੋ ਪਾਏ ਹਨ। ਫਿਲਮ ਵਿਚ ਪਿੰਡ ਦੀ ਲੋਕੇਸ਼ਨ ਤਾਂ ਹੈ, ਪਰ ਪਿੰਡ ਨਹੀਂ ਹੈ। ਇਸ ਫਿਲਮ ਨੇ ਰਾਸ਼ਟਰ ਦੇ ਸਾਹਮਣੇ ਖੜੀ ਇਸ ਵੱਡੀ ਤ੍ਰਾਸਦੀ ਚੁਣੌਤੀ ਨੂੰ ਹੱਸਣ-ਹਸਾਉਣ ਦੇ ਸੌਖੇ ਰਸਤੇ ਸਹਿਣ ਕਰਨ ਦਾ ਰਸਤਾ ਚੁਣਿਆ ਹੈ। ਕਿਸਾਨ ਅੰਦੋਲਨ ਨਾਲ ਜੁੜੇ ਲੋਕਾਂ ਨੇ ਫਿਲਮ ਨੂੰ ਕਿਸਾਨਾਂ ਦੀ ਆਤਮ ਹੱਤਿਆ ਦਾ ਮਜ਼ਾਕ ਉਡਾਉਣ ਵਾਲੀ ਅਤੇ ਉਸ ਨੂੰ ਅਪਮਾਨਿਤ ਕਰਨ ਵਾਲੀ ਫਿਲਮ ਠੀਕ ਹੀ ਠਹਿਰਾਇਆ ਹੈ।

ਕਿਸਾਨ ਅਤੇ ਪਿੰਡ ’ਤੇ ਵੱਡਾ ਨਾਵਲ ਅਤੇ ਵੱਡੀ ਫਿਲਮ ਆਵੇਗੀ, ਪਰ ਹੁਣ ਨਹੀਂ ਤਾਂ ਕਦੋਂ?




Royal
Royal
Executive Homes
Executive Homes
TOWN HOUSES IN WILDWOOD
Only 10 Left
Available from 1232 sq ft. to 1589 sq ft. with attached Single and Double Garage. Starting price: $ 309,900
PRICE REDUCED
Now only $299,900
Excellent Location
Close to all Amenities
Transit Access
Affordable Prices
Future Rec Center
Close to white Mud & Anthony Henday
5 Appliances & Fully Landscaped
10 Year Home Warranty
Granite Counter Top & Maple Kitchen
Whitemud
Anthony Henday
19th St.
Commercial Land
17th St.
34th Ave
FUTURE SHOPPING CENTER
23rd Ave
SHOW HOME OPEN
NOW
For Show Home Hours:
Contact 780-965-7390
Wild Wood
TOWN HOUSES
1820, 34th Ave
Edmonton.
780-965-7390
780-906-4497
royalexecutivehomes@hotmail.com
Jessy Parihar
Ranjit Deol
Call
Sales Contact :
Roohi@ 780-905-6970 OR
Kul Bhatia @ 780-266-5500

## Sohail Quadri, MLA Edmonton-Mill Woods

"Take our survey!"
To better serve you, I would love to hear what is important to you. The easiest way to do that is by filling out our online survey. Please take a moment to answer three short questions to tell me how you would like me to communicate with you. Take the survey http://www.mypcmla.ca/admin/contentx/default.cfm?h=10104&PageId=10104

Construction begins on new schools in growing communities- Doors will open to students in September 2014
Construction crews are set to start work on a dozen new schools for some of Alberta's fastest growing communities, creating up to 7,700 new spaces for Alberta students.
"Albertans told us that we needed to invest in families, and what better way to do that than by building new schools," said Premier Alison Redford. "These schools will benefit our families and strengthen our communities for generations to come."

National Child Abuse Awareness Month
October is National Child Abuse Awareness Month. It is a reminder for all Albertans to learn about recognizing the signs of child abuse and neglect and reporting any incident where they believe a child or youth may be in need of help.
Anyone who has concerns about a child's safety or well-being should contact their local Child and Family Services Authority, Delegated First Nations Agency, or police.

Government Implements tougher rules to protect job seekers
As part of the Government of Alberta's commitment to protecting vulnerable Albertans, new rules are in effect as of Sept. 1, 2012, to strengthen protection for all job seekers, including temporary foreign workers, who use employment agencies.

Province continues to help low-income residents as long-term care accommodation charges adjusted
The Alberta government will continue to assist eligible low-income residents when maximum accommodation charges in long-term care settings rise on January 1, 2013.
By increasing financial assistance through the Alberta Seniors Benefit (ASB) and Assured Income for the Severely Handicapped (AISH) programs, the government will offset a five per cent, or $2.80 per day increase, for recipients of those programs.
Accomplished Albertans recognized for contributions - Alberta Agriculture Hall of Fame inductees announced
Three accomplished Albertans will be recognized for their significant professional contributions and inducted into the Agriculture Hall of Fame. Each inductee has been a catalyst for change in advancing their areas of expertise. The inductees are Dr. Tom Droog, Dr. Ieuan Evans, and Mabel Church Hamilton.

**Sohail Quadri, MLA**
*Edmonton-Mill Woods*

101 9807 – 34 Ave
Edmonton AB
T6E 5X9

(780)414-1000
(780)850-4080



I am accessible anytime at
edmonton.millwoods@assembly.ab.ca
http://quadri.mypcmla.ca

We also provide Notary and Commissioner of Oaths Services (Appointments Only)

Our office is also accepting Food Bank Donations. Please drop by and support the Edmonton Food Bank.

BRIDGEPORT
HOMES LTD.

BEST PRICES IN TOWN
WE ASSURE BEATING MARKET PRICE

Now Lots available for big houses
in Wildwood Crescent (Silverberry) one house available in Tamarack

ਵਧੀਆ ਰੇਟ ਅਤੇ ਭਰੋਸੇਮੰਦ ਸੇਵਾਵਾਂ ਲਈ
ਅੱਜ ਹੀ ਡੌਲੀ ਚੌਹਾਨ ਨਾਲ ਗੱਲਬਾਤ ਕਰੋ
780-935-7718



Lots available for bi-Level homes in Silverberry Area



For more information call: Dolly Chauhan @ 780-935-7718